ਵਡ ਜੋਧਾ
ਗੁਰੂ ਹਰਿਗੋਬਿੰਦ

ਕੁਲਦੀਪ ਸਿੰਘ ਧੀਰ



ਸ੍ਰੀ ਰਾਜੀਵ ਗਾਂਧੀ–ਸੰਤ ਹਰਚੰਦ ਸਿੰਘਲੌਂਗੋਵਾਲ ਸਮਝੌਤੇ ਦੇ ਅੰਤਰਗਤ
ਸਥਾਪਿਤ ਵਿਸ਼ੇਸ਼ ਪੰਜਾਬੀ ਸੈੱਲ 'ਚ ਪ੍ਰਕਾਸ਼ਿਤ ਮੂਲ ਪੰਜਾਬੀ ਪੁਸਤਕ ਨੰਬਰ–47

ਰਾਸ਼ਟਰੀ ਜੀਵਨੀਆਂ ਦੀ ਲੜੀ

ਵਡ ਜੋਧਾ ਗੁਰੂ ਹਰਿਗੋਬਿੰਦ

ਡਾ. ਕੁਲਦੀਪ ਸਿੰਘ ਧੀਰ

nbt.india
एकः सूते सकलम्
ਨੈਸ਼ਨਲ ਬੁਕ ਟਰੱਸਟ, ਇੰਡੀਆ

ISBN 978-81-237-7097-0

2014 (ਸ਼ੱਕ ਸੰਮਤ 1935)

Vad Yodha Guru Hargobind *(Original Punjabi)*
₹ : 115.00
ਨਿਰਦੇਸ਼ਕ, ਨੈਸ਼ਨਲ ਬੁਕ ਟਰੱਸਟ, ਇੰਡੀਆ, ਨਹਿਰੂ ਭਵਨ, 5 ਇੰਸਟੀਚਿਊਸ਼ਨਲ ਏਰੀਆ, ਫੇਜ਼-II, ਵਸੰਤ ਕੁੰਜ, ਨਵੀਂ ਦਿੱਲੀ--110070 ਵੱਲੋਂ ਪ੍ਰਕਾਸ਼ਿਤ ।
Website : www.nbtindia.gov.in

ਵਡ ਜੋਧਾ ਗੁਰੂ ਹਰਿਗੋਬਿੰਦ

ਕੁਲਦੀਪ ਸਿੰਘ ਧੀਰ



ਤਰਤੀਬ

	ਮੁੱਖ ਬੰਧ	9
1.	ਚਮਤਕਾਰੀ ਇਤਿਹਾਸਕ ਵਰਤਾਰਾ : ਗੁਰੂ ਹਰਿਗੋਬਿੰਦ	12
2.	ਜਨਮ ਅਤੇ ਬਾਲਪਣ	22
3.	ਤਖ਼ਤ ਬਿਰਾਜੇ ਸਤਿਗੁਰੂ	34
4.	ਗਵਾਲੀਅਰ : ਸੱਚਾ ਪਾਤਸ਼ਾਹ ਬਨਾਮ ਝੂਠਾ ਪਾਤਸ਼ਾਹ	48
5.	ਸ਼ਾਂਤੀ ਦਾ ਸਮਾਂ : ਗੁਰਮਤਿ ਦਾ ਪ੍ਰਚਾਰ	58
6.	ਸਿੱਖ ਇਤਿਹਾਸ ਦੀ ਪਹਿਲੀ ਲੜਾਈ	72
7.	ਹਰਿਗੋਬਿੰਦਪੁਰ : ਦੂਜੀ ਕਰਾਰੀ ਜੰਗ	82
8.	ਮਾਲਵੇ ਦੀ ਸਾਰ : ਮਰਾਝ ਦੀ ਜੰਗ	98
9.	ਪੈਂਦੇ ਖਾਨ : ਕਰਤਾਰਪੁਰ ਤੀ ਜੰਗ	109
10.	ਕੀਰਤਪੁਰ ਸਾਹਿਬ : ਜੋਤੀ ਜੋਤ ਸਮਾਣਾ	119

ਵਡ ਜੋਧਾ ਗੁਰੂ ਹਰਿਗੋਬਿੰਦ

ਕੁਲਦੀਪ ਸਿੰਘ ਧੀਰ



ਸਮਰਪਿਤ

ਉਨ੍ਹਾਂ ਸਾਰਿਆਂ ਨੂੰ ਜੋ ਮਨ, ਬਚਨ ਜਾਂ ਕਰਮ
ਦੁਆਰਾ ਗੁਰੂ ਨਾਨਕ
ਤੇ ਉਨ੍ਹਾਂ ਦੇ ਪਰਵਰਤੀ ਗੁਰੂ ਸਾਹਿਬਾਨ ਦੇ ਸੰਦੇਸ਼
ਦੇ ਪ੍ਰਚਾਰ ਪ੍ਰਸਾਰ ਲਈ ਯਤਨਸ਼ੀਲ ਹਨ।

ਵਡ ਜੋਧਾ ਗੁਰੂ ਹਰਿਗੋਬਿੰਦ

ਕੁਲਦੀਪ ਸਿੰਘ ਧੀਰ



ਮੁੱਖ ਬੰਧ

ਹੇਡਨ ਵਾਈਟ ਨੇ ਇਤਿਹਾਸ ਲੇਖਣ ਨੂੰ ਕਚੀ ਸਾਮਗ੍ਰੀ ਵਜੋਂ ਪ੍ਰਾਪਤ ਇਤਿਹਾਸਕ ਜਾਣਕਾਰੀ ਅਤੇ ਪਾਠਕਾਂ ਵਿਚਕਾਰ ਮਧਿਅਸਥਤਾ ਭਾਵ ਮੀਡੀਏਸ਼ਨ ਕਿਹਾ ਹੈ। ਉੱਤਰ-ਆਧੁਨਿਕ ਚਿੰਤਨ ਨੇ ਇਤਿਹਾਸ ਨੂੰ ਸਿਰਜਨਾਤਮਕ ਲੇਖਣ ਦੇ ਨੇੜੇ ਲਿਆ ਖਲ੍ਹਾਰਿਆ ਹੈ। ਦੋਹਾਂ ਵਿਚ ਸੀਮਾਂ ਰੇਖਾ ਲਗਪਗ ਮਿਟਾ ਦਿੱਤੀ ਹੈ। ਅਖੀਂ ਡਿੱਠੀ ਘਟਨਾ ਦਾ ਬਿਰਤਾਂਤ ਵੀ ਦੋ ਵਿਅਕਤੀਆਂ ਵੱਲੋਂ ਸਮਾਨ ਰੂਪ ਵਿਚ ਅੰਕਿਤ ਨਹੀਂ ਹੁੰਦਾ। ਉਸ ਵਿਚ ਵਿਅਕਤੀ ਦਾ ਆਪਾ ਸੂਖਮ ਰੂਪ ਵਿਚ ਸੰਮਿਲਤ ਹੁੰਦਾ ਹੈ। ਕੌਣ, ਕਦੋਂ, ਕਿੱਥੇ, ਕਿਉਂ, ਕਿਸ ਲਈ ਇਤਿਹਾਸ ਲਿਖ ਰਿਹਾ ਹੈ? ਇਸ ਦਾ ਹਰ ਇਤਿਹਾਸਕ ਸ੍ਰੋਤ ਅਤੇ ਲਿਖਣ ਨਾਲ ਸੰਬੰਧ ਹੁੰਦਾ ਹੈ। ਹਰ ਇਤਿਹਾਸ ਵਿਚਾਰਧਾਰਕ ਪੱਧਰ ਉਤੇ ਸਿਰਜਿਤ ਹੁੰਦਾ ਹੈ। ਸਮਾਂ ਸਥਾਨ ਪਰਿਸਥਿਤੀਆਂ ਨਿਰੰਤਰ ਬਦਲਦੇ ਹਨ। ਵਰਤਮਾਨ ਵਿਚ ਬੈਠ ਕੇ ਅਤੀਤ ਨੂੰ ਵੇਖਣਾ ਤੇ ਸਿਰਜਨਾ ਹੀ ਇਤਿਹਾਸ ਦਾ ਲੇਖਣ ਹੈ। ਲਿਖਣ ਵਾਲੇ, ਪੜ੍ਹਨ ਵਾਲੇ ਬਦਲਦੇ ਹਨ। ਇਸ ਲਈ ਸਮੇਂ ਸਮੇਂ ਇਤਿਹਾਸ ਦਾ ਪੁਨਰ ਲੇਖਣ ਜ਼ਰੂਰੀ ਹੈ।

ਉੱਤਰ ਬਸਤੀਵਾਦ, ਸਾਂਸਕ੍ਰਿਤਕ ਪਦਾਰਥਵਾਦ, ਨਵ-ਇਤਿਹਾਸਵਾਦ ਅਤੇ ਉੱਤਰ-ਆਧੁਨਿਕ ਚਿੰਤਨ ਨੇ ਇਤਿਹਾਸ ਲੇਖਣ ਦੇ ਸੰਕਲਪ ਵਿਚ ਕ੍ਰਾਂਤੀਕਾਰੀ ਪਰਿਵਰਤਨ ਕੀਤੇ ਹਨ। ਇਤਿਹਾਸਕਾਰੀ ਦੇ ਉਹ ਸਿਧਾਂਤਕ ਆਧਾਰ ਜੋ ਆਈਡੀਆ ਆਫ਼ ਹਿਸਟਰੀ ਅਤੇ ਵਟ ਇਜ਼ ਹਿਸਟਰੀ ਵਰਗੀਆਂ ਪੁਸਤਕਾਂ ਨੇ ਪੇਸ਼ ਕੀਤੇ ਸਨ, ਹੁਣ ਬੀਤੇ ਦੀਆਂ ਬਾਤਾਂ ਬਣ ਕੇ ਰਹਿ ਗਏ ਗਏ ਹਨ। ਡੀਕਾਲੋਨਾਈਜ਼ਿੰਗ ਦੀ ਮਾਈਂਡ ਦੇ ਲੇਖਕ ਨਗੂਗੀ ਅਨੁਸਾਰ ਦੁਨੀਆਂ ਲਈ ਅੱਜ ਸਭ ਤੋਂ ਖਤਰਨਾਕ ਸ਼ੈਅ ਉਹ ਹੈ ਜਿਸ ਨੂੰ ਉਸ ਨੇ ਕਲਚਰਲ ਬੰਬ ਦਾ ਨਾਮ ਦਿੱਤਾ ਹੈ। ਉਸ ਦਾ ਵਿਚਾਰ ਹੈ ਕਿ ਕਿਸੇ ਵੀ ਖਿਤੇ ਦੇ ਲੋਕਾਂ ਨੂੰ ਖਤਮ ਕਰਨ ਲਈ ਇਹ ਸਭ ਤੋਂ ਮਾਰੂ ਹਥਿਆਰ ਹੈ ਜਿਸ ਨਾਲ ਉਨ੍ਹਾਂ ਦਾ ਨਾਤਾ ਆਪਣੇ ਅਮੀਰ ਵਿਰਸੇ ਤੋਂ ਤੋੜ ਦਿੱਤਾ ਜਾਂਦਾ ਹੈ। ਉਨ੍ਹਾਂ ਨੂੰ ਇਹ ਮਹਿਸੂਸ ਕਰਨ ਲਾ ਦਿੱਤਾ ਜਾਂਦਾ ਹੈ ਕਿ ਉਨ੍ਹਾਂ ਦਾ ਸਾਰਾ ਅਤੀਤ ਅਪ੍ਰਾਪਤੀਆਂ ਦੀ ਬੰਜਰ ਧਰਤੀ ਤੋਂ ਸਿਵਾ ਕੁਝ ਨਹੀਂ। ਦੂਜੇ ਲੋਕਾਂ ਦੀ ਭਾਸ਼ਾ ਵਿਰਾਸਤ ਅਤੇ ਸੰਸਕ੍ਰਿਤੀ ਉਨ੍ਹਾਂ ਨੂੰ ਆਦਰਸ਼ ਪ੍ਰਤੀਤ ਹੁੰਦੀ ਹੈ।

ਅਜੋਕੇ ਇਕ ਧਰੁਵੀ ਵਿਸ਼ਵ ਵਿਚ ਬਹੁਵਚਨੀ (ਪਲੂਰਲ) ਦ੍ਰਿਸ਼ਟੀ ਅਤੇ ਸਰਬਤ ਦੇ ਭਲੇ ਵਾਲੇ ਸਿੱਖ ਧਰਮ ਦੇ ਗੁਰੂਆਂ ਦਾ ਇਤਿਹਾਸ ਇਸੇ ਲਈ ਮਹੱਤਵਪੂਰਨ ਹੈ। ਫੂਕੂਯਾਮਾ ਨੇ ਇਤਿਹਾਸ ਦੇ ਅੰਤ ਦਾ ਐਲਾਨ ਕਰਦੇ ਹੋਏ ਜਿਸ ਉਦਾਰ ਲੋਕ-ਤੰਤਰ ਦਾ ਸੰਕਲਪ ਦਿੱਤਾ ਹੈ ਉਸ ਉੱਤੇ ਵਿਹਾਰਕ ਅਮਲ ਭਾਵੇਂ ਉਸ ਦੇ ਆਪਣੇ ਦੇਸ਼

ਅਮਰੀਕਾ ਨੇ ਨਹੀਂ ਕੀਤਾ ਪਰ ਉਸ ਦੇ ਆਦਰਸ਼ਕ ਪ੍ਰਤਿਮਾਨ ਗੁਰੂ ਹਰਗੋਬਿੰਦ ਸਾਹਿਬ ਨੇ ਲਗਪਗ ਚਾਰ ਸਦੀਆਂ ਪਹਿਲਾਂ ਸਥਾਪਿਤ ਕੀਤੇ। ਮੇਰੇ ਸਾਹਮਣੇ ਹੇਡਨ ਵਾਈਟ ਦਾ ਇਤਿਹਾਸ ਦੇ ਗਲਪ ਵਾਂਗ ਸਿਰਜਤ ਹੋਣ ਦਾ ਸੰਕਲਪ ਹੈ ਤਾਂ ਜ਼ਰੂਰ, ਪਰ ਇਹ ਮੇਰੀ ਸੀਮਾ ਨਹੀਂ। ਮੈਂ ਸਮਝਦਾ ਹਾਂ ਕਿ ਅਤੀਤ ਦੇ ਵਿਭਿੰਨ ਦਸਤਾਵੇਜ਼ਾਂ ਤੇ ਲਿਖਤਾਂ ਵਿਚ ਘਟੀਆਂ ਘਟਨਾਵਾਂ ਅਤੇ ਤੱਥ ਕੋਈ ਤਸਵੀਰ ਨਹੀਂ ਬਣਾਂਦੇ। ਇਤਿਹਾਸਕਾਰ ਹੀ ਵੱਖ-ਵੱਖ ਸ੍ਰੋਤਾਂ ਤੋਂ ਘਟਨਾਵਾਂ ਦੀ ਚੋਣ, ਸੁਮੇਲ ਅਤੇ ਵਿਆਖਿਆ ਦੁਆਰਾ ਇਕ ਤਸਵੀਰ ਉਸਾਰਦਾ ਹੈ। ਗੁਰੂ ਹਰਗੋਬਿੰਦ ਸਾਹਿਬ ਦੀ ਤਸਵੀਰ ਲਈ ਮੈਂ ਭਾਈ ਗੁਰਦਾਸ, ਗੁਰਬਿਲਾਸ, ਪੰਥ ਪ੍ਰਕਾਸ਼, ਬੰਸਾਵਲੀ ਨਾਮਾ, ਮੈਕਾਲਿਫ, ਤਵਾਰੀਖ ਗੁਰੂ ਖਾਲਸਾ, ਮਹਿਮਾ ਪ੍ਰਕਾਸ਼, ਦਬਸਤਾਨ-ਏ-ਮਜ਼ਾਹਬ, ਭੱਟ ਵਹੀਆਂ, ਗੋਕਲ ਚੰਦ ਨਾਰੰਗ, ਇੰਦੂ ਭੂਸ਼ਣ ਬੈਨਰਜੀ, ਗੁਰੂ ਕੀਆਂ ਸਾਖੀਆਂ, ਪ੍ਰੋ. ਸਤਬੀਰ ਸਿੰਘ, ਡਾ. ਕਿਰਪਾਲ ਸਿੰਘ ਆਦਿ ਦੀਆਂ ਲਿਖਤਾਂ ਤੋਂ ਤਥਾਂ ਤੇ ਘਟਨਾਵਾਂ ਦੀ ਚੋਣ ਕੀਤੀ ਹੈ ਅਤੇ ਇਕ ਇਤਿਹਾਸਕ ਬਿਰਤਾਂਤ ਸਿਰਜਿਆ ਹੈ।

ਅੰਬਰਟੋ ਈਕੋ ਅਨੁਸਾਰ ਵਰਤਮਾਨ ਦਾ ਉੱਤਰ ਆਧੁਨਿਕ ਉਤਰ ਅਤੀਤ ਦੀ ਪਛਾਣ ਹੈ। ਅਤੀਤ ਨੂੰ ਕਿਉਂ ਜੋ ਤਬਾਹ ਨਹੀਂ ਕੀਤਾ ਜਾ ਸਕਦਾ, ਇਸ ਲਈ ਗਾਹੇ ਬਗਾਹੇ ਇਸ ਨੂੰ ਪੜ੍ਹਨਾ ਸਮਝਣਾ ਅਤੇ ਨਵੀਂ ਪੀੜ੍ਹੀ ਦੇ ਸਨਮੁੱਖ ਕਰਨਾ ਜ਼ਰੂਰੀ ਹੈ। ਮੈਂ ਗੌਰਵਮਈ ਸਿੱਖ ਅਤੀਤ ਦੇ ਕੁਝ ਪੰਨੇ ਇਸ ਪੁਸਤਕ ਦੇ ਜ਼ਰੀਏ ਪਾਠਕਾਂ ਅੱਗੇ ਰੱਖਣ ਦਾ ਉਪਰਾਲਾ ਕੀਤਾ ਹੈ।

ਆਸਕਰ ਵਾਇਲਡ ਕਹਿੰਦਾ ਹੈ ਕਿ ਇਤਿਹਾਸ ਪ੍ਰਤੀ ਸਾਡੀ ਸਿਰਫ਼ ਇਕੋ ਜ਼ਿੰਮੇਵਾਰੀ ਹੈ ਜਾਂ ਫਰਜ਼ ਹੈ ਅਤੇ ਉਹ ਹੈ ਕਿ ਅਸੀਂ ਇਸ ਦਾ ਨਿਰੰਤਰ ਪੁਨਰ ਲੇਖਣ ਕਰਦੇ ਰਹੀਏ। ਮੈਂ ਅੱਜ ਤੋਂ ਡੇਢ ਦੋ ਦਹਾਕੇ ਪਹਿਲਾਂ ਵੀ ਗੁਰੂ ਹਰਗੋਬਿੰਦ ਸਾਹਿਬ ਬਾਰੇ ਇਕ ਮੋਨੋਗਰਾਫ਼ ਲਿਖਿਆ ਸੀ। ਸਮੇਂ ਦੇ ਬੀਤਨ ਨਾਲ ਮੈਨੂੰ ਗੁਰੂ ਪਾਤਸ਼ਾਹ ਦੇ ਇਤਿਹਾਸ ਦੇ ਪੁਨਰ ਲੇਖਣ ਦੀ ਆਵਸ਼ਕਤਾ ਦੀ ਸਾਰਥਕਤਾ ਦਾ ਅਹਿਸਾਸ ਹੋ ਰਿਹਾ ਹੈ। ਇਤਿਹਾਸ ਦੇ ਸੰਕਲਪ, ਮੇਰੀ ਆਪਣੀ ਸੋਚ ਸਮਝ ਤੇ ਮਾਨਸਿਕਤਾ, ਪਰਿਸਥਿਤੀਆਂ ਅਤੇ ਆਲੇ-ਦੁਆਲੇ ਦੀ ਦੁਨੀਆਂ ਵਿਚ ਤੇਜ਼ੀ ਨਾਲ ਹੋਏ ਬਦਲਾਵ ਕਾਰਨ ਅਜਿਹਾ ਕਰਨਾ ਆਵਸ਼ਕ ਹੈ। ਮੇਰੇ ਸਾਹਮਣੇ ਨਵੇਂ ਇਤਿਹਾਸਕ ਸ੍ਰੋਤ ਵੀ ਆਏ ਹਨ ਅਤੇ ਉਨ੍ਹਾਂ ਦੀ ਨਵੀਂ ਵਿਆਖਿਆ, ਵਿਆਖਿਆਕਾਰ ਅਤੇ ਵਿਆਖਿਆ ਦ੍ਰਿਸ਼ਟੀਆਂ ਵੀ। ਭਾਈ ਸੰਤੋਖ ਸਿੰਘ ਰਚਿਤ ਸੂਰਜ ਪ੍ਰਕਾਸ਼ ਦਾ ਸੰਪਾਦਨ ਅਤੇ ਵਿਆਖਿਆ ਦਾ ਡਾ. ਕਿਰਪਾਲ ਸਿੰਘ ਦਾ ਕਾਰਜ, ਗੁਰੂ ਬਿਲਾਸ ਬਾਰੇ ਆਲੋਚਨਾਤਮਕ ਅਧਿਐਨ, ਡਾ. ਗੰਡਾ ਸਿੰਘ ਦਾ ਫਾਰਸੀ ਦੇ ਇਤਿਹਾਸਕ ਸ੍ਰੋਤਾਂ ਬਾਰੇ ਕੀਤਾ ਕਾਰਜ, ਗਿਆਨੀ ਗਰਜਾ ਸਿੰਘ ਦੀ ਭੱਟ ਵਹੀਆਂ ਬਾਰੇ ਵਿਸਤ੍ਰਿਤ ਖੋਜ, ਮੀਣਿਆਂ ਬਾਰੇ ਪ੍ਰੋ. ਪ੍ਰੀਤਮ ਸਿੰਘ ਅਤੇ ਜੋਗਿੰਦਰ ਸਿੰਘ ਆਹਲੂਵਾਲੀਆ ਦਾ ਖੋਜ ਕਾਰਜ ਅਤੇ ਡਾ. ਸੁਖਦਿਆਲ ਸਿੰਘ ਵਰਗੇ ਨਵੀਂ ਪੀੜ੍ਹੀ ਦੇ ਲੇਖਕਾਂ ਦਾ ਕੰਮ ਇਸ ਦੇ ਕੁਝ ਪ੍ਰਮਾਣ ਹਨ। ਗੁਰੂ ਹਰਿਗੋਬਿੰਦ ਸਾਹਿਬ ਦੇ ਇਸ ਬਿਰਤਾਂਤ ਦੀ ਪਿਠ ਭੂਮੀ ਵਿਚ ਇਹ ਸਾਰਾ ਕੁਝ ਕਿਸੇ

ਨਾ ਕਿਸੇ ਰੂਪ ਵਿਚ ਕਾਰਜਸ਼ੀਲ ਰਿਹਾ ਹੈ। ਮੇਰੇ ਜਾਚੇ ਇਤਿਹਾਸਕ ਪਾਠ ਵਿਚ ਇਹ ਸਾਰਾ ਕੁਝ ਅੰਤਰ-ਪਾਠ ਵਜੋਂ ਹਾਜ਼ਰ ਹੈ।

ਫ਼ੂਕੋ ਨੇ ਗਿਆਨ ਅਤੇ ਸ਼ਕਤੀ ਦੇ ਆਪਸੀ ਰਿਸ਼ਤੇ ਦੇ ਜੋ ਆਧਾਰ ਦੱਸੇ ਸਨ, ਉਹ ਸੱਤਾ ਅਤੇ ਇਤਿਹਾਸ ਦੇ ਰਿਸ਼ਤੇ ਉਤੇ ਵੀ ਲਾਗੂ ਹਨ। ਸਲਮਾਨ ਰਸ਼ਦੀ ਦੇ ਨਾਵਲ ਸ਼ੇਮ ਦੇ ਬਿਰਤਾਂਤਕਾਰ ਦੇ ਸ਼ਬਦਾਂ ਦਾ ਸਹਾਰਾ ਲਿਆ ਜਾਵੇ ਤਾਂ ਕਿਹਾ ਜਾ ਸਕਦਾ ਹੈ ਕਿ ਇਤਿਹਾਸ ਚੋਣ ਦਾ ਹੀ ਦੂਜਾ ਨਾਮ ਹੈ। ਸੱਤਾ ਜਾਂ ਤਾਕਤ ਲਈ ਅਤੀਤ ਵਿਚ ਹੋਏ ਸੰਘਰਸ਼ ਦੇ ਵਿਭਿੰਨ ਬਿਰਤਾਂਤਾਂ ਵਿਚੋਂ ਇਕ ਦੀ ਚੋਣ। ਉਹ ਆਖਦਾ ਹੈ ਕਿ ਕੇਵਲ ਤਾਕਤਵਰ ਦਾ ਬਿਰਤਾਂਤ ਹੀ ਬਚਦਾ ਹੈ। ਕਮਜ਼ੋਰ, ਹਾਰੇ ਅਤੇ ਗੁੰਮੇ ਗਵਾਚੇ ਲੋਕਾਂ ਦੀ ਗੱਲ ਇਤਿਹਾਸ ਨਹੀਂ ਕਰਦਾ। ਇਤਿਹਾਸ ਤਾਂ ਉਨ੍ਹਾਂ ਦੀ ਗੱਲ ਕਰਦਾ ਹੈ ਜੋ ਇਸ ਉਤੇ ਭਾਰੂ ਹੁੰਦੇ ਹਨ। ਮੈਂ ਤਾਕਤਵਰਾਂ ਤੇ ਸਤਾ ਦਾ ਸੁੱਖ ਮਾਣਨ ਵਾਲੀ ਧਿਰ ਵੱਲੋਂ ਸਿਰਜੇ ਬਿਰਤਾਂਤ ਵੀ ਨਜ਼ਰ ਵਿਚ ਰੱਖੇ ਹਨ ਅਤੇ ਵਿਰੋਧੀ ਜਾਂ ਅਨਮਤੀ ਵਿਚਾਰਧਾਰਾਵਾਂ ਦੇ ਪਰਛਾਵਿਆਂ ਹੇਠ ਸਿਰਜੇ ਇਤਿਹਾਸਕ ਬਿਰਤਾਂਤ ਵੀ। ਮੈਂ ਉਨ੍ਹਾਂ ਵਿਚੋਂ ਕੱਚ/ਸੱਚ ਨੂੰ ਪਛਾਣਨ ਲਈ ਸਿੱਖ ਵਿਚਾਰਧਾਰਾਈ ਅਧਾਰਾਂ ਦਾ ਆਸਰਾ ਲਿਆ ਹੈ।

ਰਿਚਰਡ ਰੋਰਟੀ ਦਾ ਕਹਿਣਾ ਹੈ ਕਿ ਇਤਿਹਾਸਕ ਸਰੋਤਾਂ ਵਿਚ ਪਈਆਂ ਘਟਨਾਵਾਂ ਤੇ ਤੱਥਾਂ ਦਾ ਸੱਚ ਆਪਣੀ ਥਾਂ ਹੁੰਦਾ ਹੈ ਅਤੇ ਉਨ੍ਹਾਂ ਉਤੇ ਉਸਾਰੇ ਗਏ ਬਿਰਤਾਂਤ ਜਾਂ ਇਤਿਹਾਸ ਦਾ ਸੱਚ ਆਪਣੀ ਥਾਂ। ਭਾਸ਼ਾ ਸੱਚ ਜਾਂ ਯਥਾਰਥ ਤਕ ਪਹੁੰਚਾਉਣ ਵਾਲਾ ਪਾਰਦਰਸ਼ੀ ਮਾਧਿਅਮ ਨਹੀਂ। ਭਾਸ਼ਾ ਦੀ ਵਰਤੋਂ ਹਰ ਕੋਈ ਜੁਗਤ ਜਾਂ ਸੰਦ ਵਜੋਂ ਕਰਦਾ ਹੈ। ਸਚ ਹਰ ਕਿਸੇ ਦਾ ਆਪਣਾ ਹੈ। ਗੁਰੂ ਹਰਿ ਗੋਬਿੰਦ ਸਾਹਿਬ ਬਾਰੇ ਇਸ ਬਿਰਤਾਂਤ ਵਿਚ ਕਿਸੇ ਸੰਕੀਰਨ ਸਾਂਪਰਦਾਇਕ ਸੱਚ ਦੀ ਥਾਂ ਸਵੱਛ, ਸਰਬਤ ਦੇ ਭਲੇ ਵਾਲੇ ਗੁਰਮਤਿ ਦੇ ਸਚ ਦੇ ਸੰਕਲਪ ਨੂੰ ਹੀ ਆਧਾਰ ਬਣਾਇਆ ਗਿਆ ਹੈ।

ਇਥੇ ਇਹ ਗੱਲ ਚੇਤੇ ਕਰਵਾਉਣੀ ਮਹੱਤਵਪੂਰਨ ਪ੍ਰਤੀਤ ਹੁੰਦੀ ਹੈ ਕਿ ਵੱਖ-ਵੱਖ ਧਰਮਾਂ/ਸੰਪਰਦਾਵਾਂ/ਜਮਾਤਾਂ ਵਿਚ ਕੁੜਤਣ ਅਤੇ ਦੂਰੀ ਪੈਦਾ ਕਰਨ ਵਾਲਾ ਇਤਿਹਾਸ ਲੇਖਣ ਅੰਗ੍ਰੇਜ਼ ਹਾਕਮਾਂ ਦੀ ਸੋਚੀ ਸਮਝੀ ਨੀਤੀ ਦਾ ਹਿਸਾ ਸੀ। ਇਸੇ ਨੀਤੀ ਤਹਿਤ ਉਨ੍ਹਾਂ ਨੇ ਇਹ ਕਾਰਜ ਆਪਣੇ ਅਧਿਕਾਰੀਆਂ ਤੋਂ ਵੀ ਕਰਵਾਇਆ ਅਤੇ ਇਸੇ ਦ੍ਰਿਸ਼ਟੀ ਦੇ ਪ੍ਰਚਾਰ ਪ੍ਰਸਾਰ ਵਿਚ ਸਹਾਇਕ ਹੋਣ ਵਾਲੇ ਇਤਿਹਾਸਕਾਰਾਂ ਨੂੰ ਮਾਣ ਤਾਣ ਦੇ ਕੇ ਉਤਸਾਹਿਤ ਕੀਤਾ। ਉਨ੍ਹਾਂ ਦੀ ਭੱਲ ਬਣਾਈ। ਇਤਿਹਾਸਕਾਰੀ ਦੇ ਇਸੇ ਦੌਰ ਵਿਚ ਭਾਰਤੀ ਇਤਿਹਾਸ ਦੇ ਇਕ ਮਹੱਤਵਪੂਰਨ ਕਾਲ ਖੰਡ ਬਾਰੇ ਚਾਰ ਜਿਲਦਾਂ ਵਿਚ ਦੀ ਫ਼ਾਲ ਆਫ਼ ਮੁਗਲ ਐਂਪਾਇਰ ਲਿਖ ਕੇ 1921 ਵਿਚ ਸਰ ਦਾ ਖਿਤਾਬ ਪ੍ਰਾਪਤ ਕਰਨ ਵਾਲੇ ਯਦੂ ਨਾਥ ਸਰਕਾਰ (ਜਿਸ ਨੂੰ ਬਹੁਤੇ ਪੰਜਾਬੀ ਜਾਦੂ ਨਾਥ ਸਰਕਾਰ ਹੀ ਆਖਦੇ ਹਨ) ਦਾ ਨਾਮ ਲੈਣਾ ਹਰ ਇਤਿਹਾਸਕਾਰ ਲਈ ਫੈਸ਼ਨ ਬਣਿਆ। ਇਹ ਜਾਣਨਾ ਕਿਸੇ ਨੇ ਜ਼ਰੂਰੀ ਨਹੀਂ ਸਮਝਿਆ ਕਿ ਉਸ ਦੁਆਰਾ ਕੀਤੀ ਗਈ ਤਥਾਂ ਦੀ ਚੋਣ, ਕਾਂਟ-ਛਾਂਟ ਅਤੇ ਮਨਸੂਬਾਬੰਦੀ ਨੇ ਭਾਰਤੀਆਂ ਦੀ ਸੇਵਾ ਕੀਤੀ ਕਿ ਨੁਕਸਾਨ। ਦੇਸ਼ ਆਜ਼ਾਦ ਹੋਣ

ਉਪਰੰਤ ਇਸੇ ਸੰਕੀਰਨ ਸੋਚ ਦਾ ਇਕ ਹੋਰ ਮਾਡਲ ਸਾਂਸਕ੍ਰਿਤਕ/ਸਭਿਆਚਾਰਕ ਰਾਸ਼ਟਰਵਾਦ ਦੇ ਨਕਾਬ ਹੇਠ ਉਭਰਿਆ। ਇਸੇ ਪਰੰਪਰਾ ਵਿਚ ਸਾਡਾ ਇਕ ਬਹੁਤ ਜ਼ਹੀਨ ਅਤੇ ਸਿਆਣਾ ਇਤਿਹਾਸਕਾਰ ਡਾ. ਆਰ. ਸੀ. ਮਜ਼ੂਮਦਾਰ ਵੀ ਸ਼ਾਮਿਲ ਹੈ। ਉਸ ਨੇ ਇਸੇ ਅਸਵਸਥ ਦ੍ਰਿਸ਼ਟੀ ਅਧੀਨ 1969 ਵਿਚ ਆਰਗੇਨਾਈਜ਼ਰ ਦੇ ਦੀਵਾਲੀ ਅੰਕ ਵਿਚ ਆਪਣੇ ਸੱਚ ਅਤੇ ਕੇਵਲ ਸੱਚ ਦੀ ਵਜ਼ਾਹਤ ਕਰਦੇ ਹੋਏ ਕਿਹਾ ਸੀ ਕਿ ਸੰਪ੍ਰਦਾਇਕਤਾ ਦੀ ਜਟਿਲ ਸਮੱਸਿਆ ਦੇ ਹੱਲ ਲਈ ਸਾਰੇ ਮੁਸਲਮਾਨਾਂ ਨੂੰ ਪਾਕਿਸਤਾਨ ਚਲੇ ਜਾਣਾ ਚਾਹੀਦਾ ਹੈ।

ਗੁਰੂ ਹਰਿਗੋਬਿੰਦ ਸਾਹਿਬ ਦੇ ਪਿਤਾ ਗੁਰੂ ਅਰਜਨ ਦੇਵ ਜੀ ਮੁਗਲ ਸ਼ਹਿਨਸ਼ਾਹ ਜਹਾਂਗੀਰ ਦੇ ਹੁਕਮ ਨਾਲ ਸ਼ਹੀਦ ਹੋਏ। ਪਰੰਪਰਾਗਤ ਸੰਕੀਰਨ ਸੋਚ ਦੀਵਾਨ ਚੰਦੂ ਨਾਂ ਦੇ ਹਿੰਦੂ ਖਤਰੀ ਨੂੰ ਇਸ ਦਾ ਇਕੋ-ਇਕ ਜ਼ਿੰਮੇਵਾਰ ਮੰਨਦੀ ਹੈ। ਇਹ ਸੱਜਣ ਭੁੱਲ ਜਾਂਦੇ ਹਨ ਕਿ ਗੁਰੂ ਪਾਤਸ਼ਾਹ ਨੇ ਹਰਿਮੰਦਰ ਸਾਹਿਬ ਦੀ ਨੀਂਹ ਮੀਆਂ ਮੀਰ ਨਾਂ ਦੇ ਮੁਸਲਮਾਨ ਹੱਥੋਂ ਰੱਖਵਾਈ ਸੀ। ਜੇ ਚੰਦੂ ਹਿੰਦੂ ਖਤਰੀ ਨੇ ਗੁਰੂ ਸਾਹਿਬ ਦੀ ਸ਼ਹੀਦੀ ਲਈ ਹਿੱਸਾ ਪਾਇਆ ਤਾਂ ਗਵਾਲੀਅਰ ਦਾ ਦਰੋਗਾ ਹਰੀ ਦਾਸ ਵੀ ਹਿੰਦੂ ਸੀ। ਗੁਰੂ ਹਰਗੋਬਿੰਦ ਸਾਹਿਬ ਦੀਆਂ ਜੰਗਾਂ ਭਾਵੇਂ ਮੁਗਲ ਜਰਨੈਲਾਂ ਅਤੇ ਮੁਗਲ ਸ਼ਹਿਨਸ਼ਾਹ ਸ਼ਾਹ ਜਹਾਂ ਨਾਲ ਸਨ ਪਰ ਵਜ਼ੀਰ ਖਾਂ ਵੀ ਤਾਂ ਗੁਰੂ ਸਾਹਿਬ ਦਾ ਸ਼ਰਧਾਲੂ ਸੀ। ਪੈਂਦੇ ਖਾਨ ਨੂੰ ਗੁਰੂ ਸਾਹਿਬ ਨੇ ਪੁੱਤਰਾਂ ਵਾਂਗ ਪਾਲਿਆ ਸੀ। ਇਸ ਲਈ ਗੁਰੂ ਹਰਿਗੋਬਿੰਦ ਸਾਹਿਬ ਦੇ ਜੀਵਨ ਬਿਰਤਾਂਤ ਨੂੰ ਹਿੰਦੂ ਜਾਂ ਮੁਸਲਮਾਨ ਕਿਸੇ ਵੀ ਧਰਮ ਦੇ ਵਿਰੋਧ ਵਿਚ ਰੱਖ ਕੇ ਸੰਕੀਰਨ ਸੰਪ੍ਰਦਾਇਕ ਦ੍ਰਿਸ਼ਟੀ ਤੋਂ ਪੇਸ਼ ਕਰਨਾ ਗਲਤ ਹੈ। ਇਹ ਜੀਵਨ ਬਿਰਤਾਂਤ ਸਵਸਥ, ਉਲਾਰ ਮੁਕਤ, ਸਦ ਭਾਵ ਅਤੇ ਸਹਿਹੋਂਦ ਵਾਲੇ ਸਮਾਜ ਅਤੇ ਜੀਵਨ ਵਿਹਾਰ ਨੂੰ ਅਗਰ-ਭੂਮਿਤ ਕਰਦਾ ਹੈ। ਅਨਿਆਂ, ਜਬਰ, ਜ਼ੁਲਮ ਤੇ ਗੁਲਾਮੀ ਵਿਰੁੱਧ ਨਿਰਭੈ ਤੇ ਨਿਰਵੈਰ ਹੋ ਕੇ ਜੀਣ ਦੇ ਰਾਹ ਪਾਂਦਾ ਹੈ। ਦੰਭ, ਪਾਖੰਡ, ਕਰਮਕਾਂਡ ਤੇ ਸੋਸ਼ਣ ਨੂੰ ਇਸ ਬਿਰਤਾਂਤ ਦੇ ਨਾਇਕ ਦੇ ਜੀਵਨ ਵਿਚ ਕੋਈ ਥਾਂ ਹਾਸਲ ਨਹੀਂ। ਇਸੇ ਲਈ ਇਹ ਹਰ ਕਿਸੇ ਲਈ ਰੌਸ਼ਨ ਚਾਨਣ ਮੁਨਾਰਾ ਸਾਬਤ ਹੋਵੇਗਾ। ਆਮੀਨ!

- ਡਾ. ਕੁਲਦੀਪ ਸਿੰਘ ਧੀਰ

ਸਾਬਕਾ ਪ੍ਰੋਫੈਸਰ ਅਤੇ ਡੀਨ ਅਕਾਦਮਿਕ ਮਾਮਲੇ

ਪੰਜਾਬੀ ਯੂਨੀਵਰਸਿਟੀ, ਪਟਿਆਲਾ

ਅਧਿਆਇ 1

ਚਮਤਕਾਰੀ ਇਤਿਹਾਸਕ ਵਰਤਾਰਾ : ਗੁਰੂ ਹਰਿਗੋਬਿੰਦ

ਗੁਰੂ ਹਰਿਗੋਬਿੰਦ ਸਿੱਖ ਸੰਸਥਾ ਦੇ ਰੂਪ ਵਟਾ ਕੇ ਦਸ ਰੂਪਾਂ ਵਿਚ ਦਿਸਣ ਵਾਲੀ ਚਮਤਕਾਰੀ ਗੁਰੂ ਜੋਤਿ ਦਾ ਛੇਵਾਂ ਪ੍ਰਤੱਖ ਰੂਪ ਸਨ। ਇਸ ਇਤਿਹਾਸਕ ਵਰਤਾਰੇ ਅਤੇ ਗੁਰੂ ਹਰਗੋਬਿੰਦ ਸਾਹਿਬ ਬਾਰੇ ਕੋਈ ਵੀ ਗਲ ਕਰਨ ਤੋਂ ਪਹਿਲਾਂ, ਗੁਰੂ ਘਰ ਦੇ ਨਿਕਟ ਵਰਤੀ ਅਤੇ ਗੁਰੂ ਪਾਤਸ਼ਾਹ ਦੇ ਸਮਕਾਲੀ ਭਾਈ ਗੁਰਦਾਸ ਜੀ ਦੇ ਉਨ੍ਹਾਂ ਸ਼ਬਦਾਂ ਉਤੇ ਨਜ਼ਰ ਟਿਕਾਣੀ ਬਣਦੀ ਹੈ ਜਿਨ੍ਹਾਂ ਵਿਚ ਉਨ੍ਹਾਂ ਨੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਚਿਤ੍ਰਿਆ ਹੈ—

— ਪੰਜ ਪਿਆਲੇ ਪੰਜ ਪੀਰ ਛਟਮੁ ਪੀਰ ਬੈਠਾ ਗੁਰੁ ਭਾਰੀ।
ਅਰਜਨ ਕਾਇਆ ਪਲਟਿ ਕੈ ਮੂਰਤਿ ਹਰਿ ਗੋਬਿੰਦ ਸੁਆਰੀ।
ਚਲੀ ਪੀੜ੍ਹੀ ਸੋਢੀਆਂ ਰੂਪ ਦਿਖਾਵਣਿ ਵਾਰੋ ਵਾਰੀ।
ਦਲ ਭੰਜਨ ਗੁਰ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ।
(ਵਾਰ 1)

— ਦਸਤਗੀਰ ਹੁਇ ਪੰਜ ਪੀਰ ਹਰਿ ਗੁਰ ਹਰਿਗੋਬਿੰਦ ਅਤੋਲਾ।
ਦੀਨ ਦੁਨੀ ਦਾ ਪਾਤਸ਼ਾਹ ਪਾਤਿਸ਼ਾਹਾਂ ਪਾਤਸ਼ਾਹੁ ਅਡੋਲਾ।
ਪੰਜ ਪਿਆਲੇ ਅਜਰੁ ਜਰਿ ਹੋਇ ਮਸਤਾਨ ਸੁਜਾਣ ਵਿਚੋਲਾ।
ਤੁਰੀਆ ਚੜ੍ਹਿ ਜਿਣਿ ਪਰਮ ਤਤੁ ਛਿਅ ਵਰਤਾਰੇ ਕੋਲੋ ਕੋਲਾ।
(ਵਾਰ 39)

— ਹਰਖੁ ਸੋਗਹੁ ਬਾਹਰਾ ਹਰਣ ਭਰਣ ਸਮਰਥ ਸਰੰਦਾ।
ਰਸ ਕਸ ਰੂਪ ਨ ਰੇਖਿ ਵਿਚਿ ਰਾਗ ਰੰਗ ਨਿਰਲੇਪੁ ਰਹੰਦਾ।
ਗੋਸਟਿ ਗਿਆਨ ਅਗੋਚਰਾ ਬੁਧਿ ਬਲ ਬਚਨ ਬਿਬੇਕ ਨ ਛੰਦਾ।
ਗੁਰ ਗੋਵਿੰਦੁ ਗੋਵਿੰਦੁ ਗੁਰੁ ਹਰਗੋਵਿੰਦ ਸਦਾ ਵਿਗਸੰਦਾ।
ਅਚਰਜ ਨੋ ਅਚਰਜ ਮਿਲੈ ਵਿਸਮਾਦੇ ਵਿਸਮਾਦ ਮਿਲੰਦਾ।
ਗੁਰਮੁਖਿ ਮਾਰਗਿ ਚਲਣਾ ਖੰਡੇ ਧਾਰ ਕਾਰ ਨਿਬਹੰਦਾ।
ਗੁਰ ਸਿਖ ਲੈ ਗੁਰਸਿਖੁ ਚਲੰਦਾ॥ 2॥ (ਵਾਰ 24)

— ਪਾਰਬ੍ਰਹਮ ਪੂਰਨ ਬ੍ਰਹਮ ਸਤਿਗੁਰ ਆਪੇ ਆਪੁ ਉਪਾਇਆ।
ਗੁਰੁ ਗੋਬਿੰਦੁ ਗੋਵਿੰਦ ਗੁਰੁ ਜੋਤਿ ਇਕ ਦੁਇ ਨਾਵ ਧਰਾਇਆ।

ਪੁਤੁ ਪਿਅਉ ਪਿਉ ਪੁਤ ਤੇ ਵਿਸਮਾਦਹੁ ਵਿਸਮਾਦੁ ਸੁਣਾਇਆ।
ਬਿਰਖਹੁ ਫਲੁ ਫਲ ਤੇ ਬਿਰਖੁ ਆਚਰਜਹ ਆਚਰਜੁ ਸੁਹਾਇਆ।
ਨਦੀ ਕਿਨਾਰੇ ਆਖੀਅਨੁ ਪੁਛੇ ਪਾਰਵਾਰੁ ਨ ਪਾਇਆ।
ਹੋਰਨਿ ਅਲਖੁ ਨ ਲਖੀਐ ਗੁਰੁ ਚੇਲੇ ਮਿਲਿ ਅਲਖ ਲਖਾਇਆ।
ਹਰਿ ਗੋਵਿੰਦੁ ਗੁਰੂ ਗੁਰ ਭਾਇਆ॥ 24 ॥

(ਵਾਰ 24)

ਭਾਈ ਸਾਹਿਬ ਦੇ ਉਪਰੋਕਤ ਬੋਲ ਹੀ ਨਹੀਂ ਕਈ ਹੋਰ ਮਹਾਂਵਾਕ ਵੀ ਗੁਰੂ ਹਰਿਗੋਬਿੰਦ ਸਾਹਿਬ ਦੀ ਨਿਰਭਉ ਨਿਰਵੈਰ ਅਤੇ ਸ਼ਾਹਾਨਾ ਰੂਹਾਨੀ ਅਜ਼ਮਤ ਦੀ ਗਵਾਹੀ ਦਿੰਦੇ ਹਨ। ਸਿੱਖ ਧਰਮ ਦੇ ਪੰਜ ਗੁਰੂਆਂ ਉਪਰੰਤ ਸਿੱਖ ਲਹਿਰ ਦੀ ਵਾਗ ਡੋਰ ਸੰਭਾਲ ਕੇ ਉਸ ਨੂੰ ਹਰ ਦੁਨਿਆਵੀ ਤੇ ਰੂਹਾਨੀ ਸੰਕਟ ਦਾ ਸੂਰਬੀਰਤਾ ਨਾਲ ਸਾਹਮਣਾ ਕਰਨ ਦਾ ਵਿਸ਼ਵਾਸ, ਯੋਗਤਾ ਅਤੇ ਜੁਗਤ ਆਪ ਨੇ ਬਖਸ਼ੀ। ਆਪ ਦੇ ਜਨਮ ਤੇ ਬਚਪਨ ਦੇ ਹਾਲਾਤ ਖਾਸੇ ਆਸਾਧਾਰਨ ਸਨ। ਪਰਿਵਾਰਕ, ਸਮਾਜਿਕ, ਧਾਰਮਿਕ ਤੇ ਰਾਜਨੀਤਕ ਹਰ ਖੇਤਰ ਵਿਚ ਵੰਗਾਰਾਂ ਸਨ। ਤਾਇਆ ਪ੍ਰਿਥੀਚੰਦ ਆਪ ਦੇ ਪਿਤਾ ਗੁਰੂ ਅਰਜਨ ਸਾਹਿਬ ਦੇ ਵਿਰੁੱਧ ਪ੍ਰੋਖ/ਅਪ੍ਰੋਖ ਰੂਪ ਵਿਚ ਸਾਰੀ ਉਮਰ ਸਰਗਰਮ ਰਿਹਾ। ਆਪ ਪ੍ਰਤੀ ਉਸ ਨੇ ਕੀ ਘੱਟ ਗੁਜ਼ਾਰਨੀ ਸੀ। ਅਕਬਰ ਦੀ ਸੁਲਾਹ ਕੁਲ ਨੀਤੀ ਨਾਲ ਮੁਗਲ ਰਾਜ ਦੀਆਂ ਜੜ੍ਹਾਂ ਪਕੀਆਂ ਕਰਨ ਦੀ ਕਹਾਣੀ ਖਤਮ ਹੋ ਚੁੱਕੀ ਸੀ। ਉਸ ਦੀ ਥਾਂ ਸੰਕੀਰਨ ਤੇ ਜਨੂੰਨੀ ਸੋਚ ਵਾਲੇ ਮੌਲਾਨੇ ਅੱਗੇ ਆ ਗਏ ਸਨ। ਜਹਾਂਗੀਰ ਵੀ ਉਨ੍ਹਾਂ ਦੀ ਖੁਸ਼ਨੂਦੀ ਹਾਸਲ ਕਰਨ ਲਈ ਯਤਨਸ਼ੀਲ ਹੋ ਗਿਆ। ਤਾਕਤ ਦੀ ਉਸ ਦੀ ਭੁੱਖ ਦਾ ਅੰਦਾਜ਼ਾ ਤੁਸੀਂ ਇਥੋਂ ਲਾਓ ਕਿ ਉਸ ਨੇ ਆਪਣੇ ਹੀ ਦਰਵੇਸ਼ ਪੁੱਤਰ ਦਾ ਬੇਰਹਿਮੀ ਨਾਲ ਕਤਲ ਕੀਤਾ। ਇਹੋ ਜਹੇ ਪਿਤਾ ਦੀ ਔਲਾਦ ਉਸ ਤੋਂ ਅਗਾਂਹ ਹੀ ਹੋਣੀ ਸੀ। ਉਸ ਦਾ ਪੁੱਤਰ ਸ਼ਾਹ ਜਹਾਂ ਜੋ 1627 ਵਿਚ ਤਖ਼ਤ ਉਤੇ ਬੈਠਾ ਆਪਣੇ ਆਪ ਨੂੰ ਕਟੜ ਸ਼ਰਈ ਮੁਸਲਮਾਨ ਸ਼ਾਸਕ ਸਾਬਤ ਕਰਨ ਲਈ ਪਿਤਾ ਤੋਂ ਅੱਗੇ ਵਧਿਆ। ਅਕਬਰ ਦੇ ਵਕਤ ਤਕ ਉਦਾਰ ਚਿਤ ਮੁਸਲਮਾਨਾਂ ਦੀ ਕਾਫ਼ੀ ਗਿਣਤੀ ਸਿੱਖ ਗੁਰੂ ਸਾਹਿਬਾਨ ਦੇ ਦਸੇ ਸਰਬਤ ਦੇ ਭਲੇ ਵਾਲੇ ਸਰਲ ਸਹਿਜ ਜੀਵਨ ਮਾਰਗ ਤੋਂ ਪ੍ਰਭਾਵਿਤ ਹੋ ਕੇ ਗੁਰੂ ਘਰ ਦੀ ਸ਼ਰਧਾਲੂ ਬਣਨ ਲੱਗ ਪਈ ਸੀ। ਜਹਾਂਗੀਰ ਇਸੇ ਤੋਂ ਪ੍ਰੇਸ਼ਾਨ ਸੀ। ਆਪਣੀ ਤੁਜ਼ਕੇ ਜਹਾਂਗੀਰੀ ਵਿਚ ਉਸ ਨੇ ਇਸ ਗੱਲ ਦਾ ਉਚੇਚਾ ਜ਼ਿਕਰ ਕੀਤਾ ਹੈ ਅਤੇ ਗੁਰੂ ਘਰ ਨੂੰ 'ਝੂਠ ਦੀ ਦੁਕਾਨ' ਤੱਕ ਕਿਹਾ ਹੈ ਜਿਸ ਨੂੰ ਬੰਦ ਕਰਵਾਉਣ ਲਈ ਉਸ ਨੇ ਗੁਰੂ ਅਰਜਨ ਪਾਤਸ਼ਾਹ ਦੀ ਸ਼ਹਾਦਤ ਦੇ ਹੁਕਮ ਸਾਦਰ ਕੀਤੇ।

ਸ਼ਾਹ ਜਹਾਨ ਨੇ ਤਖ਼ਤ ਉਤੇ ਬੈਠਣ ਸਾਰ ਮੁਸਲਮਾਨਾਂ ਨੂੰ ਇਸਲਾਮ ਛੱਡ ਕੇ ਹੋਰ ਧਰਮ ਧਾਰਨ ਲਈ ਪ੍ਰੇਰਨ ਵਾਲੀਆਂ ਗਤੀਵਿਧੀਆਂ ਉਤੇ ਪਾਬੰਦੀ ਲਾ ਦਿੱਤੀ। ਜਿਹੜੀ ਬਾਉਲੀ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਡਬੀ ਬਾਜ਼ਾਰ ਲਾਹੌਰ ਵਿਚ ਬਣਵਾਈ ਸੀ ਸ਼ਾਹ ਜਹਾਨ ਨੇ ਉਹ ਵੀ ਪੂਰਵਾ ਦਿੱਤੀ। ਲੰਗਰ ਦੇ ਥਾਂ ਉਤੇ ਮਸੀਤ ਬਣਵਾ ਦਿੱਤੀ। ਕਈ

ਥਾਈਂ ਮੰਦਰ ਢਾਹ ਕੇ ਮਸੀਤਾਂ ਬਣਵਾ ਦਿੱਤੀਆਂ। ਇਸ ਪ੍ਰਕਾਰ ਦੇ ਡਰਾਵਣੇ, ਦਮਨਕਾਰੀ ਅਤੇ ਸੰਕਟ ਭਰੇ ਹਾਲਾਤ ਵਿਚ ਪਿਤਾ ਗੁਰੂ ਦੀ ਸ਼ਹੀਦੀ ਉਪਰੰਤ ਸਿੱਖ ਧਰਮ ਦੀ ਵਾਗ ਡੋਰ ਸੰਭਾਲ ਕੇ ਇਸ ਦਾ ਮਾਰਗ ਦਰਸ਼ਨ ਕਰਨ ਦੀ ਜ਼ਿੰਮੇਵਾਰੀ ਗੁਰੂ ਹਰਿਗੋਬਿੰਦ ਜੀ ਨੇ ਸੰਭਾਲੀ। ਇਹੋ ਜਹੇ ਵਿਰੋਧੀ ਹਾਲਾਤ ਵਿਚ ਕੋਈ ਵੀ ਡੋਲ ਜਾਂਦਾ। ਦਬ ਜਾਂਦਾ। ਸ਼ਹਿਨਸ਼ਾਹੀ ਤਾਕਤ ਅਤੇ ਤਖ਼ਤ ਅੱਗੇ ਗੋਡੇ ਟੇਕ ਦਿੰਦਾ। ਦੜ ਵਟ ਜਾਂਦਾ। ਨਿਵ ਕੇ ਸਮਝੌਤੇ ਕਰ ਲੈਂਦਾ। ਗੁਰੂ ਹਰਿਗੋਬਿੰਦ ਸਾਹਿਬ ਨੇ ਸ਼ਾਹੀ ਤਖ਼ਤ ਦੇ ਸਮਾਨਾਂਤਰ ਅਤੇ ਉਸ ਤੋਂ ਉੱਚਾ ਅਕਾਲ ਤਖ਼ਤ ਬਣਾਇਆ। ਖ਼ੁਦ ਬਾਦਸ਼ਾਹਾਂ ਵਾਂਗ ਵਿਚਰ ਕੇ ਸਿੱਖਾਂ ਵਿਚ ਆਤਮ ਵਿਸ਼ਵਾਸ ਦੀ ਭਾਵਨਾ ਭਰੀ।

ਗੁਰੂ ਹਰਿਗੋਬਿੰਦ ਸਾਹਿਬ ਨੇ ਤਖ਼ਤ ਉਤੇ ਬੈਠਣ ਸਮੇਂ ਇਕ ਨਹੀਂ ਦੋ ਤਲਵਾਰਾਂ ਪਹਿਨੀਆਂ। ਇਕ ਪੀਰੀ ਦੀ, ਦੂਜੀ ਮੀਰੀ ਦੀ। ਇਹ ਕਦਮ ਸ਼ਸਤਰ ਨੂੰ ਕੇਵਲ ਚਿਹਨਾਤਮਕ ਰੂਪ ਵਿਚ ਧਾਰਨ ਕਰਨ ਤੋਂ ਅਗਾਂਹ ਵੱਧ ਕੇ ਇਸ ਨੂੰ ਬਾਕਾਇਦਾ ਸਿੱਖ ਜੀਵਨ ਜਾਚ ਦਾ ਹਿਸਾ ਬਣਾਉਣਾ ਸੀ। ਅਣਖ ਤੇ ਸਵੈਮਾਨ ਨਾਲ ਜੀਣ, ਜਬਰ ਜ਼ੁਲਮ ਦਾ ਮੁਕਾਬਲਾ ਕਰਨ ਜਾਂ ਸਵੈ ਰੱਖਿਆ ਖਾਤਰ ਹਥਿਆਰ ਚੁੱਕਣ ਦੀ ਵਿਵਸਥਾ ਉਤੇ ਗੁਰਮਤਿ ਦੀ ਮੋਹਰ ਲਾਉਣਾ ਸੀ। ਗੁਰੂ ਸਾਹਿਬ ਦੀ ਇਹ ਨੀਤੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਭੈਭੀਤ ਹੋਏ ਜਨ-ਸਾਧਾਰਨ ਨੂੰ ਆਤਮ ਵਿਸ਼ਵਾਸ ਨਾਲ ਭਰਨ ਵਾਲੀ ਸੀ।

ਸਾਧਾਰਨ ਦ੍ਰਿਸ਼ਟੀ ਨਾਲ ਵੇਖੀਏ ਤਾਂ ਗੁਰੂ ਹਰਿ ਗੋਬਿੰਦ ਸਾਹਿਬ ਵੱਲੋਂ ਸਿੱਖ ਸੰਗਤਾਂ ਨੂੰ ਹਥਿਆਰਬੰਦ ਕਰਨ ਨਾਲ ਸ਼ਕਤੀਸ਼ਾਲੀ ਮੁਗਲ ਹਕੂਮਤ ਨੂੰ ਕੋਈ ਫਰਕ ਪੈਂਦਾ ਨਹੀਂ ਪ੍ਰਤੀਤ ਹੁੰਦਾ। ਇਸ ਕਦਮ ਦਾ ਮਹੱਤਵ ਸਿਧਾਂਤਕ ਹੈ। ਇਹ ਦੱਸਣਾ ਹੈ ਕਿ ਸਿੱਖ ਕਿਸੇ ਵੀ ਜਬਰ ਜ਼ੁਲਮ ਜਾਂ ਅਨਿਆਂ ਦੀ ਸਥਿਤੀ ਦਾ ਪਹਿਲਾਂ ਸ਼ਾਂਤੀ ਤੇ ਸਬਰ ਪਰੰਤੂ ਪੂਰੀ ਦ੍ਰਿੜ੍ਹਤਾ ਨਾਲ ਵਿਰੋਧ ਕਰੇਗਾ। ਜੇਕਰ ਇਸ ਨਾਲ ਗੱਲ ਨਾ ਬਣੀ ਤਾਂ ਉਹ ਬੇਬਸ ਤੇ ਮੂਕ ਦਰਸ਼ਕ ਨਹੀਂ ਰਹੇਗਾ। ਉਹ ਸਵੈ ਰੱਖਿਆ ਲਈ ਵੀ ਹਥਿਆਰ ਚੁੱਕੇਗਾ ਅਤੇ ਅਨਿਆਂ ਜਾਂ ਜ਼ੁਲਮ ਜ਼ਬਰ ਦੇ ਖਾਤਮੇ ਲਈ ਵੀ। ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਤੱਕ ਸਿੱਖ ਲਹਿਰ ਪਰੰਪਰਾਗਤ ਧਰਮਾਂ/ਧਾਰਮਿਕ ਸੰਪਰਦਾਵਾਂ ਨੂੰ ਆਪਣੇ ਦਾਰਸ਼ਨਿਕ/ਸਿਧਾਂਤਕ/ਵਿਹਾਰਕ ਸਰੂਪ ਕਾਰਨ ਰੜਕਣ ਲੱਗ ਪਈ ਸੀ। ਨਾਥ ਜੋਗੀ, ਕਟੜਪੰਥੀ, ਮੌਲਾਣੇ, ਕਾਜ਼ੀ, ਡੇਰੇਦਾਰ ਤਪੇ, ਧਰਮ ਨੂੰ ਦੁਕਾਨਦਾਰੀ ਵਾਂਗ ਵਰਤਨ ਵਾਲੇ ਪ੍ਰਿਥੀ ਚੰਦ ਜਹੇ ਮੀਣੇ, ਸਖੀ ਸਰਵਰੀਏ, ਸੁਲਤਾਨੀਏ, ਜਾਤ ਪਾਤ ਦੇ ਕਰਮ ਕਾਂਡ/ਵਰਨ ਆਸ਼ਰਮ ਦੇ ਜਾਲ ਨਾਲ ਜਨ ਸਾਧਰਨ ਦਾ ਸ਼ੋਸ਼ਣ ਕਰਨ ਵਾਲੇ ਬ੍ਰਾਹਮਣ-ਸਾਰੇ ਹੀ ਇਸ ਨਵੀਂ ਲਹਿਰ ਦੇ ਵੱਧਦੇ ਪ੍ਰਭਾਵ ਨੂੰ ਖਤਮ ਕਰਨ ਲਈ ਤਰਲੋ ਮੱਛੀ ਸਨ। ਇਹ ਸਾਰੀਆਂ ਸਿੱਖ ਵਿਰੋਧੀ ਤਾਕਤਾਂ ਸਮੇਂ-ਸਮੇਂ ਆਪੋ ਆਪਣੇ ਪੱਧਰ ਉਤੇ ਗੁਰੂ ਘਰ ਤੇ ਸਿੱਖ ਸੰਗਤਾਂ ਨਾਲ ਟੱਕਰ ਲੈਣ ਦਾ ਯਤਨ ਕਰਦੀਆਂ। ਕਈ ਵਾਰ ਇਹ ਆਪਣੇ ਸਵਾਰਥ ਹਿੱਤ ਇਕ ਦੂਜੇ ਨਾਲ ਮਿਲ ਕੇ ਵੀ ਗੁਰੂ ਘਰ ਨਾਲ ਟੱਕਰ ਲੈਂਦੀਆਂ। ਕਈ ਵਾਰ ਇਹ ਮੁਗਲ ਹਕੂਮਤ ਨੂੰ ਵੀ ਆਪਣੇ ਸਵਾਰਥ ਹਿੱਤ

ਵਰਤਣ ਦੀ ਕੋਸ਼ਿਸ਼ ਕਰਦੀਆਂ। ਗੁਰੂ ਹਰਿਗੋਬਿੰਦ ਸਾਹਿਬ ਇਸ ਪੱਖੋਂ ਸੁਚੇਤ ਸਨ।
ਨਵੀਂ ਨੀਤੀ ਬਦਲ ਰਹੇ ਹਾਲਾਤ ਦੇ ਮੁਕਾਬਲੇ ਲਈ ਹੀ ਉਨ੍ਹਾਂ ਨੇ ਅਪਣਾਈ।

ਸ਼ੁਰੂ ਸ਼ੁਰੂ ਵਿਚ ਸਿੱਖ ਵਿਰੋਧੀ ਤਾਕਤਾਂ ਮੁਗਲ ਹਕੂਮਤ ਨੂੰ ਸਿੱਖਾਂ ਵਿਰੁੱਧ ਵਰਤਨ
ਤਕ ਨਹੀਂ ਸਨ ਪਹੁੰਚੀਆਂ। ਜੇ ਉਨ੍ਹਾਂ ਕੋਈ ਅਜਿਹੇ ਯਤਨ ਕੀਤੇ ਵੀ ਤਾਂ ਉਹ ਇਸ
ਕਰਕੇ ਅਸਫ਼ਲ ਹੋ ਗਏ ਕਿ ਅਕਬਰ ਜੇਹਾ ਬਾਦਸ਼ਾਹ ਕੱਟੜ ਮਜ਼ਹਬੀ ਨੀਤੀ ਦਾ
ਧਾਰਨੀ ਨਹੀਂ ਸੀ। ਧਾਰਮਿਕ ਰਵਾਦਾਰੀ ਵਾਲੀ ਉਸ ਦੀ ਸੋਚ ਨੇ ਟੱਕਰ ਨੂੰ ਤੀਖਣ ਨਾ
ਹੋਣ ਦਿੱਤਾ। ਸਿੱਖ ਗੁਰੂ ਸਾਹਿਬਾਨ ਦੀ ਸਿੱਖ ਵਿਰੋਧੀ ਤਾਕਤਾਂ ਨਾਲ ਟੱਕਰ ਸਬਰ
ਸੰਤੋਖ ਤੇ ਤਰਕ ਤਕ ਹੀ ਸੀਮਤ ਰਹੀ। ਜਹਾਂਗੀਰ ਵੱਲੋਂ ਗੁਰੂ ਅਰਜਨ ਦੇਵ ਜੀ ਪ੍ਰਤੀ
ਅਪਣਾਈ ਨੀਤੀ ਨੇ ਸਪੱਸ਼ਟ ਕਰ ਦਿੱਤਾ ਸੀ ਕਿ ਹੁਣ ਸਿੱਖ ਵਿਰੋਧੀ ਤਾਕਤਾਂ ਸ਼ਾਹੀ
ਹਕੂਮਤ ਤੇ ਬਾਦਸ਼ਾਹ ਨੂੰ ਵੀ ਆਪਣੇ ਨਾਲ ਤੋਰ ਸਕਦੀਆਂ ਹਨ। ਮੁਗਲ ਸ਼ਹਿਨਸ਼ਾਹ
ਆਪ ਐਲਾਨੀਆਂ ਤੌਰ ਉਤੇ ਸਿੱਖ ਲਹਿਰ ਦਾ ਵਿਰੋਧੀ ਹੋ ਗਿਆ ਸੀ। ਅਜਿਹੇ ਹਾਲਾਤ
ਵਿਚ ਸਿੱਖ ਵਿਰੋਧੀਆਂ ਨੂੰ ਇਹ ਸ਼ਹਿ ਮਿਲ ਗਈ ਸੀ ਕਿ ਅਸੀਂ ਗੁਰੂ ਅਤੇ ਉਸ ਦੇ
ਸਿੱਖਾਂ ਨਾਲ ਜੋ ਧੱਕਾ ਵੀ ਕੀਤਾ ਤਾਂ ਬਾਦਸ਼ਾਹ ਸਾਡੀ ਪਿਠ 'ਤੇ ਹੋ ਸਕਦਾ ਹੈ। ਗੁਰੂ
ਹਰਿਗੋਬਿੰਦ ਸਾਹਿਬ ਸਿੱਖਾਂ ਨੂੰ ਸ਼ਸਤਰ ਧਾਰੀ ਹੋ ਕੇ, ਨਿਡਰ ਹੋ ਕੇ ਜੀਣ ਲਈ
ਉਤਸਾਹਿਤ ਨਾ ਕਰਦੇ ਤਾਂ ਵਿਰੋਧੀ ਤਾਕਤਾਂ ਉਭਰ ਰਹੀ ਸਿੱਖ ਲਹਿਰ ਦੇ ਕੇਂਦਰ
ਤਬਾਹ ਕਰ ਸੁਟਦੀਆਂ। ਗੁਰੂ ਹਰਿਗੋਬਿੰਦ ਸਾਹਿਬ ਨੇ ਗੁਰਗਦੀ ਉਤੇ ਬੈਠਣ ਸਾਰ ਹੀ
ਇਹ ਸਪੱਸ਼ਟ ਕਰ ਦਿੱਤਾ ਕਿ ਗੁਰੂ ਅਰਜਨ ਦੇਵ ਜੀ ਦੇ ਉਤਰ-ਅਧਿਕਾਰੀ ਅਤੇ ਉਸ
ਦੇ ਅਨੁਯਾਈਆਂ ਨੂੰ ਹੱਥ ਪਾਉਣਾ ਇਨਾ ਸੌਖਾ ਨਹੀਂ ਜਿੰਨਾ ਉਹ ਸੋਚ ਰਹੇ ਹਨ।
ਇਕਲੇ-ਦੁਕਲੇ ਵਿਰੋਧੀ ਤਾਂ ਕੀ ਸੰਗਠਿਤ ਵਿਰੋਧ ਦਾ ਮੁਕਾਬਲਾ ਕਰਨ ਦੀ ਸਮਰੱਥਾ
ਵੀ ਗੁਰੂ ਘਰ ਕੋਲ ਹੈ। ਗੁਰੂ ਅਰਜਨ ਸਾਹਿਬ ਦਾ ਨਵਾਂ ਉਤਰਅਧਿਕਾਰੀ ਕੇਵਲ
ਰੂਹਾਨੀ ਰਹਿਬਰ ਹੀ ਨਹੀਂ, ਮਹਾਂਬਲੀ ਅਤੇ ਸ਼ਕਤੀਸ਼ਾਲੀ ਨੇਤਾ ਵੀ ਹੈ।

ਗੁਰੂ ਹਰਿਗੋਬਿੰਦ ਸਾਹਿਬ ਨੇ ਗੁਰਗਦੀ ਹੀ ਤਖ਼ਤ ਉਤੇ ਬੈਠ ਕੇ ਧਾਰਨ ਕੀਤੀ।
ਆਪਣਾ ਠਾਠਬਾਠ ਤੇ ਵਿਹਾਰ ਸ਼ਾਹਾਨਾ ਰੱਖੇ। ਸ਼ਹਿਨਸ਼ਾਹ ਵਾਂਗ ਹੀ ਫੌਜਾਂ, ਸ਼ਸਤਰ,
ਸ਼ਿਕਾਰ, ਦਰਬਾਰ। ਸਿੱਖਾਂ ਨੂੰ ਘੋੜਿਆਂ ਤੇ ਸ਼ਸਤਰਾਂ ਨਾਲ ਲੈਸ ਕੀਤਾ। ਵੀਰ ਰਸ ਦੇ
ਸੰਚਾਰ ਲਈ ਦਰਬਾਰ ਵਿਚ ਵਾਰ ਗਾਇਣ ਦੇ ਪ੍ਰਬੰਧ ਕੀਤੇ। ਅਕਾਲ ਤਖ਼ਤ ਉਤੇ
ਦਰਬਾਰ ਲਾ ਕੇ ਸਿੱਖਾਂ ਦੇ ਦੁਨਿਆਵੀ ਮਸਲੇ ਸੁਲਝਾਉਣ ਲੱਗੇ। ਇਸ ਕਿਸਮ ਦੇ
ਕਦਮਾਂ ਨਾਲ ਜਨ ਸਾਧਾਰਨ ਵਿਚੋਂ ਸਹਿਮ ਡਰ ਤੇ ਨਿਰਾਸ਼ਾ ਉਡ ਪੁਡ ਗਏ। ਹਰ
ਪਾਸੇ ਉਤਸ਼ਾਹ ਤੇ ਦਲੇਰੀ ਦਾ ਮਾਹੌਲ ਬਣਨ ਲੱਗਾ। ਸਿੱਖ ਵਿਰੋਧੀ ਤਾਕਤਾਂ ਨੂੰ ਵੀ
ਝਟਕਾ ਲੱਗਾ। ਉਹ ਸਮਝ ਗਏ ਕਿ ਗੁਰੂ ਘਰ ਨਾਲ ਟੱਕਰ ਤੋਂ ਪਹਿਲਾਂ ਹੁਣ ਉਨ੍ਹਾਂ ਨੂੰ
ਬਾਰ-ਬਾਰ ਸੋਚਣਾ ਪਵੇਗਾ। ਉਨ੍ਹਾਂ ਨੂੰ ਇਸ ਗੱਲ ਦਾ ਅਹਿਸਾਸ ਹੋ ਗਿਆ ਕਿ
ਜਿਹੜਾ ਗੁਰੂ ਮੁਗਲ ਤਖ਼ਤ ਨਾਲ ਲੋਹਾ ਲੈਣ ਨੂੰ ਤਿਆਰ ਹੈ, ਉਸ ਦੇ ਸਾਹਮਣੇ ਅਸੀਂ
ਕੀ ਸ਼ੈਅ ਹਾਂ। ਬਸ ਇਹੀ ਸੰਦੇਸ਼ ਗੁਰੂ ਸਾਹਿਬ ਆਪਣੇ ਅਨੁਯਾਈਆਂ ਤੇ ਵਿਰੋਧੀਆਂ ਨੂੰ
ਦੇਣਾ ਚਾਹੁੰਦੇ ਸਨ।

ਗੁਰੂ ਨਾਨਕ ਦਾ ਬੀਜਿਆ ਬੀਜ ਗੁਰੂ ਹਰਗੋਬਿੰਦ ਜੀ ਸਮੇਂ ਫਲਦਾਰ ਬਿਰਖ ਬਣਨ ਲੱਗਾ ਸੀ। ਗੁਰੂ ਸਾਹਿਬ ਦਾ ਸਮਕਾਲੀ ਇਤਿਹਾਸਕਾਰ ਮੁਹਸਨ ਫਾਨੀ ਲਿਖਦਾ ਹੈ ਕਿ ਈਰਾਨ, ਅਰਬ, ਤੁਰਕਸਤਾਨ ਤੇ ਹਿੰਦੁਸਤਾਨ ਦੇ ਕੋਨੇ ਕੋਨੇ ਤੋਂ ਰੂਹਾਨੀ ਜਗਿਆਸੂ, ਗੁਰੂ ਹਰਿਗੋਬਿੰਦ ਕੋਲੋਂ ਜੀਵਨ ਦੀ ਦਾਤ ਤੇ ਰੌਸ਼ਨੀ ਲੈਣ ਆਉਂਦੇ ਸਨ। ਹਰ ਕੋਈ ਉਨ੍ਹਾਂ ਨੂੰ ਰੂਹਾਨੀਅਤ ਦੇ ਪੈਗੰਬਰ ਵਜੋਂ ਸਤਿਕਾਰਦਾ। ਸ਼ਿਵਾ ਜੀ ਮਰਹਟਾ ਦੇ ਗੁਰੂ ਸਮਰਥ ਰਾਮਦਾਸ ਨੇ ਆਪ ਦੀ ਜੀਵਨ ਸ਼ੈਲੀ ਵਿਚ ਫਕੀਰੀ ਤੇ ਪਾਤਸ਼ਾਹੀ, ਸ਼ਾਸਤਰ ਤੇ ਸ਼ਸਤਰ, ਦੋਹਾਂ ਦੀ ਹੋਂਦ ਉਤੇ ਕਿੰਤੂ ਕੀਤੇ ਤਾਂ ਆਪ ਦਾ ਉੱਤਰ ਸੀ, "ਬਾਤਨ ਫਕੀਰੀ, ਜ਼ਾਹਰ ਅਮੀਰੀ। ਸ਼ਸਤਰ ਗਰੀਬ ਦੀ ਰੱਖਿਆ ਅਤੇ ਜਰਵਾਨੇ ਦੀ ਭਖਿਆ ਲਈ। ਗੁਰੂ ਨਾਨਕ ਨੇ ਸੰਸਾਰ ਨਹੀਂ ਤਿਆਗਿਆ, ਮਾਇਆ ਤਿਆਗੀ ਸੀ।" ਗੁਰੂ ਪਾਤਸ਼ਾਹ ਦੇ ਸਟੀਕ ਉਤਰ ਉਪਰੰਤ ਸਮਰਥ ਰਾਮਦਾਸ ਨੂੰ ਕਹਿਣਾ ਪਿਆ, ਯਹ ਬਾਤ ਹਮਾਰੇ ਮਨ ਭਾਵਤੀ ਹੈ।

ਸੂਫ਼ੀ ਫਕੀਰ ਮੀਆਂ ਮੀਰ ਆਪਣੇ ਮੁਰੀਦਾਂ ਨੂੰ ਕਿਹਾ ਕਰਦਾ ਸੀ, ਗੁਰੂ ਹਰਿਗੋਬਿੰਦ ਖ਼ੁਦ ਖ਼ੁਦਾ ਦਾ ਰੂਪ ਹੈ। ਮੈਂ ਜਦ ਅਲਾਹ ਦੇ ਦਰਬਾਰ ਵਿਚ ਬਰਕਤਾਂ ਲੈਣ ਜਾਂਦਾ ਹਾਂ ਤਾਂ ਉਥੇ ਮੈਨੂੰ ਗੁਰੂ ਹਰਿਗੋਬਿੰਦ ਹੀ ਤਖ਼ਤ ਉਤੇ ਬਿਰਾਜਮਾਨ ਦਿਸਦੇ ਹਨ। ਗੁਰੂ ਜੀ ਦਾ ਮਨ ਪਵਿੱਤਰ ਹੈ। ਉਨ੍ਹਾਂ ਦੇ ਬੋਲ ਮਨ ਉਤੇ ਅਸਰ ਕਰਦੇ ਹਨ। ਉਨ੍ਹਾਂ ਨਾਲ ਗੱਲ ਕਰਕੇ ਮਨ ਦੇ ਸ਼ੰਕੇ ਦੂਰ ਹੋ ਜਾਂਦੇ ਹਨ।

ਅੰਗ੍ਰੇਜ਼ ਇਤਿਹਾਸਕਾਰ ਆਰਚਰ ਅਨੁਸਾਰ ਗੁਰੂ ਹਰਿਗੋਬਿੰਦ ਜੀ ਨੇ ਸਮਝ ਲਿਆ ਸੀ ਕਿ ਸਿੱਖਾਂ ਦਾ ਸ਼ਸਤਰ ਧਾਰਨ ਕੀਤੇ ਬਗੈਰ ਬਚਣਾ ਔਖਾ ਹੈ। ਇਹ ਕਾਰਜ ਦੇਖਣ ਨੂੰ ਛੋਟਾ ਪਰ ਸੋਚੋ ਤਾਂ ਬਹੁਤ ਵੱਡਾ ਸੀ। ਇਕ ਪਾਸੇ ਜਹਾਂਗੀਰ ਆਪਣੇ ਪੁੱਤਰ ਖੁਸਰੋ ਨੂੰ ਹਥਿਆਰ ਚੁੱਕਣ ਦੇ ਦੋਸ਼ ਵਿਚ ਕਤਲ ਕਰ ਰਿਹਾ ਹੈ। ਉਸ ਦੇ ਸਾਥੀਆਂ ਨੂੰ ਕਰੜੀਆਂ ਸਜ਼ਾਵਾਂ ਦੇ ਰਿਹਾ ਹੈ। ਲਾਹੌਰ ਵਿਚ ਬੈਠਾ ਨਿਤ ਨਵੇਂ ਅਤਿਆਚਾਰ ਕਰਦਾ ਹੈ। ਕਿਸੇ ਨੂੰ ਹਾਥੀਆਂ ਅੱਗੇ ਸੁਟਵਾਂਦਾ ਹੈ। ਕਿਸੇ ਨੂੰ ਖਲ ਵਿਚ ਮੜ੍ਹ ਕੇ ਮਰਵਾਂਦਾ ਹੈ। ਲੋਕਾਂ ਨੂੰ ਭੈ-ਭੀਤ ਕਰ ਰਿਹਾ ਹੈ। ਦੂਜੇ ਪਾਸੇ ਲਾਹੌਰ ਤੋਂ ਕੁਝ ਮੀਲ ਦੂਰ ਹੀ ਗੁਰੂ ਹਰਿਗੋਬਿੰਦ ਉਨ੍ਹਾਂ ਲੋਕਾਂ ਨੂੰ ਤਲਵਾਰ ਚੁੱਕਣ ਲਈ ਆਖਦੇ ਹਨ, ਜਿਨ੍ਹਾਂ ਕਦੇ ਤਲਵਾਰ ਵੇਖੀ ਵੀ ਨਹੀਂ ਸੀ। ਸ਼ਾਹੀ ਤਖ਼ਤ ਦਾ ਰੋਅਬ ਦੂਰ ਕਰਨ ਲਈ ਅਕਾਲ ਤਖ਼ਤ ਸਥਾਪਿਤ ਕਰਦੇ ਹਨ।

ਆਪ ਨੇ ਸਿੱਖ ਸੰਗਤਾਂ ਨੂੰ ਡਰ ਸਹਿਮ ਕੇ ਪਰੰਪਰਾਗਤ ਕਰਮ ਕਾਂਡ ਦਾ ਆਸਰਾ ਲੈਣ ਤੋਂ ਸਪੱਸ਼ਟ ਵਰਜਿਆ। ਖਾਣ-ਪੀਣ ਦੀ ਖੁੱਲ੍ਹ, ਬੁੱਤ ਪ੍ਰਸਤੀ ਤੋਂ ਮਨਾਹੀ ਅਤੇ ਮੁਸਲਮਾਨਾਂ ਦਾ ਸਿੱਖ ਸੰਗਤਾਂ ਵਿਚ ਬੇਰੋਕ ਟੋਕ ਪ੍ਰਵੇਸ਼ ਕੁਝ ਅਜਿਹੀਆਂ ਗੱਲਾਂ ਸਨ ਜੋ ਸਿੱਖ ਸੰਗਤਾਂ ਨੂੰ ਵਹਿਮਾਂ ਭਰਮਾਂ ਵਾਲੀ ਕਰਮ ਕਾਂਡੀ ਪਰੰਪਰਾ ਵਿਚ ਗਵਾਚਨ ਤੋਂ ਵਰਜਦੀਆਂ ਸਨ। ਇਸ ਨਾਲ ਸਾਧਾਰਨ ਬੁੱਧੀ ਵਾਲੇ ਸਿੱਖ ਵੀ ਬ੍ਰਾਹਮਣੀ ਭਰਮ ਜਾਲ ਨਾਲ ਟੱਕਰ ਲੈਣ ਦੇ ਸਮਰਥ ਹੋ ਗਏ। ਇਹ ਆਪ ਦੀ ਹੀ ਕਰਾਮਾਤ ਹੈ ਕਿ ਆਪ ਦਾ ਇਕ ਸਿੱਖ ਭਾਈ ਸੁੰਦਰ, ਸਵਾਮੀ ਨਿਤਾਨੰਦ ਨੂੰ ਵੱਡੇ ਇਕੱਠ ਵਿਚ ਆਖਦਾ ਹੈ,

ਮਨੁਖੀ ਆਤਮਾ ਮਰਨ ਪਿਛੋਂ ਜੋ ਪੈਂਡਾ ਤੁਹਾਡੇ ਕਹਿਣ ਅਨੁਸਾਰ 360 ਦਿਨ ਵਿਚ ਕਰਦੀ ਹੈ, ਸਿੱਖ ਉਸ ਨੂੰ ਇਕ ਛਿਣ ਵਿਚ ਕਰ ਲੈਂਦਾ ਹੈ।

ਜਹਾਂਗੀਰ ਤੇ ਸ਼ਾਹਜਹਾਂ ਦੋਹਾਂ ਨੇ ਹੁਕਮ ਦੇ ਰੱਖੇ ਸਨ ਕਿ ਸਿਵਾਏ ਇਸਲਾਮ ਦੇ ਹੋਰ ਕੋਈ ਧਾਰਮਿਕ ਪ੍ਰਚਾਰ ਨਹੀਂ ਕਰ ਸਕਦਾ ਅਤੇ ਨਾ ਹੀ ਧਰਮ ਪਰਿਵਰਤਨ ਲਈ ਪ੍ਰੇਰਿਤ ਕਰ ਸਕਦਾ ਹੈ। ਗੁਰੂ ਸਾਹਿਬ ਨੇ ਇਨ੍ਹਾਂ ਹੁਕਮਾਂ ਨੂੰ ਦਰ ਕਿਨਾਰ ਕਰਦੇ ਹੋਏ ਦੂਰ-ਦੂਰ ਤੱਕ ਪ੍ਰਚਾਰਕ ਭੇਜੇ ਅਤੇ ਹਰ ਪ੍ਰਚਾਰਕ ਨਾਲ ਬਾਕਾਇਦਾ ਸੌ ਸੌ ਹਥਿਆਰਬੰਦ ਸਾਥੀ ਦਿੱਤੇ ਤਾਂ ਜੋ ਉਨ੍ਹਾਂ ਨੂੰ ਕੋਈ ਮੁਸ਼ਕਿਲ ਪੇਸ਼ ਨਾ ਆਵੇ। ਬੰਗਾਲ, ਉੜੀਸਾ, ਕਾਮ ਰੂਪ, ਕਾਬਲ, ਗਜ਼ਨੀ ਤੇ ਈਰਾਨ ਤੱਕ ਸਿੱਖ ਪ੍ਰਚਾਰਕ ਗਏ। ਇਨ੍ਹਾਂ ਦੂਰ ਦਰਾਜ਼ ਥਾਵਾਂ ਤੋਂ ਸੰਗਤਾਂ ਗੁਰੂ ਘਰ ਲਈ ਤੋਹਫ਼ੇ, ਭੇਟਾਵਾਂ, ਘੋੜੇ ਤੇ ਸ਼ਸਤਰ ਲੈ ਲੈ ਕੇ ਆਉਂਦੇ। ਗੁਰੂ ਘਰ ਲਈ ਆ ਰਹੇ ਦੁਸ਼ਾਲਿਆਂ ਤੇ ਘੋੜਿਆਂ ਦੇ ਸ਼ਾਹੀ ਅਧਿਕਾਰੀਆਂ ਵੱਲੋਂ ਖੋਹਣ ਅਤੇ ਭਾਈ ਬਿਧੀਚੰਦ ਵੱਲੋਂ ਮੁੜ ਵਾਪਸ ਹਾਸਿਲ ਕਰਨ ਦੀਆਂ ਸਾਖੀਆਂ ਇਸ ਦਾ ਪ੍ਰਮਾਣ ਹਨ ਕਿ ਸਿੱਖੀ ਦਾ ਪ੍ਰਚਾਰ ਪ੍ਰਸਾਰ ਗੁਰੂ ਹਰਿਗੋਬਿੰਦ ਜੀ ਦੇ ਸਮੇਂ ਦੂਰ ਤਕ ਅਤੇ ਬੜੀ ਨਿਡਰਤਾ ਨਾਲ ਹੋਣ ਲੱਗ ਪਿਆ ਸੀ।

ਪਰੰਪਰਾਗਤ ਬ੍ਰਾਹਮਣੀ ਵਿਸ਼ਵਾਸਾਂ ਨਾਲੋਂ ਸਿੱਖ ਧਰਮ ਦੀ ਵੱਖਰੀ ਪਛਾਣ ਗੁਰੂ ਹਰਿਗੋਬਿੰਦ ਜੀ ਦੇ ਸਮੇਂ ਤੱਕ ਸਪੱਸ਼ਟ ਹੋਣ ਲੱਗੀ ਸੀ। ਆਪ ਦਾ ਸਮਕਾਲੀ ਮੁਹਸਨ ਫ਼ਾਨੀ ਲਿਖਦਾ ਹੈ ਕਿ ਗੁਰੂ ਜੀ ਇਕ ਅਕਾਲ ਪੁਰਖ ਵਿਚ ਵਿਸ਼ਵਾਸ ਰੱਖਦੇ ਹਨ। ਆਪ ਦੇ ਸ਼ਰਧਾਲੂ ਮੂਰਤੀ ਪੂਜਾ ਵਿਚ ਯਕੀਨ ਨਹੀਂ ਕਰਦੇ। ਹਿੰਦੂਆਂ ਵਾਂਗ ਜਪ ਤਪ ਨਹੀਂ ਕਰਦੇ। ਨਾ ਹਿੰਦੂ ਅਵਤਾਰਾਂ ਉਤੇ ਵਿਸ਼ਵਾਸ ਕਰਦੇ ਹਨ। ਨਾ ਉਨ੍ਹਾਂ ਦੇ ਤੀਰਥਾਂ ਮੰਦਰਾਂ ਤੇ ਇਸ਼ਟ ਨੂੰ ਮੰਨਦੇ ਹਨ। ਨਾ ਦੇਵ ਭਾਸ਼ਾ ਸੰਸਕ੍ਰਿਤ ਜਾਂ ਇਸ ਵਿਚ ਲਿੱਖੇ ਮੰਤਰਾਂ ਨੂੰ। ਉਨ੍ਹਾਂ ਦਾ ਸਭ ਕੁਝ ਬਸ ਗੁਰੂ ਹੀ ਹੈ।

ਗੁਰੂ ਹਰਿਗੋਬਿੰਦ ਸਾਹਿਬ ਪੰਜਾਬ ਦੀ ਧਰਤੀ ਉਤੇ ਵਾਪਰਨ ਵਾਲੇ ਇਕ ਕ੍ਰਾਂਤੀਕਾਰੀ ਇਤਿਹਾਸਕ ਵਰਤਾਰੇ ਦਾ ਹਿਸਾ ਹਨ। ਉਹ ਚਮਤਕਾਰੀ ਵਰਤਾਰਾ ਜੋ 1469 ਤੋਂ ਲੈ ਕੇ 1708 ਈ. ਤੱਕ ਪੂਰੇ 239 ਵਰ੍ਹੇ ਵਾਪਰਿਆ ਅਤੇ ਦਸ ਸਿੱਖ ਗੁਰੂ ਸਾਹਿਬਾਨ ਜਿਸਦਾ ਮੂਲ ਆਧਾਰ ਸਨ। ਦੱਸ ਗੁਰੂ ਜੋਤਾਂ ਨੇ ਸ਼ਬਦ ਗੁਰੂ ਦੇ ਸਿਧਾਂਤ ਵਾਲਾ ਇਕ ਵਿਲੱਖਣ ਧਰਮ ਸਾਧਨਾਂ ਦਾ ਮਾਰਗ ਇਸ ਦੌਰਾਨ ਪੇਸ਼ ਕੀਤਾ। ਲੰਬੀ ਗੁਲਾਮੀ ਕਾਰਨ ਪਤਨ ਗ੍ਰਸਿਤ ਤੇ ਵਿਕ੍ਰਿਤ ਧਾਰਮਿਕ, ਸਮਾਜਕ, ਰਾਜਨੀਤਕ, ਦਾਰਸ਼ਨਿਕ ਤੇ ਸਭਿਆਚਾਰਕ ਮਾਹੌਲ ਵਿਚ ਨਿਰਾਸ਼ ਨਿਸ਼ਕ੍ਰਿਆ, ਬੇਬਸ ਅਤੇ ਦਿਸ਼ਾਹੀਨ ਜਨ-ਸਾਧਾਰਨ ਨੂੰ ਅਜਿਹਾ ਜੀਵਨ ਦਰਸ਼ਨ ਦਿੱਤਾ ਜੋ ਪਦਾਰਥਕ ਤੇ ਪਰਮਾਰਥਕ ਦੋਹਾਂ ਸਰੋਕਾਰਾਂ ਨੂੰ ਇਕੋ ਸਮੇਂ ਮੁਖਾਤਬ ਸੀ। ਇਹ ਛਿਣ-ਭੰਗਰੀ ਅਤੇ ਚੁੰਚ ਗਿਆਨ ਵਾਲਾ ਜ਼ਬਾਨੀ/ਸਿਧਾਂਤਕ ਜਮ੍ਹਾਂ ਖਰਚ ਨਹੀਂ ਸੀ। ਇਹ ਵਿਆਪਕ, ਬਹੁ-ਪਰਤੀ, ਬਹੁ-ਮੁਖੀ ਸਮਾਜਕ ਜੀਵਨ ਦੇ ਦੁੱਖਾਂ-ਸੁੱਖਾਂ/ਝਮੇਲਿਆਂ, ਸਮਾਜਿਕ/ਇਤਿਹਾਸਕ/ਰਾਜਨੀਤਕ ਦਬਾਵਾਂ, ਤਨਾਵਾਂ ਅਤੇ ਵੰਗਾਰਾਂ ਦਾ ਇਕ ਲੰਬੇ ਕਾਲ ਖੰਡ ਵਿਚ ਬਦਲਦੀਆਂ ਪਰਿਸਥਿਤੀਆਂ ਨਾਲ ਦਸਤਪੰਜਾ ਲੈਣ ਵਾਲਾ ਪ੍ਰਤਿਉੱਤਰ ਸੀ। ਇਸ ਦੌਰਾਨ ਇਕੋ

ਗੁਰੂ ਜੋਤਿ ਨਿਰੰਤਰਤਾ ਵਿਚ ਵਿਚਰ ਕੇ ਬਦਲਦੇ ਹਾਲਾਤ ਨਾਲ ਨਿਪਟਣ ਦੀ ਜੀਵਨ ਜਾਚ ਉਸ ਜਨ-ਸਮੂਹ ਨੂੰ ਸਿਖਾਂਦੀ ਰਹੀ ਜਿਸ ਨੂੰ ਅਸੀਂ ਅੱਜ ਸਿੱਖ ਸੰਗਤ ਵਜੋਂ ਜਾਣਦੇ ਪਛਾਣਦੇ ਹਾਂ। ਇਸ ਤੱਥ ਨੂੰ ਸਿੱਖ ਧਰਮ ਦੇ ਜਨਮ ਤੇ ਵਿਕਾਸ ਨੂੰ ਭਾਗੀਦਾਰ ਹੋ ਕੇ ਨੇੜਿਉਂ ਵੇਖਣ ਸਮਝ ਵਾਲੇ ਭਾਈ ਗੁਰਦਾਸ ਇਉਂ ਪੇਸ਼ ਕਰਦੇ ਹਨ—

ਨਿਰੰਕਾਰ ਨਾਨਕ ਦੇਉ, ਨਿਰੰਕਾਰ ਆਕਾਰ ਬਣਾਯਾ।
ਗੁਰੂ ਅੰਗਦ ਗੁਰੂ ਅੰਗਤੇ, ਗੰਗਹੁ ਜਾਣੁ ਤਰੰਗ ਉਠਾਯਾ।
ਅਮਰਦਾਸ ਗੁਰੂ ਅੰਗਦਹੁ, ਜੋਤਿ ਸਰੂਪ ਚਲਿਤ ਵਰਤਾਯਾ।
ਗੁਰ ਅਮਰੋ ਗੁਰ ਰਾਮਦਾਸ, ਅਨਹਦ ਨਾਦਹੁ ਸ਼ਬਦ ਸੁਣਾਯਾ।
ਰਾਮਦਾਸਹੁ ਅਰਜਨ ਗੁਰੂ, ਦਰਸ਼ਨ ਦਰਪਨ ਵਿਚ ਦਿਖਲਾਯਾ।
ਹਰਿਗੋਬਿੰਦ ਗੁਰੂ ਅਰਜਨਹੁ, ਗੁਰੂ ਗੋਬਿੰਦ ਨਾਉ ਸਦਵਾਯਾ।
ਗੁਰ ਮੂਰਤਿ ਗੁਰ ਸ਼ਬਦ ਹੈ, ਸਾਧ ਸੰਗਤ ਵਿਚ ਪ੍ਰਗਟੀਆਯਾ।

(ਵਾਰ 24, ਪਉੜੀ 25)

ਗੁਰੂ ਗੋਬਿੰਦ ਸਿੰਘ ਜੀ ਨੇ ਬਚਿੱਤਰ ਨਾਟਕ ਵਿਚ ਇਸੇ ਤਥ ਨੂੰ ਪੂਰੇ ਜ਼ੋਰ ਨਾਲ ਇਉਂ ਦ੍ਰਿੜਾਇਆ ਹੈ—

ਭਿੰਨ ਭਿੰਨ ਸਭ ਹੂੰ ਕਰ ਜਾਨਾ
ਏਕ ਰੂਪ ਕਿਨ ਹੂੰ ਪਹਿਚਾਨਾ।
ਜਿਨ ਜਾਨਾ ਤਿਨ ਹੀ ਸਿਧ ਪਾਈ।
ਬਿਨ ਸਮਝੇ ਸਿਧ ਹਾਥ ਨਾ ਆਈ।

ਦਸਮ ਪਿਤਾ ਦੇ ਦਰਬਾਰੀ ਕਵੀ ਭਾਈ ਨੰਦ ਲਾਲ ਜੀ ਨੇ ਆਪਣੀ ਰਚਨਾ ਜੋਤਿ ਬਿਗਾਸ ਵਿਚ ਇਕੋ ਗੁਰੂ ਜੋਤਿ ਦੇ ਵਿਕਾਸ ਦੀ ਗਵਾਹੀ ਇਨ੍ਹਾਂ ਸ਼ਬਦਾਂ ਵਿਚ ਦਿੱਤੀ ਹੈ—

ਹਮੋ ਰਾਮਦਾਸ ਹਮੋ ਅਰਜਨ ਅਸਤ।
ਹਮੋ ਹਰਗੋਬਿੰਦ ਅਕ੍ਰਮੋ ਅਹਸਨ ਅਸਤ।

ਅਰਥਾਤ ਗੁਰੂ ਗੋਬਿੰਦ ਸਿੰਘ ਹੀ ਗੁਰੂ ਰਾਮਦਾਸ ਸਨ। ਉਹ ਹੀ ਗੁਰੂ ਅਰਜਨ ਸਾਹਿਬ ਸਨ। ਉਹ ਹੀ ਬਖਸ਼ਿੰਦ ਅਤੇ ਨੇਕ ਗੁਰੂ ਹਰਿਗੋਬਿੰਦ ਸਾਹਿਬ ਸਨ। 1769 ਈ. ਵਿਚ ਲਿਖੇ ਗਏ ਪੁਰਾਤਨ ਗ੍ਰੰਥ ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ ਦਾ ਲੇਖਕ ਵੀ ਇਸੇ ਸਚਾਈ ਨੂੰ ਸਵੀਕਾਰਦਾ ਹੈ। ਉਸ ਦੇ ਸ਼ਬਦ ਹਨ :

ਦਸ ਜਾਮੇ ਬਾਬੇ ਨਾਨਕ ਸਾਹਿਬ ਜੀ ਹੈਨ ਸਾਰੇ।
ਦਸੇ ਮਹਿਲ ਜੋਤਿ ਇਕੋ ਸਰੀਰ ਨਿਆਰੇ ਨਿਆਰੇ।

ਦਬਸਤਾਨੇ ਮਜ਼ਾਹਬ ਦੇ ਲੇਖਕ, ਗੁਰੂ ਹਰਿਗੋਬਿੰਦ ਸਾਹਿਬ ਦੇ ਸਮਕਾਲੀ ਮੁਹਸਨ ਫਾਨੀ ਅਨੁਸਾਰ ਸਿੱਖ ਇਹ ਕਹਿੰਦੇ ਹਨ ਕਿ ਜੇ ਕੋਈ ਗੁਰੂ ਅਰਜਨ ਦੇਵ ਜੀ ਨੂੰ ਗੁਰੂ ਨਾਨਕ ਦਾ ਰੂਪ ਨਹੀਂ ਗਿਣਦਾ ਤਾਂ ਉਹ ਮਨਮੁਖ, ਹੰਕਾਰੀ ਅਤੇ ਕਾਫ਼ਰ ਹੈ। ਸਿੱਖਾਂ ਦਾ ਯਕੀਨ ਹੈ ਕਿ ਸਾਰੇ ਹੀ ਗੁਰੂ ਸਾਹਿਬ ਗੁਰੂ ਨਾਨਕ ਹਨ। ਮੁਹਸਨ ਫਾਨੀ ਨੂੰ ਆਪਣੇ

ਇੱਕ ਪੱਤਰ ਵਿਚ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਦਸਤਖ਼ਤ ਨਾਨਕ ਹੀ ਕੀਤੇ ਸਨ। ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਛੇ ਗੁਰੂ ਸਾਹਿਬਾਨ ਵਿਚੋਂ ਕਿਸੇ ਨੇ ਵੀ ਆਪਣੇ ਨਾਮ ਹੇਠ ਬਾਣੀ ਨਹੀਂ ਉਚਾਰੀ। ਸਾਰੀ ਬਾਣੀ ਨਾਨਕ ਦੀ ਮੁਹਰ ਛਾਪ ਹੇਠ ਹੀ ਪ੍ਰਾਪਤ ਹੈ।

ਪਰਿਸਥਿਤੀਆਂ ਦੇ ਅਨੁਕੂਲ ਹੀ ਰੂਹਾਨੀਅਤ ਦੇ ਭੰਡਾਰ ਗੁਰੂ ਹਰਿਗੋਬਿੰਦ ਜੀ ਨੇ ਸ਼ਸਤਰ ਧਾਰਨ ਕੀਤੇ ਤਾਂ ਕਿ ਪੰਜਾਬੀਆਂ ਨੂੰ ਸਿਰ ਉਚਾ ਚੁੱਕ ਕੇ ਜੀਵਨ ਜੀਣ ਦਾ ਅਜਿਹਾ ਰਾਹ ਦਿਖਾਇਆ ਜਾਵੇ ਕਿ ਉਹ ਕਠਿਨ ਤੋਂ ਕਠਿਨ ਹਾਲਾਤ ਦਾ ਮੁਕਾਬਲਾ ਸਫ਼ਲਤਾ ਅਤੇ ਵਿਸ਼ਵਾਸ ਨਾਲ ਕਰ ਸਕਣ। 1718 ਈ. ਵਿਚ ਸੋਹਨ ਕਵੀ ਦੁਆਰਾ ਲਿਖੇ ਗਏ ਗੁਰਬਿਲਾਸ ਪਾਤਸ਼ਾਹੀ ਛੇਵੀਂ ਅਨੁਸਾਰ ਗੁਰੂ ਅਰਜਨ ਦੇਵ ਜੀ ਨੇ ਆਪ ਗੁਰੂ ਹਰਿਗੋਬਿੰਦ ਸਾਹਿਬ ਨੂੰ ਜੰਗ ਲੜਨ ਦੇ ਹੁਨਰ ਦੀ ਸਿੱਖਿਆ ਦਿੱਤੀ। ਸਿੱਖਾਂ ਦੀ ਭਗਤਮਾਲ ਦੇ ਪੰਜਾਬ ਸਟੇਟ ਆਰਕਾਈਵਜ਼ ਵਿਚ ਪਏ ਇਕ ਖਰੜੇ (ਖਰੜਾ ਨੰਬਰ 687) ਅਨੁਸਾਰ ਗੁਰੂ ਅਰਜਨ ਸਾਹਿਬ ਨੇ ਆਪ ਹੀ ਆਪਣੇ ਉਤਰ ਅਧਿਕਾਰੀ (ਗੁਰੂ) ਹਰਿਗੋਬਿੰਦ ਜੀ ਨੂੰ ਸ਼ਸਤਰਧਾਰੀ ਹੋਣ ਦਾ ਸੁਝਾਅ ਦਿੱਤਾ ਸੀ। ਮੈਕਾਲਿਫ਼, ਡਾ. ਇੰਦੂ ਭੂਸ਼ਣ ਬੈਨਰ ਜੀ ਅਤੇ ਡਾ. ਹਰੀ ਰਾਮ ਗੁਪਤਾ ਤਿੰਨੇ ਆਧੁਨਿਕ ਇਤਿਹਾਸਕਾਰ ਇਹ ਮੰਨਦੇ ਹਨ ਕਿ ਗੁਰੂ ਅਰਜਨ ਦੇਵ ਜੀ ਨੇ ਸ਼ਹਾਦਤ ਤੋਂ ਪਹਿਲਾਂ ਕਿਸੇ ਸਿੱਖ ਹੱਥ (ਗੁਰੂ) ਹਰਿਗੋਬਿੰਦ ਸਾਹਿਬ ਨੂੰ ਸੁਨੇਹਾ ਭੇਜ ਕੇ ਕਿਹਾ ਸੀ ਕਿ ਹਰਿਗੋਬਿੰਦ ਨੂੰ ਕਹੋ ਕਿ ਉਹ ਪੂਰੀ ਤਰ੍ਹਾਂ ਹਥਿਆਰਬੰਦ ਹੋ ਕੇ ਹੀ ਤਖ਼ਤ ਉਤੇ ਬੈਠੇ ਅਤੇ ਵਧੀਆ ਤੋਂ ਵਧੀਆ ਫ਼ੌਜ ਕਾਇਮ ਕਰੇ। ਇਨ੍ਹਾਂ ਇਤਿਹਾਸਕਾਰਾਂ ਦੇ ਇਹ ਵਾਕ ਸਿੱਖਾਂ ਦੀ ਭਗਤਮਾਲ ਦੇ ਉਨ੍ਹਾਂ ਬੋਲਾਂ ਦੀ ਹੀ ਪੁਸ਼ਟੀ ਕਰਦੇ ਹਨ ਜੋ ਗੁਰੂ ਅਰਜਨ ਦੇਵ ਜੀ ਨੇ ਕਹੇ, 'ਅਸਾਂ ਜੋ ਸ਼ਸਤਰ ਪਕੜਨੇ ਹੈਨਿ ਸੋ ਹਰਿਗੋਬਿੰਦ ਦਾ ਰੂਪ ਧਾਰ ਕਰ ਪਕੜਨੇ ਹੈਨਿ। ਸਮਾਂ ਕਲਜੁਗ ਦਾ ਵਰਤਨਾ ਹੈ।"...

ਇਤਿਹਾਸਕਾਰ ਇਹ ਮੰਨਦੇ ਹਨ ਕਿ ਗੁਰੂ ਅਰਜਨ ਦੇਵ ਜੀ ਨੇ ਸ਼ਹੀਦੀ ਲਈ ਲਾਹੌਰ ਰਵਾਨਾ ਹੋਣ ਸਮੇਂ ਸੰਗਤਾਂ ਨੂੰ ਇਹ ਕਿਹਾ ਸੀ ਕਿ ਕਰੜਾ ਸਮਾਂ ਹੈ। ਤੁਰਕ ਹੁਜਤਾਂ ਕਰਨਗੇ। ਸਾਨੂੰ ਸੀਸ ਦੇਣਾ ਪਵੇਗਾ। ਤੁਸੀਂ ਬਦਲ ਰਹੇ ਸਮਿਆਂ ਵਿਚ ਤਕੜੇ ਰਹਿਣਾ। ਅਕਾਲ ਪੁਰਖ ਉਤੇ ਭਰੋਸਾ ਰੱਖਣਾ। (ਗੁਰੂ) ਹਰਿਗੋਬਿੰਦ ਸਾਹਿਬ ਦੀ ਕਮਾਨ ਹੇਠ ਹਰ ਪ੍ਰਕਾਰ ਦੀ ਕੁਰਬਾਨੀ ਲਈ ਤਿਆਰ ਰਹਿਣਾ।

ਗੁਰੂ ਸਾਹਿਬਾਨ ਦਾ ਜੀਵਨ ਇਸ ਦਾ ਪ੍ਰਮਾਣ ਹੈ ਕਿ ਗੁਰੂ ਜੋਤਿ ਉਮਰਾਂ ਤੇ ਸਰੀਰਾਂ ਤੋਂ ਉੱਪਰ ਹੈ। ਸਿੱਖ ਧਰਮ ਦੀ ਅਗਵਾਈ ਕਰਨ ਵਾਲੀ ਅੱਠਵੀਂ ਗੁਰੂ ਜੋਤਿ ਨੇ ਜਦੋਂ ਗੁਰਗਦੀ ਸੰਭਾਲੀ ਤਾਂ ਉਸ ਸਮੇਂ ਗੁਰੂ ਹਰਿਕ੍ਰਿਸ਼ਨ ਜੀ ਦੀ ਉਮਰ ਸਵਾ ਪੰਜ ਸਾਲ ਸੀ। ਲਗਭਗ ਢਾਈ ਸਾਲ ਇਹ ਜ਼ਿੰਮੇਵਾਰੀ ਔਰੰਗਜ਼ੇਬ ਦੇ ਕਰੜੇ ਸਮੇਂ ਵਿਚ ਉਨ੍ਹਾਂ ਨੇ ਨਿਭਾਈ। ਗੁਰੂ ਅਮਰਦਾਸ ਜੀ ਦੀ ਉਮਰ ਗੁਰਗਦੀ ਉਤੇ ਬੈਠਣ ਸਮੇਂ ਤਿਹਤਰ ਸਾਲ ਸੀ ਅਤੇ ਉਹ ਬਾਈ ਸਾਲ ਸਿੱਖਾਂ ਦੀ ਅਗਵਾਈ ਕਰਦੇ ਰਹੇ। ਗੁਰੂ ਹਰਿ ਰਾਏ ਜੀ ਨੇ 14 ਸਾਲ ਦੀ ਉਮਰ ਵਿਚ ਇਹ ਜ਼ਿੰਮੇਵਾਰੀ ਸੰਭਾਲੀ ਅਤੇ ਸਤਾਰਾਂ ਸਾਲ

ਸਿੱਖਾਂ ਦਾ ਮਾਰਗ ਦਰਸ਼ਨ ਕੀਤਾ। ਇਸੇ ਪਰੰਪਰਾ ਵਿਚ ਗੁਰੂ ਹਰਿਗੋਬਿੰਦ ਸਾਹਿਬ ਨੇ ਗਿਆਰਾਂ ਸਾਲ ਦੀ ਉਮਰ ਵਿਚ ਅਤਿ ਬਿਖੜੇ ਸਮੇਂ ਸਿੱਖੀ ਦੀ ਵਾਗਡੋਰ ਸੰਭਾਲੀ। ਉਹ ਵੀ ਉਸ ਸਮੇਂ ਜਦੋਂ ਵਕਤ ਦੀ ਸ਼ਕਤੀਸ਼ਾਲੀ ਹਕੂਮਤ ਦਾ ਜਬਰ ਜ਼ੁਲਮ ਸਿਖਰ ਉਤੇ ਸੀ ਅਤੇ ਉਨ੍ਹਾਂ ਦੇ ਪਿਤਾ ਉਸ ਨਾਲ ਟਕਰਾਂਦੇ ਹੋਏ ਸ਼ਹੀਦ ਹੋ ਚੁਕੇ ਸਨ। ਇਹੋ ਜਿਹੀ ਸਥਿਤੀ ਉਨ੍ਹਾਂ ਤੋਂ ਬਾਅਦ ਇਕ ਵਾਰ ਉਦੋਂ ਆਈ ਜਦੋਂ ਗੁਰੂ ਗੋਬਿੰਦ ਸਿੰਘ ਮਹਾਰਾਜ ਨੇ ਪਿਤਾ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਉਪਰੰਤ ਨੌਂ ਸਾਲ ਦੀ ਉਮਰ ਵਿਚ ਗੁਰਗਦੀ ਨੂੰ ਭਾਗ ਲਾਏ। ਗੁਰੂ ਹਰਿਗੋਬਿੰਦ ਵਿਚ ਉਹੀ ਗੁਰੂ ਜੋਤਿ ਸੀ ਜੋ ਗੁਰੂ ਨਾਨਕ, ਗੁਰੂ ਹਰਿਕ੍ਰਿਸ਼ਨ, ਗੁਰੂ ਅਮਰਦਾਸ ਜਾਂ ਗੁਰੂ ਗੋਬਿੰਦ ਸਿੰਘ ਵਿਚ ਸੀ। ਬਸ ਸਰੀਰਾਂ, ਉਮਰਾਂ, ਪਰਿਸਥਿਤੀਆਂ ਦੇ ਅੰਤਰ ਸਨ। ਇਕੋ ਸਿਧਾਂਤਕ ਦਰਸ਼ਨ ਦੇ ਵਿਭਿੰਨ ਪਾਸਾਰ ਸਾਰੇ ਗੁਰੂ ਸਾਹਿਬਾਨ ਵੱਲੋਂ ਸਾਕਾਰ ਕੀਤੇ ਗਏ। ਇਕੋ ਬੀਜ ਸੀ ਜੋ 239 ਸਾਲ ਦੇ ਲੰਬੇ ਅਰਸੇ ਵਿਚ ਫਲ ਫੁਲ ਕੇ ਅਜਿਹਾ ਠੰਢੀ-ਮਿਠੀ ਤੇ ਸੰਘਣੀ ਛਾਂ ਵਾਲਾ ਬਿਰਖ ਬਣਿਆ ਜਿਸ ਨੇ ਸਮੁੱਚੀ ਮਨੁਖਤਾ ਨੂੰ ਤਾਜ਼ਗੀ ਦਿੱਤੀ।

ਅਸੀਂ ਇਸੇ ਨਿਰਤੰਰ ਵਰਤਾਰੇ ਦੇ ਉਸ ਇਤਿਹਾਸਕ ਕਾਲ ਖੰਡ ਉਤੇ ਨਜ਼ਰ ਟਿਕਾਣ ਦਾ ਯਤਨ ਇਨ੍ਹਾਂ ਪੰਨਿਆਂ ਉਤੇ ਕਰਾਂਗੇ ਜੋ 1590 ਈ. ਤੋਂ 1650 ਤੱਕ ਫੈਲਿਆ ਹੋਇਆ ਹੈ। ਇਹੀ ਸਮਾਂ ਹੈ ਜਿਸ ਦੌਰਾਨ ਲਗਭਗ ਅੱਧੀ ਸਦੀ ਤੱਕ ਮੀਰੀ ਪੀਰੀ ਦੇ ਮਾਲਕ ਗੁਰੂ ਹਰਿਗੋਬਿੰਦ ਸਾਹਿਬ ਇਸ ਧਰਤੀ ਉਤੇ ਸਾਡੇ ਵੱਡੇ ਵਡੇਰਿਆਂ ਨੂੰ ਦਰਸ਼ਨ ਦੀਆਂ ਦਾਤਾਂ ਵੰਡਦੇ ਰਹੇ। ਇਸ ਕਾਲ ਖੰਡ ਬਾਰੇ ਸਿੱਖ ਪਰੰਪਰਾ ਵਿਚ ਸੀਨਾ ਬਸੀਨਾ ਤੁਰੇ ਆ ਰਹੇ ਬਿਰਤਾਂਤ, ਤਤਕਾਲੀਨ ਦਸਤਾਵੇਜ਼ਾਂ / ਲਿਖਤਾਂ ਅਤੇ ਦੇਸ਼-ਵਿਦੇਸ਼ ਦੇ ਇਤਿਹਾਸਕਾਰਾਂ ਦੁਆਰਾ ਅੰਕਿਤ ਤਥਾਂ ਦੇ ਆਧਾਰ ਉਤੇ ਅਸੀਂ ਗੁਰੂ ਹਰਿਗੋਬਿੰਦ ਸਾਹਿਬ ਦੇ ਅਨੂਠੇ ਜੀਵਨ ਬਿਰਤਾਂਤ ਦਾ ਪੁਨਰ ਸਿਰਜਨ ਕਰਾਂਗੇ ਤਾਂ ਕਿ ਇਸ ਚਮਤਕਾਰੀ ਗੁਰੂ ਜੋਤਿ ਦਾ ਚਾਨਣ ਸਾਡੇ ਮਨ ਮਸਤਕ ਦੇ ਹਨੇਰੇ ਕੋਨੇ ਰੌਸ਼ਨ ਕਰ ਸਕੇ। ਅਸੀਂ ਇਸ ਚਮਤਕਾਰੀ ਪ੍ਰਤਿਭਾ ਦੀ ਅਜ਼ਮਤ ਤੇ ਗੌਰਵ ਦਾ ਜੀਉਂਦਾ ਜਾਗਦਾ ਅਹਿਸਾਸ ਕਰ ਸਕੀਏ।

ਅਧਿਆਇ 2

ਜਨਮ ਅਤੇ ਬਾਲਪਣ

ਪਿਤਾ ਗੁਰੂ ਅਰਜਨ ਸਾਹਿਬ ਦੇ ਘਰ (ਗੁਰੂ) ਹਰਿਗੋਬਿੰਦ ਜੀ ਦਾ ਜਨਮ ਮਾਤਾ ਗੰਗਾ ਜੀ ਦੀ ਕੁਖੋਂ ਲੰਬੇ ਇੰਤਜ਼ਾਰ ਤੋਂ ਬਾਅਦ ਹੋਇਆ। ਗੁਰੂ ਅਰਜਨ ਦੇਵ ਜੀ ਦੀ ਸ਼ਾਦੀ ਭਾਵੇਂ ਸੋਲਾਂ ਕੁ ਸਾਲ ਦੀ ਉਮਰ ਵਿਚ ਗੰਗਾ ਜੀ ਨਾਲ ਹੋ ਗਈ ਸੀ ਪਰ ਉਨ੍ਹਾਂ ਦੇ ਘਰ ਦੇਰ ਤਕ ਕੋਈ ਸੰਤਾਨ ਨਹੀਂ ਸੀ ਹੋਈ। ਇਸ ਪੱਖੋਂ ਪਤੀ-ਪਤਨੀ ਦੋਵੇਂ ਅਕਾਲ ਪੁਰਖ ਦੀ ਰਜ਼ਾ ਵਿਚ ਰਾਜ਼ੀ ਰਹਿੰਦੇ। ਇਹ ਵੱਖਰੀ ਗੱਲ ਹੈ ਕਿ ਗੁਰੂ ਸਾਹਿਬ ਦਾ ਵੱਡਾ ਭਰਾ ਪ੍ਰਿਥੀ ਚੰਦ ਤੇ ਉਸ ਦੀ ਪਤਨੀ ਕਰਮੋਂ ਹੋਰ ਹੀ ਗੋਂਦਾ ਗੁੰਦਦੇ ਰਹਿੰਦੇ। ਅਸਲ ਵਿਚ ਉਨ੍ਹਾਂ ਨੇ ਕਦੇ ਵੀ ਗੁਰੂ ਰਾਮਦਾਸ ਜੀ ਦੁਆਰਾ ਛੋਟੇ ਪੁੱਤਰ (ਗੁਰੂ) ਅਰਜਨ ਦੇਵ ਜੀ ਨੂੰ ਗਦੀ ਦੇਣ ਦੇ ਫ਼ੈਸਲੇ ਨੂੰ ਦਿਲੋਂ ਨਹੀਂ ਸੀ ਸਵੀਕਾਰਿਆ। ਉਹ ਦੁਨੀਆਦਾਰੀ ਰੁਚੀਆਂ ਦਾ ਧਾਰਨੀ ਸੀ ਅਤੇ ਪਿਤਾ ਜੀ ਦੇ ਜੀਉਂਦੇ ਜੀਅ ਵੀ ਅਤੇ ਬਾਅਦ ਵਿਚ ਵੀ ਗੁਰਗਦੀ ਉਤੇ ਆਪਣਾ ਹੱਕ ਸਮਝਦਾ ਜਤਾਉਂਦਾ ਰਿਹਾ। ਪਿਤਾ ਗੁਰੂ ਨਾਲ ਵੀ ਝਗੜੇ ਕਰਦਾ ਰਿਹਾ। ਉਨ੍ਹਾਂ ਦੇ ਜੋਤੀ ਜੋਤ ਸਮਾਣ ਉਪਰੰਤ ਜਦੋਂ ਗੁਰੂ ਅਰਜਨ ਦੇਵ ਜੀ ਨੂੰ ਬਰਾਦਰੀ ਅਤੇ ਸੰਗਤਾਂ ਵੱਲੋਂ ਪੱਗ ਪੇਸ਼ ਕੀਤੀ ਗਈ ਤਾਂ ਉਸ ਨੇ ਉਦੋਂ ਵੀ ਝਗੜਾ ਪਾਇਆ।

ਉਸ ਸਮੇਂ ਦੀ ਵਾਰਤਾ ਦਸਦਾ ਹੋਇਆ ਕੇਸਰ ਸਿੰਘ ਛਿੱਬਰ ਲਿਖਦਾ ਹੈ—

ਮਰਨੇ ਦੀ ਪੱਗ ਪ੍ਰਿਥੀਏ ਬਸੀ।
ਗੁਰਿਆਈ ਦੀ ਪੱਗ ਅਰਜਨ ਲੱਧੀ।

ਭਾਈ ਸੰਤੋਖ ਸਿੰਘ ਦਸਦੇ ਹਨ ਕਿ ਪਹਿਲੀ ਪੱਗ ਤਾਂ ਪ੍ਰਿਥੀ ਚੰਦ ਨੇ ਬੰਨ੍ਹ ਹੀ ਲਈ, ਦੂਜੀ ਵੀ ਉਸ ਨੇ ਝਪਟ ਕੇ ਖੋਹ ਲਈ। ਸ਼ਾਂਤੀ ਦੇ ਪੁੰਜ ਗੁਰੂ ਅਰਜਨ ਸਾਹਿਬ ਨੇ ਕੋਈ ਗੁਸਾ ਜਾਂ ਰੋਸ ਨਾ ਕੀਤਾ ਪਰੰਤੂ ਸਾਰੇ ਸਿਆਣਿਆਂ ਅਤੇ ਸਿੱਖ ਸੰਗਤਾਂ ਨੇ ਉਸ ਦੇ ਇਸ ਵਿ੮ ਰ ਨੂੰ ਨਿੰਦਿਆ। ਉਸ ਨੇ ਤਾਂ ਸਮਝਿਆ ਸੀ ਕਿ ਪੱਗਾਂ ਬੰਨ੍ਹ ਕੇ ਉਹ ਗੁਰੂ ਬਣ ਜਾਵੇਗਾ, ਪਰ ਉਸ ਨੂੰ ਕਿਸੇ ਨੇ ਮੂੰਹ ਨਾ ਲਾਇਆ। ਉਹ ਸਰਕਾਰੇ ਦਰਬਾਰੇ ਸਾਜਿਸ਼ਾਂ ਕਰਨ ਲੱਗਾ। ਉਸ ਦੀ ਪਤਨੀ ਵੀ ਗੁਰੂ ਅਰਜਨ ਸਾਹਿਬ ਤੇ ਉਨ੍ਹਾਂ ਦੀ ਪਤਨੀ ਨਾਲ ਸਾੜੇ ਤੇ ਵੈਰ ਦਾ ਕੋਈ ਮੌਕਾ ਨਾ ਖੁੰਝਾਂਦੀ। ਗੁਰੂ ਅਰਜਨ ਦੇਵ ਜੀ ਉਸ ਦੇ ਪੁੱਤਰ ਮਿਹਰਬਾਨ ਨੂੰ ਪੁਤਰਾਂ ਵਾਂਗ ਲਾਡ ਕਰਦੇ, ਪਰ ਪ੍ਰਿਥੀ ਚੰਦ ਉਤੇ ਇਸ ਦਾ

ਵੀ ਕੋਈ ਅਸਰ ਨਾ ਹੋਇਆ। ਗੁਰੂ ਸਾਹਿਬ ਨੇ ਉਸ ਨੂੰ ਲੰਗਰ ਦਾ ਪ੍ਰਬੰਧ ਵੀ ਸੌਂਪ ਦਿੱਤਾ ਅਤੇ ਗੁਰੂ ਕੇ ਬਾਜ਼ਾਰ ਦੀ ਮਲਕੀਅਤ ਵੀ, ਪਰ ਫਿਰ ਵੀ ਪਤੀ ਪਤਨੀ ਦੋਹਾਂ ਦੇ ਵਿਹਾਰ ਵਿਚ ਕੋਈ ਫਰਕ ਨਾ ਪਿਆ।

ਪ੍ਰਿਥੀ ਚੰਦ ਤੇ ਉਸ ਦੀ ਪਤਨੀ ਨੂੰ ਇਹੀ ਗੱਲ ਤਸੱਲੀ ਦਿੰਦੀ ਕਿ ਗੁਰੂ ਅਰਜਨ ਸਾਹਿਬ ਦੇ ਘਰ ਕੋਈ ਸੰਤਾਨ ਨਹੀਂ। ਇਸ ਲਈ ਉਨ੍ਹਾਂ ਪਿਛੋਂ ਗੁਰਗਦੀ ਵੀ ਅਸੀਂ ਸੰਭਾਲ ਲਵਾਂਗੇ ਅਤੇ ਹੋਰ ਸਾਰਾ ਕੁਝ ਵੀ। ਪ੍ਰਿਥੀ ਚੰਦ ਆਪਣੀ ਪਤਨੀ ਨੂੰ ਕਿਹਾ ਕਰਦਾ—

ਮਾਲ ਹੈ ਅਸਾਡਾ, ਅਸਾਂ ਹੈ ਲੈਣਾ
ਨਾ ਇਨ੍ਹਾਂ ਦੇ ਪੁਤ ਨਾ ਧੀ, ਨਾ ਸਾਕ ਸੈਨਾ। (ਬੰਸਾਵਲੀ ਨਾਮਾ)

ਇਸੇ ਕਿਸਮ ਦੇ ਇਕ ਵਾਰਤਾਲਾਪ ਨੂੰ ਮਾਤਾ ਗੰਗਾ ਜੀ ਦੀ ਦਾਸੀ ਨੇ ਸੁਣ ਕੇ ਮਾਤਾ ਜੀ ਨਾਲ ਸਾਂਝਾ ਕੀਤਾ। ਇਨ੍ਹਾਂ ਦਿਨ੍ਹ ਵਿਚ ਹੀ ਇਕ ਹੋਰ ਘਟਨਾ ਵਾਪਰੀ। ਮਾਤਾ ਗੰਗਾ ਜੀ ਨੇ ਕੇਸੀ ਇਸ਼ਨਾਨ ਕਰ ਕੇ ਜਦੋਂ ਕੇਸ ਪਿਛੇ ਸੁਟੇ ਤਾਂ ਪਾਣੀ ਦੇ ਕੁਝ ਛਿੱਟੇ ਪ੍ਰਿਥੀ ਚੰਦ ਦੀ ਪਤਨੀ ਕਰਮੋ ਉਤੇ ਡਿੱਗ ਪਏ। ਉਸ ਨੇ ਤਾਨ੍ਹੇ ਤੇ ਗੁੱਸੇ ਨਾਲ ਕਿਹਾ, 'ਆਪਣੇ ਘਰ ਸੰਤਾਨ ਨਹੀਂ ਹੁੰਦੀ। ਹੁਣ ਮੇਰਾ ਘਰ ਉਜਾੜਨਾ ਚਾਹੁੰਦੀ ਹੈ ਆਪਣਾ ਪਰਛਾਵਾਂ ਪਾ ਕੇ।' ਗੰਗਾ ਜੀ ਨੇ ਇਹ ਦਿਲ ਸਾੜਵੇਂ ਬੋਲ ਗੁਰੂ ਅਰਜਨ ਸਾਹਿਬ ਨਾਲ ਸਾਂਝੇ ਕੀਤੇ ਅਤੇ ਕਿਹਾ ਕਿ ਆਪ ਹੋਰ ਸਭ ਨੂੰ ਇੰਨੀਆਂ ਦਾਤਾਂ ਬਖਸ਼ਦੇ ਹੋ। ਮੈਨੂੰ ਵੀ ਸੰਤਾਨ ਦੀ ਦਾਤ ਬਖਸ਼ੋ ਤਾਂ ਕਿ ਮੇਰਾ ਮਨ ਵੀ ਸ਼ਾਂਤ ਹੋਵੇ। ਕੋਈ ਮੇਰਾ ਮਜ਼ਾਕ ਨਾ ਉਡਾਏ। ਦਿਲ ਨਾ ਜਲਾਏ। ਸੂਰਜ ਪ੍ਰਕਾਸ਼ ਅਨੁਸਾਰ—

ਸਿਖ ਹਜ਼ਾਰਨ ਕੀ ਕਾਮਨਾ ਕੋ ਕਰਹੁ ਪੂਰ,
ਵਿਤ ਸੁਤ ਆਦਿਕ ਸਕਲ ਸੁਖਦਾਯ ਕੋ।

ਆਪਣੇ ਸਦਨ ਮੈਂ ਸੋ ਨੰਦ ਦੇਹ ਗੁਰੂ ਤੁਮ,
ਬੰਸ ਕੋ ਬਿਭੂਖਨ ਅਨੇਕ ਰਿਪ ਘਾਇ ਕੋ।

ਹਾਸੀ ਨਾ ਸ਼ਰੀਕ ਕਰੈ ਹੇਰਿਨ ਆਨੰਦ ਧਰੈਂ,
ਤੈਸੀ ਬਿਧ ਕਰੋ ਅਬ ਤੁਮ ਸਭ ਲਾਇਕੋ।

ਗੁਰੂ ਸਾਹਿਬ ਨੇ ਕਿਹਾ : "ਦੇਣ ਹਾਰ ਅਕਾਲ ਪੁਰਖ ਪ੍ਰਭੂ ਹੈ। ਨਾਨਕ ਸਾਧ ਪ੍ਰਭ ਭੇਦ ਨਾ ਭਾਈ। ਸਾਧੂ ਅਕਾਲ ਪੁਰਖ ਦਾ ਰੂਪ ਹੁੰਦੇ ਹਨ। ਤੁਸੀਂ ਬ੍ਰਹਮ ਗਿਆਨੀ ਬਾਬਾ ਬੁਢਾ ਜੀ ਅੱਗੇ ਬੇਨਤੀ ਕਰੋ। ਬ੍ਰਹਮ ਗਿਆਨੀ ਆਪ ਪਰਮੇਸਰ।" ਮਾਤਾ ਜੀ ਨੇ ਬੜੇ ਚਾਅ ਨਾਲ ਕਈ ਪ੍ਰਕਾਰ ਦੇ ਪਕਵਾਨ ਤਿਆਰ ਕਰਵਾਏ। ਦਾਸੀਆਂ ਅਤੇ ਸੰਗਤਾਂ ਨੂੰ ਲੈ ਕੇ, ਘੋੜਿਆਂ ਰਥਾਂ ਉਤੇ ਚੜ੍ਹ ਕੇ ਬਾਬਾ ਬੁਢਾ ਜੀ ਦੇ ਟਿਕਾਣੇ ਨੂੰ ਤੁਰ ਪਏ। ਬਾਬਾ ਜੀ ਨੇ ਦੂਰੋਂ ਧੂੜ ਉਡਦੀ ਦੇਖੀ ਅਤੇ ਖੜਕਾ ਦੜਕਾ ਸੁਣ ਕੇ ਸਾਥੀਆਂ ਨੂੰ ਪੁੱਛਿਆ ਕਿ ਇਹ ਕਾਹਦਾ ਸ਼ੋਰ ਸ਼ਰਾਬਾ ਹੈ। ਬੀੜ ਦੇ ਜੀਵ ਜੰਤੂ ਤ੍ਰਭਕ ਗਏ ਹਨ। ਇਕ ਸੇਵਕ

ਨੇ ਕਿਹਾ, 'ਬਾਬਾ ਜੀ ਗੁਰੂ ਦੇ ਮਹਿਲ ਆ ਰਹੇ ਹਨ।' ਬਾਬਾ ਜੀ ਦੇ ਮੂੰਹੋਂ ਸਹਿਜੇ ਹੀ ਨਿਕਲਿਆ,, : "ਗੁਰੂ ਕਿਆਂ ਨੂੰ ਕਿਸ ਨੇ ਭਾਜੜ ਪਾਈ ਹੈ। ਸਾਰੇ ਇਧਰ ਤੁਰੇ ਆਉਂਦੇ ਹਨ—

ਰਾਮਦਾਸ ਪੁਰੇ ਕਿਨ ਭਾਜੜ ਪਾਈ
ਸਭੈ ਲੋਕ ਕਹਿ ਓਰ ਸਿਧਾਈ। (ਗੁਰ ਬਿਲਾਸ ਪਾ. 6)

ਇੰਨੇ ਨੂੰ ਮਾਤਾ ਜੀ ਆ ਗਏ। ਬਾਬਾ ਜੀ ਨੂੰ ਭੋਜਨ ਛਕਾਇਆ ਅਤੇ ਆਪਣਾ ਮਨੋਰਥ ਦੱਸਿਆ। ਬਾਬਾ ਜੀ ਮੁਸਕ੍ਰਾ ਕੇ ਬੋਲੇ : ਗੁਰੂ ਸਾਹਿਬ ਸਰਵ-ਸਮਰਥ ਹਨ। ਉਹ ਸੇਵਕਾਂ ਨੂੰ ਮਾਣ ਦਿੰਦੇ ਹਨ। ਮੈਂ ਤਾਂ ਗੁਰੂ ਦਾ ਘਾਹੀਆ ਹਾਂ। ਬੀੜ ਦਾ ਰਾਖਾ। ਮੇਰੇ ਕੋਲ ਕੀ ਹੈ। ਗੁਰ ਪ੍ਰਤਾਪ ਸੂਰਜ ਪ੍ਰਕਾਸ਼ ਦੇ ਬੋਲ ਹਨ—

ਬੁਢੈ ਸ਼੍ਰੋਣ ਸੁਣ ਕੈ, ਜਬਾਬ ਦੀਨਾ ਭਣਿ ਕੈ,
ਤਨੁਜ ਕਹਾ ਮੋਹਿ ਢਿਗ, ਘਾਹੀ ਗੁਰ ਧਾਮ ਕੋ
ਰਾਖਾ ਰਹੋਂ ਬੀੜ ਕੋ, ਸ਼ਕਤਿ ਮੋ ਮੈਂ ਕਹਾਂ ਅਸ
ਸੇਵਕ ਸਦਾਕੈ ਕਰੈ, ਕਾਮ ਅਭਿਰਾਮ ਕੋ।
ਆਪ ਗੁਰੂ ਪੂਰਨ ਹੈ, ਪੂਰਤਿ ਮਨੋਰਥਨਿ
ਜਾਚਤ ਹਜ਼ਾਰੋਂ ਦਾਸ, ਲੇਹਿ ਤਿਨ ਨਾਮ ਕੋ।

ਨਿਰਾਸ਼ ਹੋਕੇ ਗੰਗਾ ਜੀ ਪਰਤ ਆਏ ਤੇ ਗੁਰੂ ਸਾਹਿਬ ਨੂੰ ਸਾਰਾ ਬਿਰਤਾਂਤ ਸੁਣਾਇਆ। ਆਪ ਨੇ ਕਿਹਾ ਕਿ ਪੂਰਨ ਪੁਰਖਾਂ ਅੱਗੇ ਇੰਜ ਠਾਠ ਬਾਠ ਨਾਲ ਨਹੀਂ, ਨਿਮਰਤਾ ਨਾਲ ਜਾਈਦਾ ਹੈ—

ਪੂਰਨ ਪੁਰਖਨ ਕੇ ਢਿਗ ਜਾਨੋ, ਡਿੰਭ ਨ ਕੀਜੈ ਕਛੂ ਬਿਚਾਰ।
ਹੋਇ ਦੀਨ ਹੰਕਾਰ ਨਿਵਾਰਹੁ, ਬਿਨਤੀ ਕੀਜੇ ਆਪ ਉਚਾਰ।

ਮਾਤਾ ਜੀ ਨੇ ਹੁਣ ਆਪ ਹੱਥੀਂ ਮਿਸਾ ਆਟਾ ਗੁੰਨ੍ਹ ਕੇ ਪ੍ਰਸ਼ਾਦੇ ਪਕਾਏ। ਦਹੀਂ, ਲੱਸੀ ਤੇ ਪਿਆਜ਼ ਲੈ ਕੇ ਪਿਆਰ ਸ਼ਰਧਾ ਨਾਲ ਨੰਗੇ ਪੈਰੀਂ ਬਾਬਾ ਬੁਢਾ ਜੀ ਕੋਲ ਗਏ। ਬਾਬਾ ਜੀ ਨੇ ਪ੍ਰੇਮ ਨਾਲ ਪ੍ਰਸ਼ਾਦੇ ਛਕੇ। ਮੁਕੀ ਮਾਰ ਕੇ ਪਿਆਜ਼ ਭੰਨਿਆ ਤੇ ਬਚਨ ਕੀਤਾ, ਆਪ ਦੇ ਘਰ ਅਕਾਲ ਪੁਰਖ ਦੀ ਕ੍ਰਿਪਾ ਨਾਲ ਐਸਾ ਮਹਾਂ ਪ੍ਰਤਾਪੀ ਯੋਧਾ ਜਨਮੇਗਾ ਜੋ ਦੁਸ਼ਟਾਂ ਦੇ ਸਿਰ ਇਉਂ ਭੰਨੇਗਾ ਜਿਵੇਂ ਮੈਂ ਇਹ ਗੰਢੇ ਭੰਨੇ ਹਨ। ਗੁਰ ਬਿਲਾਸ ਇਸ ਬਿਰਤਾਂਤ ਨੂੰ ਇਉਂ ਪੇਸ਼ ਕਰਦਾ ਹੈ—

ਤੁਮਰੇ ਗ੍ਰਿਹ ਪ੍ਰਗਟੇਗਾ ਜੋਧਾ।
ਜਾ ਕੇ ਬਲ ਗੁਣ ਕਿਨੂ ਨਾ ਸੋਧਾ।
ਰੁਪੈ ਛਕੇ ਸੋ ਜੈਸ ਮਰੋਰੈ
ਤੁਰਕ ਸੀਸ ਤੈਸੇ ਵੁਹ ਤੋਰੈ।

ਬਾਬਾ ਜੀ ਦੇ ਇਸ ਖੁਸ਼ੀਆਂ ਭਰੇ ਆਸ਼ੀਰਵਾਦ ਵਾਲੇ ਬਚਨ ਸੁਣ ਕੇ ਮਾਤਾ ਜੀ ਨੇ ਵਾਪਸ ਆ ਕੇ ਸਾਰੀ ਹੋਈ ਬੀਤੀ ਗੁਰੂ ਅਰਜਨ ਸਾਹਿਬ ਨੂੰ ਸੁਣਾਈ ਤਾਂ ਆਪ ਨੇ ਇਹ ਸ਼ਬਦ ਉਚਾਰਿਆ—

ਅਟਲ ਬਚਨ ਸਾਧੂ ਜਨਾ ਸਭ ਮਹਿ ਪ੍ਰਗਟਾਇਆ।
ਜਿਸ ਜਨ ਹੋਆ ਸਾਧ ਸੰਗੁ ਤਿਸੁ ਭੇਟੇ ਹਰਿ ਰਾਇਆ ॥1॥
ਇਹ ਪਰਤੀਤਿ ਗੋਵਿੰਦ ਕੀ ਜਪਿ ਹਰਿ ਸੁਖ ਪਾਇਆ।
ਅਨਿਕ ਬਾਤਾ ਸਭ ਕਰਿ ਰਹੇ ਗੁਰ ਘਰਿ ਲੈ ਆਇਆ। ਰਹਾਉ।
ਸਰਣ ਪਰੇ ਕੀ ਰਾਖਤਾ ਨਾਹੀ ਸਹਸਾਇਆ।
ਕਰਮ ਭੂਮਿ ਹਰਿ ਨਾਮ ਬੋਇ ਅਉਸਰ ਦੁਲਭਾਇਆ ॥2॥
ਅੰਤਰਜਾਮੀ ਆਪਿ ਪ੍ਰਭ ਸਭ ਕਰੇ ਕਰਾਇਆ॥
ਪਤਿਤ ਪੁਨੀਤ ਘਣੇ ਕਰੇ ਠਾਕੁਰ ਬਿਰਦਾਇਆ ॥3॥
ਮਤਿ ਭੂਲਹੁ ਮਾਨੁਖ ਜਨਮਾਇਆ ਭਰਮਾਇਆ॥
ਨਾਨਕ ਤਿਸੁ ਪਤਿ ਰਾਖਸੀ ਜੋ ਪ੍ਰਭਿ ਪਹਿਰਾਇਆ ॥4॥

ਪ੍ਰਿਥੀ ਚੰਦ ਇਸ ਨਵੇਂ ਘਟਨਾ ਚਕਰ ਤੋ ਹੋਰ ਦੁਖੀ ਹੋਇਆ। ਈਰਖਾ ਵਸ ਉਹ ਪੱਟੀ ਦੇ ਦੌਰੇ ਉਤੇ ਆਏ ਜਹਾਂਗੀਰ ਦੇ ਅਹਿਲਕਾਰ ਸੁਲਹੀ ਖਾਨ ਕੋਲ ਜਾ ਪਹੁੰਚਿਆ। ਚੁਕ ਚੁਕਾ ਕੇ ਉਸ ਨੂੰ ਗੁਰੂ ਸਾਹਿਬ ਉਤੇ ਚੜ੍ਹਾਈ ਕਰਨ ਲਈ ਮਨਾ ਲਿਆ। ਉਹ ਸਿਪਾਹੀ ਲੈਕੇ ਤੁਰ ਪਿਆ। ਸ਼ਾਂਤੀ ਦੇ ਪੁੰਜ ਗੁਰੂ ਅਡੋਲ ਰਹੇ। ਪੱਟੀ ਤੋਂ ਅੰਮ੍ਰਿਤਸਰ ਆਉਂਦੇ ਰਾਹ ਵਿਚ ਇਟਾਂ ਦੇ ਇਕ ਭੱਠੇ ਕੋਲ ਸੁਲਹੀ ਖਾਨ ਦਾ ਘੋੜਾ ਅਜਿਹਾ ਤ੍ਰਭਕਿਆ ਕਿ ਸਵਾਰ ਸਮੇਤ ਭਠੇ ਵਿਚ ਜਾ ਡਿੱਗਾ। ਸੁਲਹੀ ਸੜ ਕੇ ਮਰ ਗਿਆ। ਗੁਰੂ ਪਾਤਸ਼ਾਹ ਨੇ ਉਸ ਅਵਸਰ ਉਤੇ ਸੁਲਹੀ ਤੇ ਨਾਰਾਇਣ ਰਾਖ ਵਾਲਾ ਸ਼ਬਦ ਉਚਾਰਿਆ ਜੋ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹੈ। ਸੁਲਹੀ ਖਾਨ ਦੇ ਸੜ ਮਰਨ ਪਿਛੋਂ ਉਸ ਦੇ ਪੁੱਤਰ ਸੁਲਭੀ ਖਾਨ ਨੇ ਅੰਮ੍ਰਿਤਸਰ ਉਤੇ ਹਲੇ ਦੀ ਤਿਆਰੀ ਕੀਤੀ, ਪਰ ਉਸ ਨੂੰ ਸੂਲ ਉਠਿਆ ਤੇ ਉਹ ਵੀ ਅਲਾਹ ਨੂੰ ਪਿਆਰਾ ਹੋ ਗਿਆ।

ਉਸੇ ਸਾਲ ਪੰਜਾਬ ਵਿਚ ਕਾਲ ਪੈ ਗਿਆ। ਗੁਰੂ ਪਾਤਸ਼ਾਹ ਦੀਨ ਦੁਖੀਆਂ ਦੀ ਸੇਵਾ ਨੂੰ ਨਿਕਲ ਤੁਰੇ। ਲਾਹੌਰ ਦੀ ਹਾਲਤ ਬਹੁਤ ਮਾੜੀ ਸੀ। ਨੂਰੁਲ ਹੱਕ ਦੀ ਇਕ ਪੁਰਾਤਨ ਲਿਖਤ ਅਨੁਸਾਰ ਉਦੋਂ ਭੁਖਮਰੀ ਤੇ ਬੀਮਾਰੀ ਨਾਲ ਲਾਹੌਰ ਦੇ ਗਲੀਆਂ ਬਾਜ਼ਾਰ ਮੁਰਦਿਆਂ ਨਾਲ ਭਰੇ ਰਹਿੰਦੇ। ਲਾਸ਼ਾਂ ਨੂੰ ਦਬਾਣਾ ਸਾੜਨਾ ਵੀ ਔਖਾ ਹੋ ਗਿਆ ਸੀ। ਇਸ ਲਈ ਗੁਰੂ ਸਾਹਿਬ ਨੇ ਲਾਹੌਰ ਜਾਣ ਦਾ ਫ਼ੈਸਲਾ ਕੀਤਾ। ਪਿਛੋਂ ਪ੍ਰਿਥੀਚੰਦ ਪਰਿਵਾਰ ਨੂੰ ਪ੍ਰੇਸ਼ਾਨ ਕਰ ਸਕਦਾ ਸੀ। ਇਸ ਲਈ ਆਪ ਨੇ ਮਾਤਾ ਭਾਨੀ ਜੀ ਅਤੇ ਮਾਤਾ ਗੰਗਾ ਜੀ ਨੂੰ ਸੇਵਕਾਂ ਨਾਲ ਵਡਾਲੀ ਭੇਜ ਦਿੱਤਾ। ਉਥੋਂ ਦੇ ਚੌਧਰੀ ਹੇਮੇ ਨੇ ਆਪਣੀ ਹਵੇਲੀ ਗੁਰੂ ਪਰਿਵਾਰ ਲਈ ਹਾਜ਼ਰ ਕਰ ਦਿੱਤੀ। ਵਡਾਲੀ, ਗੁਰੂ ਕੀ ਵਡਾਲੀ ਬਣ ਗਈ। ਗੁਰੂ ਅਰਜਨ ਸਾਹਿਬ ਆਪ ਲਾਹੌਰ ਪਹੁੰਚ ਗਏ। ਬਣਦੇ ਸਰਦੇ ਲੋਕਾਂ ਨੂੰ ਪ੍ਰੇਰਕੇ ਲੰਗਰ ਲਵਾਏ। ਪਾਣੀ ਦੀ ਘਾਟ ਦੂਰ ਕਰਨ ਲਈ ਬਾਉਲੀ ਬਣਵਾਈ। ਆਪ ਲੋਕਾਂ ਨੂੰ ਦਵਾ ਦਾਰੂ ਦਿੱਤਾ। ਮੁਰਦਿਆਂ ਦੀ ਸਾਂਭ-ਸੰਭਾਲ ਕੀਤੀ। ਆਪ ਇੰਜ ਹੀ ਸੇਵਾ ਵਿਚ ਰੁਝੇ ਹੋਏ ਸਨ ਕਿ ਬਾਬਾ ਬੁਢਾ ਜੀ ਦੇ ਵਰ ਨਾਲ ਗੁਰੂ ਕੀ ਵਡਾਲੀ ਤੋਂ ਸਾਹਿਬਜ਼ਾਦੇ ਦੇ ਜਨਮ ਦੀ ਖ਼ਬਰ ਮਿਲੀ। ਆਪ ਨੇ ਉਸ ਵਕਤ ਸ਼ੁਕਰਾਨੇ ਦਾ ਇਹ

ਸ਼ਬਦ ਉਚਾਰਿਆ—

ਸਤਿਗੁਰ ਸਾਚੈ ਦੀਆ ਭੇਜ॥
ਚਿਰ ਜੀਵਨ ਉਪਜਿਆ ਸੰਜੋਗ॥
ਉਦਰੈ ਮਾਹਿ ਆਇ ਕੀਆ ਨਿਵਾਸ॥
ਮਾਤਾ ਕੈ ਮਨ ਬਹੁਤ ਬਿਗਾਸੁ॥
ਜੰਮਿਆ ਪੂਤੁ ਭਗਤ ਗੋਵਿੰਦ ਕਾ॥
ਪ੍ਰਗਟਿਆ ਸਭ ਮਹਿ ਲਿਖਿਆ ਧੁਰ ਕਾ॥ ਰਹਾਉ॥
ਦਸੀਂ ਮਾਸੀਂ ਹੁਕਮਿ ਬਾਲਕ ਜਨਮ ਲੀਆ॥
ਮਿਟਿਆ ਸੋਗੁ ਮਹਾ ਆਨੰਦ ਥੀਆ॥
ਗੁਰਬਾਣੀ ਸਖੀ ਆਨੰਦ ਗਾਵੈ॥
ਸਾਚੇ ਸਾਹਿਬ ਕੈ ਮਨਿ ਭਾਵੈ॥
ਵਧੀ ਵੇਲ ਬਹੁ ਪੀੜੀ ਚਾਲੀ॥
ਧਰਮ ਕਲਾ ਹਰਿ ਬੰਧਿ ਬਹਾਲੀ॥
ਮਨ ਚਿੰਦਿਆ ਸਤਿਗੁਰੂ ਦਿਵਾਇਆ॥
ਭਏ ਅਚਿੰਤ ਏਕ ਲਿਵ ਲਾਇਆ॥
ਜਿਉ ਬਾਲਕੁ ਪਿਤਾ ਊਪਰ ਕਰੇ ਬਹੁ ਮਾਣ॥
ਬੁਲਾਇਆ ਬੋਲੈ ਗੁਰ ਕੈ ਭਾਣਿ॥
ਗੁਝੀ ਛੰਨੀ ਨਾਹੀ ਬਾਤ॥
ਗੁਰ ਨਾਨਕ ਤੁਠਾ ਕੀਨੀ ਦਾਤ॥

ਪਿਤਾ ਗੁਰੂ ਅਰਜਨ ਦੇਵ ਜੀ ਨੇ ਸਾਹਿਬਜ਼ਾਦੇ ਦੇ ਜਨਮ ਦੀ ਖ਼ੁਸ਼ੀ ਵਿਚ ਗੁਰੂ ਕੀ ਵਡਾਲੀ ਨੇੜੇ ਛੇ ਹਰਟਾਂ ਵਾਲਾ ਖੂਹ ਲਵਾਇਆ ਤਾਂਕਿ ਆਏ ਗਏ ਨੂੰ ਰਜ ਕੇ ਪਾਣੀ ਮਿਲੇ। ਇਥੇ ਅੱਜਕੱਲ੍ਹ ਗੁਰਦੁਆਰਾ ਛੇਹਰਟਾ ਸਾਹਿਬ ਹੈ।

ਗੁਰੂ ਹਰਿਗੋਬਿੰਦ ਪਾਤਸ਼ਾਹ ਦਾ ਜਨਮ 21 ਹਾੜ, 1652 ਬਿਕਰਮੀ ਭਾਵ 19, ਜੂਨ 1595 ਨੂੰ ਹੋਇਆ। ਬਹੁਤੇ ਇਤਿਹਾਸਕਾਰ ਇਸੇ ਮਿਤੀ ਨਾਲ ਸਹਿਮਤ ਹਨ। ਕੁਝ ਸਮਾਂ ਪਹਿਲਾਂ 1995 ਵਿਚ ਇਸੇ ਆਧਾਰ ਉਤੇ ਹੀ ਗੁਰੂ ਸਾਹਿਬ ਦੀ ਚੌਥੀ ਜਨਮ ਸ਼ਤਾਬਦੀ ਮਨਾਈ ਗਈ ਸੀ। ਕੁਝ ਪ੍ਰਾਚੀਨ ਲਿਖਤਾਂ ਗੁਰੂ ਸਾਹਿਬ ਦੀ ਜਨਮ ਮਿਤੀ 21 ਹਾੜ, 1647 ਸਵੀਕਾਰ ਕਰਦੇ ਹਨ। ਕੇਸਰ ਸਿੰਘ ਛਿੱਬਰ ਨੇ ਇਹੀ ਮਿਤੀ ਇਕ ਨਹੀਂ ਦੋ ਥਾਂਵਾਂ ਉਤੇ ਦਿੱਤੀ ਹੈ—

— ਸੰਮਤ ਸੋਲਾਂ ਸੈ ਤ੍ਰਿਹ ਘਟ ਪੰਜਾਹ
ਗੁਰੂ ਹਰਿਗੋਬਿੰਦ ਜਨਮੇ ਹਾੜ ਮਹੀਨੇ ਮਾਹ॥ (ਪੰਜਵਾਂ ਚਰਨ)

— ਸਾਹਿਬ ਹਰਿਗੋਬਿੰਦ ਜੀ ਜਨਮੇ ਵਡਾਲੀ॥
ਸੰਮਤ ਸੋਲਾਂ ਸੈ ਸੰਤਾਲੀ॥
ਹਾੜ ਮਾਸ ਦਿਨ ਬੀਤੇ ਇਕੀ॥

ਮਾਤਾ ਗੰਗਾ ਜੀ ਦੇ ਉਦਰੋਂ ਜਨਮ ਪਤਰੀ ਦਿਜ ਲੀਖੀ॥ (ਛੇਵਾਂ ਚਰਨ)

ਭਟ ਭਿਖੇ ਦੇ ਪੁੱਤਰ ਕੀਰਤ ਭਟ ਦੀ ਲਿਖੀ ਭਟ ਵਹੀ ਮੁਲਤਾਨੀ ਸਿੰਧੀ ਵਿਚ ਵੀ 1647 ਬਿਕਰਮੀ ਦੀ ਜਨਮ ਮਿਤੀ ਹੀ ਦਿੱਤੀ ਗਈ ਹੈ। ਲਿਖਤ ਇਸ ਪ੍ਰਕਾਰ ਹੈ—

"ਬਧਾਈ ਲੀ ਸ੍ਰੀ ਹਰਿਗੋਬਿੰਦ ਜੀ ਕੀ, ਬੇਟਾ ਗੁਰੂ ਅਰਜਨ ਜੀ ਮਹਲ ਪੰਚਮ ਕਾ, ਪੋਤਾ ਗੁਰੂ ਰਾਮਦਾਸ ਜੀ ਕਾ, ਸੰਮਤ ਸੋਲਾਂ ਸੈ ਸੰਤਾਲੀਸ ਮਹਾਂ ਅਸਾੜ, ਦਿੰਹੁ ਇਕੀਸ ਗਿਆਂ, ਸਵਾ ਪਹਿਰ ਰੈਣ ਰਹੀ, ਮਾਤਾ ਗੰਗਾ ਜੀ ਕੇ ਉਦਰ ਥੀਂ। ਨਾਉ ਸ੍ਰੀ ਹਰਿਗੋਬਿੰਦ ਜੀ ਰਾਖਾ॥"...

1652 ਸੰਮਤ ਵਾਲੀ ਮਿਤੀ ਗੁਰੂ ਬਿਲਾਸ ਪਾਤਸ਼ਾਹੀ ਛੇਵੀਂ ਨੇ ਦਿੱਤੀ ਹੈ। ਸੋਹਣ ਕਵੀ ਦੇ ਬੋਲ ਇਉਂ ਹਨ—

ਸੰਮਤ ਸੋਰਹ ਸਹਸ ਬਵੰਜਾ।
ਹਾੜ ਇਕੀ ਨਿਸ ਆਧੀ ਮੰਝਾ।
ਪੁਖ ਨਛਤਰ ਸ਼ੁਭ ਗ੍ਰਿਹ ਸੁਖਦਾਈ।
ਕ੍ਰਿਸ਼ਨ ਪੱਖ ਪ੍ਰਗਟੇ ਪ੍ਰਭ ਆਈ।

ਭਾਈ ਸੰਤੋਖ ਸਿੰਘ ਨੇ ਵੀ ਸੰਮਤ ਸੋਲਹ ਸੈ ਅਰ ਬਾਵਨ ਭਾਵ 1652 ਦੀ ਮਿਤੀ ਮੰਨੀ ਹੈ। ਕੁਝ ਭੀ ਹੋਵੇ, ਇਸ ਗੱਲ ਨਾਲ ਸਾਰੇ ਸਹਿਮਤ ਹਨ ਕਿ ਗੁਰੂ ਪਾਤਸ਼ਾਹ ਦਾ ਜਨਮ ਗੁਰੂ ਕੀ ਵਡਾਲੀ ਵਿਚ ਹੋਇਆ ਅਤੇ ਇਹ ਬਾਬਾ ਬੁਢਾ ਜੀ ਦੇ ਆਸ਼ੀਰਵਾਦ ਨਾਲ ਗੁਰੂ ਅਰਜਨ ਦੇਵ ਜੀ ਦੇ ਘਰ ਮਾਤਾ ਗੰਗਾ ਜੀ ਦੀ ਕੁਖੋਂ ਹੋਇਆ। ਇਸ ਤੋਂ ਪਹਿਲਾਂ ਵੀ ਅਤੇ ਪਿੱਛੋਂ ਵੀ ਪ੍ਰਿਥੀ ਚੰਦ ਦਾ ਗੁਰੂ ਅਰਜਨ ਦੇਵ ਜੀ ਅਤੇ ਉਨ੍ਹਾਂ ਦੇ ਸਾਹਿਬਜ਼ਾਦੇ ਨਾਲ ਈਰਖਾ, ਸਾੜਾ ਤੇ ਵਿਰੋਧ ਨਿਰੰਤਰ ਜਾਰੀ ਰਿਹਾ। ਉਸ ਨੂੰ ਸਾਹਿਬਜ਼ਾਦੇ ਦੇ ਜਨਮ ਦੀ ਕੀ ਖੁਸ਼ੀ ਹੋਣੀ ਸੀ। ਉਸ ਨੇ ਤਾਂ ਬਾਰ-ਬਾਰ ਬਾਲਕ ਹਰਿਗੋਬਿੰਦ ਨੂੰ ਖ਼ਤਮ ਕਰਨ ਲਈ ਸਾਜਿਸ਼ਾਂ ਰਚੀਆਂ। ਉਸ ਨੇ ਤਾਂ ਇਹ ਕਰਨਾ ਹੀ ਸੀ। ਸਿੱਖ ਸੰਗਤਾਂ ਵਿਚ ਖੁਸ਼ੀਆਂ ਵਾਲਾ ਮਾਹੌਲ ਸੀ। ਬਾਬਾ ਬੁਢਾ ਜੀ ਜਿਨ੍ਹਾਂ ਨੇ ਸਾਹਿਬਜ਼ਾਦੇ ਦੇ ਜਨਮ ਲਈ ਅਸ਼ੀਰਵਾਦ ਬਖਸ਼ਿਆ ਸੀ, ਆਪ ਦਰਸ਼ਨਾਂ ਲਈ ਆਏ। ਪ੍ਰਿਥੀਏ ਦੀ ਦਾਸੀ ਨੇ ਗੁਰੂ ਘਰ ਦੀਆਂ ਖੁਸ਼ੀਆਂ ਤੇ ਰੌਣਕਾਂ ਦਾ ਜ਼ਿਕਰ ਜਿਸ ਘੜੀ ਪ੍ਰਿਥੀਏ ਦੀ ਪਤਨੀ ਕੋਲ ਕੀਤਾ, ਉਸ ਸਮੇਂ ਤੋਂ ਹੀ ਇਸ ਪਰਿਵਾਰ ਵਿਚ ਈਰਖਾ ਦੇ ਭਾਂਬੜ ਲਟ ਲਟ ਬਲ ਉਠੇ।

ਕਰਮੋ ਨੇ ਰਾਮਦਾਸ ਪੁਰ ਵਿਚੋਂ ਦਾਸੀ ਫਤੋ ਰਾਹੀਂ ਇਕ ਦਾਈ ਲਭੀ। ਉਸ ਨੂੰ ਲਾਲਚ ਦਿੱਤਾ ਕਿ ਤੂੰ ਸਾਹਿਬਜ਼ਾਦੇ ਨੂੰ ਕਿਸੇ ਤਰ੍ਹਾਂ ਖ਼ਤਮ ਕਰ ਦੇਹ। ਤੈਨੂੰ ਧਨ ਦੌਲਤ ਨਾਲ ਮਾਲਾ ਮਾਲ ਕਰ ਦਿਆਂਗੇ। ਉਸ ਨੇ ਆਪਣੇ ਥ੍ਹਣਾਂ ਨੂੰ ਜ਼ਹਿਰ ਲਾ ਲਿਆ। ਛਲ ਕਪਟ ਨਾਲ ਉਸ ਨੇ ਜ਼ਹਿਰੀਲਾ ਦੁਧ ਬਾਲਕ ਨੂੰ ਪਿਲਾਣ ਦਾ ਯਤਨ ਕੀਤਾ, ਪਰ ਸਾਹਿਬਜ਼ਾਦੇ ਨੇ ਉਸ ਦੇ ਥਣ ਘੁੱਟ ਕੇ ਹੀ ਉਸ ਨੂੰ ਖ਼ਤਮ ਕਰ ਦਿੱਤਾ। ਗੁਰੂ ਅਰਜਨ ਦੇਵ ਜੀ ਨੇ ਉਸ ਸਮੇਂ ਇਹ ਸ਼ਬਦ ਉਚਾਰਿਆ—

ਗੁਰ ਪੂਰੇ ਰਾਖਿਆ ਦੇ ਹਾਥ॥

ਪ੍ਰਗਟ ਭਇਆ ਜਨ ਕਾ ਪਰਤਾਪੁ ॥1॥

ਇਸੇ ਈਰਖਾਲੂ ਮਾਹੌਲ ਵਿਚ ਸਾਹਿਬਜ਼ਾਦਾ ਗੋਡਿਆਂ ਭਾਰ ਰਿੜ੍ਹਨ ਲੱਗ ਪਿਆ। ਪ੍ਰਿਥੀ ਚੰਦ ਨੇ ਇਕ ਸਪੇਰੇ ਨੂੰ ਪੈਸੇ ਦਾ ਲਾਲਚ ਦੇ ਕੇ ਵਡਾਲੀ ਭੇਜਿਆ ਕਿ ਉਹ ਖੇਡ ਰਹੇ ਸਾਹਿਬਜ਼ਾਦੇ ਕੋਲ ਜ਼ਹਿਰੀਲਾ ਨਾਗ ਛੱਡ ਦੇਵੇ। ਉਸ ਨੇ ਕੀਤਾ ਤਾਂ ਇੰਜ ਹੀ ਪਰੰਤੂ ਸਾਹਿਬਜ਼ਾਦੇ ਨੇ ਨਾਗ ਦੀ ਸਿਰੀ ਘੁਟ ਕੇ ਨੱਪ ਲਈ ਅਤੇ ਉਸ ਨੂੰ ਜ਼ਮੀਨ ਉਤੇ ਰਗੜ ਰਗੜ ਕੇ ਮਾਰ ਦਿੱਤਾ। ਗੁਰੂ ਅਰਜਨ ਦੇਵ ਜੀ ਨੇ ਅਕਾਲ ਪੁਰਖ ਦੇ ਸ਼ੁਕਰਾਨੇ ਵਜੋਂ ਇਹ ਸ਼ਬਦ ਉਚਾਰਿਆ—

ਐਥੇ ਓਥੇ ਰਖਵਾਲਾ ॥
ਪ੍ਰਭੁ ਸਤਿਗੁਰ ਦੀਨ ਦਿਆਲਾ ॥
ਦਾਸ ਅਪਨੇ ਆਪਿ ਰਾਖੇ
ਘਟਿ ਘਟਿ ਸ਼ਬਦ ਸੁਭਾਖੈ ॥1॥
ਗੁਰ ਕੇ ਚਰਨ ਉਪਰਿ ਬਲ ਜਾਈ ॥
ਦਿਨਸ ਰੈਨ ਸਾਸਿ ਸਾਸਿ ਸਮਾਲੀ
ਪੂਰਨ ਸਭਨੀ ਥਾਈ ॥ ਰਹਾਉ ॥
ਆਪ ਸਹਾਈ ਹੋਆ ॥
ਸਚੇ ਦਾ ਸਚਾ ਢੋਆ ॥
ਤੇਰੀ ਭਗਤਿ ਵਡਿਆਈ ॥
ਪਾਈ ਨਾਨਕ ਪ੍ਰਭ ਸਰਣਾਈ ॥ 2 ॥

ਪ੍ਰਿਥੀ ਚੰਦ ਇਥੇ ਹੀ ਚੁਪ ਨਾ ਹੋਇਆ। ਉਸ ਨੇ ਇਕ ਰਸੋਈਏ ਦੀ ਮਦਦ ਲਈ। ਕੇਸਰ ਸਿੰਘ ਛਿਬਰ ਨੇ ਇਸ ਦਾ ਨਾਮ ਰੂਪਾ ਡੋਗਰਾ ਦੱਸਿਆ ਹੈ। ਉਸ ਨੂੰ ਪੈਸੇ ਦਾ ਲਾਲਚ ਦੇ ਕੇ ਸਿਖਾਇਆ ਕਿ ਉਹ ਕਿਸੇ ਤਰ੍ਹਾਂ ਸਾਹਿਬਜ਼ਾਦੇ ਨੂੰ ਖਾਣੇ ਵਿਚ ਜ਼ਹਿਰ ਖਵਾ ਦੇਵੇ। ਮੌਕਾ ਪਾ ਕੇ ਰਸੋਈਏ ਨੇ ਜ਼ਹਿਰੀਲਾ ਖਾਣਾ ਸਾਹਿਬਜ਼ਾਦੇ ਅੱਗੇ ਪਰੋਸ ਦਿੱਤਾ। ਸਾਹਿਬਜ਼ਾਦੇ ਨੇ ਖਾਣ ਦੀ ਥਾਂ ਖਾਣਾ ਪਰ੍ਹਾਂ ਧੱਕ ਦਿੱਤਾ। ਰਸੋਈਆ ਜ਼ਬਰਦਸਤੀ ਕਰਨ ਲੱਗਾ ਤਾਂ ਸਾਹਿਬਜ਼ਾਦਾ ਰੋ ਪਿਆ। ਸਾਰੇ ਇਕੱਠੇ ਹੋ ਗਏ। ਭਾਈ ਗੁਰਦਾਸ ਜੀ ਨੂੰ ਸ਼ੱਕ ਪਿਆ। ਉਨ੍ਹਾਂ ਖਾਣਾ ਇਕ ਕੁੱਤੇ ਅੱਗੇ ਪਾਇਆ ਜੋ ਖਾਂਦੇ ਸਾਰ ਤੜਪ ਤੜਪ ਕੇ ਮਰ ਗਿਆ। ਰਸੋਈਏ ਨੂੰ ਡਾਂਟਿਆ ਗਿਆ ਤਾਂ ਉਸ ਨੇ ਸਾਰੀ ਗੱਲ ਦੱਸ ਦਿੱਤੀ। ਗੁਰੂ ਅਰਜਨ ਦੇਵ ਜੀ ਨੇ ਉਸ ਨੂੰ ਖਿਮਾਂ ਤਾਂ ਕਰ ਦਿੱਤਾ ਪਰ ਕੰਮ ਤੋਂ ਹਟਾ ਦਿੱਤਾ। ਸਿੱਖ ਪਰੰਪਰਾ ਵਿਚ ਇਹ ਪ੍ਰਸਿਧ ਹੈ ਕਿ ਉਹ ਬ੍ਰਾਹਮਣ ਰਸੋਈਆ ਉਸੇ ਦਿਨ ਸੂਲ ਉਠਣ ਨਾਲ ਮਰ ਗਿਆ ਅਤੇ ਗੁਰੂ ਅਰਜਨ ਸਾਹਿਬ ਨੇ ਇਸ ਪਰਥਾਇ ਭੈਰਉ ਰਾਗ ਦਾ ਉਹ ਸ਼ਬਦ ਉਚਾਰਿਆ ਜਿਸ ਵਿਚ ਨਿਮਨ ਅੰਕਿਤ ਤੁਕ ਹੈ—

ਲੇਪ ਨ ਲਾਗੋ ਤਿਲਕਾ ਮੂਲਿ ॥
ਦੁਸਟੁ ਬ੍ਰਾਹਮਣ ਮੂਆ ਹੋਇ ਕੈ ਸੂਲ ॥1॥
ਹਰਿ ਜਨ ਰਾਖੇ ਪਾਰਬ੍ਰਹਮ ਆਪਿ ॥

ਪਾਪੀ ਮੂਆ ਗੁਰ ਪਰਤਾਪਿ ॥ਰਹਾਉ॥

ਸਾਹਿਬਜ਼ਾਦਾ ਜਦੋਂ ਚਾਰ ਕੁ ਸਾਲ ਦਾ ਹੋ ਗਿਆ ਤਾਂ ਗੁਰੂ ਅਰਜਨ ਦੇਵ ਜੀ ਵਡਾਲੀ ਤੋਂ ਅੰਮ੍ਰਿਤਸਰ ਆ ਗਏ। ਸਾਹਿਬਜ਼ਾਦਾ ਹੁਣ ਤੁਰਦਾ ਫਿਰਦਾ। ਮਨ ਮੋਹਕ ਸੂਰਤ। ਹਸਮੁੱਖ ਸੁਭਾਅ। ਆਪਣੇ ਪਿਆਰੇ ਗੁਰੂ ਦਾ ਇਕਲੌਤਾ ਪੁੱਤਰ। ਹਰ ਕਿਸੇ ਤੋਂ ਲਾਡ ਪਿਆਰ ਮਿਲਦਾ। ਤੋਤਲੀਆਂ ਗੱਲਾਂ। ਹਰ ਪਾਸੇ ਸੰਗਤਾਂ ਦਰਸ਼ਨ ਕਰ ਕੇ ਪਿਆਰ ਦਿੰਦੀਆਂ। ਇਕ ਪ੍ਰਿਥੀ ਚੰਦ ਤੇ ਉਸ ਦੀ ਪਤਨੀ ਇਸ ਸਾਰੇ ਕੁਝ ਤੋਂ ਪ੍ਰੇਸ਼ਾਨ ਰਹਿੰਦੇ। ਕਈ ਵਾਰ ਪ੍ਰਿਥੀ ਚੰਦ ਆਪਣੀ ਪਤਨੀ ਨੂੰ ਸਮਝਾਂਦਾ ਕਿ ਮੇਰੇ ਕੋਲ ਵਾਕ ਸਿੱਧੀ ਹੈ। ਮੇਰੇ ਸਰਾਪ ਤੇ ਬਦ-ਦੁਆ ਨਾਲ ਹੀ ਇਹ ਬਾਲ ਖ਼ਤਮ ਹੋ ਜਾਵੇਗਾ। ਕਾਵਾਂ ਦੇ ਕਿਹਾ ਢੋਰ ਤਾਂ ਨਹੀਂ ਮਰਦੇ। ਦੁਖ-ਸੁਖ ਤਾਂ ਅਕਾਲ ਪੁਰਖ ਦੇ ਵੱਸ ਹਨ। ਇਸੇ ਦੌਰਾਨ ਬਾਲ ਸਾਹਿਬਜ਼ਾਦੇ ਨੂੰ ਬੁਖਾਰ ਨਾਲ ਸੀਤਲਾ ਨਿਕਲ ਆਈ ਤਾਂ ਪ੍ਰਿਥੀ ਚੰਦ ਤੇ ਕਰਮੋ ਨੂੰ ਲੱਗਾ ਜਿਵੇਂ ਉਨ੍ਹਾਂ ਦੇ ਬੋਲ ਸਚ ਹੋਣ ਲੱਗੇ ਹਨ। ਸੀਤਲਾ ਨਿਕਲੀ ਵੀ ਭਰ ਕੇ। ਸਾਹਿਬਜ਼ਾਦੇ ਦਾ ਮੂੰਹ ਅੱਖਾਂ ਤੱਕ ਭਰ ਗਏ। ਫਿੰਸੀਆਂ, ਲਾਲੀ, ਦਰਦ, ਬੁਖਾਰ। ਮਾਤਾ ਦਾ ਕੋਮਲ ਦਿਲ ਵੇਖ ਵੇਖ ਕੇ ਦ੍ਰਵ ਜਾਂਦਾ। ਕੁਝ ਦਿਨ ਬਾਅਦ ਮੋੜਾ ਪੈ ਗਿਆ। ਬਾਲ ਹਰਿਗੋਬਿੰਦ ਮੁੜ ਨੌਂ ਬਰ ਨੌਂ ਹੋ ਗਏ। ਇਸ ਅਰਸੇ ਦੌਰਾਨ ਵਹਿਮਾਂ ਭਰਮਾਂ ਵਿਚ ਗ੍ਰਸੇ ਲੋਕ ਕਈ ਤਰ੍ਹਾਂ ਦੇ ਟੋਟਕੇ ਦਸਦੇ ਰਹੇ, ਪਰ ਗੁਰੂ ਅਰਜਨ ਸਾਹਿਬ ਨੇ ਸਭ ਨੂੰ ਇਕੋ ਅਕਾਲ ਪੁਰਖ ਦੀ ਓਟ ਲੈਣ ਦਾ ਉਪਦੇਸ਼ ਦਿੱਤਾ। ਲੋਕਾਂ ਨੂੰ ਵਹਿਮਾਂ ਭਰਮਾਂ ਤੋਂ ਹਟਾਉਣ ਲਈ ਉਨ੍ਹਾਂ ਕਈ ਸ਼ਬਦ ਇਸ ਦੌਰਾਨ ਰਚੇ। ਇਨ੍ਹਾਂ ਵਿਚੋਂ ਕੁਝ ਸ਼ਬਦਾਂ ਦੀਆਂ ਟੂਕਾਂ ਵਿਚ ਤਾਪ/ਸੀਤਲਾ ਦਾ ਜ਼ਿਕਰ ਹੈ—

— ਸਦਾ ਸਦਾ ਹਰਿ ਜਾਪੇ। ਪ੍ਰਭ ਬਾਲਕ ਰਾਖੇ ਆਪੇ॥
ਸੀਤਲਾ ਠਾਕ ਰਹਾਈ। ਬਿਘਨ ਗਏ ਹਰਿ ਨਾਈ॥
ਮੇਰਾ ਪ੍ਰਭ ਹੋਆ ਸਦਾ ਦਇਆਲਾ॥
ਅਰਦਾਸ ਸੁਣੀ ਭਗਤ ਅਪੁਨੇ ਕੀ
ਸਭ ਜੀਅ ਭਇਆ ਕਿਰਪਾਲਾ॥1॥ ਰਹਾਉ॥

— ਨੇਤ੍ਰ ਪਰਗਾਸੁ ਕੀਆ ਗੁਰਦੇਵ॥
ਭਰਮ ਗਏ ਪੂਰਨ ਭਈ ਸੇਵ॥1॥ ਰਹਾਉ॥
ਸੀਤਲਾ ਤੇ ਰਖਿਆ ਬਿਹਾਰੀ॥
ਪਾਰਬ੍ਰਹਮ ਪ੍ਰਭ ਕਿਰਪਾ ਧਾਰੀ॥1॥
ਨਾਨਕ ਨਾਮ ਜਪੈ ਸੋ ਜੀਵੈ॥
ਸਾਧ ਸੰਗਿ ਹਰਿ ਅੰਮ੍ਰਿਤ ਪੀਵੈ॥

— ਸਾਂਤ ਭਈ ਗੁਰੂ ਗੋਬਿੰਦ ਪਾਈ॥
ਤਾਪ ਪਾਪ ਬਿਨਸੇ ਮੇਰੇ ਭਾਈ॥
ਰਾਮ ਨਾਮ ਨਿਤ ਰਸਨ ਬਖਾਨ॥
ਬਿਨਸੇ ਰੋਗ ਭਏ ਕਲਿਆਨ॥1॥

ਸਾਹਿਬਜ਼ਾਦੇ ਦੇ ਤੰਦਰੁਸਤ ਹੋਣ ਉਤੇ ਗੁਰੂ ਅਰਜਨ ਦੇਵ ਜੀ ਨੇ ਅਕਾਲ ਪੁਰਖ ਦੇ ਸ਼ੁਕਰਾਨੇ ਵਜੋਂ ਕਈ ਸ਼ਬਦ ਉਚਾਰੇ। ਇਨ੍ਹਾਂ ਸ਼ਬਦਾਂ ਦਾ ਓਟ ਆਸਰਾ ਅੱਜ ਵੀ ਦੁੱਖ ਤਕਲੀਫ਼ ਸਮੇਂ ਸਿੱਖ ਸੰਗਤਾਂ ਲੈਂਦੀਆਂ ਹਨ। ਇਨ੍ਹਾਂ ਸ਼ਬਦਾਂ ਦੀ ਸਰਲਤਾ, ਮਧੁਰਤਾ, ਪ੍ਰਭੂ ਵਿਚ ਵਿਸ਼ਵਾਸ, ਆਸ਼ਾਵਾਦੀ ਮਨੋਬਿਰਤੀ ਅਤੇ ਸ਼ੁਕਰਾਨੇ ਦੀ ਕ੍ਰਿਤਗਤਾ ਭਰੀ ਸੁਰ ਦੁਖ ਵਿਚ ਡੋਲੇ ਮਨਾਂ ਨੂੰ ਵੱਡੀ ਢਾਰਸ ਦਿੰਦੇ ਹਨ। ਪ੍ਰਮਾਣ ਵਜੋਂ ਇਹ ਟੂਕਾਂ ਵੇਖੋ—

— ਤਾਪ ਗਏ ਪਾਈ ਪ੍ਰਭ ਸਾਂਤਿ॥
ਸੀਤਲ ਭਏ ਕੀਨੀ ਪ੍ਰਭ ਦਾਤਿ॥1॥
ਪ੍ਰਭ ਕਿਰਪਾ ਤੇ ਭਏ ਸੁਹੇਲੇ॥
ਜਨਮ ਜਨਮ ਕੇ ਬਿਛੁਰੇ ਮੇਲੇ॥1॥ਰਹਾਉ॥
ਸਿਮਰਤ ਸਿਮਰਤ ਪ੍ਰਭ ਕਾ ਨਾਉ॥
ਸਗਲ ਰੋਗ ਕਾ ਬਿਨਸਿਆ ਥਾਉ॥2॥
ਸਹਜ ਸੁਭਾਏ ਬੋਲੈ ਹਰਿ ਬਾਣੀ॥
ਆਠ ਪਹਰ ਪ੍ਰਭ ਸਿਮਰਹੁ ਪ੍ਰਾਣੀ॥
ਦੂਖ ਦਰਦ ਜਮੁ ਨੇੜਿ ਨ ਆਵੈ॥
ਕਹੁ ਨਾਨਕ ਜੋ ਹਰਿ ਗੁਣ ਗਾਵੈ॥

— ਠਾਕੁਰ ਹੋਏ ਆਪਿ ਦਿਆਲ॥
ਭਈ ਕਲਿਆਣ ਅਨੰਦ ਰੂਪ ਹੋਈ ਹੈ ਉਬਰੇ ਬਾਲ ਗੁਪਾਲ॥
ਦੁਇ ਕਰ ਜੋੜ ਕਰੀ ਬੇਨੰਤੀ ਪਾਰਬ੍ਰਹਮ ਮਨਿ ਧਿਆਇਆ॥
ਹਾਥੁ ਦੇਇ ਰਾਖੇ ਪਰਮੇਸਰਿ
ਸਗਲਾ ਦੁਰਤੁ ਮਿਟਾਇਆ॥1॥
ਨਰ ਨਾਰੀ ਮਿਲਿ ਮੰਗਲੁ ਗਾਇਆ ਠਾਕੁਰ ਕਾ ਜੈਕਾਰ॥
ਕਹੁ ਨਾਨਕ ਜਨ ਕਉ ਬਲ ਜਾਈਐ ਜੋ ਸਭਨਾ ਕਰੇ ਉਧਾਰੁ॥

— ਬਖਸਿਆ ਪਾਰਬ੍ਰਹਮ ਪਰਮੇਸਰਿ ਸਗਲੇ ਰੋਗ ਬਿਦਾਰੇ॥
ਗੁਰ ਪੂਰੇ ਕੀ ਸਰਣੀ ਉਬਰੇ ਕਾਰਜ ਸਗਲ ਸਵਾਰੇ॥
ਹਰਿ ਜਨ ਸਿਮਰਿਆ ਨਾਮ ਅਧਾਰਿ॥
ਤਾਪ ਉਤਾਰਿਆ ਸਤਿਗੁਰਿ ਪੂਰੇ ਆਪਣੀ ਕ੍ਰਿਪਾ ਸਾਰਿ॥
ਸਦਾ ਆਨੰਦ ਕਰਹ ਮੇਰੇ ਪਿਆਰੇ
ਹਰਿਗੋਬਿੰਦ ਗੁਰ ਰਾਖਿਆ॥
ਵਡੀ ਵਡਿਆਈ ਨਾਨਕ ਕਰਤੇ ਕੀ
ਸਾਚਿ ਸਬਦ ਸਤਿ ਭਾਖਿਆ॥

ਸੀਤਲਾ ਤੋਂ ਉਠੇ ਸਾਹਿਬਜ਼ਾਦੇ ਉਤੇ ਅਗਲਾ ਵਾਰ ਪ੍ਰਿਥੀ ਚੰਦ ਨੇ ਸਾਹਿਬਜ਼ਾਦੇ ਨਾਲ ਖੇਡਣ ਵਾਲੇ ਇਕ ਹਾਣੀ ਜ਼ਰੀਏ ਕੀਤਾ। ਉਸ ਦੇ ਚਾਚੇ ਨੂੰ ਪੈਸੇ ਦਾ ਲਾਲਚ ਦੇ

ਕੇ ਬਾਲ ਗੁਰੂ ਦੇ ਹਾਣੀ ਨੰਦ ਰਾਮ ਨੂੰ ਬੁਲਾਇਆ। ਉਸ ਨੂੰ ਦੋ ਜੇਬਾਂ ਵਾਲਾ ਕੁੜਤਾ ਪਵਾਇਆ। ਇਕ ਜੇਬ ਵਿਚ ਜ਼ਹਿਰੀਲੀ ਮਿਠਾਈ ਪਾਈ। ਦੂਜੀ ਜੇਬ ਵਿਚ ਖਾਣ ਯੋਗ ਸ਼ੁੱਧ ਮਿਠਾਈ ਪਾਈ। ਬਚੇ ਨੂੰ ਪੱਕਾ ਕੀਤਾ ਕਿ ਸੱਜੀ ਜੇਬ ਵਿਚਲੀ ਮਿਠਾਈ ਸਾਫ ਹੈ। ਇਹ ਤੂੰ ਖਾਈਂ। ਖੱਬੀ ਜੇਬ ਵਿਚਲੀ ਮਿਠਾਈ ਜ਼ਹਿਰ ਵਾਲੀ ਹੈ। ਇਹ ਬਾਲ ਹਰਿਗੋਬਿੰਦ ਨੂੰ ਖਵਾਈਂ। ਬੱਚਾ ਭੁਲ ਗਿਆ। ਉਹ ਚੰਗੀ ਮਠਿਆਈ ਸਾਹਿਬਜ਼ਾਦੇ ਨੂੰ ਖਵਾਈ ਗਿਆ ਅਤੇ ਜ਼ਹਿਰੀਲੀ ਆਪ ਖਾਂਦਾ ਰਿਹਾ। ਨਤੀਜਾ ਇਹ ਕਿ ਨੰਦ ਰਾਮ ਮਰ ਗਿਆ। ਬੱਚੇ ਦੇ ਇੰਜ ਮਰਨ ਉਤੇ ਰੌਲਾ ਪਿਆ ਤਾਂ ਪ੍ਰਿਥੀਏ ਨੇ ਹਜ਼ਾਰ ਰੁਪਏ ਦੇ ਕੇ ਗੱਲ ਉਤੇ ਮਿਟੀ ਪਵਾਈ। ਇਹ ਸਾਰਾ ਬਿਰਤਾਂਤ ਛਿੱਬਰ ਦੇ ਬੰਸਾਵਲੀ ਨਾਮੇ ਵਿਚ ਅੰਕਿਤ ਹੈ। ਕੁਝ ਟੂਕਾਂ ਵੇਖੋ—

ਮਿਠਿਆਈ ਮਹੁਰੇ ਦੀ ਬਣਵਾਈ
ਪ੍ਰੋਹਤ ਦੇ ਭਤੀਜੇ ਨੂੰ ਇਹ ਗੱਲ ਸਮਝਾਈ।
ਸਤ ਅੱਠ ਬਰਸ ਦਾ ਬਾਲ ਇਆਣਾ
ਨੰਦ ਰਾਮ ਕੁਛ ਨਾਹਿ ਸਿਆਣਾ।
ਤਿਸਦੇ ਕਾਦਰੇ ਨੂੰ ਦੁਏ ਬੋਝੇ ਲਵਾਏ
ਇਕ ਬੋਝੇ ਮਹੁਰੇ ਦੀ ਇਕ ਚੰਗੀ ਮਠਿਆਈ ਪਾਏ।
ਨੀਂਗਰ ਨੂੰ ਤਿਨ ਬੈਠ ਸਮਝਾਇਆ।
ਚੰਗੀ ਮਿਠਾਈ ਤੂੰ ਖਾਈਂ ਜੋ ਸਜੇ ਵੱਲ ਪਾਈ।
ਦੂਜੀ ਹਰਿਗੋਬਿੰਦ ਨੂੰ ਖਵਾਈਂ। ਤੂੰ ਉਸ ਵਿਚ ਮੂੰਹ ਜ਼ਰਾ ਨਾ ਪਾਈਂ।
ਬਹੁਤ ਸਮਝਾਇ ਨੀਂਗਰ ਨੂੰ ਕਹਿਆ।
ਨੀਂਗਰ ਨੀਂਗਰਾਂ ਵਿਚ ਖੇਡਣ ਗਇਆ।
ਜਾਇ ਖੇਡੇ ਨਾਲੇ ਮਿਠਾਈ ਖਾਏ। ਇਕ ਮੁਠ ਹਰਿਗੋਬਿੰਦ ਮੁਖ ਪਾਏ।
ਚੰਗੀ ਦੇਵੇ ਸਾਹਿਬ ਨੂੰ ਮੰਦੀ ਖਾਵੇ ਆਪ।
ਖਾਂਦੇ ਖਾਂਦੇ ਪੇਟ ਹੋਈ ਪੀੜ ਆਇ ਲਗਾ ਪਾਪ।....
ਨੀਂਗਰ ਮੁਆ ਵਿਚ ਘੁੱਟ ਗਏ।
ਰੁਪਿਆ ਹਜ਼ਾਰ ਦੇ ਕੇ ਤਿਸ ਕੇ ਪਿਉ ਦੀ ਪੈਰੀਂ ਪਏ।

ਇੰਜ ਪ੍ਰਿਥੀ ਚੰਦ ਬਾਰ-ਬਾਰ ਕੋਈ ਸਾਜਿਸ਼ ਰਚ ਕੇ ਸਾਹਿਬਜ਼ਾਦੇ ਨੂੰ ਖਤਮ ਕਰਨ ਲਈ ਯਤਨ ਕਰਦਾ। ਹਰ ਵਾਰ ਅਕਾਲ ਪੁਰਖ ਦੀ ਬਖਸ਼ਿਸ਼ ਨਾਲ ਸਾਹਿਬਜ਼ਾਦਾ ਬਚ ਜਾਂਦਾ। ਕੁਦਰਤ ਦੇ ਕਹਿਰ ਵੀ ਟੁੱਟੇ। ਪ੍ਰਿਥੀ ਚੰਦ ਨੇ ਸਮਾਜਕ ਤੇ ਰਾਜਨੀਤਕ ਪੱਧਰ ਉਤੇ ਵੀ ਦੁਸ਼ਮਣਾਂ ਨੂੰ ਗੁਰੂ ਪਰਿਵਾਰ ਉਤੇ ਚੜ੍ਹਾਇਆ। ਇਸ ਸਾਰੇ ਕੁਝ ਦਾ ਮੁਕਾਬਲਾ ਜਿਵੇਂ ਗੁਰੂ ਅਰਜਨ ਸਾਹਿਬ ਨੇ ਕੀਤਾ ਉਹ ਹਰ ਨਾਨਕ ਨਾਮ ਲੇਵਾ ਦੀਆਂ ਅੱਖਾਂ ਖੋਲ੍ਹਣ ਵਾਲਾ ਹੈ। ਆਪ ਨੇ ਕਦੇ ਬਦਲੇ ਦੀ ਭਾਵਨਾ, ਬਦ ਜ਼ਬਾਨੀ, ਬਦ ਕਲਾਮੀ, ਬਦ ਦੁਆ, ਝਗੜੇ ਜਾਂ ਮਿਹਨੇ ਤਾਹਨੇ ਤੋਂ ਕੰਮ ਨਹੀਂ ਲਿਆ। ਕਦੇ ਵਿਰੋਧੀ ਸਾਜਿਸ਼ ਨਹੀਂ ਰਚੀ। ਗੁੱਸੇ ਜਾਂ ਈਰਖਾ ਦਾ ਵਿਖਾਵਾ ਨਹੀਂ ਕੀਤਾ। ਹਰ ਸਥਿਤੀ ਦਾ ਸ਼ਾਂਤੀ ਤੇ

ਸਹਿਜ ਨਾਲ ਸਾਹਮਣਾ ਕੀਤਾ। ਕਿਸੇ ਦੁਨੀਆਵੀ ਸ਼ਕਤੀ ਦਾ ਆਸਰਾ ਲੱਭਣ ਦੀ ਥਾਂ, ਇਕੋ ਅਕਾਲ ਪੁਰਖ ਦਾ ਓਟ ਆਸਰਾ ਲਿਆ। ਹਰ ਜ਼ਿਆਦਤੀ ਨੂੰ ਨਜ਼ਰ ਅੰਦਾਜ਼ ਕੀਤਾ। ਮੁਆਫ਼ ਕੀਤਾ। ਇਹੀ ਹੈ ਕਿ ਗੁਰਮਤਿ ਦਾ ਮਾਰਗ ਜਿਸ ਦੇ ਵਿਹਾਰਕ ਪ੍ਰਮਾਣ ਗੁਰੂ ਸਾਹਿਬ ਦੇ ਜੀਵਨ ਬਿਰਤਾਂਤ ਤੋਂ ਸਾਨੂੰ ਥਾਂ-ਥਾਂ ਮਿਲਦੇ ਹਨ।

ਗੁਰਮਤਿ ਦੀ ਇਸੇ ਨਿਰਮਲ ਲੋਅ ਵਿਚ ਸਾਹਿਬਜ਼ਾਦੇ ਦਾ ਲਾਲਨ ਪਾਲਨ ਹੋਇਆ। ਇਸ ਨਿਰਮਲ ਚਾਨਣ ਨਾਲ ਉਸ ਦਾ ਤਨ-ਮਨ ਨਿਖਰੇ। ਆਪ ਦਾ ਕਦ ਉਮਰ ਨਾਲੋਂ ਲੰਬਾ ਨਿਕਲਿਆ। ਰੰਗ ਸਾਫ਼। ਬਾਹਵਾਂ ਲੰਮੀਆਂ। ਨੈਣ ਨਕਸ਼ ਤਿਖੇ। ਸਰੀਰ ਭਰਵਾਂ। ਹਥ ਪੈਰ ਸੁਰਖ। ਚਿਹਰੇ ਤੇ ਲਾਲੀ। ਅੱਖਾਂ ਵਿਚ ਮਿਕਨਾਤੀਸੀ ਖਿਚ। ਦੁਧ ਚਿੱਟੇ ਦੰਦ। ਪੜ੍ਹਨ ਯੋਗ ਉਮਰ ਹੋਈ ਤਾਂ ਪਿਤਾ ਗੁਰੂ ਅਰਜਨ ਦੇਵ ਜੀ ਆਪਣੇ ਭਰਾ ਮਹਾਂ ਦੇਵ ਜੀ ਕੋਲ ਸਲਾਹ ਕਰਨ ਗਏ ਕਿ ਦੱਸੋ ਕਿਵੇਂ ਤੇ ਕੀ ਪੜ੍ਹਾਈਏ। ਉਨ੍ਹਾਂ ਸਲਾਹ ਦਿੱਤੀ ਕਿ ਬਾਬਾ ਬੁਢਾ ਜੀ ਨੂੰ ਇਹ ਜ਼ਿੰਮੇਵਾਰੀ ਦਿਓ। ਬਾਬਾ ਜੀ ਨੇ ਗੁਰਮੁਖੀ ਸਿਖਲਾਈ ਬਾਕਾਇਦਾ ਪੱਟੀ ਲਿਖ ਕੇ। ਗਿਣਤੀ ਸਿਖਾਈ ਤੇ ਸਾਹਿਬਜ਼ਾਦਾ ਪੋਥੀ ਪੜ੍ਹਨ ਲੱਗਾ। ਇਹ ਸਭ ਇੰਨੀ ਤੇਜ਼ੀ ਨਾਲ ਹੋਇਆ ਕਿ ਸਭ ਹੈਰਾਨ ਹੁੰਦੇ—

ਪੁਨ ਪੋਥੀ ਪਢਨਿ ਸੁ ਲਾਗੇ।
ਸਭ ਦੇਖਤ ਅਚਰਜ ਪਾਗੇ। (ਸੂਰਜ ਪ੍ਰਕਾਸ਼ ਗ੍ਰੰਥ)

ਅਖਰੀ ਗਿਆਨ ਉਪਰੰਤ ਬਾਬਾ ਜੀ ਨੇ ਸਹਿਬਜ਼ਾਦੇ ਨੂੰ ਸ਼ਸਤਰ ਵਿਦਿਆ ਦਿੱਤੀ। ਬਰਛਾ, ਤਲਵਾਰ, ਘੋੜ ਸਵਾਰੀ ਸਭ ਕੁਝ ਸਿਖਾਇਆ। ਸੋਹਨ ਕਵੀ ਨੇ ਗੁਰਬਿਲਾਸ ਵਿਚ ਵੀ ਇਸ ਦੀ ਪੁਸ਼ਟੀ ਕੀਤੀ ਹੈ ਅਤੇ ਸਿੱਖਾਂ ਦੀ ਭਗਤਮਾਲ ਨੇ ਵੀ। ਗੁਰਪ੍ਰਤਾਪ ਸੂਰਜ ਗ੍ਰੰਥ ਵਿਚ ਪੜ੍ਹਾਈ ਸਮੇਂ ਬਾਬਾ ਬੁਢਾ ਜੀ ਵੱਲੋਂ ਸ਼ਸਤਰ ਵਿਦਿਆ ਦੇ ਵਰ ਦਾ ਜ਼ਿਕਰ ਹੈ। ਇਹ ਪੁਰਾਤਨ ਗ੍ਰੰਥ ਮੰਨਦੇ ਹਨ ਕਿ ਸਾਹਿਬਜ਼ਾਦੇ ਨੂੰ ਯੁੱਧ ਦੇ ਦਾਅ ਪੇਚ ਭਾਈ ਜੇਠਾ ਜੀ ਨੇ ਸਮਝਾਏ। ਸ਼ਸਤਰ ਵਿਦਿਆ ਭਾਈ ਪਿਰਾਗਾ ਜੀ ਨੇ ਦਿੱਤੀ ਅਤੇ ਘੋੜ ਸਵਾਰੀ ਵਿਚ ਮਹਾਰਤ ਗੰਗਾ ਸਹਿਗਲ ਨੇ। ਸਾਹਿਬਜ਼ਾਦੇ ਦੀ ਸਰਬ ਪੱਖੀ ਸਿੱਖਿਆ ਬਾਰੇ ਗੁਰਬਿਲਾਸ ਦੀ ਗਵਾਹੀ ਇਉਂ ਹੈ—

ਚੌਂਸਠ ਵਿਦਿਆ ਸਭ ਪੜ੍ਹ ਲਈ।
ਯਾ ਮੈ ਬਹੁਤ ਅਵਧ ਨਹੀਂ ਪਈ।
...
ਸ਼ਾਸਤਰ ਸਸਤਰ ਕੀ ਵਿਦਿਆ ਪਾਈ।
ਹਰਿਗੋਬਿੰਦ ਮਨ ਅਤਿ ਹਰਖਾਈ।

ਦਰ ਅਸਲ ਗੁਰੂ ਅਰਜਨ ਦੇਵ ਜੀ ਨੇ ਵਕਤ ਦੀ ਨਜ਼ਾਕਤ ਨੂੰ ਸਮਝਦੇ ਹੋਏ ਸਾਹਿਬਜ਼ਾਦੇ ਨੂੰ ਸ਼ਸਤਰ ਤੇ ਸ਼ਾਸਤਰ ਦੋਹਾਂ ਦੀ ਸਿੱਖਿਆ ਦੇਣ ਲਈ ਬਾਬਾ ਬੁਢਾ ਜੀ ਦੀ ਬੀੜ ਜਹੀ ਨਿਵੇਕਲੀ, ਇਕਾਂਤ ਅਤੇ ਰਤਾ ਗੁਪਤ ਥਾਂ ਚੁਣੀ। ਸਾਰੀ ਸਿਖਲਾਈ ਬਾਬਾ ਬੁਢਾ ਜੀ ਦੀ ਸਰਪ੍ਰਸਤੀ ਹੇਠ ਵੱਖ-ਵੱਖ ਮਾਹਿਰਾਂ ਨੇ ਦਿੱਤੀ। ਇਸ ਬੀੜ ਵਿਚ ਸ਼ਸਤਰਾਂ ਦੀ ਸਿੱਖਿਆ ਤੇ ਘੋੜ ਸਵਾਰੀ ਦਾ ਅਭਿਆਸ ਹੋ ਸਕਦਾ ਸੀ। ਸ਼ਿਕਾਰ ਵੀ

ਸੰਭਵ ਸੀ। ਅੰਮ੍ਰਿਤਸਰ ਸ਼ਹਿਰ ਵਿਚ ਇਹ ਸਾਰਾ ਕੁਝ ਔਖਾ ਸੀ। ਇਥੇ ਇਸ ਕਿਸਮ ਦੀ ਗਤੀਵਿਧੀ ਦੀ ਚੁਗਲੀ ਵੀ ਪ੍ਰਿਥੀਏ ਵੱਲੋਂ ਸਰਕਾਰੇ ਦਰਬਾਰੇ ਹੋ ਸਕਦੀ ਸੀ। ਇੰਜ ਬਾਰਾਂ ਕੁ ਸਾਲ ਦੀ ਉਮਰ ਤਕ ਸਾਹਿਬਜ਼ਾਦਾ ਸ਼ਸਤਰ ਸ਼ਾਸਤਰ ਦੋਹਾਂ ਵਿਚ ਨਿਪੁੰਨ ਹੋ ਗਿਆ—

ਜਬ ਦੁਆਦਸ ਬਰਖ ਰੂਪ ਪ੍ਰਭ ਧਰਾ।
ਚੌਸਠ ਵਿਦਿਆ ਦ੍ਰਿੜ ਸਭ ਕਰਾ।
ਚੜ ਬਾਹਨ ਸ਼ਸਤਰ ਵਿਦਿਆ ਕੇ ਸਾਰੇ।
ਸਭ ਸ਼ਸਤਰ ਅਸਤਰ ਲੇ ਖੜਗ ਨਿਵਾਰੇ।

ਇਧਰ ਸਾਹਿਬਜ਼ਾਦਾ ਬਾਲਪਨ ਤੋਂ ਜਵਾਨੀ ਵਲ ਪੈਰ ਪੁੱਟਣ ਲੱਗਾ ਤੇ ਉਧਰ ਪ੍ਰਿਥੀ ਚੰਦ ਬੇਬਸ ਹੋ ਕੇ ਬਾਦਸ਼ਾਹ ਦੀ ਸ਼ਰਨੀ ਜਾ ਪਿਆ। ਉਸ ਨੇ ਇਕ ਪਿੰਡ ਬਖਸ਼ ਦਿੱਤਾ ਜਿਸ ਦੀ ਪੁਸ਼ਟੀ ਭਾਈ ਸੰਤੋਖ ਸਿੰਘ ਕਰਦੇ ਹਨ। ਫਿਰ ਵੀ ਕੋਈ ਦਾਲ ਨਾ ਗਲੀ ਵੇਖ ਕੇ ਪ੍ਰਿਥੀ ਚੰਦ ਸਹੁਰੇ ਪਿੰਡ ਹੇਹਰ ਚਲਾ ਗਿਆ। ਇਥੇ ਧਰਮਸ਼ਾਲ ਅਤੇ ਸਰੋਵਰ ਬਣਾਇਆ। ਬੀਰਬਲ ਨੂੰ ਭੜਕਾਇਆ ਕਿ ਜਾ ਕੇ ਗੁਰੂ ਅਰਜਨ ਸਾਹਿਬ ਦਾ ਬਣਾਇਆ ਹਰਿਮੰਦਰ ਢਾਹ ਦੇਵੇ, ਪਰ ਉਸ ਦੇ ਇਹ ਸਾਰੇ ਯਤਨ ਇਕ ਤੋਂ ਬਾਅਦ ਇਕ ਨਾਕਾਮ ਹੁੰਦੇ ਰਹੇ। ਪ੍ਰਿਥੀਆ ਤੇ ਉਸ ਦਾ ਪੁੱਤਰ ਬਾਣੀ ਰਚ ਕੇ ਸੰਗਤ ਨੂੰ ਗੁਮਰਾਹ ਕਰਨ ਲੱਗੇ ਤਾਂ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਕਰ ਕੇ ਇਸ ਸ਼ਰਾਰਤ ਨੂੰ ਵੀ ਸਦਾ ਲਈ ਠੱਪ ਦਿੱਤਾ।

ਪ੍ਰਿਥੀ ਚੰਦ ਤੇ ਗੁਰੂ ਘਰ ਦੇ ਵਿਰੋਧੀਆਂ ਨੇ ਅਕਬਰ ਨੂੰ ਸ਼ਿਕਾਇਤਾਂ ਕੀਤੀਆਂ ਕਿ ਗੁਰੂ ਅਰਜਨ ਦੇਵ ਜੀ ਨੇ ਇਕ ਗ੍ਰੰਥ ਰਚਿਆ ਹੈ ਜਿਸ ਵਿਚ ਹਿੰਦੂ ਤੇ ਮੁਸਲਿਮ ਦੋਹਾਂ ਧਰਮਾਂ ਦੇ ਵਿਰੁੱਧ ਕੁਫ਼ਰ ਭਰੇ ਬੋਲ ਹਨ। ਅਕਬਰ ਨੇ ਗੁਰੂ ਅਰਜਨ ਸਾਹਿਬ ਨੂੰ ਇਸ ਸ਼ਕਾਇਤ ਬਾਰੇ ਪੁੱਛਿਆ ਤਾਂ ਗੁਰੂ ਸਾਹਿਬ ਨੇ ਭਾਈ ਗੁਰਦਾਸ ਜੀ ਨੂੰ ਬਾਦਸ਼ਾਹ ਦੇ ਸ਼ੰਕੇ ਦੂਰ ਕਰਨ ਲਈ ਭੇਜਿਆ। ਭਾਈ ਸਾਹਿਬ ਨੇ ਅਕਬਰ ਦੀ ਪੂਰੀ ਤਰ੍ਹਾਂ ਤਸਲੀ ਕਰਵਾਈ। ਬਾਦਸ਼ਾਹ ਨੇ ਦੋ ਤਿੰਨ ਥਾਵਾਂ ਤੋਂ ਬਾਣੀ ਪੜ੍ਹਨ ਲਈ ਕਿਹਾ। ਹਰ ਵਾਰ ਜੋ ਹੁਕਮ ਆਇਆ ਉਹ ਗੁਰਮਤਿ ਦੇ ਸਰਬਤ ਦੇ ਭਲੇ ਅਤੇ ਸਭੇ ਸਾਂਝੀਵਾਲ ਸਦਾਇਣ ਵਾਲੇ ਮਾਰਗ ਉਤੇ ਤੁਰਦੇ ਹੋਏ ਇਕੋ ਅਕਾਲ ਪੁਰਖ ਨਾਲ ਜੋੜਨਵਾਲਾ ਸੀ। ਸਭ ਦੁਸ਼ਮਣਾਂ ਦੇ ਮੂੰਹ ਬੰਦ ਹੋ ਗਏ।

ਭਾਵੇਂ ਸ਼ਾਹੀ ਦਰਬਾਰ ਵਿਚ ਵੀ ਪ੍ਰਿਥੀ ਚੰਦ ਅਤੇ ਗੁਰੂ ਘਰ ਦੇ ਵਿਰੋਧੀਆਂ ਦੀ ਦਾਲ ਨਾ ਗਲੀ ਪਰ ਉਹ ਚੁੱਪ ਹੋ ਕੇ ਨਾ ਬੈਠੇ। ਚੁੱਪ ਤਾਂ ਉਹ ਅਕਬਰ ਦੀ ਉਦਾਰ ਨੀਤੀ ਅਤੇ ਗੁਰੂ ਗ੍ਰੰਥ ਸਾਹਿਬ ਦੀ ਸਰਬ ਸਾਂਝੀਵਾਲਤਾ ਅਤੇ ਵਹਿਦਤ ਵਾਲੇ ਸੰਦੇਸ਼ ਅੱਗੇ ਆਪਣੀ ਬੇਬਸੀ ਕਾਰਨ ਹੋਏ। ਹੁਣ ਉਹ ਨਵੀਂ ਰਣਨੀਤੀ ਬਣਾਉਣ ਲੱਗੇ। ਇਸ ਲਈ ਵੀ ਉਨ੍ਹਾਂ ਨੂੰ ਬਹੁਤੀ ਦੇਰ ਇੰਤਜ਼ਾਰ ਨਾ ਕਰਨਾ ਪਿਆ।

ਅਧਿਆਇ 3

ਤਖ਼ਤ ਬਿਰਾਜੇ ਸਤਿਗੁਰੂ

ਗੁਰੂ ਅਰਜਨ ਦੇਵ ਜੀ ਵੱਲੋਂ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਦਾ ਕਾਰਜ 1604 ਵਿਚ ਮੁਕੰਮਲ ਹੋਇਆ। ਇਸ ਸਿਲਸਿਲੇ ਵਿਚ ਸ਼ਹਿਨਸ਼ਾਹ ਅਕਬਰ ਕੋਲ ਵਿਰੋਧੀਆਂ ਦੀਆਂ ਸ਼ਿਕਾਇਤਾਂ ਅਤੇ ਉਨ੍ਹਾਂ ਦੇ ਪ੍ਰਤਿਕਰਮ ਵਜੋਂ ਭਾਈ ਗੁਰਦਾਸ ਜੀ ਦੇ ਅਕਬਰ ਦੇ ਦਰਬਾਰ ਵਿਚ ਭੇਜੇ ਜਾਣ ਦਾ ਜ਼ਿਕਰ ਇਤਿਹਾਸਕਾਰ ਕਰਦੇ ਹਨ। ਅਕਬਰ ਦੀ ਮ੍ਰਿਤੂ 1605 ਵਿਚ ਹੋਈ। ਇਸ ਲਈ ਇਹ ਸਾਰਾ ਕੁਝ 1604 ਤੋਂ ਛੇਤੀ ਪਿਛੋਂ ਅਤੇ 1605 ਵਿਚ ਅਕਬਰ ਦੀ ਮੌਤ ਤੋਂ ਪਹਿਲਾਂ ਵਾਪਰਿਆ ਹੋਵੇਗਾ। ਇਸ ਸਮੇਂ ਤਕ ਸਾਹਿਬਜ਼ਾਦਾ ਹਰਿਗੋਬਿੰਦ ਦੀ ਉਮਰ ਪੰਦਰਾਂ ਸਾਲ ਦੇ ਲਗਪਗ ਹੋਵੇਗੀ। ਇਹ ਤਾਂ ਹੀ ਸੰਭਵ ਹੈ ਜੇ ਅਸੀਂ ਉਨ੍ਹਾਂ ਦਾ ਜਨਮ 1595 ਦੀ ਥਾਂ 1590 ਵਿਚ ਸਵੀਕਾਰ ਕਰੀਏ। ਭੱਟਵਹੀ ਮੁਲਤਾਨੀ ਸਿੰਧੀ ਵਿਚ ਦੱਸੀ ਹਾੜ 1647 ਬਿਕਰਮੀ ਭਾਵ ਸਨ 1590 ਹੀ ਸਾਹਿਬਜ਼ਾਦੇ ਦੇ ਜਨਮ ਦੀ ਪ੍ਰਮਾਣੀਕ ਮਿਤੀ ਪ੍ਰਤੀਤ ਹੁੰਦੀ ਹੈ। ਇਹ ਵੱਖਰੀ ਗੱਲ ਹੈ ਕਿ ਸਿੱਖ ਜਗਤ ਵਿਚ ਉਨ੍ਹਾਂ ਦੀ ਚੌਥੀ ਜਨਮ ਸ਼ਤਾਬਦੀ ਦੇ ਸਮਾਰੋਹ 1995 ਵਿਚ ਇਹ ਸਵੀਕਾਰਦੇ ਹੋਏ ਮਨਾਏ ਗਏ ਕਿ ਉਨ੍ਹਾਂ ਦਾ ਜਨਮ ਹਾੜ 1595 ਵਿਚ ਹੋਇਆ।

1605 ਦੇ ਅੰਤ ਜਾਂ 1606 ਦੇ ਆਰੰਭ ਵਿਚ ਹੀ ਤਕਰੀਬਨ ਸੋਲਾਂ ਸਾਲ ਦੇ ਸਾਹਿਬਜ਼ਾਦੇ ਲਈ ਸ਼ਾਦੀ ਦੇ ਪ੍ਰਸਤਾਵ ਆਉਣ ਲੱਗ ਪਏ। ਗੁਰੂ ਅਰਜਨ ਸਾਹਿਬ ਦੀ ਸ਼ੋਭਾ ਦੂਰ ਦੂਰ ਤਕ ਪਹੁੰਚ ਚੁੱਕੀ ਸੀ। ਦਿੱਲੀ ਦੇ ਸ਼ਾਹੀ ਦਰਬਾਰ ਦੇ ਅਹਿਲਕਾਰ ਚੰਦੂ ਦਾ ਪ੍ਰੋਹਿਤ ਅਤੇ ਨਾਈ ਇਸੇ ਦੌਰਾਨ ਚੰਦੂ ਦੀ ਬੇਟੀ ਦੇ ਰਿਸ਼ਤੇ ਦੀ ਤਲਾਸ਼ ਵਿਚ ਪੰਜਾਬ ਆਏ। ਉਨ੍ਹਾਂ ਅੰਮ੍ਰਿਤਸਰ ਵਿਚ ਗੁਰੂ ਅਰਜਨ ਦੇਵ ਜੀ ਦਾ ਇਜ਼ਤ ਮਾਨ ਵੇਖਿਆ। ਹਰਿਮੰਦਰ ਅਤੇ ਅੰਮ੍ਰਿਤ ਸਰੋਵਰ ਉਤੇ ਸ਼ਰਧਾਲੂਆਂ ਦੀਆਂ ਭੀੜਾਂ ਵੇਖੀਆਂ। ਸਾਹਿਬਜ਼ਾਦੇ ਦੀ ਸੁੰਦਰ ਸ਼ਕਲ ਸੂਰਤ ਵੇਖੀ। ਉਨ੍ਹਾਂ ਨੂੰ ਲੱਗਾ ਕਿ ਇਸ ਤੋਂ ਵੱਧ ਸ਼ਾਨ ਸ਼ੌਕਤ ਵਾਲਾ ਰਿਸ਼ਤਾ ਕਿਥੋਂ ਲਭਣਾ ਹੈ। ਸਾਹਿਬਜ਼ਾਦਾ ਪਾਤਸ਼ਾਹ ਕਹਿ ਕੇ ਸਤਿਕਾਰੇ ਜਾਣ ਵਾਲੇ ਗੁਰੂ ਅਰਜਨ ਦੇਵ ਜੀ ਦਾ ਉਤਰ ਅਧਿਕਾਰੀ ਹੈ। ਪ੍ਰੋਹਿਤ ਅਤੇ ਨਾਈ ਗੁਰੂ ਸਾਹਿਬ ਨੂੰ ਮਥਾ ਟੇਕਿਆ ਅਤੇ ਕਿਹਾ ਕਿ ਅਸੀਂ ਸ਼ਾਹੀ ਅਹਿਲਕਾਰ ਚੰਦੂ ਦੀ ਬੇਟੀ ਲਈ ਸਾਹਿਬਜ਼ਾਦੇ ਨੂੰ ਯੋਗ ਸਮਝਿਆ ਹੈ। ਸਾਡੇ ਵੱਲੋਂ ਗਲ ਪਕੀ ਸਮਝੋ। ਲੜਕੀ ਦਾ ਪਿਤਾ ਜਲਦੀ ਆ ਕੇ ਬਾਕਾਇਦਾ ਸ਼ਗਨ ਆਦਿ ਦੀ ਅਗਲੇਰੀ ਕਾਰਵਾਈ ਕਰੇਗਾ–

ਸ਼ਾਹ ਦੀਵਾਨ ਸੁਤਾ ਕੋ ਨਾਤਾ।
ਕਰਯੋ ਚਹਤ ਹਮ ਤੁਮਰੇ ਤਾਤਾ।...

ਮਸਤਕ ਟੇਕਿ ਬਿਸਰਜਨ ਹੋਏ।
ਗਮਨੇ ਤੂਰਨਿ ਦਿਲੀ ਦੋਏ।

ਦਿੱਲੀ ਜਾ ਕੇ ਉਨ੍ਹਾਂ ਨੇ ਚੰਦੂ ਨੂੰ ਰਿਸ਼ਤੇ ਬਾਰੇ ਦੱਸਿਆ ਅਤੇ ਕਿਹਾ ਅਸੀਂ ਸੋਢੀ ਖਾਨਦਾਨ ਦੇ ਗੁਰੂ ਅਰਜਨ ਦੇਵ ਜੀ ਦੇ ਸੋਹਣੇ ਪੁੱਤਰ ਦੇ ਆਪਦੀ ਬੇਟੀ ਨਾਲ ਰਿਸ਼ਤੇ ਦੀ ਗੱਲ ਪੱਕੀ ਕਰ ਆਏ ਹਾਂ, ਤੁਸੀਂ ਅਗਲੀ ਕਾਰਵਾਈ ਕਰ ਲਓ। ਸੁਣ ਕੇ ਹੰਕਾਰ ਨਾਲ ਚੰਦੂ ਨੇ ਕਿਹਾ—

ਸਦਨ ਅਢਾਈ ਉਤਮ ਖਤਰੀ
ਮੈਂ ਤਿਨ ਮੋ ਊਚੀ ਕੁਲ ਚਾਰ।
ਸੋਢੀ ਬੰਸ ਸ਼੍ਰੀਣ ਸੋ ਖਤਰੀ
ਨੀਵੇਂ ਥਲ ਹਮ ਤੇ ਉਰਧਾਰਿ॥
ਹਮ ਊਤਮ ਚੌਬਾਰੇ ਸਮ ਹੈਂ
ਸਭ ਘਰ ਤੇ ਊਚੋ ਜਿਮ ਹੋਏ।
ਕਹਾਂ ਸ੍ਰੀਣ ਹਮ ਤੇ ਬਹੁ ਨੀਚੇ
ਜਥਾ ਸਦਨ ਕੀ ਮੋਰੀ ਜੋਇ।...

ਈਂਟ ਚੁਬਾਰੇ ਕੀ ਸਭ ਸਿਰ ਪਰ
ਮੋਰੀ ਲਗੀ ਸੋ ਸਭ ਤੇ ਨੀਵ।
ਮੈਂ ਦੀਵਾਨ ਪਾਤਸ਼ਾਹ ਕੋ,
ਜਿਤ ਕਿਤ ਮੇਰੋ ਹੁਕਮ ਅਟਾਲ।...
ਯਾਤੇ ਭੀ ਮਮ ਸਮਕੋ ਨਾਹਿਨ ਤੁਮਨੇ,
ਕੀਨਸ ਕਹਾਂ ਬੀਚਾਰ।
ਇਤਿਆਦਿਕ ਕੁਛ ਅਪਾਰ ਬਡਾਈ,
ਅਪਨੀ ਕਹੀ ਧਾਰ ਹੰਕਾਰ।
ਕਹਯੋ ਸਗਨ ਕੋ ਅਬ ਲੇ ਗਮਨਹੁ,
ਜਥਾ ਜੋਗ ਜੈਸੋ ਬਿਵਹਾਰ।
ਚੰਦੂ ਦਾਰਾ ਨੇ ਸਭ ਦੀਨਸ,
ਚਲਯੋ ਪੰਥ ਦਿਜ ਆਨੰਦ ਧਾਰ।....

(ਗੁਰ ਪ੍ਰਤਾਪ ਸੂਰਜ, ਰਾਸ ਚੌਥੀ)

ਚੰਦੂ ਦੁਆਰਾ ਗੁਰੂ ਘਰ ਨੂੰ ਨੀਵਾਂ ਤੇ ਆਪਣੇ ਆਪ ਨੂੰ ਉੱਚਾ ਕਹਿ ਕਹਿ ਕੀਤੀ ਨਿੰਦਾ ਨੂੰ ਦਿਲੀ ਦੇ ਕੁਝ ਸਿੱਖਾਂ ਨੇ ਸੁਣਿਆ। ਗੱਲ ਸਾਰੀ ਸੰਗਤ ਵਿਚ ਫੈਲ ਗਈ। ਸਿਖ ਸੰਗਤਾਂ ਨੂੰ ਬਹੁਤ ਬੁਰਾ ਲੱਗਾ। ਉਨ੍ਹਾਂ ਮਤਾ ਕਰ ਕੇ ਗੁਰੂ ਜੀ ਨੂੰ ਕਿਹਾ ਕਿ ਇਸ ਹੰਕਾਰੀ ਦਾ ਰਿਸ਼ਤਾ ਸਵੀਕਾਰ ਨਾ ਕੀਤਾ ਜਾਵੇ। ਸੁਤਾ ਨਾ ਸਾਕਤ ਕੀ ਤੁਮ ਲੀਜਹੁ ਇਹ ਸੰਗਤ ਕੋ ਅਹੈ ਮਤੰਤ। ਇਸ ਸੰਗਤ ਦਾ ਮਤ ਹੈ ਕਿ ਇਸ ਦੁਸ਼ਟ ਦੀ ਧੀ ਦਾ

ਰਿਸ਼ਤਾ ਨਾ ਲਿਆ ਜਾਵੇ। ਸਗਨ ਦੀ ਸਾਰੀ ਤਿਆਰੀ ਹੋ ਚੁੱਕੀ ਸੀ। ਦਿਲੀ ਤੋਂ ਚੰਦੂ ਦੇ ਭੇਜੇ ਪ੍ਰੋਹਿਤ ਆਏ ਤਾਂ ਨਾਲ ਹੀ ਸੰਗਤਾਂ ਦੀ ਬੇਨਤੀ ਵੀ ਪਹੁੰਚ ਗਈ। ਗੁਰੂ ਸਾਹਿਬ ਨੇ ਚੰਦੂ ਦਾ ਭੇਜਿਆ ਸ਼ਗਨ ਸਵੀਕਾਰਨ ਤੋਂ ਨਾਂਹ ਕਰ ਦਿੱਤੀ। ਉਸ ਸਮੇਂ ਸੰਗਤ ਵਿਚੋਂ ਭਾਈ ਨਾਰਾਇਣ ਦਾਸ ਅਤੇ ਭਾਈ ਹਰੀ ਚੰਦ ਨੇ ਆਪੋ ਆਪਣੀਆਂ ਬੇਟੀਆਂ ਦਾ ਰਿਸ਼ਤਾ ਸਾਹਿਬਜ਼ਾਦੇ ਨਾਲ ਕਰਨ ਲਈ ਬੇਨਤੀ ਕੀਤੀ। ਸੰਗਤਾਂ ਦੇ ਜ਼ੋਰ ਦੇਣ ਉਤੇ ਇਹ ਦੋਵੇਂ ਰਿਸ਼ਤੇ ਸਵੀਕਾਰ ਲਏ ਗਏ। ਇੰਜ ਸਾਹਿਬਜ਼ਾਦੇ ਦੀ ਇਕ ਕੁੜਮਾਈ ਮੁੜੀ ਅਤੇ ਦੋ ਹੋ ਗਈਆਂ। ਇਕ ਤਿਆਗੀ ਭਈ ਦੋਏ ਸਗਾਈ।

ਪ੍ਰੋਹਿਤ ਪੰਡਤ ਨੇ ਦਿੱਲੀ ਵਾਪਸ ਆ ਕੇ ਚੰਦੂ ਨੂੰ ਦੱਸਿਆ ਕਿ ਸਗਨ ਪੈਣ ਵਾਲਾ ਸੀ ਕਿ ਦਿਲੀ ਦੇ ਕੁਝ ਬੰਦਿਆਂ ਨੇ ਗੁਰੂ ਘਰ ਬਾਰੇ ਤੁਹਾਡੇ ਕਹੇ ਬੋਲ ਭਰੇ ਇਕੱਠ ਵਿਚ ਦਸ ਕੇ ਕੰਮ ਖਰਾਬ ਕਰ ਦਿੱਤਾ। ਉਨ੍ਹਾਂ ਨੇ ਸ਼ਗਨ ਲੈਣ ਤੋਂ ਨਾਂਹ ਕਰ ਦਿੱਤੀ। ਸਾਡੇ ਜ਼ੋਰ ਦੇਣ ਉਤੇ ਵੀ ਉਹ ਨਹੀਂ ਮੰਨੇ। ਹੋਰ ਤਾਂ ਹੋਰ ਗੁਰੂ ਜੀ ਨੇ ਸੰਗਤ ਵਿਚੋਂ ਉਸੇ ਸਮੇਂ ਆਈਆਂ ਦੋ ਸਗਾਈਆਂ ਦੇ ਪ੍ਰਸਤਾਵ ਵੀ ਸਵੀਕਾਰ ਲਏ। ਦੀਵਾਨ ਚੰਦੂ ਗੁਸੇ ਨਾਲ ਬੋਲਿਆ : ਤੁਸੀਂ ਹੁਣ ਜਾਓ। ਮੇਰੀ ਚਿਠੀ ਲਿਜਾਓ। ਉਨ੍ਹਾਂ ਨੂੰ ਧਮਕੀ ਦਿਓ ਕਿ ਇਹ ਰਿਸ਼ਤਾ ਤੁਰੰਤ ਸਵੀਕਾਰਨ। ਕੀ ਹੋਇਆ ਜੇ ਮੈਂ ਕੁਝ ਕਹਿ ਦਿੱਤਾ ਤਾਂ। ਕੋਈ ਫਰਕ ਨਹੀਂ ਪੈਂਦਾ ਜੇ ਤੁਸੀਂ ਸਗਾਈ ਕਰ ਵੀ ਬੈਠੇ ਹੋ। ਧਨੀ ਅਮੀਰਾਂ ਦੇ ਕਈ ਕਈ ਵਿਆਹ ਹੁੰਦੇ ਹਨ। ਤੁਸੀਂ ਸਾਡਾ ਰਿਸ਼ਤਾ ਨਾ ਮੋੜੋ। ਤੁਹਾਡੇ ਕਈ ਕੰਮ ਮੈਂ ਸਵਾਰ ਸਕਦਾ ਹਾਂ। ਤੁਸੀਂ ਵੈਰ ਨਾ ਵਧਾਓ। ਚੰਦੂ ਦੀ ਕਿਸੇ ਧਮਕੀ ਦਾ ਕੋਈ ਅਸਰ ਨਾ ਹੋਇਆ। ਉਹ ਆਪ ਵੀ ਗੁਰੂ ਦਰਬਾਰ ਵਿਚ ਹਾਜ਼ਰ ਹੋਇਆ ਤੇ ਕਿਹਾ ਕਿ ਰਿਸ਼ਤਾ ਮੁੜਨ ਵਿਚ ਮੇਰੀ ਬਦਨਾਮੀ ਹੈ ਪਰ ਗੁਰੂ ਸਾਹਿਬ ਨਾ ਹੀ ਮੰਨੇ। ਮੁਹੰਮਦ ਲਤੀਫ਼ ਅਨੁਸਾਰ ਚੰਦੂ ਨੇ ਇਕ ਲੱਖ ਰੁਪਏ ਸ਼ਗਨ ਨਾਲ ਭੇਜਣ ਦੀ ਪੇਸ਼ਕਸ਼ ਕੀਤੀ ਪਰੰਤੂ ਗੁਰੂ ਸਾਹਿਬ ਨੇ ਕਿਸੇ ਵੀ ਕੀਮਤ ਉਤੇ ਸੰਗਤ ਦਾ ਪ੍ਰਸਤਾਵ ਅਸਵੀਕਾਰਨ ਤੋਂ ਨਾਂਹ ਕਰ ਦਿੱਤੀ। ਸਖ਼ਤ ਵਿਰੋਧ ਦੇ ਬਾਵਜੂਦ ਡਰੋਲੀ ਦੇ ਭਾਈ ਨਰਾਇਣ ਦਾਸ ਦੀ ਪੁੱਤਰੀ ਬੀਬੀ ਦਮੋਦਰੀ ਨਾਲ ਸਾਹਿਬਜ਼ਾਦੇ ਦੀ ਸ਼ਾਦੀ ਧੂਮ ਧਾਮ ਨਾਲ ਕਰ ਦਿੱਤੀ ਗਈ।

ਇਸ ਦੌਰਾਨ ਅਕਤੂਬਰ 1605 ਵਿਚ ਜਹਾਂਗੀਰ ਤਖ਼ਤ 'ਤੇ ਬੈਠ ਗਿਆ। ਅਕਬਰ ਉਸ ਦੀ ਥਾਂ ਜਹਾਂਗੀਰ ਦੇ ਪੁੱਤਰ ਖੁਸਰੋ ਨੂੰ ਰਾਜ ਤਖ਼ਤ ਦੇਣਾ ਚਾਹੁੰਦਾ ਸੀ, ਪਰ ਐਨ ਅੰਤਿਮ ਸਮੇਂ ਜਹਾਂਗੀਰ ਨੇ ਅਕਬਰ ਦੇ ਪੈਰੀਂ ਪੱਗ ਰੱਖ ਕੇ ਉਸ ਦਾ ਫੈਸਲਾ ਬਦਲਵਾ ਦਿੱਤਾ। ਗਦੀ ਦਾ ਮਾਲਕ ਬਣ ਗਿਆ। ਖੁਸਰੋ ਅਪ੍ਰੈਲ 1606 ਵਿਚ ਬਾਗੀ ਹੋ ਕੇ ਪੰਜਾਬ ਤੇ ਅਫਗਾਨਿਸਤਾਨ ਵਲ ਭਜ ਗਿਆ। ਮਾਂ ਜੋਧਾਂ ਬਾਈ ਜ਼ਹਿਰ ਖਾ ਕੇ ਮਰ ਗਈ। ਖੁਸਰੋ ਲੁਕਦਾ ਛਿਪਦਾ ਤਰਨ ਤਾਰਨ ਗੁਰੂ ਅਰਜਨ ਦੇਵ ਜੀ ਕੋਲ ਜਾਨ ਬਚਾਣ ਪੁੱਜਾ। ਗੁਰੂ ਕੇ ਲੰਗਰ ਵਿਚ ਪ੍ਰਸ਼ਾਦਾ ਛੱਕਿਆ ਅਤੇ ਲਾਹੌਰ ਤੁਰ ਪਿਆ। ਮੁਰਤਜ਼ਾ ਖਾਨ ਉਸ ਦੇ ਪਿੱਛੇ ਲੱਗਾ ਹੋਇਆ ਸੀ। ਖੁਸਰੋ ਫੜਿਆ ਗਿਆ ਤੇ ਤਸੀਹੇ ਦੇ ਕੇ ਕਤਲ ਕਰ ਦਿੱਤਾ ਗਿਆ। ਗੁਰੂ ਘਰ ਦੇ ਵਿਰੋਧੀਆਂ ਨੇ ਲਾਹੌਰ ਬੈਠੇ ਜਹਾਂਗੀਰ ਦੇ ਕੰਨ ਭਰੇ ਅਤੇ ਕਿਹਾ ਕਿ ਗੁਰੂ ਸਾਹਿਬ ਨੇ ਖੁਸਰੋ ਦੀ ਸਹਾਇਤਾ ਕੀਤੀ ਹੈ। ਅਸ਼ੀਰਵਾਦ

ਦਿੱਤਾ ਹੈ। ਉਸ ਦੇ ਟਿਕਾ ਲਾਇਆ ਹੈ। ਉਸ ਦੀ ਸਫਲਤਾ ਲਈ ਦੁਆ ਕੀਤੀ ਹੈ। ਜਹਾਂਗੀਰ ਤਾਂ ਪਹਿਲਾਂ ਹੀ ਗੁਰੂ ਘਰ ਦੇ ਵਿਰੁੱਧ ਸੀ। ਉਸ ਦੀ ਆਪਣੀ ਲਿਖੀ ਤੁਜ਼ਕ-ਏ-ਜਹਾਂਗੀਰੀ ਦੀ ਟੂਕ (ਦਾ ਅਨੁਵਾਦ) ਇਸ ਦਾ ਪ੍ਰਮਾਣ ਹੈ—

ਗੋਇੰਦਵਾਲ ਵਿਚ ਜੋ ਕਿ ਦਰਿਆ ਬਿਆਸ ਦੇ ਕਿਨਾਰੇ ਤੇ ਹੈ, ਅਰਜਨ (ਗੁਰੂ) ਨਾਮੀ ਇਕ ਹਿੰਦੂ ਪੀਰ ਦੇ ਵੇਸ ਵਿਚ ਰਹਿੰਦਾ ਸੀ। ਸਿੱਧੇ ਸਾਧੇ ਹਿੰਦੂ ਹੀ ਨਹੀਂ, ਬਹੁਤ ਸਾਰੇ ਮੂਰਖ ਅਤੇ ਬੇਅਕਲ ਮੁਸਲਮਾਨ ਭੀ ਉਸ ਦੇ ਤੌਰ ਤਰੀਕਿਆਂ ਕਾਰਨ ਉਸ ਦੇ ਮਗਰ ਲਗੇ ਹੋਏ ਸਨ। ਉਸ ਦੇ ਗੁਰੂ ਪੀਰ ਹੋਣ ਦਾ ਪ੍ਰਚਾਰ ਸਾਰੇ ਪਾਸੇ ਬੜੇ ਜ਼ੋਰ ਸ਼ੋਰ ਨਾਲ ਹੋ ਰਿਹਾ ਸੀ। ਸਭ ਪਾਸਿਆਂ ਤੋਂ ਕੁਫ਼ਰ ਦੇ ਪੁਜਾਰੀਆਂ ਦੇ ਟੋਲਿਆਂ ਦੇ ਟੋਲੇ ਉਸ ਕੋਲ ਆਉਂਦੇ। ਤਿੰਨ ਚਾਰ ਪੀੜ੍ਹੀਆਂ ਤੋਂ ਕੁਫਰ ਦੀ ਇਹ ਦੁਕਾਨ ਚਲ ਰਹੀ ਸੀ। ਬੜੀ ਦੇਰ ਤੋਂ ਮੈਂ ਸੋਚਦਾ ਸਾਂ ਕਿ ਇਹ ਸਾਰਾ ਕੁਝ ਬੰਦ ਕਰਵਾ ਕੇ ਉਸ (ਗੁਰੂ) ਨੂੰ ਆਪਣੇ ਦੀਨ ਵਿਚ ਲੈ ਆਵਾਂ।.... ਮੈਂ ਹੁਕਮ ਦਿੱਤਾ ਕਿ ਉਸ ਨੂੰ ਹਾਜ਼ਿਰ ਕਰੋ। ਉਸ ਦੇ ਘਰ ਜਾਇਦਾਦ ਨੂੰ ਜ਼ਬਤ ਕਰੋ। ਉਸ ਨੂੰ ਯਾਸਾ ਅਧੀਨ ਤਸੀਹੇ ਦੇ ਕੇ ਖਤਮ ਕਰ ਦਿੱਤਾ ਜਾਵੇ ਅਤੇ ਬਾਲ ਬੱਚੇ ਮੁਰਤਜ਼ਾ ਖਾਨ ਦੇ ਹਵਾਲੇ ਕੀਤੇ ਜਾਣ।"

ਚੇਤੇ ਰਹੇ ਕਿ ਮੁਰਤਜ਼ਾ ਖਾਨ ਸਰਹਿੰਦ ਦੇ ਨਕਸ਼ਬੰਦੀ ਪੀਰ ਮੁਜਦਿਦ ਅਲਿਫਥਾਨੀ ਦਾ ਚੇਲਾ ਸੀ। ਜਹਾਂਗੀਰ ਵੀ ਇਸੇ ਕੱਟੜ ਪੀਰ ਦਾ ਨਿਕਟ ਵਰਤੀ ਸੀ। ਇਹ ਟੋਲਾ ਇਸਲਾਮ ਦਾ ਤਲਵਾਰ ਅਤੇ ਜ਼ੋਰ ਜ਼ਬਰਦਸਤੀ ਨਾਲ ਪ੍ਰਸਾਰ ਪ੍ਰਚਾਰ ਕਰਨ ਵਲ ਰੁਚਿਤ ਸੀ। ਗੈਰ ਮਜ਼ਹਬਾਂ ਪ੍ਰਤੀ ਇਨ੍ਹਾਂ ਦੀ ਪਹੁੰਚ ਹਰ ਕਿਸਮ ਦੀ ਸਹਿਨਸ਼ੀਲਤਾ ਤੋਂ ਕੋਹਾਂ ਦੂਰ ਸੀ। ਇਸੇ ਮੁਰਤਜ਼ਾ ਖਾਨ ਨੇ ਹੀ ਖੁਸਰੋ ਅਤੇ ਉਸਦੇ ਸਾਥੀ ਅਬਦੁਲ ਰਹੀਮ ਅਤੇ ਹੁਸੈਨ ਬੇਗ ਫੜੇ ਸਨ। ਖੁਸਰੋ ਅਤੇ ਉਸ ਦੇ ਸਾਥੀਆਂ ਨੂੰ ਖਤਮ ਕਰ ਕੇ ਜਹਾਂਗੀਰ ਨੇ ਗੁਰੂ ਅਰਜਨ ਸਾਹਿਬ ਨੂੰ ਆਪਣੇ ਜਬਰ ਦਾ ਨਿਸ਼ਾਨਾ ਬਣਾਇਆ। ਪ੍ਰਿਥੀ ਚੰਦ, ਚੰਦੂ ਅਤੇ ਗੁਰੂ ਘਰ ਦੇ ਵਿਰੋਧੀਆਂ ਨੇ ਇਸ ਅਵਸਰ ਨੂੰ ਗੁਰੂ ਅਰਜਨ ਸਾਹਿਬ ਅਤੇ ਸਾਹਿਬਜ਼ਾਦੇ ਨੂੰ ਖਤਮ ਕਰਨ ਲਈ ਵਰਤਨ ਵਿਚ ਕੋਈ ਕਸਰ ਨਾ ਛੱਡੀ।

ਉਨ੍ਹਾਂ ਨੇ ਜਹਾਂਗੀਰ ਦੇ ਹੁਕਮਾਂ ਦੀ ਫੌਰੀ ਤਾਮੀਲ ਲਈ ਸਰਕਾਰੀ ਅਹਿਲਕਾਰਾਂ ਨੂੰ ਰਿਸ਼ਵਤ ਤਕ ਦਿੱਤੀ। ਉਨ੍ਹਾਂ ਨੂੰ ਡਰ ਸੀ ਕਿਤੇ ਸ਼ਹਿਨਸ਼ਾਹ ਆਪਣਾ ਹੁਕਮ ਬਦਲ ਹੀ ਨਾ ਦੇਵੇ। ਗੁਰੂ ਪਾਤਸ਼ਾਹ ਅਡੋਲ ਸਨ। ਉਹ ਸਮਝ ਗਏ ਸਨ ਕਿ ਹੁਣ ਸਾਨੂੰ ਸਿਰ ਦੇ ਕੇ ਸਿਖੀ ਦੇ ਬੂਟੇ ਨੂੰ ਮਜ਼ਬੂਤ ਕਰਨਾ ਪਵੇਗਾ। ਉਨ੍ਹਾਂ ਮੁਖੀ ਸਿੱਖਾਂ ਨੂੰ ਬੁਲਾ ਕੇ ਸਾਰੀ ਸਥਿਤੀ ਸਮਝਾਈ। ਇਹ ਵੀ ਦੱਸਿਆ ਕਿ ਗੱਲ ਸ਼ਹਾਦਤ ਨਾਲ ਵੀ ਮੁਕਣ ਵਾਲੀ ਨਹੀਂ। ਲੋੜ ਪਵੇ ਤਾਂ ਕੁਝ ਸਮੇਂ ਲਈ ਤੁਸੀਂ ਮਾਝਾ ਛਡ ਕੇ ਦੁਆਬੇ ਟਿਕਾਣਾ ਕਰ ਲਓ। ਆਪਣੇ ਪਿਛੋਂ ਗੁਰਗਦੀ ਹਰਿਗੋਬਿੰਦ ਜੀ ਨੂੰ ਸੌਂਪਣ ਦਾ ਫ਼ੈਸਲਾ ਵੀ ਉਨ੍ਹਾਂ ਨੇ ਦੱਸ ਦਿੱਤਾ। ਪ੍ਰਿਥੀ ਚੰਦ ਦੇ ਇਸ ਘਟਨਾ ਚੱਕਰ ਵਿਚ ਰੋਲ ਵਲ ਵੀ ਸੰਕੇਤ ਕਰ ਦਿੱਤਾ। ਬੰਸਾਵਲੀਨਾਮਾ ਇਸ ਬਿਰਤਾਂਤ ਨੂੰ ਇਉਂ ਅੰਕਿਤ ਕਰਦਾ ਹੈ—

ਸਿੱਖਾਂ ਨੂੰ ਕੀਤਾ ਸਪੁਰਦ, ਹਰਿਗੋਬਿੰਦ ਦੀ ਬਾਂਹ ਪਕੜਾਈ।
ਅਸਾਡੇ ਨਾਉਂ ਉਪਕਾਰ ਕੀਤਾ ਹੈ ਸਕੇ ਭਾਈ।

ਭਾਈ ਗੁਰਦਾਸ ਨੂੰ ਬੈਠ ਸਮਝਾਇਆ।
ਸਾਡਾ ਲਗੇਗਾ ਸੀਸ ਇਹ ਨਿਸ਼ਚਾ ਆਇਆ।....
ਅਸਾਂ ਤਾਂ ਹੈ ਤੁਰਕਾਂ ਵਿਚ ਜਾਣਾ
ਉਨ੍ਹਾਂ ਕਰਨੀ ਹੈ ਹੁਜਤ, ਤੁਸਾਂ ਦੁਆਬੇ ਵਿਚ ਕਰਨਾ ਟਿਕਾਣਾ।
ਸਰੀਰ ਹੈ ਛੁਟਣਾ ਸੰਸਾ ਨਹੀਂ ਕੋਈ
ਰਾਏ ਖਾਵੰਦ ਦੀ ਜਿਸ ਤਰ੍ਹਾਂ ਹੋਈ।

ਗੁਰ ਬਿਲਾਸ ਵੀ ਇਸ ਦੀ ਪੁਸ਼ਟੀ ਕਰਦਾ ਹੈ ਕਿ ਗੁਰੂ ਸਾਹਿਬ ਨੂੰ ਸ਼ਹੀਦੀ ਦਾ ਆਭਾਸ ਹੋ ਗਿਆ ਸੀ ਅਤੇ ਉਨ੍ਹਾਂ ਨੇ ਗੁਰਗਦੀ ਬਾਰੇ ਬਾਬਾ ਬੁਢਾ ਜੀ ਨੂੰ ਆਦੇਸ਼ ਦੇ ਦਿੱਤੇ ਸਨ—

ਲਾਹੌਰ ਸੀਸ ਹਮ ਦੇਨੇ ਜਾਹੀਂ।
ਊਹਾਂ ਤੇ ਹਮ ਆਵਣ ਨਾਹੀਂ।
ਤਾਂ ਤੇ ਅਬ ਹੀ ਮਾਥ ਟਿਕਾਵੋ।
ਤੁਮ ਇਨ ਮਸਤਕ ਤਿਲਕ ਲਗਾਵੋ।...
ਗੁਰ ਅਰਜਨ ਅਸ ਰੀਤ ਕਰਾਈ।
ਪੈਸੇ ਪਾਂਚ ਨਾਰੀਏਲ ਮੰਗਾਈ।
ਬੁਢੇ ਕੋ ਗੁਰ ਕਹਾ ਸੁਨਾਇ।
ਹਰਿਗੋਬਿੰਦ ਕੋ ਤਿਲਕ ਲਗਾਇ।

(ਗੁਰ ਬਿਲਾਸ ਪਾ. 6)

ਸਾਹਿਬਜ਼ਾਦੇ ਨੂੰ ਤਿਲਕ ਉਪਰੰਤ ਆਪ ਕੇ ਉਸ ਨੂੰ ਕਿਹਾ ਕਿ ਤੁਸੀਂ ਬਿਲਕੁਲ ਨਿਰਭਉ ਹੋ ਕੇ ਵਿਚਰਨਾ। ਸ਼ਸਤਰ ਧਾਰਨ ਕਰਨੇ। ਲੋੜ ਪਵੇ ਤਾਂ ਯੁਧ ਕਰਨਾ। ਤੁਹਾਨੂੰ ਕੋਈ ਹਰਾ ਨਹੀਂ ਸਕੇਗਾ—

ਤੁਮਨੇ ਕਰਨੇ ਜੁਧ ਅਨੇਕ।
ਬਦਲਾ ਲੇਵਨ ਤੁਰਕਨ ਛੇਕ।...
ਤੁਮ ਪਰ ਕਾਹੂ ਕੀ ਜੈ ਨਾਹੀਂ।
ਨਿਰਭਉ ਰਹੋ ਸਦਾ ਮਨ ਮਾਹੀ।

ਲਾਹੌਰ ਵਿਚ ਸ਼ਾਹੀ ਹਿਰਾਸਤ ਵਿਚੋਂ ਆਪ ਨੇ ਸਾਹਿਬਜ਼ਾਦੇ ਨੂੰ ਜੋ ਸੰਦੇਸ਼ ਭੇਜਿਆ, ਉਸ ਵਿਚ ਵੀ ਉਸ ਨੂੰ ਯੁਧ ਬਾਰੇ ਆਦੇਸ਼ ਹੈ। ਇਕ ਗੱਲ ਹੋਰ ਧਿਆਨ ਦੇਣ ਯੋਗ ਹੈ ਕਿ ਉਸ ਸੰਦੇਸ਼ ਵਿਚ ਹਰਿਗੋਬਿੰਦ ਜੀ ਨੂੰ ਗੁਰੂ ਕਰ ਕੇ ਸੰਬੋਧਿਤ ਕੀਤਾ ਗਿਆ ਹੈ—

ਹਰਿਗੋਬਿੰਦ ਗੁਰ ਪਾਸ, ਬਾਹਰ ਜਾਇ ਸਭ ਹੀ ਕਹੋ।
ਕਰਿਉ ਪੁਨਾ ਅਰਦਾਸ, ਬਹੁ ਤੁਰਕਨ ਕੋ ਜੁਧ ਕਰੋ।

ਗੁਰੂ ਸਾਹਿਬ ਦੀ ਸ਼ਹਾਦਤ ਉਪਰੰਤ ਲਾਹੌਰ ਨੂੰ ਵਾਪਸ ਆਏ ਸਿੱਖਾਂ ਨੇ ਦੱਸਿਆ ਕਿ ਲਾਹੌਰ ਵਿਚ ਗੁਰੂ ਸਾਹਿਬ ਕੁਝ ਸਮੇਂ ਲਈ ਜਹਾਂਗੀਰ ਕੋਲ ਗਏ। ਸਾਨੂੰ ਨਹੀਂ ਪਤਾ

ਕੀ ਗੱਲ ਹੋਈ। ਇਸ ਉਪਰੰਤ ਅਸੀਂ ਚੰਦੂ ਦੀ ਹਵੇਲੀ ਪਹੁੰਚਾ ਦਿੱਤੇ ਗਏ। ਸਾਨੂੰ ਡਿਓਢੀ ਦੇ ਬਾਹਰ ਰੱਖਿਆ ਗਿਆ ਅਤੇ ਗੁਰੂ ਸਾਹਿਬ ਨੂੰ ਅੰਦਰ। ਉਸ ਸਮੇਂ ਦੇ ਇਕ ਪੁਰਤਗਾਲੀ ਪਾਦਰੀ ਫਾਦਰ ਜ਼ੇਵੀਅਰ ਦੀ ਲਿਖਤ ਵੀ ਇਸ ਦੀ ਪੁਸ਼ਟੀ ਕਰਦੀ ਹੈ ਕਿ ਬਾਦਸ਼ਾਹ ਨੇ ਸਥਾਨਕ ਲੋਕਾਂ ਦੇ ਜ਼ੋਰ ਪਾਣ ਉਤੇ ਇਹ ਕਿਹਾ ਕਿ ਇਕ ਲੱਖ ਰੁਪਏ ਜੁਰਮਾਨਾ ਅਦਾ ਕਰਨ ਪਿਛੋਂ ਗੁਰੂ ਜੀ ਨੂੰ ਛੱਡਿਆ ਜਾ ਸਕਦਾ ਹੈ। ਇਕ ਅਮੀਰ ਹਿੰਦੂ (ਚੰਦੂ) ਨੇ ਇਹ ਆਖ ਕੇ ਗੁਰੂ ਜੀ ਦੀ ਸਪੁਰਦਗੀ ਲੈ ਲਈ ਕਿ ਮੈਂ ਜੁਰਮਾਨਾ ਵਸੂਲ ਕਰ ਕੇ ਗੁਰੂ ਜੀ ਨੂੰ ਛੱਡ ਦਿਆਂਗਾ। ਉਸ ਨੇ ਆਪਣੀ ਹਵੇਲੀ ਵਿਚ ਧਮਕੀਆਂ, ਤਸੀਹੇ ਦੇ ਕੇ ਗੁਰੂ ਸਾਹਿਬ ਨੂੰ ਈਨ ਮਨਾਣੀ ਚਾਹੀ। ਹੋ ਸਕਦਾ ਹੈ ਕਿ ਜੇ ਗੁਰੂ ਸਾਹਿਬ ਉਸ ਦੀ ਧੀ ਦਾ ਰਿਸ਼ਤਾ ਪ੍ਰਵਾਨ ਕਰ ਲੈਂਦੇ ਤਾਂ ਉਹ ਜੁਰਮਾਨਾ ਪਲਿਉਂ ਭਰ ਕੇ ਇਸ ਨੂੰ ਗੁਰੂ ਸਾਹਿਬ ਤੋਂ ਵਸੂਲੀ ਵਜੋਂ ਵਿਖਾ ਦਿੰਦਾ। ਪਰ ਗੁਰੂ ਸਾਹਿਬ ਨੇ ਨਾ ਉਸ ਦੀ ਧੀ ਦਾ ਰਿਸ਼ਤਾ ਪ੍ਰਵਾਨ ਕੀਤਾ ਅਤੇ ਨਾ ਜੁਰਮਾਨੇ ਵਜੋਂ ਕੁਝ ਦੇਣਾ ਸਵੀਕਾਰ ਕੀਤਾ। ਚੰਦੂ ਦੀ ਦੇਖ ਰੇਖ ਵਿਚ ਗੁਰੂ ਪਾਤਸ਼ਾਹ ਨੂੰ ਤਸੀਹੇ ਦਿੱਤੇ ਗਏ ਅਤੇ ਗੁਰੂ ਸਾਹਿਬ ਸ਼ਹਾਦਤ ਦਾ ਜਾਮ ਪੀ ਗਏ। ਮਹਿਮਾ ਪ੍ਰਕਾਸ਼ ਇਸ ਬਿਰਤਾਂਤ ਵਲ ਇਉਂ ਸੰਕੇਤ ਕਰਦਾ ਹੈ—

> ਤਬੀ ਦੁਸ਼ਟ (ਚੰਦੂ) ਇਕ ਮਕਰ ਬਣਾਇਆ।
> ਜਹਾਂਗੀਰ ਕੋ ਲੋਭ ਦਿਖਾਇਆ।
> ਯੇ ਸਪੁਰਦ ਹਮਰੇ ਕਰ ਦੀਜੇ।
> ਦੁਇ ਲਾਖ ਰੁਪਇਆ ਹਮ ਸੇ ਲੀਜੈ।...
> ਤਬ ਲਿਖਾਏ ਚੰਦੂ ਸੋ ਲੀਨਾ
> ਸਪੁਰਦ ਮਾਮਲਾ ਤਾ ਕੋ ਕੀਨਾ।

ਕਨ੍ਹਈਆ ਲਾਲ ਦੀ ਤਾਰੀਖ-ਏ-ਪੰਜਾਬ ਅਨੁਸਾਰ ਵੀ ਗੁਰੂ ਸਾਹਿਬ ਨੂੰ ਚੰਦੂ ਦੀ ਸਪੁਰਦਗੀ ਵਿਚ ਰੱਖਿਆ ਗਿਆ। ਚੰਦੂ ਨੇ ਗੁਰੂ ਜੀ ਦਾ ਡੇਰਾ ਆਪਣੀ ਹਵੇਲੀ ਕਰਵਾਇਆ। ਬਾਦਸ਼ਾਹ ਕਸ਼ਮੀਰ ਚਲਾ ਗਿਆ ਅਤੇ ਪਿਛੋਂ ਗੁਰੂ ਜੀ ਚੰਦੂ ਦੇ ਹਵਾਲੇ ਹੀ ਰਹੇ। ਸੂਰਜ ਪ੍ਰਕਾਸ਼ ਦੇ ਕਰਤਾ ਭਾਈ ਸੰਤੋਖ ਸਿੰਘ ਵੱਲੋਂ ਗੁਰੂ ਸਾਹਿਬ ਦੇ ਲਾਹੌਰ ਜਾਣ ਤੋਂ ਪਹਿਲਾਂ ਚੰਦੂ ਅਤੇ ਪ੍ਰਿਥੀ ਚੰਦ ਵਿਚ ਲੰਬੀ ਗੱਲਬਾਤ ਅਤੇ ਮਾੜੇ ਇਰਾਦਿਆਂ ਦੀ ਪੁਸ਼ਟੀ ਕੀਤੀ ਗਈ ਹੈ।

ਲਾਹੌਰੋਂ ਪਰਤੇ ਸਿੱਖਾਂ ਨੇ ਗੁਰੂ ਸਾਹਿਬ ਦੀ ਸ਼ਹੀਦੀ ਦੀ ਖਬਰ ਦਿੱਤੀ। ਬਾਬਾ ਬੁਢਾ ਜੀ ਨੇ ਸੰਗਤਾਂ ਨੂੰ ਹੌਸਲਾ ਦਿੱਤਾ ਅਤੇ ਹਰਿਗੋਬਿੰਦ ਜੀ ਨੂੰ ਕਿਹਾ ਕਿ ਗੁਰੂ ਅਰਜਨ ਪਾਤਸ਼ਾਹ ਦੇ ਆਦੇਸ਼ ਅਨੁਸਾਰ ਹੁਣ ਆਪ ਤਖ਼ਤ ਉਤੇ ਬਿਰਾਜਮਾਨ ਹੋਵੋ। ਲਾਹੌਰੋਂ ਪਰਤੇ ਸਿੱਖਾਂ ਨੇ ਗੁਰੂ ਸਾਹਿਬ ਦੇ ਅੰਤਿਮ ਬਚਨ ਦੱਸੇ—

> ਹਰਿਗੋਬਿੰਦ ਸੰਗ ਜਾਇ ਮਿਲੀਜੈ।
> ਹਮ ਦਿਸ ਤੇ ਬਹੁ ਧੀਰਜ ਦੀਜੈ।....
> ਸਾਯੁਧ ਹੋਹੁ ਤਖ਼ਤ ਪਰ ਰਾਜਹੁ।

ਜਥਾ ਸ਼ਕਤ ਸੈਨਾ ਸੰਗ ਸਾਜਹੁ।...
ਪ੍ਰਥਮ ਗੀਤ ਕਰ ਲੀਜਹਿ ਟੀਕਾ।
ਸਕਲ ਬਡਨ ਸੰਗ ਕਹਿ ਬਚ ਨੀਕਾ।...
ਨਈ ਗੀਤ ਇਕ ਰਣ ਕੀ ਕੀਜੈ
ਅਵਰ ਪ੍ਰਥਮ ਸਮ ਗਤੀ ਚਲੀਜੈ।...
ਹਰਿਗੋਬਿੰਦ ਕੋ ਤਖਤ ਬਿਠਾਵੋ।
ਮੰਗਲ ਅਨਿਕ ਪ੍ਰਕਾਰ ਕਰਾਵੋ। (ਗੁਰ ਪ੍ਰਤਾਪ ਸੂਰਜ ਪ੍ਰਕਾਸ਼ 6)

ਸੂਰਜ ਪ੍ਰਕਾਸ਼ ਦੇ ਕਰਤਾ ਦਾ ਇਹ ਵੀ ਕਹਿਣਾ ਹੈ ਕਿ ਲਾਹੌਰ ਰਵਾਨਾ ਹੋਣ ਤੋਂ ਪਹਿਲਾਂ ਗੁਰੂ ਸਾਹਿਬ ਨੇ ਭਾਈ ਗੁਰਦਾਸ ਬਾਬਾ ਬੁਢਾ ਜੀ ਤੇ ਹੋਰ ਸਿੱਖਾਂ ਨੂੰ ਸੱਦਿਆ ਸੀ। ਉਨ੍ਹਾਂ ਨੂੰ ਕਿਹਾ ਕਿ ਹਰਿਗੋਬਿੰਦ ਜੀ ਗਦੀ ਦੇ ਯੋਗ ਹੋ ਚੁੱਕੇ ਹਨ। ਪਹਿਲੇ ਪੰਜ ਗੁਰੂ ਸ਼ਾਂਤੀ ਸਰੂਪ ਰਹੇ ਹਨ। ਹੁਣ ਇਹ ਸਸ਼ਸਤ੍ਰ ਹੋਣਗੇ। ਉਨ੍ਹਾਂ ਬਾਬਾ ਜੀ ਨੂੰ ਕਿਹਾ ਤੁਸੀਂ ਪਹਿਲਾਂ ਵਾਂਗ ਜ਼ਿੰਮੇਵਾਰੀ ਨਿਭਾਓ। ਲਾਓ ਟਿਕਾ। ਬਾਬਾ ਜੀ ਨੇ ਕਿਹਾ। ਇਹ ਕਿਹਾ ਕੌਤਕ ਹੈ। ਇਹ ਕਾਰਜ ਆਪ ਦੇ ਜੋਤੀ ਜੋਤਿ ਸਮਾਣ ਉਪਰੰਤ ਕਰਨ ਵਾਲਾ ਹੈ—

ਹਾਥ ਜੋਰ ਤਬ ਬਿਰਧ ਬਖਾਨਯੋ
ਇਹ ਕਯਾ ਕੌਤਕ ਰਾਵਰ ਠਾਨਯੋ।
ਜਬ ਹੂੰ ਹੋਤ ਦੇਹ ਕੋ ਅੰਤ।
ਤਬ ਇਸ ਬਿਧ ਕੋ ਹੋਇ ਬਿਰਤੰਤ।

ਫਿਰ ਭੀ ਗੁਰੂ ਪਾਤਸ਼ਾਹ ਨੇ ਰਸਮੀ ਤੌਰ ਉਤੇ ਤਿਲਕ ਲਵਾ ਦਿੱਤਾ ਅਤੇ ਹੁਕਮ ਕੀਤਾ ਕਿ ਮੇਰਾ ਸਰੂਪ ਹੁਣ ਹਰਿਗੋਬਿੰਦ ਨੂੰ ਹੀ ਜਾਣਨਾ। ਬਾਕਾਇਦਾ ਤਖ਼ਤ ਉਤੇ ਤੁਸੀਂ ਬਾਅਦ ਵਿਚ ਦਸਤਾਰ ਬੰਦੀ ਸਮੇਂ ਬਿਠਾ ਦੇਣਾ। ਗੁਰੂ ਹੋਣ ਬਾਰੇ ਹੁਣੇ ਸਭ ਨੂੰ ਦਸ ਦਿਓ—

ਸਾਹਿਬ ਬੁਢੇ ਨਿਕਟ ਤੇ ਕੁੰਕਮ ਮਲਯ ਘਸਾਇ।
ਸੋਢੀ ਕੁਲ ਕੇ ਤਿਲਕ ਕੈ, ਦੀਨੋ ਤਿਲਕ ਕਰਾਇ।
ਰਾਖਹੁ ਗੋਪ ਨਹੀਂ ਬਿਦਤਾਵਹੁ।
ਸਭ ਸੰਗਤ ਕੋ ਸੀਖ ਸਿਖਾਵਹੁ।
ਮਮ ਸਰੂਪ ਸ੍ਰੀ ਹਰਿਗੋਬਿੰਦ।
ਜੋ ਜਾਨਹਿ ਸੋ ਲਹੈ ਆਨੰਦ।
ਹਮ ਪੀਛੈ ਦੀਜਹਿ ਦਸਤਾਰ।
ਸਭ ਬਿਧ ਕਰਹੁ ਮੰਗਲਾਚਾਰ।...
ਚਹੁੰਦਿਸ ਕੋ ਹੋਇ ਮੇਲ ਬਿਸਾਲਾ।
ਤਖ਼ਤ ਬਿਠਾਵਹੁ ਤੁਮ ਤਿਸ ਕਾਲਾ।

ਪੰਚਮ ਪਾਤਸ਼ਾਹ ਦੇ ਉਕਤ ਆਦੇਸ਼ਾਂ ਅਨੁਸਾਰ ਹੀ ਗੁਰੂ ਹਰਿਗੋਬਿੰਦ ਸਾਹਿਬ ਜੀ

ਦੀ ਦਸਤਾਰਬੰਦੀ ਬਾਬਾ ਬੁਢਾ ਜੀ ਨੇ ਸੰਗਤਾਂ ਦੇ ਵੱਡੇ ਇਕੱਠ ਵਿਚ ਗੁਰੂ ਪਾਤਸ਼ਾਹ ਦੀ ਸ਼ਹਾਦਤ ਉਪਰੰਤ ਕੀਤੀ। ਇਸੇ ਸਮੇਂ ਉਨ੍ਹਾਂ ਨੂੰ ਬਾਕਾਇਦਾ ਗਦੀ ਉਤੇ ਬਿਠਾਇਆ ਗਿਆ। ਮੁਖੀ ਸਿੱਖ ਸੇਲੀ ਮਾਲਾ ਤੇ ਮੰਜੀ ਲੈ ਕੇ ਆਏ। ਗੁਰੂ ਸਾਹਿਬ ਨੇ ਕਿਹਾ ਕਿ ਹੁਣ ਇਨ੍ਹਾਂ ਨੂੰ ਧਾਰਨ ਕਰਨ ਦਾ ਸਮਾਂ ਨਹੀਂ ਰਿਹਾ। ਜ਼ਾਲਮਾਂ ਦੇ ਮੁਕਾਬਲੇ ਅਤੇ ਸੰਤਾਂ ਦੀ ਰੱਖਿਆ ਲਈ ਹੁਣ ਸ਼ਸਤਰ ਧਾਰਨ ਕਰਨੇ ਪੈਣਗੇ। ਹੁਣ ਅਸੀਂ ਸਿੱਖਾਂ ਨੂੰ ਸ਼ਸਤਰ ਫੜਾਂਵਾਂਗੇ ਅਤੇ ਯੁੱਧ ਦਾ ਅਭਿਆਸ ਕਰਾਂਵਾਂਗੇ। ਬਾਬਾ ਬੁਢਾ ਜੀ ਨੇ ਕਿਹਾ, ਮਸੰਦ ਤਾਂ ਸੇਲੀ, ਮਾਲਾ ਤੇ ਮੰਜੀ ਲੈ ਕੇ ਆਏ ਹਨ। ਜੇ ਤੁਸੀਂ ਨਵੀਂ ਮਰਿਆਦਾ ਚਲਾਣੀ ਹੈ ਤਾਂ ਤੁਹਾਡੀ ਮਰਜ਼ੀ। ਆਪ ਮਾਲਕ ਹੋ। ਸ਼ਸਤਰ ਧਾਰਨ ਕਰੋ। ਗੁਰੂ ਸਾਹਿਬ ਨੇ ਸੇਲੀ, ਮਾਲਾ ਤੇ ਮੰਜੀ ਤੋਸ਼ੇਖਾਨੇ ਵਿਚ ਭਿਜਵਾ ਦਿੱਤੀਆਂ।

ਸੇਲੀ ਮਾਲਾ ਮੰਜੀ ਲਿਆਏ। ਆਗੇ ਧਰੀ ਗੁਰੂ ਕੇ ਆਏ।....
ਇਹ ਮਸੰਦ ਕਿਆ ਲੇ ਆਏ ? ਅਜਹੂੰ ਨ ਜਾਨੈ ਸਹਿਜ ਸੁਭਾਏ।
ਅਬ ਇਨ ਧਾਰਨ ਨਹਿੰ ਅਧਿਕਾਰਾ। ਸ਼ਾਂਤ ਸਰੂਪ ਜਥਾ ਗੁਰ ਧਾਰਾ।
ਤੁਰਕ ਰਾਜ ਭਏ ਦੁਸ਼ਟ ਬਿਸਾਲੇ। ਕਯਾ ਕੀਨੋ ਸਤਿਗੁਰ ਪਿਤ ਨਾਲੇ।...
ਸੰਤਨ ਕੇਰ ਬਿਰੋਧੀ ਮਾਰੋਂ। ਗਹੌਂ ਸ਼ਸਤਰ ਨਹਿ ਮਾਲਾ ਧਾਰੋਂ।....
ਅਬ ਨਿਜ ਸਿਖਨ ਸ਼ਸਤਰ ਗਹਾਵੇਂ। ਬਿਦਿਆ ਕਰ ਅਭਿਆਸਹਿ ਪਾਵੈਂ।...
ਸੁਣਿ ਬੁਢਾ ਬੋਲਿਓ ਕਰ ਜੋਰਿ। ਗੁਰ ਮਰਜ਼ੀ ਬਿਨ ਬਨਹਿੰ ਨਾ ਹੋਰ।

(ਸੂਰਜ ਪ੍ਰਕਾਸ਼ : ਰਾਸ ਚੌਥੀ)

ਮਸੰਦਾਂ ਨੇ ਮੁਗਲ ਸਾਮਰਾਜ ਦੀ ਤਾਕਤ ਦਾ ਵਾਸਤਾ ਪਾ ਕੇ ਮਾਤਾ ਗੰਗਾ ਜੀ ਨੂੰ ਕਿਹਾ ਕਿ ਉਹ ਗੁਰੂ ਹਰਿਗੋਬਿੰਦ ਜੀ ਨੂੰ ਸ਼ਸਤਰ ਅਤੇ ਟਕਰਾਅ ਵਾਲੇ ਰਾਹ ਤੁਰਨ ਤੋਂ ਵਰਜਨ ਪਰੰਤੂ ਗੁਰੂ ਸਾਹਿਬ ਨੇ ਦਲੀਲਾਂ ਨਾਲ ਸਭ ਨੂੰ ਨਿਰੁਤਰ ਕਰ ਦਿੱਤਾ। ਕੁਝ ਹੀ ਦਿਨ ਪਿਛੋਂ ਆਪ ਅੰਮ੍ਰਿਤ ਵੇਲੇ ਇਸ਼ਨਾਨ ਤੇ ਨਿਤਨੇਮ ਉਪਰੰਤ ਬਾਬਾ ਬੁਢਾ ਜੀ ਨੂੰ ਲੈ ਕੇ ਹਰਿਮੰਦਰ ਸਾਹਿਬ ਦੀ ਪਰਿਕਰਮਾ ਕਰਨ ਲੱਗੇ। ਚਾਰ ਵਾਰ ਪਰਿਕਰਮਾ ਕਰ ਕੇ ਆਪ ਦਰਸ਼ਨੀ ਡਿਓਢੀ ਆਏ ਅਤੇ ਸਾਹਮਣੇ ਪਾਸੇ ਹਥ ਕਰ ਕੇ ਹੁਕਮ ਦਿੱਤਾ : ਇਸ ਉਤਮ ਥਾਂ ਨੂੰ ਸਾਫ ਕਰਵਾ ਕੇ ਬੈਠਨ ਲਈ ਸੁੰਦਰ ਸਥਾਨ ਬਣਾਓ। ਆਪਣੇ ਹੱਥ ਨਾਲ ਉਨ੍ਹਾਂ ਇਟ ਰੱਖੀ ਅਤੇ ਉੱਚਾ ਥੜ੍ਹਾ ਬਣਾਉਣ ਲਈ ਕਿਹਾ। ਸਭ ਪਾਸੇ ਇਸ ਆਦੇਸ਼ ਦੇ ਹੁਕਮਨਾਮੇ ਭੇਜਣ ਲਈ ਆਖਿਆ ਕਿ ਜੋ ਸਿੱਖ ਸ਼ਸਤਰ ਅਤੇ ਘੋੜੇ ਲੈ ਕੇ ਆਵੇਗਾ, ਉਸ ਤੇ ਗੁਰੂ ਖੁਸ਼ ਹੋਵੇਗਾ।

ਹੁਕਮ ਮੰਨਦੇ ਹੋਏ ਹੁਕਮਨਾਮੇ ਭੇਜ ਦਿੱਤੇ ਗਏ ਕਿ ਛੇਵੇਂ ਗੁਰੂ ਤਖ਼ਤ ਉਤੇ ਸਜ ਗਏ ਹਨ। ਆਓ ਉਨ੍ਹਾਂ ਦੇ ਦਰਸ਼ਨ ਕਰੋ। ਗੁਰੂ ਦੀਆਂ ਖੁਸ਼ੀਆਂ ਲੈਣੀਆਂ ਹਨ ਤਾਂ ਵਧੀਆ ਸ਼ਸਤਰ ਅਤੇ ਘੋੜੇ ਲੈ ਕੇ ਆਓ। ਦਿੱਲੀ, ਆਗਰਾ, ਪਟਨਾ, ਕਾਸ਼ੀ, ਕਾਬਲ ਕੰਧਾਰ ਤੇ ਪਿਸ਼ਾਵਰ, ਦੂਰ ਦੂਰ ਤਕ ਇਹ ਹੁਕਮਨਾਮੇ ਭੇਜੇ ਗਏ। ਸੂਰਜ ਪ੍ਰਕਾਸ਼ ਇਸ ਦੀ ਗਵਾਹੀ ਇਉਂ ਦਿੰਦਾ ਹੈ—

ਸ੍ਰੀ ਹਰਿਮੰਦਰ ਬੰਦਨ ਕਰੇ। ਚਤੁਰ ਪ੍ਰਦਖਨ ਕੇ ਹਿਤ ਫਿਰੇ।

ਬਹੁਰ ਆਇ ਦਰਸ਼ਨੀ ਪੌਰ। ਪਿਖ ਅਕਾਲ ਬੁੰਗੇ ਕੀ ਠੌਰ।
ਆਇਸ ਦਈ : ਸੁਥਲ ਸੁਧਰਾਵਹੁ। ਹਿਤ ਬੈਠਕ ਕੇ ਚਾਰ ਬਣਾਵੋ।
ਪ੍ਰਥਮ ਆਪਨੇ ਲੇਕਰ ਹਾਥ। ਧਰੀ ਈਟ ਬਲ ਤੇਜ ਕੇ ਸਾਥ।
ਕਹਯੋਂ : ਕੁਛ ਊਚਾ ਥਲ ਕਰੋ। ਜਹਿਂ ਲਗ ਪੌਰ ਟੇਕ ਸਮ ਧਰੋ।
ਬਹੁਰ ਹੁਕਮ ਕੀਨਸ ਫਰਮਾਵਨਿ। ਕਰਹੁ ਹੁਕਮਨਾਮੇ ਲਿਖਵਾਵਨ।
ਚਹੁੰ ਦਿਸ਼ ਮਹਿ ਮਸੰਦ ਜੋ ਭਾਰੀ। ਤਿਨ ਪਰ ਆਇਸ ਲਿਖੋ ਹਮਾਰੀ।
ਜੋ ਸਿਖ ਆਨਹਿ ਸ਼ਸਤ੍ਰ ਤੁਰੰਗਾ। ਹੋਏ ਖੁਸ਼ੀ ਗੁਰ ਕੀ ਸੁਖ ਸੰਗਾ।

ਦੂਜੇ ਪਾਸੇ ਨਵਾਂ-ਨਵਾਂ ਤਖਤ ਉਤੇ ਬੈਠਾ ਜਹਾਂਗੀਰ ਆਪਣੀ ਸਥਿਤੀ ਮਜ਼ਬੂਤ ਕਰਨ ਲਈ ਕਦਮ ਚੁੱਕਣ ਲੱਗਾ। ਪੰਜਾਬ ਵਿਚ ਕਟੜ ਪ੍ਰਸਤ ਮੁਜਦਿਦ ਅਲਿਫ਼ਥਾਨੀ ਦੇ ਅਨੁਯਾਈ ਮੁਰਤਜ਼ਾ ਖਾਨ ਦੀ ਤਾਕਤ ਵੱਧ ਰਹੀ ਸੀ। ਖੁਸਰੋ ਨੂੰ ਖਤਮ ਕਰਨ ਅਤੇ ਗੁਰੂ ਅਰਜਨ ਸਾਹਿਬ ਨੂੰ ਸ਼ਹੀਦ ਕਰਵਾਉਣ ਉਪਰੰਤ ਜਹਾਂਗੀਰ ਨੂੰ ਲੱਗਾ ਕਿ ਮੁਰਤਜ਼ਾ ਖਾਨ ਕਿਤੇ ਉਸੇ ਲਈ ਹੀ ਖਤਰਾ ਨਾ ਬਣ ਜਾਵੇ। ਇਸ ਲਈ ਉਸ ਨੇ ਉਸ ਨੂੰ ਤੁਰੰਤ ਪੰਜਾਬ ਤੋਂ ਦੂਰ ਗੁਜਰਾਤ ਭੇਜ ਦਿੱਤਾ। ਉਸ ਦੀ ਥਾਂ ਸੈਦ ਖਾਨ ਨੂੰ ਪੰਜਾਬ ਸੰਭਾਲ ਦਿੱਤਾ। ਤਾਕਤ ਇਕ ਹੱਥ ਵਿਚ ਕੇਂਦਰਿਤ ਨਾ ਹੋਵੇ ਅਤੇ ਕੋਈ ਵੀ ਆਪਣੀ ਜੜ੍ਹ ਬਹੁਤੀ ਮਜ਼ਬੂਤ ਨਾ ਕਰੇ। ਸ਼ਾਇਦ ਇਸੇ ਕਾਰਨ ਬਾਦਸ਼ਾਹ ਨੇ ਸਾਲ ਕੁ ਬਾਅਦ ਸੈਦ ਖਾਨ ਦੀ ਥਾਂ ਕੁਲੰਜ ਖਾਨ ਨੂੰ ਪੰਜਾਬ ਦਾ ਗਵਰਨਰ ਬਣਾ ਦਿੱਤਾ। ਤਿੰਨ ਕੁ ਸਾਲ ਬਾਅਦ ਉਸ ਨੂੰ ਪੁੱਟ ਕੇ 1610 ਵਿਚ ਮੁੜ ਮੁਰਤਜ਼ਾ ਖਾਨ ਨੂੰ ਲੈ ਆਂਦਾ। ਪ੍ਰਤੀਤ ਹੁੰਦਾ ਹੈ ਕਿ 1606 ਤੋਂ 1610 ਦੌਰਾਨ ਗੁਰੂ ਹਰਿਗੋਬਿੰਦ ਸਾਹਿਬ ਦੀ ਵਧੀ ਹੋਈ ਤਾਕਤ ਅਤੇ ਪ੍ਰਭਾਵ ਨੂੰ ਵੇਖ ਕੇ ਹੀ ਜਹਾਂਗੀਰ ਨੇ ਮੁੜ ਹੰਢੇ ਵਰਤੇ ਜਰਨੈਲ ਮੁਰਤਜ਼ਾ ਖਾਨ ਨੂੰ ਪੰਜਾਬ ਲਿਆਂਦਾ।

ਉਧਰ ਗੁਰੂ ਹਰਿਗੋਬਿੰਦ ਸਾਹਿਬ ਨੇ ਗੁਰਗਦੀ ਸੰਭਾਲਣ ਤੋਂ ਛੇਤੀ ਹੀ ਪਿਛੋਂ 1606 ਈ. ਵਿਚ ਹਾੜ ਦੇ ਮਹੀਨੇ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਕਰ ਦਿੱਤੀ। ਆਪ ਨੂੰ ਗੁਰਗਦੀ ਦੀ ਬਖਸ਼ਿਸ਼ ਤਾਂ ਜੇਠ 1606 ਵਿਚ ਹੋ ਗਈ ਸੀ। ਇਹ ਵੱਖਰੀ ਗੱਲ ਹੈ ਕਿ ਗੁਰੂ ਅਰਜਨ ਦੇਵ ਜੀ ਪਹਿਲੀ ਹਾੜ ਨੂੰ ਜੋਤੀ ਜੋਤਿ ਸਮਾਏ ਸਨ। ਗੁਰਬਿਲਾਸ ਦੇ ਬੋਲ ਹਨ—

ਹਾੜ ਪ੍ਰਿਥਮ ਏਕਮ ਥਿਤ ਮਾਹੀ।
ਹਰਿਗੋਬਿੰਦ ਗੁਰ ਪਾਗ ਬੰਧਾਹੀ।...
ਹਾੜ ਪੰਚ ਪੰਚਮੀ ਜਾਨ। ਸ੍ਰੀ ਗੁਰੂ ਉਦਮ ਕੀਨ ਮਹਾਨ।
ਗੁਰਦਾਸ ਬੁਢੇ ਕੋ ਲੈ ਨਿਜਸਾਥ। ਤਖ਼ਤ ਆਰੰਭ ਕਰ ਦੀਨਾ ਨਾਥ।
ਕਿਸੀ ਰਾਜ ਨਹਿ ਹਾਥ ਲਗਾਯੋ।
ਬੁਢੇ ਅਰ ਗੁਰਦਾਸ ਬਨਾਯੋ।

ਐਨਸਾਈਕਲੋਪੀਡੀਆ ਆਫ ਸਿਖਿਜ਼ਮ ਦੇ ਸੰਪਾਦਕ ਪ੍ਰੋ. ਹਰਬੰਸ ਸਿੰਘ, ਗੋਲਡਨ ਟੈਂਪਲ ਪਾਸਟ ਐਂਡ ਪਰੈਜ਼ੈਂਟ ਦੀ ਲੇਖਿਕਾ ਡਾ. ਮਦਨਜੀਤ ਕੌਰ, ਏ ਸ਼ਾਰਟ ਹਿਸਟਰੀ

ਆਫ਼ ਸਿਖਜ਼ ਦੇ ਲੇਖਕ ਪ੍ਰੋ. ਤੇਜਾ ਸਿੰਘ ਤੇ ਡਾ. ਗੰਡਾ ਸਿੰਘ- ਸਾਰੇ ਹਾੜ 1606 ਈ. ਵਿਚ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਨੂੰ ਸਵੀਕਾਰ ਕਰਦੇ ਹਨ। ਗੁਰੂ ਹਰਿਗੋਬਿੰਦ ਸਾਹਿਬ ਦੀ ਮਾਨਸਿਕਤਾ, ਵਿਹਾਰ ਅਤੇ ਪਰਿਸਥਿਤੀਆਂ ਸਾਰੇ ਇਸੇ ਨਿਰਣੇ ਉਤੇ ਪੁਚਾਂਦੇ ਹਨ। ਇਹ ਵੱਖਰੀ ਗੱਲ ਹੈ ਕਿ ਆਪ 1606 ਵਿਚ ਹੀ ਕੁਝ ਸਮੇਂ ਲਈ ਡਰੋਲੀ ਵੀ ਗਏ। ਡਰੋਲੀ ਵਿਚ ਹੀ ਆਪ ਦੇ ਸਾਹਿਬਜ਼ਾਦੇ ਗੁਰਦਿੱਤਾ ਜੀ ਦਾ ਜਨਮ ਹੋਇਆ। ਇਸੇ ਕਰਕੇ ਕੁਝ ਇਤਿਹਾਸਕਾਰ ਅਕਾਲ ਤਖ਼ਤ ਦੀ ਸਥਾਪਨਾ 1609 ਵਿਚ ਹੋਈ ਮੰਨਦੇ ਹਨ। ਉਹ ਇਹ ਵੀ ਕਹਿੰਦੇ ਹਨ ਕਿ ਉਸ ਸਮੇਂ ਪੰਜਾਬ ਵਿਚ ਹਕੂਮਤ ਕੁਲੰਜ ਖ਼ਾਨ ਦੇ ਹਵਾਲੇ ਸੀ ਜੋ ਸਹਿਨਸ਼ੀਲ, ਸੰਜਮੀ ਅਤੇ ਦਰਵੇਸ਼ ਹਾਕਮ ਸੀ। ਉਂਜ ਵੀ ਉਦੋਂ ਤੱਕ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦੀ ਗੱਲ ਪੁਰਾਣੀ ਹੋ ਚੁੱਕੀ ਸੀ ਅਤੇ ਸਰਕਾਰ ਗੁਰੂ ਘਰ ਤੋਂ ਕਿਸੇ ਵੀ ਖਤਰੇ ਪ੍ਰਤੀ ਨਿਸ਼ਚਿੰਤ ਹੋ ਚੁੱਕੀ ਸੀ।

ਅਕਾਲ ਤਖ਼ਤ ਦੀ ਸਥਾਪਨਾ ਬਾਰੇ ਕਿਸੇ ਦੀ ਕੋਈ ਵੀ ਰਾਏ ਹੋਵੇ, ਗੁਰੂ ਹਰਿਗੋਬਿੰਦ ਸਾਹਿਬ ਦੇ ਦ੍ਰਿੜ ਇਰਾਦੇ, ਨਵੀਂ ਨੀਤੀ ਅਤੇ ਨਿਸ਼ਚਿਤ ਸੇਧ ਬਾਰੇ ਕਿਸੇ ਨੂੰ ਕੋਈ ਭੁਲੇਖਾ ਨਹੀਂ ਹੋ ਸਕਦਾ। ਉਹ ਚੁਸਤੀ ਫੁਰਤੀ ਨਾਲ ਜਦੋਂ ਜਿਥੇ ਚਾਹੇ ਜਾ ਸਕਦੇ ਹਨ। ਪਰਿਵਾਰ ਨੂੰ ਡਰੋਲੀ ਛੱਡ ਕੇ ਵਾਪਸ ਹਰਿਮੰਦਰ ਸਾਹਿਬ ਵੀ ਆ ਸਕਦੇ ਹਨ। ਉਨ੍ਹਾਂ ਨੂੰ ਇਸ ਗੱਲ ਦਾ ਕੋਈ ਫਿਕਰ ਨਹੀਂ ਸੀ ਕਿ ਹਾਕਮਾਂ ਦੀ ਨਜ਼ਰ ਸਵੱਲੀ ਹੈ ਜਾਂ ਕੈਰੀ। ਨੀਤੀਗਤ ਫ਼ੈਸਲੇ ਤਤਕਾਲਕ ਪਰਿਸਥਿਤੀਆਂ ਦੇ ਮੁਥਾਜ ਨਹੀਂ ਹੁੰਦੇ। ਸਮੁੱਚੀ ਸਿੱਖ ਪਰੰਪਰਾ ਗੁਰੂ ਪਾਤਸ਼ਾਹ ਦੇ ਤਖ਼ਤ ਉਤੇ ਬਿਰਾਜਨ ਸਾਰ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਪਹਿਣਨ, ਅਕਾਲ ਤਖ਼ਤ ਸਥਾਪਤ ਕਰਨ, ਘੋੜਿਆਂ ਸ਼ਸਤਰਾਂ ਲਈ ਹੁਕਮਨਾਮੇ ਭੇਜਣ ਅਤੇ ਸ਼ਸਤਰ ਬਧ ਹੋ ਕੇ ਵਿਚਰਨ ਦੇ ਗੁਰੂ ਸਾਹਿਬ ਦੇ ਵਿਹਾਰ ਦੀ ਪੁਸ਼ਟੀ ਕਰਦੀ ਹੈ। ਗੁਰੂ ਪਾਤਸ਼ਾਹ ਦੀ ਦਸਤਾਰਬੰਦੀ, ਸ਼ਾਨ ਸ਼ੌਕਤ ਅਤੇ ਦੋ ਤਲਵਾਰਾਂ ਬਾਰੇ ਢਾਡੀ ਅਬਦੁਲ ਅਤੇ ਨੱਥ ਮੱਲ ਦੀਆਂ ਵਾਰਾਂ ਕੁਝ ਇੰਜ ਦੱਸਦੀਆਂ ਹਨ—

1. ਛਬ ਬਰਨੀ ਨਹਿੰ ਜਾਇ ਕਹੂੰ ਕਿਆ ਗਾਇਕੈ।
ਰਵਿ ਸਸ ਭਏ ਮਲੀਨ ਸੋ ਦਰਸ ਦਿਖਾਇ ਕੈ।
ਸ੍ਰੀ ਗੁਰੂ ਤਖ਼ਤ ਬਿਰਾਜੇ ਪ੍ਰਭੂ ਧਿਆਏ ਕੈ।
ਮੀਰ ਅਬਦੁਲ ਅਰ ਨਥ ਜਸ ਕਹੇ ਬਣਾਏ ਕੈ।

2. ਦੋ ਤਲਵਾਰੀ ਬਧੀਆਂ ਇਕ ਮੀਰੀ ਦੀ ਇਕ ਪੀਰ ਦੀ।
ਇਕ ਅਜ਼ਮਤ ਦੀ ਤੇ ਰਾਜ ਦੀ, ਇਕ ਰਾਖੀ ਕਰੇ ਫਕੀਰ ਦੀ।
ਹਿੰਮਤ ਬਾਹਾਂ ਕੋਟ ਗੜ, ਦਰਵਾਜ਼ਾ ਬਲਖ ਬਖੀਰ ਜੀ।
ਨਾਲ ਸਿਪਾਹੀ ਨੀਲ ਨਲ, ਮਾਰ ਦੁਸ਼ਟਾਂ ਕਰੇ ਤਗੀਰ ਜੀ।
ਪਗ ਤੇਰੀ, ਕੀ ਜਹਾਂਗੀਰ ਦੀ।

ਤਖ਼ਤ ਉਤੇ ਬਿਰਾਜ ਕੇ ਗੁਰੂ ਪਾਤਸ਼ਾਹ ਨੇ ਸੰਗਤ ਨੂੰ ਕਿਹਾ—ਅੱਜ ਤੋਂ ਮੇਰੀ

ਪਿਆਰੀ ਭੇਟਾ ਵਧੀਆ ਸ਼ਸਤਰ ਅਤੇ ਚੰਗੀ ਜਵਾਨੀ ਹੋਵੇਗੀ। ਮੇਰੀ ਖੁਸ਼ੀ ਇਸੇ ਵਿਚ ਹੈ ਕਿ ਤੁਸੀਂ ਵਰਜ਼ਿਸ਼ ਕਰੋ, ਕੁਸ਼ਤੀਆਂ ਲੜੋ, ਸ਼ਿਕਾਰ ਕਰੋ। ਤੁਸੀਂ ਜ਼ਾਲਮ ਤੇ ਜ਼ੁਲਮ ਦੇ ਟਾਕਰੇ ਲਈ ਤਲਵਾਰ ਫੜੋ। ਜਿੰਨੀ ਦੇਰ ਜ਼ੁਲਮ ਨਹੀਂ ਮੁਕਦਾ ਤੁਹਾਡੀ ਤਲਵਾਰ ਚਲਦੀ ਰਹੇ। ਸਾਰੇ ਪੰਜਾਬ ਵਿਚ, ਸਾਰੇ ਦੇਸ਼ ਵਿਚ ਫੈਲ ਜਾਓ। ਲੋਕਾਂ ਨੂੰ ਜਗਾਓ। ਸਭ ਨੂੰ ਮੇਰਾ ਸੁਨੇਹਾ ਦਿਓ ਕਿ ਗੁਰੂ ਨੂੰ ਤੁਹਾਡੀ ਲੋੜ ਹੈ। ਮੌਤ ਤੋਂ ਨਾ ਡਰੋ। ਇਸ ਨਾਲ ਅਖ ਵਿਚ ਅਖ ਪਾ ਕੇ ਗੱਲ ਕਰੋ। ਗੁਲਾਮ ਬੰਦੇ ਦਾ ਕੀ ਜੀਵਨ ਹੈ। ਅਣਖ ਨਾਲ ਜੀਣਾ ਸਿਖੋ। ਦੁਨੀਆਂ ਦੇ ਝੂਠੇ ਹਾਕਮਾਂ ਤੋਂ ਡਰਨ ਦੀ ਲੋੜ ਨਹੀਂ। ਪਾਤਸ਼ਾਹਾਂ ਦੇ ਪਾਤਸ਼ਾਹ ਅਕਾਲ ਪੁਰਖ ਦਾ ਓਟ ਆਸਰਾ ਲਓ। ਸਾਰੇ ਡਰ ਭੈ ਮੁਕ ਜਾਣਗੇ। ਆਪਣੀ ਘੱਟ ਗਿਣਤੀ ਦਾ ਫਿਕਰ ਨਾ ਕਰੋ। ਤੁਸੀਂ ਥਾਂ-ਥਾਂ ਖਿੰਡੇ ਨਿੱਕੇ ਨਿੱਕੇ ਚਸ਼ਮੇ ਹੋ। ਇਕੱਠੇ ਹੋਕੇ ਮੂੰਹ ਜ਼ੋਰ ਦਰਿਆ ਬਣ ਸਕਦੇ ਹੋ। ਇਕੋ ਤੀਲੀ ਸਾਰਾ ਜੰਗਲ ਫੂਕ ਸਕਦੀ ਹੈ। ਤੁਸੀਂ ਅਗ ਅਤੇ ਸੇਕ ਨਾਲ ਭਰੇ ਉਹੀ ਇਨਸਾਨ ਹੋ ਜਿਨ੍ਹਾਂ ਦੇ ਮਹਿਬੂਬ ਗੁਰੂ ਨੂੰ ਤੱਤੀ ਤਵੀ ਉਤੇ ਬਿਠਾ ਕੇ ਸ਼ਹੀਦ ਕੀਤਾ ਗਿਐ।

ਇੰਜ ਹੀ ਆਪ ਨੇ ਕਵੀਆਂ ਅਤੇ ਢਾਡੀਆਂ ਨੂੰ ਬੀਰ ਰਸੀ ਰਚਨਾਵਾਂ ਲਿਖਣ ਅਤੇ ਗਾਉਣ ਲਈ ਪ੍ਰੇਰਿਆ। ਨਤੀਜਾ ਇਹ ਕਿ ਵਧੀਆ ਅਤੇ ਕੀਮਤੀ ਸ਼ਸਤਰ ਤੇ ਘੋੜੇ ਗੁਰੂ ਸਾਹਿਬ ਕੋਲ ਆਉਣ ਲੱਗੇ। ਦੂਰੋਂ ਨੇੜਿਉਂ ਜੋਸ਼ ਨਾਲ ਭਰੇ ਗਭਰੂ ਉਨ੍ਹਾਂ ਨਾਲ ਜੁੜਨ ਲੱਗੇ। ਕਿਰਪਾਨਾਂ, ਢਾਲਾਂ, ਨੇਜ਼ੇ, ਬਰਛੇ, ਤੀਰ, ਕਟਾਰਾਂ, ਬੰਦੂਕਾਂ, ਖੰਡੇ ਵੇਖ ਵੇਖ ਸੂਰਮੇ ਜੋਸ਼ ਨਾਲ ਭਰ ਜਾਂਦੇ। ਚੁਸਤ, ਸੋਹਣੇ ਤੇ ਚੰਚਲ ਘੋੜਿਆਂ ਦਾ ਤਬੇਲਾ ਗੁਰੂ ਸਾਹਿਬ ਕੋਲ ਬਣ ਗਿਆ। ਜਦੋਂ ਹੀ ਕੋਈ ਯੋਧਾ ਆਉਂਦਾ ਗੁਰੂ ਪਾਤਸ਼ਾਹ ਆਪਣੇ ਕੋਲ ਰੱਖ ਲੈਂਦੇ। ਗੁਰੂ ਸਾਹਿਬ ਦੀ ਪਸੰਦ ਅਤੇ ਖੁਸ਼ੀ ਦਾ ਸਭ ਨੂੰ ਪਤਾ ਲੱਗ ਗਿਆ ਸੀ। ਭਾਈ ਸੰਤੋਖ ਸਿੰਘ ਇਸ ਮਾਹੌਲ ਦਾ ਨਕਸ਼ਾ ਇਉਂ ਪੇਸ਼ ਕਰਦੇ ਹਨ—

ਖੜਗ ਸਿਪਰ ਬਿਧਿ ਬਿਬਿਧ ਤੁਫੰਗ।
ਚਪਲ ਬਲੀ ਤਨ ਰੁਚਿਰ ਤਰੰਗ।
ਜਮਧਰ ਤਰਕਸ਼ ਧਨੁਸ਼ ਕਰਾਲੇ।
ਖੰਜਰ ਖੰਡੇ ਖਰ ਕਰਿ ਭਾਲੇ।
ਤੋਮਰ ਸਾਂਗਨ ਖਪਰੇ ਤੀਰਨ।
ਤਿਨ ਕੇ ਪਿਖਤ ਅਨੰਦ ਹੋਏ ਬੀਰਨ।
ਸਸ਼ਤਰਨ ਕੇ ਸਮੂਹ ਹੋਇ ਗਯੋ।
ਬਾਜੀ ਚਪਲ ਤਬੇਲਾ ਭਯੋ।...
ਜਿਹ ਜਿਹ ਨੀਕੋ ਲਿਆਇ ਤਰੰਗ। ਕੈ ਖੰਡਾ ਖਰ ਖੜਗ ਖਤੰਗ।
ਤੋਮਰ ਤਬਰ ਤਮਾਂਚ ਤੁਫੰਗ। ਸੇਲ ਸਰਾਸਨ ਸਾਂਗ ਸੁਰੰਗ।....
ਸੰਗਤ ਮਹਿ ਪਰਸਿੱਧ ਭਈ ਬਾਤ। ਸ਼ਸਤ੍ਰ ਤਰੰਗ ਤੇ ਗੁਰ ਹਰਖਾਤ।....
ਦਿਯੋ ਹੁਕਮ ਬਡ ਬਨੈ ਤਬੇਲਾ। ਤੁਰੰਗ ਦਾਸ ਗਨ ਕਰੋ ਸਕੇਲਾ।
ਜੋਧਾ ਆਏ ਰਹਿਨ ਕੋ ਜਬੈ। ਰਾਖ ਲੇਹੋ ਹਮ ਸੋਂ ਕਹਿ ਤਬੈ।

ਗੁਰੂ ਸਾਹਿਬ ਦੋ ਤਲਵਾਰਾਂ, ਤੀਰਾਂ ਦਾ ਭਥਾ ਤੇ ਕਮਾਨ ਨਾਲ ਰਖਦੇ। ਸ਼ਾਹੀ ਤਾਕਤ ਦਾ ਪ੍ਰਤੀਕ ਬਾਜ਼, ਕਲਗੀ, ਕੀਮਤੀ ਬਸਤਰ, ਸਜਾਵਟੀ ਦਸਤਾਰ, ਘੋੜਾ ਅਤੇ ਸ਼ਿਕਾਰ ਉਨ੍ਹਾਂ ਨੂੰ ਇਕ ਸ਼ਹਿਨਸ਼ਾਹ ਦੀ ਦਿਖ ਦਿੰਦੇ। ਇਸ ਦੇ ਬਾਵਜੂਦ ਉਹ ਪਹਿਲੇ ਸਤਿਗੁਰਾਂ ਵਾਂਗ ਬਾਣੀ ਅਤੇ ਨਿਤਨੇਮ ਵਿਚ ਵੀ ਸ਼ਾਮਿਲ ਹੁੰਦੇ। ਪਹਿਰ ਰਾਤ ਹੀ ਉਠ ਕੇ ਸਿਮਰਨ ਤੇ ਸ਼ਾਮ ਸੋਦਰ ਦੀ ਚੌਂਕੀ ਵਿਚ ਸ਼ਾਮਿਲ ਹੁੰਦੇ। ਕੁਝ ਹੀ ਦਿਨਾਂ ਪਿੱਛੋਂ ਵੀਹ-ਵੀਹ ਪੰਝੀ-ਪੰਝੀ ਸਾਲ ਦੇ ਚਾਰ ਸੌ ਮੁਛ ਫੁਟ ਗਭਰੂ ਉਨ੍ਹਾਂ ਕੋਲ ਆਏ। ਗੁਰੂ ਸਾਹਿਬ ਨੇ ਸਭ ਨੂੰ ਆਪਣੇ ਕੋਲ ਰੱਖ ਲਿਆ। ਸਭ ਨੂੰ ਘੋੜੇ ਤੇ ਸ਼ਸਤਰ ਦਿੱਤੇ। ਸ਼ਸਤਰ ਅਭਿਆਸ ਕਰਾਇਆ। ਸਿੱਖਾਂ ਨੂੰ ਨਾਲ ਲੈ ਕੇ ਸ਼ਿਕਾਰ ਉਤੇ ਚੜ੍ਹਦੇ ਤਾਂ ਅੱਗੇ-ਅੱਗੇ ਝੰਡੇ ਝੂਲਦੇ ਤੇ ਨਗਾਰੇ ਵੱਜਦੇ। ਭਾਈ ਸੰਤੋਖ ਸਿੰਘ ਦਸਦੇ ਹਨ ਕਿ ਦੂਰ ਦੱਖਣ ਦੇ ਕਿਸੇ ਰਾਜੇ ਨੇ ਉਨ੍ਹਾਂ ਨੂੰ ਇਕ ਹਾਥੀ ਭੀ ਭੇਟ ਕੀਤਾ। ਇਕ ਸਹਿਨਸ਼ਾਹ ਵਾਂਗ ਚੋਣਵੇਂ ਬਵੰਜਾ ਸੂਰਮੇ ਆਪ ਨਾਲ ਅੰਗ ਰੱਖਿਅਕ ਦਸਤੇ ਵਜੋਂ ਰਹਿੰਦੇ। ਪਹਿਲੇ ਦਿਨ ਹੀ ਆਏ ਚਾਰ ਸੌ ਜਵਾਨਾਂ ਨੂੰ ਆਪ ਨੇ ਸੌ ਸੌ ਦੇ ਜਥਿਆਂ ਵਿਚ ਵੰਡ ਕੇ ਭਾਈ ਬਿਧੀ ਚੰਦ, ਭਾਈ ਪੈੜਾ, ਭਾਈ ਜੇਠਾ ਤੇ ਭਾਈ ਪਿਰਾਣਾ ਨੂੰ ਉਨ੍ਹਾਂ ਦੀ ਕਮਾਨ ਸੌਂਪ ਦਿੱਤੀ। ਇੰਜ ਇਹ ਚਾਰੇ ਇਕ ਪ੍ਰਕਾਰ ਨਾਲ ਗੁਰੂ ਕੀ ਫੌਜ ਦੇ ਪਹਿਲੇ ਚਾਰ ਸੈਨਾਪਤੀ ਬਣੇ—

ਬਿਧੀਆ ਪੈੜਾ ਔਰਾ ਪਿਰਾਣਾ
ਚੌਥਾ ਜੇਠਾ ਕਰੋ ਬਖਾਣਾ।
ਸਹਸ ਸਹਸ ਤਾਬਿਆ ਤਿਨ ਦੀਏ।
ਚਾਰੋਂ ਸਿਖ ਸੈਨਾਪਤਿ ਕੀਏ।

ਗੁਰੂ ਪਾਤਸ਼ਾਹ ਦੀ ਨਿਤਾ ਪ੍ਰਤਿ ਦੀ ਕ੍ਰਿਆ ਭਗਤੀ ਅਤੇ ਸ਼ਕਤੀ ਦਾ ਸੁਮੇਲ ਸੀ। ਅੰਮ੍ਰਿਤ ਵੇਲੇ ਜਾਗਣਾ। ਇਸ਼ਨਾਨ ਤੇ ਪਾਠ। ਪਾਠ ਦੌਰਾਨ ਹੁਕਮ ਸੀ ਕਿ ਕੋਈ ਨਾ ਬੁਲਾਵੇ। ਪਾਠ ਉਪਰੰਤ ਆਸਾ ਦੀ ਵਾਰ ਲਈ ਦਰਬਾਰ ਸਾਹਿਬ ਪਹੁੰਚਦੇ। ਭੋਗ ਉਪਰੰਤ ਆਪ ਬੀਰਰਸ ਭਰਪੂਰ ਕਥਾ ਕਰਦੇ। ਕਥਾ ਉਪਰੰਤ ਮੁੜ ਕੀਰਤਨ। ਕੀਰਤਨ ਦਾ ਪ੍ਰਵਾਹ ਚਲਦਾ ਰਹਿੰਦਾ। ਕੁਝ ਆਰਾਮ ਉਪਰੰਤ ਸ਼ਿਕਾਰ ਲਈ ਨਿਕਲਦੇ। ਸ਼ਾਮ ਨੂੰ ਤਖ਼ਤ ਉਤੇ ਬੈਠ ਕੇ ਲੋਕਾਂ ਦੇ ਉਲਝੇ ਮਾਮਲੇ ਸੁਲਝਾਂਦੇ। ਫਿਰ ਸੋਦਰ, ਕਾਨੜੇ ਦੀ ਚੌਂਕੀ ਅਤੇ ਕੀਰਤਨ ਸੋਹਲੇ ਤਕ ਦਰਬਾਰ ਸਾਹਿਬ ਦੀ ਹਾਜ਼ਰੀ ਉਪਰੰਤ ਬਿਸਰਾਮ ਕਰਦੇ। ਕਥਾ ਕੀਰਤਨ ਤੇ ਪਾਠ ਦੇ ਨਾਲ-ਨਾਲ ਬੀਰਰਸੀ ਵਾਰਾਂ ਦਾ ਗਾਇਨ ਵੀ ਆਪ ਕਰਵਾਂਦੇ। ਆਪ ਦੀ ਇਸ ਨਿਤ ਕ੍ਰਿਆ ਬਾਰੇ ਗੁਰਬਿਲਾਸ ਅਤੇ ਸੂਰਜ ਪ੍ਰਕਾਸ਼ ਦੋਵੇਂ ਗ੍ਰੰਥਾਂ ਵਿਚ ਵਿਸਤ੍ਰਿਤ ਵਰਣਨ ਪ੍ਰਾਪਤ ਹਨ।

ਗੁਰੂ ਸਾਹਿਬ ਨੇ ਰਾਤ ਨੂੰ ਹਰਿਮੰਦਰ ਸਾਹਿਬ ਦੇ ਆਸ ਪਾਸ ਬਿਗਲਾਂ ਦੀ ਗੂੰਜ, ਤੇਜ਼ ਰੌਸ਼ਨੀਆਂ ਅਤੇ ਬੀਰ ਰਸ ਸੰਚਾਰਿਤ ਕਰਨ ਵਾਲੀਆਂ ਧੁਨਾਂ ਵਿਚ ਸ਼ਬਦਾਂ ਦਾ ਗਾਇਨ ਸ਼ੁਰੂ ਕਰਾਇਆ। ਆਪ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਕਸਰਤ ਤੇ ਕੁਸ਼ਤੀਆਂ ਦੇ ਮੁਕਾਬਲੇ ਵੀ ਕਰਵਾਂਦੇ। ਗੁਰੂ ਸਾਹਿਬ ਨਾਲ ਸਿੱਖਾਂ ਦਾ ਪ੍ਰੇਮ ਹੀ ਇੰਨਾ

ਸੀ ਕਿ ਉਹ ਲੰਗਰ ਅਤੇ ਵਰ੍ਹੇ ਛਿਮਾਹੀ ਇਕ ਜੋੜੀ ਕਪੜਿਆਂ ਦੀ ਬਖਸ਼ਿਸ ਨਾਲ ਹੀ ਗੁਰੂ ਘਰ ਨੂੰ ਆਪਣਾ ਤਨ ਮਨ ਸਮਰਪਿਤ ਕਰ ਦਿਦੇ। ਮੋਹਸਿਨ ਫਾਨੀ ਅਨੁਸਾਰ ਆਪ ਦੇ ਤਬੇਲੇ ਵਿਚ ਸਤ ਸੌ ਘੋੜੇ, ਤਿੰਨ ਸੌ ਸਵਾਰ ਅਤੇ ਸੱਠ ਤੋਪਚੀ ਹਰ ਵੇਲੇ ਤਿਆਰ ਬਰ ਤਿਆਰ ਰਹਿੰਦੇ। ਜ਼ਾਲਮ ਹਕੂਮਤ ਤੋਂ ਪਰੇਸ਼ਾਨ ਜੋ ਬੰਦਾ ਵੀ ਆਪ ਦੀ ਸ਼ਰਨ ਆਉਂਦਾ, ਆਪ ਉਸ ਨੂੰ ਗੱਲ ਨਾਲ ਲਾਂਦੇ। ਉਸ ਦੀ ਦੁਖ ਤਕਲੀਫ਼ ਦੂਰ ਕਰਦੇ। ਜੈਸਲਮੇਰ ਦਾ ਰਾਜਾ ਰਾਮ ਪ੍ਰਤਾਪ ਸਿੰਘ ਜਹਾਂਗੀਰ ਤੋਂ ਦੁਖੀ, ਆਪ ਕੋਲ ਹਾਜ਼ਿਰ ਹੋਇਆ। ਆਪ ਦੀ ਸੁਰੱਖਿਆ ਸਨੇਹ ਨਾਲ ਉਹ ਸਦਾ ਲਈ ਆਪ ਦਾ ਹੋ ਗਿਆ। ਗੁਰੂ ਸਾਹਿਬ ਦੇ ਅੰਤਿਮ ਸਸਕਾਰ ਵੇਲੇ ਉਸ ਨੇ ਆਪ ਦੇ ਅੰਗੀਠੇ ਵਿਚ ਛਾਲ ਮਾਰਕੇ ਜਾਨ ਦੇ ਦਿੱਤੀ।

ਗੁਰੂ ਪਾਤਸ਼ਾਹ ਨੇ ਕੋਈ ਅਸਲੋਂ ਵੱਖਰਾ ਰਾਹ ਨਹੀਂ ਸੀ ਫੜਿਆ। ਇਹ ਗੁਰੂ ਨਾਨਕ ਦੀ ਦਸੀ ਜੀਵਨ ਜਾਚ ਦਾ ਸਥਿਤੀਆਂ ਅਨੁਕੂਲ ਪ੍ਰਤਿਉਤਰ ਹੀ ਸੀ। ਗੁਰੂ ਨਾਨਕ ਦੇ ਆਸਾ ਹੱਥ ਕਿਤਾਬ ਕੱਛ ਹੋਣ ਦੀ ਗਵਾਹੀ ਭਾਈ ਗੁਰਦਾਸ ਦਿੰਦੇ ਹਨ। ਆਸਾ ਡੰਡਾ ਹੀ ਹੈ। ਸ਼ਸਤਰ ਜਾਂ ਤਾਕਤ ਦਾ ਪ੍ਰਤੀਕ। ਗੁਰੂ ਨਾਨਕ ਇਹ ਵੀ ਆਖਦੇ ਹਨ ਕਿ ਜੇ ਜੀਵੈ ਪਤ ਲਥੀ ਜਾਇ। ਸਭ ਹਰਾਮ ਜੇਤਾ ਕਿਛ ਖਾਇ। ਗੁਰੂ ਨਾਨਕ ਰਾਜਿਆਂ ਨੂੰ ਸ਼ੀਂਹ ਤੇ ਮੁਕਦਮਾਂ ਨੂੰ ਕੁਤੇ ਆਖ ਕੇ ਵੰਗਾਰਦੇ ਹਨ। ਉਨ੍ਹਾਂ ਦਾ ਪਰਿਭਾਸ਼ਿਤ ਅਕਾਲ ਪੁਰਖ ਸਤਿ ਦਾ ਪਰਿਆਇਵਾਚੀ ਹੈ। ਹਕ ਸੱਚ ਲਈ ਡੱਟਣਾ ਧਰਮ ਹੈ। ਕਮਜ਼ੋਰਾਂ ਤੇ ਗੁਲਾਮਾਂ ਦਾ ਕਾਹਦਾ ਧਰਮ। ਆਸਾ ਦੀ ਵਾਰ ਵਿਚ ਗੁਰੂ ਨਾਨਕ ਆਖਦੇ ਹਨ ਕਿ ਘਰ ਅੰਦਰ ਬੈਠ ਕੇ ਪੂਜਾ ਕਰਨ ਵਾਲੇ ਬ੍ਰਾਹਮਣ ਅਧਿਕਾਰੀ ਨੂੰ ਜ਼ਾਲਮ ਹਕੂਮਤ ਦੇ ਆਖੇ ਲਗ ਕੇ ਗਊ ਤੇ ਬ੍ਰਾਹਮਣ ਨੂੰ ਕਰ ਲਾਨਾ ਪੈਂਦਾ ਹੈ। ਉਨ੍ਹਾਂ ਦਾ ਹੀ ਧਾਨ ਖਾਣਾ ਪੈਂਦਾ ਹੈ ਜਿਨ੍ਹਾਂ ਨੂੰ ਉਹ ਮਲੇਛ ਆਖਦੇ ਹਨ।

ਭਾਈ ਮਨੀ ਸਿੰਘ ਜੀ ਰਚਿਤ ਸਿੱਖਾਂ ਦੀ ਭਗਤ ਮਾਲ ਵਿਚ ਗੁਰੂ ਅਰਜਨ ਦੇਵ ਜੀ ਨਾਲ ਸੰਬੰਧਿਤ ਕਈ ਸਾਖੀਆਂ ਸਿਖ ਧਰਮ ਦੇ ਸ਼ਸਤਰ ਸ਼ਾਸਤਰ ਦੇ ਸੁਮੇਲ ਅਤੇ ਹਕ ਸਚ ਲਈ ਲੜਨ ਮਰਨ ਦੇ ਮਾਰਗ ਦਾ ਸਮਰਥਨ ਕਰਦੀਆਂ ਹਨ। ਸਾਖੀ ਨੰਬਰ 65 ਵਿਚ ਭਾਈ ਕੱਕਾ ਨੂੰ ਉਪਦੇਸ਼ ਕਰਦੇ ਹੋਏ ਗੁਰੂ ਅਰਜਨ ਸਾਹਿਬ ਫਰਮਾਂਦੇ ਹਨ ਕਿ ਜੋ ਧਰਮ ਦੇ ਜੁਧ ਤੇ ਸਰੀਰ ਤਿਆਗਦੇ ਹੈਨ ਅਤੇ ਅੰਤ ਕਾਲ ਵਾਹਿਗੁਰੂ ਦਾ ਨਾਮ ਸਿਮਰਦੇ ਹੈਨ ਸੋ ਪਰਮਗਤ ਨੂੰ ਪ੍ਰਾਪਤ ਹੁੰਦੇ ਹੈਨ। ਸਾਖੀ ਨੰਬਰ 71 ਵਿਚ ਭਾਈ ਆਡਤ ਗੁਰੂ ਅਰਜਨ ਦੇਵ ਜੀ ਤੋਂ ਉਪਦੇਸ਼ ਦੀ ਮੰਗ ਕਰਦਾ ਹੈ ਤਾਂ ਗੁਰੂ ਸਾਹਿਬ ਉਸ ਨੂੰ ਕਹਿੰਦੇ ਹਨ ਕਿ ਧਰਮ ਦਾ ਯੁੱਧ ਧਰਮ ਹੈ। ਜੋ ਗਰੀਬਾਂ ਨੂੰ ਰੰਵਾਣੇ (ਦੁਖੀ ਕਰੇ) ਉਸ ਨਾਲ ਯੁਧ ਕਰਨਾ। ਤੁਹਾਡੀ ਜੈ ਹੋਵੇਗੀ ਅਤੇ ਮੁੱਖ ਉਜਲ ਹੋਵੇਗਾ। ਇਸੇ ਪ੍ਰਕਾਰ ਸਾਖੀ ਨੰਬਰ 84 ਵਿਚ ਭਾਈ ਪ੍ਰਤਾਪ ਜੀ ਨੂੰ ਗੁਰੂ ਅਰਜਨ ਸਾਹਿਬ ਕਹਿੰਦੇ ਹਨ ਕਿ ਸੂਰਮੇ ਨੂੰ ਚਾਹੀਦਾ ਹੈ ਕਿ ਧਰਮ ਦਾ ਯੁੱਧ ਕਰੇ।

ਸਿੱਖ ਧਰਮ ਨਿਸ਼ਕ੍ਰਿਯ ਜਾਂ ਸਮਾਜ ਤੋਂ ਅਟੰਕ ਵਿਚਰਨ ਵਾਲਾ ਧਰਮ ਨਹੀਂ। ਇਹ ਕੇਵਲ ਪਰਮਾਰਥ ਤੇ ਪਰਲੋਕ ਨਾਲ ਸੰਬੰਧਿਤ ਜੀਵਨ-ਜਾਚ ਨਹੀਂ। ਇਹ ਸਰਬਾਰਥ,

ਪਦਾਰਥ ਤੇ ਇਸ ਲੋਕ ਦੇ ਕਰਮ ਖੇਤਰ ਦੇ ਹਰ ਸਰੋਕਾਰ ਨਾਲ ਜੁੜੀ ਜੀਵਨ ਜਾਚ ਹੈ ਜਿਸ ਵਿਚ ਅਕਾਲ ਪੁਰਖ ਦੇ ਨਿਰਮਲ ਭੈਅ ਵਿਚ ਵਿਚਰਦਾ ਮਨੁੱਖ ਪਰਿਵਾਰ, ਸਮਾਜ, ਦੇਸ਼ ਕੌਮ ਤੇ ਸਮੁੱਚੀ ਮਨੁਖਤਾ ਪ੍ਰਤੀ ਆਪਣੀ ਹਰ ਜ਼ਿੰਮੇਵਾਰੀ ਨੂੰ ਸੁਚਜਤਾ ਅਤੇ ਸਫਲਤਾ ਨਾਲ ਨਿਭਾਣ ਲਈ ਤਿਆਰ ਕੀਤਾ ਜਾਂਦਾ ਹੈ। ਇਸ ਸਾਰੇ ਪਸਾਰੇ ਵਿਚ ਜਲ ਮਹਿ ਕਮਲ ਅਲੇਪ ਵਾਂਗ ਵਿਚਰੰਦਾ ਹੈ ਸਿੱਖ। ਸੇਵਾ, ਸਿਮਰਨ, ਧਰਮ ਦੀ ਕਿਰਤ, ਹਕ ਸਚ ਲਈ ਲੜਾਈ ਦਾ ਸੰਤੁਲਨ। ਹਸਦਿਆਂ ਖੇਲਦਿਆਂ ਪੈਨੰਦਿਆਂ ਖਾਵੰਦਿਆਂ ਵਿਚੇ ਹੋਵੇ ਮੁਕਤ ਦਾ ਮਾਰਗ। ਸਥਿਤੀਆਂ ਦੇ ਬਦਲਣ ਨਾਲ ਗੁਰੂ ਨਾਨਕ ਦੇ ਇਸੇ ਮਾਰਗ ਦੇ ਨਵੇਂ ਪਾਸਾਰ ਗੁਰੂ ਹਰਿਗੋਬਿੰਦ ਸਾਹਿਬ ਨੇ ਸਪਸ਼ਟ ਕੀਤੇ। ਇਉਂ ਕਹੋ ਕਿ ਸਿਧਾਂਤਕ ਰੂਪ ਵਿਚ ਬਾਣੀ ਵਿਚ ਪ੍ਰਾਪਤ ਇਨ੍ਹਾਂ ਪਾਸਾਰਾਂ ਨੂੰ ਵਿਹਾਰਕ ਰੂਪ ਵਿਚ ਉਤਾਰ ਕੇ ਦ੍ਰਿੜ ਕਰਵਾਇਆ। ਗੁਰਮਤਿ ਦੀ ਇਸ ਜੀਵਨ-ਜਾਚ ਦੇ ਇਹ ਨਵੇਂ ਪਸਾਰ ਪਰੰਪਰਾਗਤ ਭਾਰਤੀ ਧਰਮ ਵਿਚ ਦ੍ਰਿੜਾਈ ਜੀਵਨ-ਜਾਚ ਲਈ ਤਾਂ ਅਸਲੋਂ ਵੱਖਰੇ ਸਨ ਹੀ, ਸਾਧਾਰਨ ਸਿੱਖ ਸੰਗਤਾਂ ਲਈ ਵੀ ਇਹ ਵੱਖਰੇ ਸਨ। ਇਸ ਦਾ ਕਾਰਨ ਭਾਰਤੀ ਧਰਮ-ਪਰੰਪਰਾ ਦੇ ਸੰਸਕਾਰਾਂ ਦੇ ਪਰਛਾਵੇਂ ਹੀ ਹਨ, ਜਿਨ੍ਹਾਂ ਦੀ ਜਕੜ ਤੋਂ ਭਾਰਤੀ ਜਨਮਾਨਸ ਨੂੰ ਮੁਕਤ ਕਰਨ ਦਾ ਉਦਮ ਸਿੱਖ ਗੁਰੂ ਸਾਹਿਬਾਨ ਨਿਰੰਤਰ ਕਰਦੇ ਆ ਰਹੇ ਸਨ। ਭਾਈ ਗੁਰਦਾਸ ਇਸ ਦਾ ਉਲੇਖ ਕੁਝ ਇਸ ਪ੍ਰਕਾਰ ਕਰਦੇ ਹਨ—

ਧਰਮਸਾਲ ਕਰ ਬਹੀਦਾ ਇਕਤ ਥਾਂ ਨ ਟਿਕੈ ਟਿਕਾਯਾ।
ਪਾਤਸ਼ਾਹ ਘਰ ਆਂਵਦੇ ਗੜ ਚੜ੍ਹਯਾ ਪਾਤਸ਼ਾਹ ਚੜ੍ਹਾਯਾ।
ਉਮਤ ਮਹਿਲ ਨਾ ਪਾਵਦੀ ਨਠਾ ਫਿਰੈ ਨ ਡਰੈ ਡਰਾਯਾ।
ਮੰਜੀ ਬਹਿ ਸੰਤੋਖਦਾ ਕੁਤੇ ਰਖ ਸ਼ਿਕਾਰ ਖਿਲਾਯਾ।
ਬਾਨੀ ਕਰ ਸੁਣ ਗਾਂਵਦਾ ਕਥੇ ਨ ਸੁਣੈ ਗਾਵ ਸੁਣਾਯਾ।
ਸੇਵਕ ਪਾਸ ਨ ਰਖੀਅਨ ਦੋਖੀ ਦੁਸ਼ਟ ਆਗੂ ਮੁਹਿ ਲਾਯਾ।

ਭਾਵ ਕਿ ਪਹਿਲੇ ਗੁਰੂ ਧਰਮਸ਼ਾਲਾ ਵਿਚ ਟਿਕ ਕੇ ਰਹਿੰਦੇ ਸਨ। ਇਹ ਗੁਰੂ ਇਕ ਥਾਂ ਟਿਕ ਕੇ ਨਹੀਂ ਬਹਿੰਦਾ। ਪ੍ਰਤੀਤ ਹੁੰਦਾ ਹੈ ਕਿ ਸ਼ੁਰੂ ਸ਼ੁਰੂ ਵਿਚ ਡਰੋਲੀ, ਅੰਮ੍ਰਿਤਸਰ, ਗੋਇੰਦਵਾਲ ਛੇਤੀ ਛੇਤੀ ਜਾਣ ਆਉਣ ਦਾ ਸੰਕੇਤ ਕਰਦੀ ਹੈ, ਇਹ ਟੂਕ। ਪਹਿਲੇ ਗੁਰੂਆਂ ਦੇ ਘਰ ਪਾਤਸ਼ਾਹ ਆਪ ਚਲ ਕੇ ਆਉਂਦੇ ਸਨ। ਇਹ ਕਿਲੇ ਬਣਾਂਦਾ ਹੈ ਅਤੇ ਪਾਤਸ਼ਾਹਾਂ ਨਾਲ ਮਥਾ ਲਾਂਦਾ ਹੈ। ਪਹਿਲੇ ਗੁਰੂ ਆਸਣ ਉਤੇ ਬਹਿ ਕੇ ਲੋਕਾਂ ਨੂੰ ਤਸਲੀ ਦਿੰਦੇ ਸਨ। ਇਹ ਕੁਤੇ ਰੱਖ ਕੇ ਸ਼ਿਕਾਰ ਖੇਡਦਾ ਹੈ। ਪਹਿਲੇ ਗੁਰੂ ਬਾਣੀ ਰਚਦੇ ਸੁਣਦੇ ਤੇ ਗਾਂਦੇ ਸਨ। ਇਹ ਬਾਣੀ ਰਚਣ ਦੀ ਥਾਂ ਢਾਡੀਆਂ ਤੋਂ ਗਵਾਂਦਾ ਹੈ। ਪਹਿਲੇ ਗੁਰੂ ਸਿੱਖ ਸੇਵਕਾਂ ਨੂੰ ਕੋਲ ਰੱਖਦੇ ਸਨ। ਇਹ ਹਕੂਮਤ ਦੇ ਵਿਰੋਧੀਆਂ ਨੂੰ ਮੂੰਹ ਲਾਉਣ ਤੋਂ ਨਹੀਂ ਟਲਦਾ।

ਇਸ ਕਿਸਮ ਦੇ ਵੱਖਰੇ ਨਜ਼ਰ ਆਉਂਦੇ ਵਿਹਾਰ ਦਾ ਖੁਲਾਸਾ ਕਰਦੇ ਹੋਏ ਭਾਈ ਗੁਰਦਾਸ ਜੀ ਨੇ ਸਿੱਖ ਸੰਗਤਾਂ ਤੇ ਹੋਰ ਸ਼ੰਕਾਲੂਆਂ ਨੂੰ ਸਮਝਾਇਆ ਕਿ ਸਪ ਉਂਜ ਮਣੀ ਨਹੀਂ ਦਿੰਦਾ। ਉਸ ਨੂੰ ਮਾਰ ਕੇ ਹੀ ਮਣੀ ਲੈਣੀ ਪੈਂਦੀ ਹੈ। ਹਿਰਨ ਤੋਂ ਕਸਤੂਰੀ ਲੈਣੀ

ਹੋਵੇ ਤਾਂ ਉਹ ਵੀ ਉਸ ਨੂੰ ਮਾਰ ਕੇ ਹੀ ਮਿਲਦੀ ਹੈ। ਤੇਲ ਲੈਣ ਲਈ ਤਿਲਾਂ ਨੂੰ ਪੀੜਣਾ ਪੈਂਦਾ ਹੈ। ਮਿਠੀ ਗਿਰੀ ਖਾਣ ਲਈ ਨਾਰੀਅਲ ਭੰਨਣਾ ਮਜਬੂਰੀ ਹੈ। ਜ਼ਾਲਮ ਤੇ ਬੇਮੁੱਖ ਲੋਕਾਂ ਨੂੰ ਸਿਧਾ ਕਰਨ ਲਈ ਹਥਿਆਰਾਂ ਦਾ ਆਸਰਾ ਲੈਣਾ ਹੀ ਪੈਂਦਾ ਹੈ—

ਜਿਉਂ ਮਣਿ ਕਾਲੇ ਸਪੁ ਸਿਰ, ਹਸ ਦੇਇ ਨ ਜਾਣੀ।
ਜਾਣ ਕਥੂਰੀ ਮਿਰਗ ਤਨ, ਮਰ ਮੁਕੈ ਆਣੀ।
ਤੇਲ ਤਿਲਹੁ ਕਿਉ ਨਿਕਲੈ, ਵਿਣ ਪੀੜੇ ਘਾਣੀ।
ਜਿਉਂ ਮੂੰਹ ਭੰਨੇ ਗਰੀਦੇ ਨਲੀਏਰ ਨਿਸਾਣੀ।
ਬੇਮੁਖਾ ਲੋਹਾ ਸਾਧੀਐ ਵਗਦੀ ਵਾਦਾਣੀ।

ਭਾਈ ਸਾਹਿਬ ਸਮਝਾਂਦੇ ਕਿ ਖੇਤ ਦੀ ਰਾਖੀ ਲਈ ਢੀਂਗਰਾਂ ਦੀ ਵਾੜ ਕਰਨੀ ਪੈਂਦੀ ਹੈ। ਬਾਗ ਦੀ ਰਾਖੀ ਲਈ ਕੰਡਿਆਲੇ ਕਿਕਰ ਬੀਜਣੇ ਪੈਂਦੇ ਹਨ। ਕੀਮਤੀ ਚੰਦਨ ਦੀ ਰਾਖੀ ਲਈ ਕੁਦਰਤ ਸਪ ਪੈਦਾ ਕਰਦੀਹੈ। ਘਰ ਦੀ ਰਾਖੀ ਲਈ ਜੰਦਾ ਵੀ ਚਾਹੀਦੇ ਅਤੇ ਕੁਤਾ ਵੀ। ਧਰਮ ਦੀ ਰਾਖੀ ਲਈ, ਸੰਤਾਂ ਦੀ ਮਦਦ ਲਈ ਸਿਪਾਹੀ ਵੀ ਚਾਹੀਦੇ ਹਨ।

ਹਕੂਮਤ ਦੇ ਜਬਰ ਜ਼ੁਲਮ ਨੂੰ ਬਿਨਾਂ ਵੰਗਾਰੇ ਕੋਈ ਕੁਝ ਕਰੇ ਕਿਸੇ ਨੂੰ ਫਰਕ ਨਹੀਂ ਪੈਂਦਾ। ਲੋਕਾਂ ਨੂੰ ਨਰਕ ਦੇ ਡਰਾਵੇ ਅਤੇ ਸੁਰਗ ਦੇ ਲਾਲਚ ਦੇ ਕੇ ਜੀਵਨ ਦੀ ਕਠੋਰ ਸਚਾਈ ਤੋਂ ਦੂਰ ਰੱਖਣ ਵਾਲੇ ਡੇਰੇਦਾਰਾਂ ਤੇ ਧਰਮੀ ਪੁਰਖਾਂ ਨੂੰ ਕੋਈ ਕੁਝ ਨਹੀਂ ਕਹਿੰਦਾ। ਇਹ ਲੋਕ ਹੋਏ ਅਣਹੋਏ ਇਕ ਬਰਾਬਰ ਹਨ। ਗੁਰੂ ਘਰ ਇਸ ਪਰੰਪਰਾ ਤੋਂ ਦੂਰ ਸੀ। ਇਸੇ ਲਈ ਗੁਰੂ ਘਰ ਹਕੂਮਤ ਦੀ ਅੱਖ ਵਿਚ ਰੜਕਦਾ ਸੀ। ਇਸੇ ਲਈ ਗੁਰੂ ਨਾਨਕ ਨੂੰ ਬਾਬਰ ਵੱਲੋਂ ਕੈਦ ਕੀਤਾ ਗਿਆ। ਇਸੇ ਲਈ ਗੁਰੂ ਅਰਜਨ ਦੇਵ ਜੀ ਨੂੰ ਸ਼ਹਾਦਤ ਦੇਣੀ ਪਈ। ਗੁਰੂ ਹਰਿਗੋਬਿੰਦ ਸਾਹਿਬ ਸਚ ਸੁਣਾਇਸੀ ਸਚ ਕੀ ਬੇਲਾ ਦੇ ਇਸੇ ਖਤਰਿਆਂ ਨਾਲ ਭਰੇ ਰਾਹ ਉਤੇ ਤੁਰ ਰਹੇ ਸਨ। ਹਕੂਮਤ ਇਸ ਸਾਰੇ ਕੁਝ ਨੂੰ ਅੱਖਾਂ ਮੀਟ ਕੇ ਨਹੀਂ ਸੀ ਵੇਖ ਸਕਦੀ। ਗੁਰੂ ਘਰ ਦੇ ਵਿਰੋਧੀ ਗੁਰੂ ਪਾਤਸ਼ਾਹ ਦੀਆਂ ਇਨ੍ਹਾਂ ਸਰਗਰਮੀਆਂ ਦੀ ਪਲ ਪਲ ਦੀ ਖਬਰ ਵਧਾ ਚੜ੍ਹਾ ਕੇ ਜਹਾਂਗੀਰ ਨੂੰ ਦੇਣ ਲੱਗੇ। ਜਹਾਂਗੀਰ ਦਸੰਬਰ 1607 ਵਿਚ ਪੰਜਾਬ ਛੱਡ ਕੇ ਦਿੱਲੀ ਚਲਾ ਗਿਆ ਸੀ।

ਅਧਿਆਇ 4

ਗਵਾਲੀਅਰ : ਸੱਚਾ ਪਾਤਸ਼ਾਹ ਬਨਾਮ ਝੂਠਾ ਪਾਤਸ਼ਾਹ

ਗੁਰੂ ਹਰਿਗੋਬਿੰਦ ਸਾਹਿਬ ਦੀਆਂ ਸ਼ਸਤਰ ਬੱਧ ਤੇ ਸ਼ਾਹਾਨਾ ਸਰਗਰਮੀਆਂ ਕਾਰਨ ਗੁਰੂ ਘਰ ਦੇ ਵਿਰੋਧੀ ਡਰ ਕੇ ਇਕ ਮੁਠ ਹੋ ਗਏ। ਹਕੂਮਤ ਦੇ ਕੰਨ ਭਰੇ ਗਏ ਕਿ ਸਰਕਾਰ ਨੂੰ ਪੰਜਾਬ ਵਿਚ ਸਖਤੀ ਕਰਨ ਵਾਲੇ ਹਾਕਮ ਦੀ ਲੋੜ ਹੈ। ਦਰਵੇਸ਼ ਤੇ ਉਦਾਰ ਗਵਰਨਰ ਨਾਲ ਸਥਿਤੀ ਹੱਥੋਂ ਨਿਕਲ ਜਾਵੇਗੀ। ਇਸ ਦੇ ਮਦੇ ਨਜ਼ਰ 1610 ਵਿਚ ਪੰਜਾਬ ਮੁੜ ਮੁਰਤਜ਼ਾ ਖਾਨ ਦੇ ਹਵਾਲੇ ਕਰ ਦਿੱਤਾ ਗਿਆ। ਇਸ ਨਾਲ ਗੁਰੂ ਘਰ ਦੇ ਵਿਰੋਧੀਆਂ ਨੂੰ ਸ਼ਹਿ ਮਿਲ ਗਈ। ਇਹ ਉਹੀ ਬੰਦਾ ਸੀ ਜਿਸ ਨੂੰ ਜਹਾਂਗੀਰ ਨੇ ਗੁਰੂ ਅਰਜਨ ਦੇਵ ਜੀ ਨੂੰ ਕੈਦ ਕਰਨ ਤੇ ਗੁਰੂ ਸਾਹਿਬ ਦਾ ਘਰ ਘਾਟ ਜ਼ਬਤ ਕਰਨ ਦੇ ਹੁਕਮ ਦਿੱਤੇ ਸਨ। ਗੁਰੂ ਘਰ ਦੇ ਵਿਰੋਧੀਆਂ ਨੇ ਉਸ ਦੇ ਕੰਨ ਭਰੇ ਕਿ ਗੁਰੂ ਹਰਿਗੋਬਿੰਦ ਸਾਹਿਬ ਪੰਜਾਬ ਵਿਚ ਬਗਾਵਤ ਨੂੰ ਉਤਸਾਹਿਤ ਕਰ ਰਹੇ ਹਨ। ਉਨ੍ਹਾਂ ਆਪਣਾ ਤਖ਼ਤ, ਫੌਜ ਅਤੇ ਹਕੂਮਤ ਸਥਾਪਤ ਕਰ ਰਖੇ ਹਨ। ਝੰਡੇ ਝੁਲਦੇ ਹਨ। ਦਰਬਾਰ ਲਗਦੇ ਹਨ। ਸ਼ਿਕਾਰ ਖੇਡੇ ਜਾਂਦੇ ਹਨ। ਸਰਕਾਰੀ ਬਾਗੀਆਂ ਨੂੰ ਪਨਾਹ ਦਿੱਤੀ ਜਾਂਦੀ ਹੈ। ਫੌਜੀ ਮਸ਼ਕਾਂ ਹੁੰਦੀਆਂ ਹਨ। ਹੋਰ ਬਗਾਵਤ ਕੀ ਹੁੰਦੀ ਹੈ? ਚੰਦੂ ਤੇ ਪ੍ਰਿਥੀਚੰਦ ਦਾ ਵੀ ਇਸ ਕਿਸਮ ਦੀ ਚੁਗਲੀ ਵਿਚ ਹਥ ਰਿਹਾ ਹੋਵੇਗਾ ਅਤੇ ਮੁਰਤਜ਼ਾ ਖਾਨ ਦਾ ਵੀ। ਭਾਈ ਸੰਤੋਖ ਸਿੰਘ ਅਨੁਸਾਰ ਚੰਦੂ ਇਸ ਪੱਖੋਂ ਅੱਗੇ ਲੱਗਾ। ਉਸ ਨੇ ਪਹਿਲਾਂ ਤਾਂ ਗੁਰੂ ਸਾਹਿਬ ਨੂੰ ਡਰਾ ਧਮਕਾ ਕੇ ਆਪਣੀ ਧੀ ਦਾ ਰਿਸ਼ਤਾ ਪ੍ਰਵਾਨ ਕਰਨ ਲਈ ਆਖਿਆ। ਜਦੋਂ ਗੁਰੂ ਸਾਹਿਬ ਨੇ ਕੋਰਾ ਜਵਾਬ ਦੇ ਦਿੱਤਾ ਤਾਂ ਉਸ ਨੇ ਜਹਾਂਗੀਰ ਕੋਲ ਚੁਗਲੀ ਖਾਧੀ—

ਤਖਤ ਨਾਮ ਗਾਦੀ ਕੋ ਰਾਖਯੋ। ਆਯੁਧ ਵਿਦਿਆ ਮਹਿ ਅਭਿਲਾਖਯੋ।
ਤਜਯੋ ਫਕੀਰੀ ਕੋ ਬਹੁ ਵੇਸ। ਸਮਤਾ ਚਾਹਤ ਸ਼ਾਹ ਬਿਸੇਖ। ...
ਕਹਿਵਾਵਨ ਲਾਗਯੋ ਪਾਤਸ਼ਾਹ। ਕਰਹਿ ਅਖੇਰ ਬ੍ਰਿਤਿ ਬਨ ਮਾਂਹ।....
ਬਿਨਾ ਪਰਗਨੇ ਬਿਨ ਭੁਮ ਕਹੇ। ਸੈਨ ਸਕੇਲਤ ਗਨ ਨਿਤ ਅਹੈ।.....
ਅਸ ਨਾ ਹੋਇ ਉਠਾਵਏ ਦਵੰਦ। ਕਿਮ ਟਿਕ ਰਹੈ ਸੁਭਟ ਮਿਲ ਬ੍ਰਿੰਦ
ਕੈ ਨਿਜ ਚਮੂ ਚਢਾਵਨ ਕਰੀਅਹਿ। ਬਿਨਾ ਲੜੇ ਤੇ ਪ੍ਰਥਮ ਪਕੜੀਅਹਿ।...
ਕੈ ਭੇਜੋ ਨਰ ਆਛੇ ਕੋਇ। ਅਪਨੇ ਨਿਕਟ ਹਕਾਰਹੁ ਸੋਇ।
ਦਬਤੋ ਰਹੈ ਨਾ ਦਵੰਦ ਉਠਾਵੈ। ਆਗੇ ਆਪ ਕਰੋ ਜਾ ਭਾਵੈ।

ਇਨ੍ਹਾਂ ਲੋਕਾਂ ਨੇ ਕਿਹਾ ਕਿ (ਗੁਰੂ) ਹਰਿ ਗੋਬਿੰਦ ਜੀ ਨੇ ਆਪਣੀ ਗੁਰਗਦੀ ਨੂੰ ਤਖਤ ਦਾ ਨਾਮ ਦੇ ਰੱਖਿਆ ਹੈ। ਸ਼ਸਤਰ ਵਿਦਿਆ ਸਿਖਾਂਦਾ ਹੈ। ਫਕੀਰੀ ਉਸ ਨੇ ਛੱਡ

ਦਿੱਤੀ ਹੈ। ਉਹ ਤਾਂ ਤੁਹਾਡੀ ਬਾਦਸ਼ਾਹਤ ਦੀ ਬਰਾਬਰੀ ਕਰਦਾ ਹੈ। ਪਾਤਸ਼ਾਹ ਕਹਾਂਦਾ ਹੈ ਆਪਣੇ ਆਪ ਨੂੰ। ਜੰਗਲਾਂ ਵਿਚ ਤੁਹਾਡੇ ਵਾਂਗ ਸ਼ਿਕਾਰ ਤੇ ਚੜ੍ਹਦਾ ਹੈ। ਬਿਨਾਂ ਕਿਸੇ ਇਲਾਕੇ ਦੀ ਮਲਕੀਅਤ ਦੇ, ਬਿਨਾਂ ਤੁਹਾਨੂੰ ਦੱਸੇ ਉਸ ਨੇ ਸੈਨਾ ਬਣਾ ਲਈ ਹੈ। ਅਜਿਹਾ ਨਾ ਹੋਵੇ ਕਿ ਉਹ ਕੋਈ ਵਖਤ ਪਾ ਦੇਵੇ। ਐਨੇ ਸਿਪਾਹੀ ਟਿਕ ਕੇ ਬਹਿਣ ਵਾਲੇ ਨਹੀਂ। ਤੁਸੀਂ ਕੁਝ ਸਿਪਾਹੀ ਭੇਜ ਕੇ ਉਸ ਤੇ ਚੜ੍ਹਾਈ ਕਰੋ। ਜਾਂ ਫਿਰ ਬੰਦੇ ਭੇਜੋ ਕਿ ਉਸ ਨੂੰ ਫੜ ਲਿਆਉਣ। ਘੱਟੋ-ਘੱਟ ਆਪਣੇ ਕੋਲ ਤਾਂ ਉਸ ਨੂੰ ਪੇਸ਼ ਹੋਣ ਲਈ ਕਹੋ ਹੀ। ਇਸ ਨਾਲ ਉਹ ਤੁਹਾਥੋਂ ਡਰ ਕੇ ਰਹੇਗਾ। ਕੋਈ ਫਸਾਦ ਨਹੀਂ ਖੜਾ ਕਰੇਗਾ। ਅੱਗੋਂ ਜਿਵੇਂ ਹਜ਼ੂਰ ਦੀ ਮਰਜ਼ੀ।....

ਬਾਦਸ਼ਾਹ ਦਾ ਨਿਕਟੀ ਅਹਿਲਕਾਰ ਵਜ਼ੀਰ ਖਾਨ ਗੁਰੂ ਘਰ ਦਾ ਸ਼ਰਧਾਲੂ ਸੀ। ਉਸ ਨੇ ਗੁਰੂ ਸਾਹਿਬ ਦੀ ਫਕੀਰੀ ਤੇ ਅਜ਼ਮਤ ਬਾਰੇ ਬਾਦਸ਼ਾਹ ਨੂੰ ਦਸ ਕੇ ਸਥਿਤੀ ਨੂੰ ਸੰਭਾਲਣ ਦਾ ਯਤਨ ਕੀਤਾ। ਵਜ਼ੀਰ ਖਾਨ ਨੂੰ ਉਸ ਨੇ ਸਿਧਾ ਪੁਛਿਆ ਕਿ ਦਸ ਮੈਂ ਗੁਰੂ ਸਾਹਿਬ ਨਾਲ ਸਿਝਣ ਲਈ ਸੈਨਾ ਭੇਜਾ ਕਿ ਨਾ। ਜਾਂ ਇਹ ਦੱਸ ਕਿ ਬੰਦੇ ਭੇਜ ਕੇ ਉਨ੍ਹਾਂ ਨੂੰ ਇਥੇ ਬੁਲਾ ਲਈਏ। ਬੰਦੇ ਭੇਜਣ ਉਤੇ ਜੇ ਉਹ ਆ ਗਏ ਤਾਂ ਸਮਝੋ ਕਿ ਉਨ੍ਹਾਂ ਦਾ ਮਨ ਸਾਫ ਹੈ। ਨਾ ਆਏ ਤਾਂ ਨੀਅਤ ਠੀਕ ਨਹੀਂ। ਵਜ਼ੀਰ ਖਾਂ ਹੀ ਨਹੀਂ ਗੁੰਚਾ ਬੇਗ ਨੇ ਵੀ ਬਾਦਸ਼ਾਹ ਦੇ ਭਰਮ ਦੂਰ ਕਰਨ ਦਾ ਯਤਨ ਕੀਤਾ। ਚੰਦੂ, ਗੁਰੂ ਅਰਜਨ ਦੇਵ ਜੀ ਅਤੇ ਗੁਰੂ ਹਰਿਗੋਬਿੰਦ ਜੀ ਬਾਰੇ ਅਸਲੀਅਤ ਦਸੀ। ਬਾਦਸ਼ਾਹ ਨੇ ਉਨ੍ਹਾਂ ਦੋਹਾਂ ਨੂੰ ਗੁਰੂ ਸਾਹਿਬ ਨੂੰ ਦਿੱਲੀ ਬੁਲਾਣ ਲਈ ਭੇਜ ਦਿੱਤਾ। ਸ਼ਾਹੀ ਆਦੇਸ਼ਾਂ ਨਾਲ ਉਹ ਗੁਰੂ ਸਾਹਿਬ ਕੋਲ ਗਏ ਜ਼ਰੂਰ ਪਰ ਪੂਰੀ ਨਰਮੀ ਤੇ ਸਤਿਕਾਰ ਨਾਲ ਉਨ੍ਹਾਂ ਨੇ ਗੁਰੂ ਸਾਹਿਬ ਨੂੰ ਸਾਰੀ ਸਥਿਤੀ ਦੱਸੀ ਕਿ ਵਿਰੋਧੀ ਪੁਠੀਆਂ ਸਿੱਧੀਆਂ ਲੂਤੀਆਂ ਲਾ ਕੇ ਬਾਦਸ਼ਾਹ ਨੂੰ ਮੁੜ ਗੁਮਰਾਹ ਕਰ ਰਹੇ ਹਨ। ਤੁਸੀਂ ਦਿੱਲੀ ਜਾ ਕੇ ਆਪ ਸਾਰੀ ਸਥਿਤੀ ਦੱਸੋ। ਤੁਹਾਡੇ ਦਿੱਲੀ ਜਾਣ ਨਾਲ ਹੀ ਅੱਧੀ ਗੱਲ ਮੁਕ ਜਾਣੀ ਹੈ। ਮਾਤਾ ਜੀ ਤੇ ਸਿੱਖ ਸੰਗਤਾਂ ਨੂੰ ਬਾਦਸ਼ਾਹ ਦਾ ਸੁਨੇਹਾ ਪਤਾ ਲੱਗਣ ਉਤੇ ਚਿੰਤਾ ਹੋਈ ਤਾਂ ਗੁਰੂ ਸਾਹਿਬ ਨੇ ਸਭ ਨੂੰ ਤਸਲੀ ਦਿੱਤੀ। ਪਿਛੇ ਦੀ ਜ਼ਿੰਮੇਵਾਰੀ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਨੂੰ ਸੌਂਪ ਕੇ ਗੁਰੂ ਪਾਤਸ਼ਾਹ ਦਿੱਲੀ ਨੂੰ ਤੁਰ ਪਏ। ਨਾਲ ਹੀ ਵਜ਼ੀਰ ਖਾਂ ਅਤੇ ਹੋਰ ਸਿੱਖ ਸੰਗਤਾਂ।

ਥਾਂ-ਥਾਂ ਪੜਾਅ ਹੁੰਦਾ। ਬਾਣੀ ਤੇ ਕੀਰਤਨ ਦਾ ਪ੍ਰਵਾਹ ਚੱਲਦਾ। ਇੰਜ ਹੀ ਦਿੱਲੀ ਜਾ ਪੁੱਜੇ ਅਤੇ ਮਜਨੂੰ ਦੇ ਟਿਲੇ ਉਤੇ ਟਿਕਾਣਾ ਕੀਤਾ। ਗੁਰੂ ਸਾਹਿਬ ਦੇ ਸਾਥੀ ਭੱਟਾਂ ਤੇ ਸਿੱਖਾਂ ਨੇ ਤੰਬੂ ਲਾ ਲਏ। ਘੋੜੇ ਬੰਨ੍ਹ ਦਿੱਤੇ। ਵਜ਼ੀਰ ਖਾਂ ਨੇ ਜਹਾਂਗੀਰ ਨੂੰ ਦੱਸ ਦਿੱਤਾ ਕਿ ਗੁਰੂ ਸਾਹਿਬ ਦਿੱਲੀ ਆ ਕੇ ਮਜਨੂ ਦੇ ਟਿਲੇ ਸੰਗਤਾਂ ਨੂੰ ਦੀਦਾਰ ਦੇ ਰਹੇ ਹਨ। ਦਿੱਲੀ ਦੀਆਂ ਸੰਗਤਾਂ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਉਮੜਨ ਲੱਗੀਆਂ। ਇਥੇ ਸਿਕੰਦਰ ਸ਼ਾਹ ਸਮੇਤ ਕਈ ਫਕੀਰਾਂ ਨੇ ਗੁਰੂ ਸਾਹਿਬ ਨਾਲ ਸੰਵਾਦ ਰਚਾ ਕੇ ਆਪਣੇ ਸ਼ੰਕੇ ਦੂਰ ਕੀਤੇ। ਬਾਦਸ਼ਾਹ ਨੇ ਸੁਨੇਹਾ ਭੇਜ ਕੇ ਗੁਰੂ ਸਾਹਿਬ ਨੂੰ ਦਰਬਾਰ ਵਿਚ ਬੁਲਾਇਆ। ਭਾਈ ਜੇਠਾ ਤੇ ਹੋਰ ਚਾਰ ਸਿੱਖਾਂ ਨੂੰ ਲੈ ਕੇ ਗੁਰੂ ਜੀ ਦਰਬਾਰ ਵਿਚ ਪਹੁੰਚੇ। ਸ਼ਹਿਨਸ਼ਾਹ ਨੇ ਪਰੰਪਰਾਗਤ ਹਿੰਦੂ ਤੇ ਇਸਲਾਮ ਧਰਮ ਬਾਰੇ ਗੱਲ ਛੇੜੀ। ਉਸ ਨੇ ਜਾਣਨਾ

ਚਾਹਿਆ ਕਿ ਕਿਹੜਾ ਧਰਮ ਚੰਗਾ ਹੈ। ਗੁਰੂ ਸਾਹਿਬ ਨੇ ਕਿਹਾ ਕਿ ਸਿਰਜਨਹਾਰ ਪ੍ਰਭੂ ਇਕੋ ਹੈ। ਜੋ ਵੀ ਉਸ ਨੂੰ ਯਾਦ ਕਰਕੇ ਸਵਛ ਵਿਹਾਰ ਵਾਲਾ ਜੀਵਨ ਜੀਵੇ, ਉਹ ਪ੍ਰਵਾਨ ਹੈ। ਇਕੋ ਨੂਰ ਸਭ ਵਿਚ ਵਰਤ ਰਿਹਾ ਹੈ। ਹਿੰਦੂ ਮੁਸਲਮ ਦਾ ਭੇਦ ਕਰਨਾ ਉਚਿਤ ਨਹੀਂ। ਜਹਾਂਗੀਰ ਦੀ ਤਸੱਲੀ ਹੋ ਗਈ। ਉਸ ਨੇ ਖੁੱਲ੍ਹੇ ਦਿਲ ਨਾਲ ਭੇਟ ਰੱਖ ਕੇ ਨਮਸਕਾਰ ਕੀਤੀ। ਇੰਜ ਇਸ ਪਹਿਲੀ ਮੁਲਾਕਾਤ ਉਪਰੰਤ ਗੁਰੂ ਸਾਹਿਬ ਆਪਣੇ ਡੇਰੇ ਨੂੰ ਚਲੇ ਗਏ ਅਤੇ ਸਭਾ ਬਰਖਾਸਤ ਹੋ ਗਈ। ਹੁਣ ਜਦੋਂ ਬਾਦਸ਼ਾਹ ਦਾ ਦਿਲ ਕਰਦਾ, ਗੁਰੂ ਸਾਹਿਬ ਨੂੰ ਬੁਲਵਾ ਲੈਂਦਾ। ਗੁਰੂ ਸਾਹਿਬ ਸ਼ਾਮ ਨੂੰ ਸ਼ਿਕਾਰ ਖੇਡਦੇ ਸਨ। ਉਨ੍ਹਾਂ ਦੇ ਇਸ ਸ਼ੌਕ ਦਾ ਪਤਾ ਲੱਗਣ ਉਤੇ ਜਹਾਂਗੀਰ ਨੇ ਆਪ ਆਪਣੇ ਮੀਰ-ਸ਼ਿਕਾਰ ਸਮੇਤ ਸ਼ਿਕਾਰ ਵਿਚ ਸ਼ਾਮਿਲ ਹੋਣ ਦਾ ਫ਼ੈਸਲਾ ਕੀਤਾ। ਇਸੇ ਸਮੇਂ ਗੁਰੂ ਸਾਹਿਬ ਨੇ ਇਕ ਖੂੰਖਾਰ ਸ਼ੇਰ ਦਾ ਸ਼ਿਕਾਰ ਇਕਲਿਆਂ ਆਪਣੀ ਤਲਵਾਰ ਨਾਲ ਕੀਤਾ। ਉਨ੍ਹਾਂ ਦੀ ਇਸ ਦਲੇਰੀ ਤੇ ਹਿੰਮਤ ਨੂੰ ਵੇਖ ਕੇ ਜਹਾਂਗੀਰ ਬਹੁਤ ਹੈਰਾਨ ਹੋਇਆ।

ਪੁਰਾਤਨ ਇਤਿਹਾਸਕ ਗ੍ਰੰਥ ਗੁਰੂ ਸਾਹਿਬ ਦੇ ਦਿੱਲੀ ਤੇ ਆਗਰੇ ਦੋਹਾਂ ਥਾਵਾਂ ਉਤੇ ਕਾਫ਼ੀ ਸਮੇਂ ਤਕ ਇਕਠੇ ਵਿਚਰਨ ਦਾ ਜ਼ਿਕਰ ਕਰਦੇ ਹਨ। ਦੋਹਾਂ ਦੇ ਇਕੱਠੇ ਸ਼ਿਕਾਰ ਉਤੇ ਜਾਣ ਤੇ ਤੰਬੂਆਂ ਵਿਚ ਰਹਿਣ ਦੀ ਗੱਲ ਕਰਦੇ ਹਨ। ਉਸ ਦੌਰਾਨ ਇਕ ਵਿਚਿਤਰ ਘਟਨਾ ਵਾਪਰੀ। ਇਕ ਦਿਨ ਸ਼ਿਕਾਰ ਸਮੇਂ ਜਹਾਂਗੀਰ ਤੇ ਗੁਰੂ ਹਰਿਗੋਬਿੰਦ ਜੀ ਵੱਖ-ਵੱਖ ਤੰਬੂਆਂ ਵਿਚ ਡੇਰਾ ਕਰ ਰਹੇ ਸਨ। ਇਕ ਗਰੀਬ ਘਾਹੀ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਆਇਆ। ਕਿਸੇ ਨੂੰ ਕਿਹਾ ਕਿ ਪਾਤਸ਼ਾਹ ਦੇ ਦਰਸ਼ਨ ਕਰਦੇ ਹਨ। ਕਿਥੇ ਹਨ ਉਹ। ਉਸ ਨੇ ਸੋਚਿਆ ਕੋਈ ਫਰਿਆਦੀ ਹੋਵੇਗਾ। ਜਹਾਂਗੀਰ ਨੂੰ ਮਿਲਣਾ ਹੋਵੇਗਾ। ਉਸ ਨੇ ਘਾਹੀ ਨੂੰ ਬਾਦਸ਼ਾਹ ਦੇ ਤੰਬੂ ਵਿਚ ਭੇਜ ਦਿੱਤਾ। ਘਾਹੀ ਨੇ ਬੰਦ ਨੇਤਰਾਂ ਨਾਲ ਜਾਂਦੇ ਸਾਰ ਸ਼ਰਧਾ ਸਹਿਤ ਟਕਾ ਧਰ ਕੇ ਮਥਾ ਟੇਕਿਆ ਤੇ ਹੱਥ ਜੋੜ ਕੇ ਬਿਨੈ ਕੀਤੀ : ਪਾਤਸ਼ਾਹ ਮੇਰੇ ਜਨਮ ਮਰਨ ਦੇ ਬੰਧਨ ਕਟੋ। ਕਸ਼ਟਾਂ ਕਲੇਸ਼ਾਂ ਤੇ ਭਟਕਨ ਤੋਂ ਬਚਾਓ।"

ਜਹਾਂਗੀਰ ਇਸ ਨਵੀਂ ਕਿਸਮ ਦੀ ਫਰਿਆਦ ਸੁਣ ਕੇ ਹੈਰਾਨ ਹੋਇਆ ਅਤੇ ਬੋਲਿਆ : ਮੈਂ ਧਨ ਦੌਲਤ ਜਾਂ ਸੋਨਾ ਚਾਂਦੀ ਦੇ ਕੇ ਤੇਰੀ ਗਰੀਬੀ ਦੂਰ ਕਰ ਸਕਦਾ ਹਾਂ। ਇਹ ਜਨਮ ਮਰਨ ਦੇ ਬੰਧਨ ਕੱਟਣ ਜਾਂ ਭਟਕਣ ਦੂਰ ਕਰਨ ਦਾ ਇਲਾਜ ਮੇਰੇ ਵਸ ਨਹੀਂ। ਇਹ ਪੀਰਾਂ ਫਕੀਰਾਂ ਦਾ ਕੰਮ ਹੈ। ਮੈਂ ਤਾਂ ਦੁਨਿਆਵੀ ਬਾਦਸ਼ਾਹ ਹਾਂ। ਨਾਲ ਦੇ ਤੰਬੂ ਵਿਚ ਇਕ ਪਹੁੰਚੇ ਹੋਏ ਪੀਰ ਹਨ। ਤੇਰੇ ਸੰਕਟ ਤਾਂ ਉਹੀ ਦੂਰ ਕਰ ਸਕਦੇ ਹਨ। ਘਾਹੀ ਨੇ ਆਪਣਾ ਟਕਾ ਚੁਕਿਆ ਤੇ ਆਖਣ ਲੱਗਾ, "ਮੈਨੂੰ ਉਸੇ ਸਚੇ ਪਾਤਸ਼ਾਹ ਦੀ ਤਾਲਾਸ਼ ਹੈ। ਦੁਨਿਆਵੀ ਬਾਦਸ਼ਾਹ ਦੀ ਨਹੀਂ। ਮੈਨੂੰ ਕਿਸੇ ਨੇ ਗਲਤ ਥਾਂ ਭੇਜ ਦਿੱਤਾ ਹੈ।" ਇਹ ਕਹਿ ਕੇ ਉਹ ਤੰਬੂ ਵਿਚੋਂ ਬਾਹਰ ਨਿਕਲ ਗਿਆ। ਘਾਹੀ ਨੇ ਜਿਸ ਦਲੇਰੀ ਅਤੇ ਬੇਪ੍ਰਵਾਹੀ ਨਾਲ ਬਾਦਸ਼ਾਹ ਅਗੋਂ ਟਕਾ ਚੁਕਿਆ ਅਤੇ ਗੱਲ ਕੀਤੀ ਉਸ ਨੇ ਜਹਾਂਗੀਰ ਨੂੰ ਸਪਸ਼ਟ ਕਰ ਦਿੱਤਾ ਕਿ ਗੁਰੂ ਦੇ ਸਿੱਖਾਂ ਵਿਚ ਗੁਰੂ ਦੀ ਹਸਤੀ ਦੇ ਮੁਕਾਬਲੇ ਮੇਰਾ ਮੁਲ ਤਾਂ ਇਕ ਟਕਾ ਵੀ ਨਹੀਂ।

ਆਗਰੇ ਵਿਚ ਹੀ ਗੁਰੂ ਸਾਹਿਬ ਨੇ ਗੁਰੂ ਘਰਦੀ ਸ਼ਰਧਾਵਾਨ ਬੀਬੀ ਪਾਰਬਤੀ ਨੂੰ

ਹੌਂਸਲਾ ਦਿੱਤਾ ਜੋ ਪਰਿਵਾਰ ਦੇ ਵਿਰੋਧ ਦੇ ਬਾਵਜੂਦ ਗੁਰੂ ਘਰ ਨਾਲ ਜੁੜੀ ਹੋਈ ਸੀ। ਗੁਰੂ ਸਾਹਿਬ ਦੇ ਪ੍ਰਭਾਵ ਨਾਲ ਉਸ ਦਾ ਪਰਿਵਾਰ ਗੁਰੂ ਘਰ ਨਾਲ ਜੁੜ ਗਿਆ। ਬੀਬੀ ਨੂੰ ਆਪ ਨੇ ਆਗਰੇ ਵਿਚ ਸਿੱਖੀ ਪ੍ਰਚਾਰ ਦੀ ਜ਼ਿੰਮੇਵਾਰੀ ਬਖਸ਼ੀ। ਉਸ ਨੇ ਇਹ ਕੰਮ ਦੇਰ ਤਕ ਬੜੀ ਸੁਚਜਤਾ ਨਾਲ ਕੀਤਾ ਅਤੇ ਗੁਰਮਤਿ ਦਾ ਮਾਰਗ ਭੁਲੇ ਭਟਕੇ ਲੋਕਾਂ ਨੂੰ ਦੱਸਿਆ।

ਜਹਾਂਗੀਰ ਗੁਰੂ ਸਾਹਿਬ ਦੀ ਹਿੰਮਤ, ਸ਼ਕਤੀ ਤੇ ਪ੍ਰਭਾਵ ਨੂੰ ਅਖੀਂ ਦੇਖ ਚੁਕਾ ਸੀ। ਇਹ ਸਾਰਾ ਕੁਝ ਵੇਖ ਕੇ ਉਸ ਦਾ ਮਨ ਕਦੇ ਸ਼ਰਧਾ ਨਾਲ ਭਰ ਜਾਂਦਾ ਅਤੇ ਕਦੇ ਉਹ ਅਤਿਅੰਤ ਭੈਭੀਤ ਹੋ ਜਾਂਦਾ। ਗੁਰੂ ਘਰ ਦੇ ਦੋਖੀ ਗੁਰੂ ਸਾਹਿਬ ਵਿਰੁੱਧ ਉਸ ਦੇ ਕੰਨ ਭਰਦੇ ਤਾਂ ਉਹ ਹੋਰ ਡੋਲ ਜਾਂਦਾ। ਚੰਦੂ ਇਸ ਪੱਖੋਂ ਕੋਈ ਮੌਕਾ ਨਾ ਜਾਣ ਦਿੰਦਾ। ਮਹਾਂਕਵੀ ਸੰਤੋਖ ਸਿੰਘ ਨੇ ਇਸ ਸਿਲਸਿਲੇ ਵਿਚ ਚੰਦੂ ਵੱਲੋਂ ਗੁਰੂ ਸਾਹਿਬ ਵਿਰੁੱਧ ਇਕ ਸਾਜਿਸ਼ ਰਚਨ ਦਾ ਉਲੇਖ ਕੀਤਾ ਹੈ। ਉਸ ਨੇ ਇਕ ਨਜੂਮੀ ਨੂੰ ਪੰਜ ਹਜ਼ਾਰ ਰੁਪਏ ਦਾ ਲਾਲਚ ਦੇ ਕੇ ਗੰਢਿਆ ਅਤੇ ਕਿਹਾ : ਗੁਰੂ ਹਰਿਗੋਬਿੰਦ ਸਾਹਿਬ ਅੱਜਕੱਲ੍ਹ ਬਾਦਸ਼ਾਹ ਦੇ ਬਹੁਤ ਨੇੜੇ ਹੋ ਗਏ ਹਨ। ਮੇਰਾ ਇਨ੍ਹਾਂ ਨਾਲ ਵੈਰ ਹੈ। ਮੈਂ ਇਨ੍ਹਾਂ ਦੇ ਪਿਤਾ ਨੂੰ ਆਪਣੀ ਹਵੇਲੀ ਵਿਚ ਤਸੀਹੇ ਦੇ ਕੇ ਖਤਮ ਕਰਵਾਇਆ ਸੀ। ਤੁਸੀਂ ਬਾਦਸ਼ਾਹ ਨੂੰ ਮੌਤ ਦਾ ਡਰ ਦਿਓ। ਸਾੜ੍ਹਸਤੀ ਦਾ ਡਰ। ਉਪਾਅ ਪੁੱਛਣ ਉਤੇ ਕਹਿਣਾ ਕਿ ਸੋਢੀ ਖਤਰੀ ਕੁੱਲ ਦਾ ਪ੍ਰਸਿੱਧ ਪੁਰਖ ਹਰਗੋਬਿੰਦ ਗਵਾਲੀਅਰ ਵਿਚ ਕੱਲਾ ਬਹਿ ਕੇ ਤੁਹਾਡੇ ਲਈ ਦੁਆ ਕਰੇ ਤਾਂ ਤੁਹਾਡਾ ਕਸ਼ਟ ਦੂਰ ਹੋ ਜਾਵੇਗਾ—

ਹਰਗੋਬਿੰਦ ਆਖਯ ਬਿਖਿਆਤ। ਸੋਢੀ ਹੋਇ ਸੋ ਖੜ੍ਰੀ ਜਾਤ।
ਹਿਤ ਤੁਮਰੋ ਜੋ ਫੇਰਹਿ ਮਾਲਾ। ਥਲ ਗੁਲੇਰ ਮਹਿ ਬੈਠ ਨਿਰਾਲਾ।

(ਅਧਿਆਇ 58, ਰਾਸ ਚੌਥੀ)

ਪੈਸੇ ਦੇ ਲਾਲਚੀ ਨਜੂਮੀ ਨੇ ਇੰਜ ਹੀ ਕੀਤਾ। ਬਾਦਸ਼ਾਹ ਨੇ ਤਥਾ ਕਥਿਤ ਸਾੜ੍ਹਸਤੀ ਦੂਰ ਕਰਨ ਲਈ ਗੁਰੂ ਸਾਹਿਬ ਨੂੰ ਗਵਾਲੀਅਰ ਦੇ ਕਿਲੇ ਵਿਚ ਭਿਜਵਾ ਦਿੱਤਾ। ਅਸਲ ਵਿਚ ਇਹ ਦੁਆ ਤੇ ਬੰਦਗੀ ਤਾਂ ਢਕਵੰਜ ਸੀ। ਮਨੋਰਥ ਤਾਂ ਗੁਰੂ ਸਾਹਿਬ ਨੂੰ ਗਵਾਲੀਅਰ ਦੇ ਬਦਨਾਮ ਕਿਲ੍ਹੇ ਵਿਚ ਹੌਲੀ-ਹੌਲੀ ਜ਼ਹਿਰ ਦੇ ਕੇ ਖਤਮ ਕਰਨਾ ਸੀ। ਇਹ ਕੈਦ ਸੀ। ਇਸ ਕਿਲੇ ਵਿਚ ਬਾਗੀ ਰਾਜੇ ਰਜਵਾੜੇ ਬੰਦ ਕਰ ਕੇ ਹੌਲੀ ਹੌਲੀ ਮੌਤ ਦੇ ਮੂੰਹ ਸੁਟੇ ਜਾਂਦੇ ਸਨ। ਉਥੋਂ ਕੋਈ ਘੱਟ ਹੀ ਵਾਪਸ ਪਰਤਦਾ ਸੀ। ਸੀ. ਐਚ. ਪੇਨ ਲਿਖਦਾ ਹੈ ਕਿ ਗੁਰੂ ਜੀ ਦੇ ਸ਼ਾਹੀ ਠਾਠ ਤੇ ਫੌਜੀ ਤਾਕਤ ਨੂੰ ਵੇਖਦੇ ਹੋਏ ਜਹਾਂਗੀਰ ਨੇ ਗੁਰੂ ਜੀ ਨੂੰ ਗ੍ਰਿਫ਼ਤਾਰ ਕਰ ਕੇ ਗਵਾਲੀਅਰ ਭੇਜਣ ਦਾ ਹੁਕਮ ਕੀਤਾ। ਕਨਿੰਘਮ ਗੁਰੂ ਜੀ ਦੇ ਅਲਬੇਲੇ ਸੁਭਾਅ ਤੇ ਜੰਗੀ ਝੁਕਾਅ ਨੂੰ ਗ੍ਰਿਫ਼ਤਾਰੀ ਦਾ ਕਾਰਨ ਮੰਨਦਾ ਹੈ। ਲਤੀਫ਼ ਕਹਿੰਦਾ ਹੈ ਕਿ ਗੁਰੂ ਜੀ ਦਾ ਕਿਲ੍ਹੇ ਤੇ ਤਖਤ ਉਸਾਰਨਾ ਹਕੂਮਤ ਨੂੰ ਸਿਧਾ ਸਦਾ ਸੀ ਕਿ ਕੋਈ ਕਾਰਵਾਈ ਕੀਤੀ ਜਾਵੇ। ਉਨ੍ਹਾਂ ਦੀ ਸ਼ਾਹੀ ਸ਼ਾਨ ਤੇ ਠਾਠ ਹੀ ਉਨ੍ਹਾਂ ਵਿਰੁੱਧ ਕਾਰਵਾਈ ਦਾ ਕਾਰਨ ਸੀ। ਮੇਜਰ ਸਕਾਟ ਵੀ ਗੁਰੂ ਸਾਹਿਬ ਦੀ ਫੌਜ, ਧਨ ਦੌਲਤ ਅਤੇ ਘੋੜ ਸਵਾਰਾਂ ਦੀ ਗੱਲ ਜ਼ੋਰ ਦੇ ਕੇ ਕਰਦਾ ਹੈ। ਸਰ

ਚਾਰਲਸ ਗਫ਼ ਦਾ ਵੀ ਇਹੀ ਵਿਚਾਰ ਹੈ।

ਮਹਿਮਾ ਪ੍ਰਕਾਸ਼ (ਵਾਰਤਕ) ਦਾ ਵਿਚਾਰ ਹੈ ਜਿਹੜਾ ਜਹਾਂਗੀਰ ਗੋਇੰਦਵਾਲ ਦੀ ਉਚੀ ਮਮਟੀ ਵੇਖ ਕੇ ਉਸਨੂੰ ਢਾਉਣ ਦਾ ਹੁਕਮ ਦੇ ਸਕਦਾ ਹੈ, ਉਹ ਅਕਾਲ ਤਖ਼ਤ ਦੀ ਉਸਾਰੀ ਨੂੰ ਕਿਵੇਂ ਬਰਦਾਸ਼ਤ ਕਰ ਸਕਦਾ ਹੈ। ਉਸ ਨੂੰ ਇਹ ਚੁਗਲੀਆਂ ਪਹੁੰਚ ਰਹੀਆਂ ਸਨ ਕਿ 'ਨਾਨਕ ਦੇ ਘਰ' ਦੌਲਤ ਵੱਧਣ ਲੱਗੀ ਹੈ ਤੇ ਇਹ ਤੇਰੀ ਬਾਦਸ਼ਾਹਤ ਲਈ ਖਤਰਨਾਕ ਹੋ ਸਕਦੀ ਹੈ। ਲੋਕ ਤੈਨੂੰ ਮਾਲੀਆ ਦੇਣ ਤੋਂ ਨਾਂਹ ਕਰ ਸਕਦੇ ਹਨ। ਤੇਰੇ ਕੋਲ ਫਰਿਆਦ ਕਿਸ ਨੇ ਕਰਨੀ ਹੈ। ਗੁਰੂ ਹਰਿਗੋਬਿੰਦ ਆਪ ਲੋਕਾਂ ਦੇ ਮੁਕਦਮੇ ਸੁਣ ਕੇ ਫ਼ੈਸਲੇ ਸੁਣਾ ਰਿਹਾ ਹੈ।

ਸਾਜਿਸ਼ਾਂ, ਚੁਗਲੀਆਂ, ਭੈ, ਗੁਰੂ ਸਾਹਿਬ ਦੀ ਆਪਣੀ ਜੀਵਨ-ਸ਼ੈਲੀ ਅਤੇ ਨੀਤੀ ਸਭ ਕੁਝ ਹੀ ਗੁਰੂ ਸਾਹਿਬ ਦੀ ਗਵਾਲੀਅਰ ਕੈਦ ਦੇ ਕਾਰਨ ਮੰਨੇ ਜਾ ਸਕਦੇ ਹਨ। ਗਵਾਲੀਅਰ ਦੇ ਇਸ ਕਿਲੇ ਵਿਚ ਉਸ ਸਮੇਂ ਸਿਖ ਪਰੰਪਰਾਵਾਂ ਤੇ ਲਿਖਤਾਂ ਬਵੰਜਾ ਰਾਜਿਆਂ/ਰਜਵਾੜਿਆਂ ਦੇ ਕੈਦ ਹੋਣ ਦੀ ਪੁਸ਼ਟੀ ਕਰਦੀਆਂ ਹਨ। ਇਨ੍ਹਾਂ ਉਤੇ ਬੜੀ ਸਖਤੀ ਹੁੰਦੀ ਸੀ। ਦਿਨ ਦੀ ਰੌਸ਼ਨੀ ਹੀ ਕੁਝ ਸਮੇਂ ਲਈ ਨਸੀਬ ਹੁੰਦੀ। ਰੋਟੀ ਮਾੜੀ। ਉਸ ਵਿਚ ਹੌਲੀ ਹੌਲੀ ਖਤਮ ਕਰਨ ਵਾਲੇ ਜ਼ਹਿਰਾਂ ਤਕ ਦੀ ਮਿਲਾਵਟ। ਕੈਦੀ ਅੱਡੀਆਂ ਰਗੜ-ਰਗੜ ਕੇ ਮਰਦੇ। ਗੁਰੂ ਸਾਹਿਬ ਪਹੁੰਚੇ ਤਾਂ ਕੈਦੀਆਂ ਨੂੰ ਜਿਵੇਂ ਕੋਈ ਮਸੀਹਾ ਮਿਲ ਗਿਆ। ਉਨ੍ਹਾਂ ਆਪਣੇ ਦੁਖ ਦਰਦ ਦੱਸੇ। ਕਿਲੇ ਦਾ ਦਰੋਗਾ ਆਪ ਦਾ ਸ਼ਰਧਾਲੂ ਹੋ ਗਿਆ। ਬਾਦਸ਼ਾਹ ਨੇ ਕੈਦ ਨੂੰ ਨਜ਼ਰਬੰਦੀ ਦਾ ਨਾਮ ਦੇ ਕੇ ਆਪ ਲਈ ਰੋਜ਼ੀਨਾ ਵੀ ਨਿਸ਼ਚਿਤ ਕੀਤਾ ਸੀ। ਰਸਦ, ਖਾਣ ਪੀਣ ਲਈ ਸੁਵਿਧਾਵਾਂ ਦੇ ਆਦੇਸ਼ ਦਿੱਤੇ ਸਨ। ਗੁਰੂ ਸਾਹਿਬ ਜੇਲ੍ਹ ਦੀ ਖੁਰਾਕ ਨਾ ਖਾਂਦੇ। ਕਿਰਤ ਵਿਰਤ ਵਾਲੇ ਸਿੱਖਾਂ ਤੋਂ ਰਸਦ ਮੰਗਵਾ ਕੇ ਸਭ ਲਈ ਕੜਾਹ ਪ੍ਰਸ਼ਾਦ ਤੇ ਹੋਰ ਭੋਜਨ ਬਣਵਾਂਦੇ। ਸਭ ਨੂੰ ਵਰਤਾਂਦੇ। ਰੋਜ਼ੀਨੇ ਵਿਚੋਂ ਸਭ ਲਈ ਹਰ ਪ੍ਰਕਾਰ ਦੀ ਸੁੱਖ ਸੁਵਿਧਾ ਦਾ ਪ੍ਰਬੰਧ ਕਰਦੇ। ਭਾਈ ਸੰਤੋਖ ਸਿੰਘ ਇਸ ਬਾਰੇ ਇਉਂ ਦੱਸਦੇ ਹਨ—

ਰਹਿਣ ਲਗੇ ਪੁਨ ਦੁਰਗ ਮਝਾਰੇ। ਸਭ ਕੈਦਨ ਕੋ ਦੇਤ ਅਹਾਰੇ।
ਪਾਤਸ਼ਾਹ ਤੇ ਬਹੁ ਧਨ ਆਵੈ। ਪੁਨ ਹਰਦਾਸ ਰਸਦ ਪਹੁੰਚਾਵੈ।
ਬਨਹਿ ਤਿਹਾਵਲ ਨਿਤ ਸਮੁਦਾਇ। ਜਿਤੇ ਦੁਰਗ ਮਹਿ ਸਗਰੇ ਖਾਇ।
ਛੁਧਿਤ (ਭੁਖਾ) ਰਹਿਣ ਨਾ ਪਾਵੈ ਕੋਈ।
ਸਵਾਦਲ ਅਸਨ (ਭੋਜਨ) ਦੇਤ ਬਹੁ ਹੋਈ।

(ਰਾਸ ਚੌਥੀ ਅੰਸੂ 59)

ਕਨ੍ਹਈਆ ਲਾਲ ਵੀ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਗੁਰੂ ਸਾਹਿਬ ਆਪਣਾ ਰੋਜ਼ੀਨਾ ਰੋਜ਼ ਹੀ ਕਿਲ੍ਹੇ ਦੇ ਕੈਦੀਆਂ ਨੂੰ ਵੰਡ ਦਿੰਦੇ ਅਤੇ ਆਪਣਾ ਖਰਚਾ ਆਪਣੇ ਪੱਲਿਉਂ ਕਰਦੇ। ਜੇਲ੍ਹ ਦੇ ਦਰੋਗੇ ਹਰੀ ਦਾਸ ਨੇ ਗੁਰੂ ਜੀ ਨੂੰ ਘਰੋਂ ਖਾਣਾ ਭਿਜਵਾਣ ਦੀ ਆਗਿਆ ਵੀ ਲਈ ਪਰ ਗੁਰੂ ਪਾਤਸ਼ਾਹ ਅਲੂਣੀ ਰੋਟੀ ਹੀ ਖਾਂਦੇ ਰਹੇ। ਇਸ ਗੱਲ ਦੀ ਪੁਸ਼ਟੀ ਮੁਹਸਿਨ ਫਾਨੀ ਨੇ ਵੀ ਕੀਤੀ ਹੈ। ਗੁਰੂ ਜੀ ਨੇ ਆਪਣੇ ਸਾਥੀ ਭਾਈ ਜੇਠਾ,

ਭਾਈ ਬਿਧੀ ਚੰਦ, ਭਾਈ ਪਰਾਗਾ, ਭਾਈ ਰਾਜੂ ਤੇ ਭਾਈ ਪੁਰਾਣਾ ਨੂੰ ਨਾਲ ਨਾ ਰੱਖਿਆ। ਉਨ੍ਹਾਂ ਨੂੰ ਬਾਹਰ ਜਾ ਕੇ ਸਿੱਖ ਸੰਗਤਾਂ ਨੂੰ ਜਥੇਬੰਦ ਕਰਨ ਲਈ ਕਿਹਾ।

ਇਸ ਦੌਰਾਨ ਚੰਦੂ ਨੇ ਆਪਣਾ ਪੁੱਤਰ ਧਰਮ ਚੰਦ ਦਰੋਗੇ ਕੋਲ ਭੇਜਿਆ। ਉਸ ਨੇ ਇਕ ਜ਼ਹਿਰ ਆਲੂਦ ਚੋਲਾ ਗੁਰੂ ਸਾਹਿਬ ਨੂੰ ਪਹਿਨਾਉਣ ਲਈ ਦਰੋਗੇ ਨੂੰ ਲਾਲਚ ਦਿੱਤੇ। ਦਾਰੋਗਾ ਤਾਂ ਗੁਰੂ ਸਾਹਿਬ ਦਾ ਸ਼ਰਧਾਲੂ ਬਣ ਚੁੱਕਾ ਸੀ। ਉਸ ਨੇ ਚੁਪ ਕਰ ਕੇ ਚੋਲਾ ਲੈ ਲਿਆ ਤੇ ਗੁਰੂ ਸਾਹਿਬ ਨੂੰ ਇਸ ਕਰਤੂਤ ਦੀ ਜਾਣਕਾਰੀ ਦੇ ਦਿੱਤੀ। ਗੁਰੂ ਸਾਹਿਬ ਭਾਵੇਂ ਪਹਿਲਾਂ ਵੀ ਸਾਵਧਾਨ ਸਨ, ਹੋਰ ਸਾਵਧਾਨ ਹੋ ਗਏ।

ਅੰਮ੍ਰਿਤਸਰ ਤੋਂ ਦਿੱਲੀ ਆਗਰੇ ਤੇ ਫਿਰ ਗਵਾਲੀਅਰ ਗਿਆਂ ਨੂੰ ਜਿਉਂ-ਜਿਉਂ ਲੰਬਾ ਸਮਾਂ ਲੰਘਦਾ ਗਿਆ, ਤਿਉਂ-ਤਿਉਂ ਸਿੱਖ ਸੰਗਤਾਂ ਵਿਚ ਬੇਚੈਨੀ, ਚਿੰਤਾ ਤੇ ਗੁੱਸੇ ਦਾ ਤੂਫ਼ਾਨ ਤੇਜ਼ ਹੁੰਦਾ ਗਿਆ। ਗੁਰੂ ਜੀ ਦੀ ਲੰਬੀ ਗੈਰ ਹਾਜ਼ਰੀ ਵਿਚ ਸਿੱਖਾਂ ਦਾ ਹੌਂਸਲਾ ਬਣਾਈ ਰੱਖਣ ਲਈ ਭਾਈ ਗੁਰਦਾਸ ਜੀ ਤੇ ਬਾਬਾ ਬੁਢਾ ਜੀ ਨੇ ਵਿਸ਼ੇਸ਼ ਉੱਦਮ ਕੀਤੇ। ਥਾਂ-ਥਾਂ ਨਗਰਾਂ, ਪਿੰਡਾਂ ਵਿਚ ਜਦੋਂ ਵੀ ਸੰਭਵ ਹੁੰਦਾ ਰੋਸ-ਜਲੂਸਾਂ ਵਰਗੀਆਂ ਚੌਂਕੀਆਂ ਦੀ ਮਰਿਯਾਦਾ ਤੋਰੀ। ਇਕ ਸਿੱਖ ਮਿਸ਼ਾਲ ਚੁਕਦਾ, ਇਕ ਝੰਡਾ। ਵਾਰਾਂ ਤੇ ਸ਼ਬਦ ਕੀਰਤਨ ਗਾਂਦੀਆਂ ਸੰਗਤਾਂ ਨਾਲ ਹੁੰਦੀਆਂ। ਪਿਛੋਂ ਪਿੰਡ ਇਹ ਚੌਂਕੀਆਂ ਫਿਰਦੀਆਂ। ਦਰਬਾਰ ਸਾਹਿਬ ਵਿਚ ਅੰਮ੍ਰਿਤ ਵੇਲੇ ਬਾਬਾ ਬੁਢਾ ਜੀ ਆਪ ਚੌਂਕੀ ਦੀ ਅਗਵਾਈ ਕਰਦੇ। ਸਮਾਂ ਪਾ ਕੇ ਇਹ ਚੌਂਕੀਆਂ ਗਵਾਲੀਅਰ ਤਕ ਪਹੁੰਚਣ ਲੱਗੀਆਂ। ਸਿੱਖ ਕਿੱਲ੍ਹੇ ਦੀ ਪਰਿਕਰਮਾ ਕਰਦੇ। ਗੁਰੂ ਸਾਹਿਬ ਨੂੰ ਮਨ ਹੀ ਮਨ ਵਿਚ ਧਿਆ ਕੇ ਕਿਲ੍ਹੇ ਨੂੰ ਨਮਸਕਾਰ ਕਰਦੇ ਤੇ ਮੁੜ ਜਾਂਦੇ। ਮੁਹਸਨ ਫਾਨੀ ਦੱਸਦਾ ਹੈ ਕਿ ਸਿੱਖ ਤੇ ਮਸੰਦ ਆਗੂ ਗਵਾਲੀਅਰ ਜਾਂਦੇ। ਉਹ ਕਿਲ੍ਹੇ ਦੀਆਂ ਦੀਵਾਰਾਂ ਨੂੰ ਛੂਹਦੇ ਤੇ ਸਿਰ ਝੁਕਾਂਦੇ।

ਗੁਰੂ ਸਾਹਿਬ ਦੀ ਗਵਾਲੀਅਰ ਵਿਚ ਨਜ਼ਰਬੰਦੀ ਦਾ ਉਲੇਖ ਸਾਰੇ ਸਿੱਖ/ਗੈਰ ਸਿੱਖ, ਸਮਕਾਲੀ ਤੇ ਪਿਛਲੇਰੇ ਲੇਖਕਾਂ ਦੀਆਂ ਲਿਖਤਾਂ ਵਿਚ ਹੈ। ਗੁਰ-ਬਿਲਾਸ, ਮਹਿਮਾ ਪ੍ਰਕਾਸ਼, ਦਬਸਤਾਨ-ਏ-ਮਜ਼ਾਹਬ, ਭਟ ਵਹੀਆਂ, ਸੂਰਜ ਪ੍ਰਕਾਸ਼, ਬੰਸਾਵਲੀ ਨਾਮਾ, ਤਵਾਰੀਖ ਗੁਰੂ ਖਾਲਸਾ, ਫਾਰਸਟਰ, ਕਨਿੰਘਮ, ਮੈਕਾਲਿਫ਼, ਕਨ੍ਹਈਆ ਲਾਲ, ਲਤੀਫ਼-ਹਰ ਕਿਸੇ ਨੇ ਇਸ ਦਾ ਜ਼ਿਕਰ ਕੀਤਾ ਹੈ। ਫਰਕ ਹੈ ਤਾਂ ਇਹ ਕਿ ਨਜ਼ਰਬੰਦੀ ਦੇ ਸਮੇਂ ਤੇ ਮਿਆਦ ਬਾਰੇ ਇਹ ਇਕ ਮਤ ਨਹੀਂ ਰੱਖਦੇ। ਅਠਾਰਵੀਂ ਸਦੀ ਵਿਚ ਪੰਜਾਬ ਦੀ ਯਾਤਰਾ ਕਰਨ ਵਾਲਾ ਫਾਰਸਟਰ ਆਪਣੇ ਸਫਰਨਾਮੇ ਵਿਚ ਇਸ ਨੂੰ ਥੋੜ੍ਹੇ ਸਮੇਂ ਦੀ ਨਜ਼ਰਬੰਦੀ (ਸ਼ਾਰਟ ਕਨਫਾਈਨਮੈਂਟ) ਦੱਸਦਾ ਹੈ। ਪ੍ਰੋ. ਸਤਬੀਰ ਸਿੰਘ ਨੇ ਇਸ ਦੀ ਅਵਧੀ ਸਤਾਈ ਮਹੀਨੇ ਦੱਸੀ ਹੈ ਅਤੇ ਇਸ ਨੂੰ 1609 ਤੋਂ 1612 ਦਰਮਿਆਨ ਮਿਥਿਆ ਹੈ। ਭੱਟ ਵਹੀਆਂ ਗ੍ਰਿਫ਼ਤਾਰੀ ਦੀ ਮਿਤੀ ਨਹੀਂ ਦਿੰਦੀਆਂ ਪਰ ਰਿਹਾ ਹੋਣ ਦਾ ਸਮਾਂ ਅਕਤੂਬਰ ਨਵੰਬਰ1619 ਦਸਦੀਆਂ ਹਨ। ਤਵਾਰੀਖ ਗੁਰੂ ਖਾਲਸਾ ਤੇ ਸੂਰਜ ਪ੍ਰਕਾਸ਼ ਅਨੁਸਾਰ ਰਿਹਾਈ 1617 ਵਿਚ ਹੋਈ। ਸਿੱਖ ਗ੍ਰੰਥਕਾਰ ਤੇ ਸਿੱਖ ਪਰੰਪਰਾ ਇਸ ਕਾਂਡ ਵਿਚ ਚੰਦੂ ਉਤੇ ਵਿਸ਼ੇਸ਼ ਰੂਪ ਵਿਚ ਉਂਗਲ ਰੱਖਦੇ ਹਨ। ਇਹ ਕਹਿੰਦੇ ਹਨ ਕਿ ਚੰਦੂ ਆਪਣੀ ਵੱਡੀ ਸਫਲਤਾ ਇਸ ਵਿਚ ਸਮਝਦਾ ਸੀ ਕਿ ਕਿਸੇ ਨਾ ਕਿਸੇ ਬਹਾਨੇ ਡੇਢ ਦੋ ਮਹੀਨੇ ਲਈ

ਗੁਰੂ ਸਾਹਿਬ ਗਵਾਲੀਅਰ ਵਿਚ ਭੇਜ ਦਿੱਤੇ ਜਾਣ। ਇਸ ਪਿਛੋਂ ਬਾਦਸ਼ਾਹ ਨੂੰ ਹੀ ਹਕੂਮਤ ਦੇ ਰੁਝੇਵਿਆਂ ਵਿਚ ਗੁਰੂ ਸਾਹਿਬ ਵਿਸਰ ਜਾਣੇ ਹਨ। ਇਸ ਦੌਰਾਨ ਕਿਸੇ ਸਾਜਿਸ਼ ਨਾਲ ਉਹ ਗੁਰੂ ਸਾਹਿਬ ਨੂੰ ਖਤਮ ਕਰਨ ਦੀਆਂ ਗੋਂਦਾ ਗੁੰਦੀ ਫਿਰਦਾ ਸੀ।

ਲਗਪਗ ਸਭ ਇਤਿਹਾਸਕ ਸ੍ਰੋਤ ਗੁਰੂ ਸਾਹਿਬ ਦੀ ਰਿਹਾਈ ਮੀਆਂ ਮੀਰ, ਵਜ਼ੀਰ ਖਾਂ ਅਤੇ ਨੂਰਜਹਾਂ ਜਹੇ ਨੇਕ ਸੋਚ ਵਾਲੇ ਸਲਾਹਕਾਰਾਂ ਦੇ ਕਹੇ ਉਤੇ ਹੋਈ ਦੱਸਦੇ ਹਨ। ਸਿੱਖ ਪਰੰਪਰਾ ਵਿਚ ਗੁਰੂ ਸਾਹਿਬ ਨੂੰ ਬਾਰਾਂ ਸਾਲ ਲਈ ਗਵਾਲੀਅਰ ਦੀ ਕੈਦ ਦੀ ਗੱਲ ਪ੍ਰਚਲਿਤ ਹੈ। ਇਸ ਦਾ ਕੋਈ ਕਾਰਨ ਤਾਂ ਅਵਸ਼ ਹੋਵੇਗਾ। ਲਗਦਾ ਹੈ ਕਿ ਜਹਾਂਗੀਰ ਨੇ ਆਰੰਭ ਵਿਚ ਗੁਰੂ ਸਾਹਿਬ ਦੀ ਬਾਰਾਂ ਸਾਲ ਦੀ ਨਜ਼ਰਬੰਦੀ ਦੇ ਹੁਕਮ ਦਿੱਤੇ, ਪਰੰਤੂ ਬਾਅਦ ਵਿਚ ਨੇਕ ਸਲਾਹਕਾਰਾਂ ਦੇ ਕਹੇ ਉਤੇ ਉਸ ਨੂੰ ਆਪਣੇ ਅਨਿਆਂ ਭਰੇ ਫ਼ੈਸਲੇ ਦਾ ਅਹਿਸਾਸ ਹੋਇਆ ਅਤੇ ਉਸ ਨੇ ਗੁਰੂ ਜੀ ਨੂੰ ਛੇਤੀ ਰਿਹਾ ਕਰ ਦਿੱਤਾ। ਗੁਰੂ ਸਾਹਿਬ ਦੀ ਸੰਤਾਨ ਦੇ ਜਨਮ ਦੀਆਂ ਮਿਤੀਆਂ ਵੀ ਬਾਰਾਂ ਸਾਲ ਦੀ ਕੈਦ ਨਾਲ ਮੇਲ ਨਹੀਂ ਖਾਂਦੀਆਂ। ਇਤਿਹਾਸਕ ਸ੍ਰੋਤਾਂ ਅਨੁਸਾਰ ਆਪ ਦੇ ਘਰ ਬਾਬਾ ਗੁਰਦਿੱਤਾ, ਬੀਬੀ ਵੀਰੋ, ਸੂਰਜ ਮਲ, ਅਣੀ ਰਾਏ, ਅਟਲ ਰਾਏ ਅਤੇ (ਗੁਰੂ) ਤੇਗ ਬਹਾਦਰ ਜੀ ਕ੍ਰਮਵਾਰ 1613, 1615, 1617, 1618, 1619 ਅਤੇ 1621 ਵਿਚ ਪ੍ਰਗਟ ਹੋਏ।

ਨਜ਼ਰਬੰਦੀ ਦੌਰਾਨ ਸਿੱਖਾਂ ਦੇ ਰੋਸ ਅਤੇ ਸ਼ਰਧਾ ਦਾ ਉਲੇਖ ਗੁਰੂ ਹਰਿਗੋਬਿੰਦ ਸਾਹਿਬ ਦੇ ਸਮਕਾਲੀ ਮੁਹਸਿਨ ਫਾਨੀ ਨੇ ਇਨ੍ਹਾਂ ਸ਼ਬਦਾਂ ਵਿਚ ਕੀਤਾ ਹੈ—

ਦਰ-ਆਂ ਹੰਗਾਮੇ ਮਸੰਦਾਂ ਵ ਸਿਖਾਂ ਮੀ ਰਫ਼ਤੰਦ।
ਵ ਦੀਵਾਰੇ ਕਿਲਾ ਰਾ ਸਜਦਾ ਮੀ ਕਰਦੰਦ।

ਕਮਾਲ ਦੀ ਗੱਲ ਇਹ ਹੈ ਕਿ ਮੁਹਸਿਨ ਫਾਨੀ ਨੇ ਵੀ ਗੁਰੂ ਸਾਹਿਬ ਨੂੰ ਬਾਰਾਂ ਸਾਲ ਦੀ ਕੈਦ ਦੇ ਹੁਕਮਾਂ ਦੀ ਪੁਸ਼ਟੀ ਕੀਤੀ ਹੈ। ਗੁਰ ਪ੍ਰਤਾਪ ਸੂਰਜ ਗ੍ਰੰਥ ਦਾ ਨਵੀਂ ਖੋਜ ਦੇ ਆਧਾਰ ਉਤੇ ਸੰਪਾਦਨ ਕਰਨ ਵਾਲੇ ਸਿੱਖ ਇਤਿਹਾਸਕਾਰ ਡਾ. ਕਿਰਪਾਲ ਸਿੰਘ ਨੇ ਪੰਜਾਬ ਦੇ ਰਾਜਸੀ ਹਾਲਾਤ ਦੇ ਆਧਾਰ ਉਤੇ ਗੁਰੂ ਸਾਹਿਬ ਦੀ ਨਜ਼ਰਬੰਦੀ ਦਾ ਸਮਾਂ 1613 ਤੋਂ 1619 ਤਕ ਮਿਥਿਆ ਹੈ। ਇਸੇ ਅਵਧੀ ਵਿਚ ਗੁਰੂ ਘਰ ਦੀ ਸੰਤਾਨ ਦੇ ਜਨਮ ਦੀ ਮਿਤੀ ਭਟ ਵਹੀਆ ਦੇ ਰਹੀਆਂ ਹਨ। ਇਸ ਵਿਰੋਧ ਕਾਰਨ ਇਹ ਅਵਧੀ ਪ੍ਰਵਾਨ ਕਰਨੀ ਸੰਭਵ ਨਹੀਂ ਲਗਦੀ। ਮੁਰਤਜ਼ਾ ਖਾਨ ਦੁਆਰਾ ਪੰਜਾਬ ਦੀ ਗਵਰਨਰੀ 1611 ਵਿਚ ਸੰਭਾਲਣ ਦੀ ਗੱਲ ਤਾਂ ਠੀਕ ਹੈ, ਪਰ ਇਸ ਉਪਰੰਤ ਦੋ ਸਾਲ ਉਡੀਕ ਕੇ ਕਾਰਵਾਈ ਕਰਨ ਦੀ ਕੀ ਤੁਕ ਹੈ। ਅਕਾਲ ਤਖ਼ਤ ਦੀ ਸਥਾਪਤੀ, ਮੀਰੀ ਪੀਰੀ ਦੀ ਤਿੱਖੀ ਜੀਵਨ ਸ਼ੈਲੀ ਜਹੇ ਕਦਮ ਵੀ ਇਸ ਤੋਂ ਪਹਿਲਾਂ ਚੁੱਕੇ ਜਾ ਚੁੱਕੇ ਸਨ। ਚੰਦੂ ਦਾ ਪ੍ਰਭਾਵ ਵੀ ਉਸ ਵੇਲੇ ਤਕ ਸਿਖਰ ਉਤੇ ਸੀ ਅਤੇ ਪ੍ਰਿਥੀ ਚੰਦ ਦੀ ਵੀ ਚੜ੍ਹਤ ਸੀ। ਇਸ ਲਈ ਕੈਦ ਵਾਲਾ ਕਾਂਡ 1611 ਤੋਂ 1613 ਦੌਰਾਨ ਵਾਪਰ ਕੇ ਡੇਢ ਦੋ ਸਾਲ ਦੇ ਵਿਚ ਵਿਚ ਖਤਮ ਹੋ ਗਿਆ ਪ੍ਰਤੀਤ ਹੁੰਦਾ ਹੈ। ਦੂਜੀ ਸੰਭਾਵਨਾ 1618-19 ਜਾਂ 1619-20 ਦੌਰਾਨ ਛੇ ਕੁ ਮਹੀਨੇ ਦੀ ਕੈਦ ਦੀ ਬਣਦੀ ਹੈ। ਇਸ ਸੰਭਾਵਨਾ ਦਾ ਆਧਾਰ 1619 ਜਾਂ 1620 ਦੀ ਦੀਵਾਲੀ ਉਤੇ ਗੁਰੂ ਸਾਹਿਬ ਦਾ ਰਿਹਾਈ ਉਪਰੰਤ ਅੰਮ੍ਰਿਤਸਰ

ਪਹੁੰਚਣ ਦਾ ਜ਼ਿਕਰ ਕ੍ਰਮਵਾਰ ਭਟਵਹੀ ਤਲੌਂਡਾ ਅਤੇ ਗੁਰੂ ਕੀਆਂ ਸਾਖੀਆਂ ਵਿਚ ਹੋਣਾ ਹੈ। ਸਿੱਖ ਪਰੰਪਰਾ ਦੀਵਾਲੀ ਦੇ ਦਿਨ ਗੁਰੂ ਪਾਤਸ਼ਾਹ ਦੇ ਅੰਮ੍ਰਿਤਸਰ ਪਹੁੰਚਣ ਉਤੇ ਇਕ ਮਤ ਹੈ। ਦੀਵਾਲੀ ਦਾ ਦਿਹਾੜਾ ਸਿੱਖ ਜਗਤ ਵਿਚ ਬੰਦੀ ਛੋੜ ਦਿਵਸ ਦੇ ਰੂਪ ਵਿਚ ਮਨਾਇਆ ਜਾਂਦਾ ਹੈ।

ਗਵਾਲੀਅਰ ਵਿਚੋਂ ਗੁਰੂ ਸਾਹਿਬ ਇਕੱਲੇ ਹੀ ਨਹੀਂ ਨਿਕਲੇ ਉਥੇ ਕੈਦ ਬਵੰਜਾ ਰਾਜਿਆਂ ਰਜਵਾੜਿਆਂ ਨੂੰ ਵੀ ਨਾਲ ਲੈ ਕੇ ਨਿਕਲੇ। ਇਹ ਵਿਥਿਆ ਵੀ ਇਤਿਹਾਸਕ ਹੈ। ਹੋਇਆ ਇਹ ਕਿ ਗੁਰੂ ਪਾਤਸ਼ਾਹ ਦੀ ਨਜ਼ਰਬੰਦੀ ਦੌਰਾਨ ਜਹਾਂਗੀਰ ਖਾਸਾ ਬੀਮਾਰ ਹੋ ਗਿਆ। ਕੋਈ ਇਲਾਜ ਕਰਗਰ ਨਾ ਸਾਬਤ ਹੋਇਆ। ਮਾਨਸਿਕ ਪਰੇਸ਼ਾਨੀ ਤੇ ਬੇਚੈਨੀ ਕਾਰਨ ਉਹ ਰਾਤ ਨੂੰ ਡਰ ਡਰ ਕੇ ਉਠਦਾ। ਭਾਈ ਸੰਤੋਖ ਸਿੰਘ ਨੇ ਭਾਈ ਜੇਠਾ ਤੇ ਭਾਈ ਪਿਰਾਣਾ ਦੇ ਸ਼ਾਹੀ ਮਹਿਲ ਵਿਚ ਸ਼ੇਰ ਦਾ ਰੂਪ ਧਾਰ ਕੇ ਬਾਦਸ਼ਾਹ ਨੂੰ ਡਰਾਣ ਦੀ ਵਾਰਤਾ ਲਿਖੀ ਹੈ। ਬਾਦਸ਼ਾਹ ਨੇ ਗੁਰੂ ਸਾਹਿਬ ਨੂੰ ਚੇਤੇ ਕਰ ਕੇ ਹੌਸਲਾ ਫੜਿਆ। ਬੀਮਾਰੀ, ਤਣਾਓ ਤੇ ਬੇਚੈਨੀ ਵਿਚ ਉਸ ਨੇ ਵਜ਼ੀਰ ਖਾਂ ਨਾਲ ਗੱਲ ਕੀਤੀ। ਉਸ ਨੇ ਸਮਝਾਇਆ ਕਿ ਤੁਸੀਂ ਦਰਵੇਸ਼ ਗੁਰੂ ਹਰਿਗੋਬਿੰਦ ਨੂੰ ਕੈਦ ਵਿਚ ਸੁਟ ਰੱਖਿਆ ਹੈ। ਉਸ ਨੂੰ ਕੈਦ ਮੁਕਤ ਕਰੋਗੇ ਤਾਂ ਸਭ ਕੁਝ ਠੀਕ ਹੋ ਜਾਵੇਗਾ। ਮੀਆਂ ਮੀਰ ਤੇ ਮਲਕਾ ਨੂਰ ਜਹਾਂ ਨੇ ਵੀ ਖੁਦਾਈ ਕਹਿਰ ਤੋਂ ਬਚਣ ਲਈ ਨਿਰਦੋਸ਼ ਗੁਰੂ ਸਾਹਿਬ ਨੂੰ ਕੈਦ ਤੋਂ ਮੁਕਤ ਕਰਨ ਦਾ ਸੁਝਾਅ ਦਿੱਤਾ। ਸਿਟੇ ਵਜੋਂ ਜਹਾਂਗੀਰ ਨੇ ਵਜ਼ੀਰ ਖਾਂ ਨੂੰ ਤੁਰੰਤ ਗਵਾਲੀਅਰ ਜਾ ਕੇ ਗੁਰੂ ਸਾਹਿਬ ਨੂੰ ਅਦਬ ਸਹਿਤ ਕਿਲੇ ਵਿਚੋਂ ਮੁਕਤ ਕਰ ਕੇ ਦਿੱਲੀ ਲਿਆਉਣ ਦਾ ਹੁਕਮ ਦਿੱਤਾ। ਗਵਾਲੀਅਰ ਵਿਚ ਕੈਦ ਰਾਜਿਆਂ ਨੂੰ ਪਤਾ ਲੱਗਾ ਤਾਂ ਉਹ ਚਿੰਤਤ ਹੋ ਗਏ ਕਿ ਹੁਣ ਸਾਡਾ ਕੀ ਬਣੇਗਾ। ਸਾਨੂੰ ਕਿਸ ਨੇ ਤੇ ਪਤਾ ਨਹੀਂ ਕਦੋਂ ਛਡਾਣਾ ਹੈ? ਗੁਰੂ ਸਾਹਿਬ ਨੇ ਹੌਸਲਾ ਦਿੱਤਾ ਕਿ ਚਿੰਤਾ ਨਾ ਕਰੋ। ਤੁਸੀਂ ਵੀ ਮੇਰੇ ਨਾਲ ਬਾਹਰ ਜਾਓਗੇ। ਮੈਂ ਇਕਲਾ ਨਹੀਂ ਜਾਂਦਾ। ਭਾਈ ਸੰਤੋਖ ਸਿੰਘ ਜੀ ਲਿਖਦੇ ਹਨ—

ਚਿੰਤਾਤੁਰ ਉਰ ਬਯਾਕੁਲ ਹੋਏ। ਛੋਰਿ ਧੀਰ ਮਨ ਸ਼ੋਕ ਪਰੋਏ।...
ਕੋ ਹਮ ਕੋ ਕਬ ਆਨ ਛੁਡਾਵੈ। ਰਛਕ ਤੁਮ ਬਿਨ ਅਵਰ ਨਾ ਪਾਵੈ।....
ਦਈ ਧੀਰ ਜੇਤੇ ਨਰ ਨਾਥ। ਤੁਮ ਕੋ ਰਾਖੇਂਗੇ ਹਮ ਸਾਥ।....
ਸੰਗ ਲੇ ਸਭ ਨਿਕਸਨ ਕਰੈਂ। ਨਤ ਹਮ ਇਸ ਹੀ ਥਲ ਥਿਰੈਂ।

(ਅੰਸ਼ੂ 63, ਰਾਸ ਚੌਥੀ)

ਗੁਰੂ ਸਾਹਿਬ ਨੇ ਬਾਦਸ਼ਾਹ ਦੇ ਮਨਸਬਦਾਰ ਨੂੰ ਸ਼ਾਹੀ ਹੁਕਮ ਦੇ ਉਤਰ ਵਿਚ ਇਹ ਜਵਾਬ ਲਿਖ ਭੇਜਿਆ

ਸੁਣ ਦਿਆਲ ਪ੍ਰਭ ਲਿਖਾ ਜਵਾਬ।
ਬਾਦਸ਼ਾਹ ਸੋ ਕਹੋ ਸ਼ਿਤਾਬ।
ਬੰਦੀ ਖਾਨਾ ਸਗਲ ਛੁਡਾਵੈ।
ਤਬ ਹਮ ਗੜ੍ਹ ਸੋਂ ਬਾਹਰ ਆਵੈਂ।

ਗੁਰੂ ਕੀਆਂ ਸਾਖੀਆਂ ਅਨੁਸਾਰ ਜਹਾਂਗੀਰ ਨੇ ਹੁਕਮ ਦਿੱਤਾ ਕਿ "ਥੋੜ੍ਹੀ ਮਿਆਦ

ਵਾਲੇ ਕੈਦੀ ਸਭ ਛੋੜ ਦੀਏ ਜਾਏਂ। ਬੜੀ ਕੈਦ ਵਾਲੇ ਜੋ ਪੀਰ (ਗੁਰੂ ਸਾਹਿਬ) ਦਾ ਜਾਮਾ ਪਕੜ ਕੇ ਗੜ੍ਹ ਸੇ ਬਾਹਰ ਆ ਜਾਏਂ, ਉਨ ਕੀ ਬੰਦ ਖਲਾਸ ਕੀ ਜਾਏ।"

ਗਵਾਲੀਅਰ ਕਿਲੇ ਵਿਚ ਉਸ ਸਮੇਂ ਕੁਲ 103 ਕੈਦੀ ਸਨ। ਇਕਵੰਜਾ ਕੈਦੀ ਛੋਟੀ ਮਿਆਦ ਵਾਲੇ ਸਨ। ਉਹ ਸ਼ਾਹੀ ਫੁਰਮਾਨ ਦੇ ਪਹਿਲੇ ਹੁਕਮ ਅਨੁਸਾਰ ਮੁਕਤ ਹੋ ਗਏ। ਬਾਕੀ ਬਵੰਜਾ ਰਾਜਿਆਂ ਲਈ ਗੁਰੂ ਸਾਹਿਬ ਨੇ ਬਵੰਜਾ ਕਲੀਆਂ ਵਾਲਾ ਵਿਸ਼ੇਸ਼ ਚੋਗਾ ਬਣਾਇਆ। ਗੁਰੂ ਸਾਹਿਬ ਨੇ ਇਹ ਚੋਗਾ ਪਹਿਣ ਕੇ ਸਭ ਰਾਜਿਆਂ ਨੂੰ ਇਕ ਇਕ ਕਲੀ ਫੜਾਈ ਅਤੇ ਸਭ ਦੀ ਬੰਦ ਖਲਾਸੀ ਕਰਵਾ ਦਿੱਤੀ।

ਜਹਾਂਗੀਰ ਇਸ ਸਾਰੇ ਘਟਨਾ ਚੱਕਰ ਉਪਰੰਤ ਇਕ ਵਾਰ ਤਾਂ ਗੁਰੂ ਸਾਹਿਬ ਵੱਲੋਂ ਪੂਰੀ ਤਰ੍ਹਾਂ ਨਿਸ਼ਚਿੰਤ ਹੋ ਗਿਆ। ਉਸ ਨੇ ਇਹ ਹੁਕਮ ਦਿੱਤਾ—

ਜਹਾਂ ਤਬੀਅਤ ਹੋਏ ਰਹੀਏ।

ਜਹਾਂ ਖੁਸ਼ੀ ਹੋਏ ਜਾਈਏ।

ਰਿਹਾਈ ਉਪਰੰਤ ਗੁਰੂ ਸਾਹਿਬ ਵਾਪਸ ਦਿੱਲੀ ਪੁੱਜੇ। ਭਾਈ ਸੰਤੋਖ ਸਿੰਘ ਨੇ ਜਹਾਂਗੀਰ ਨਾਲ ਮੁਲਾਕਾਤ ਸਮੇਂ ਚੰਦੂ ਨੂੰ ਗੁਰੂ ਸਾਹਿਬ ਦੇ ਹਵਾਲੇ ਕੀਤੇ ਜਾਣ ਦਾ ਲੰਬਾ ਬਿਰਤਾਂਤ ਪੇਸ਼ ਕੀਤਾ ਹੈ। ਇਸ ਵਿਚ ਗੁਰੂ ਹਰਿਗੋਬਿੰਦ ਜੀ ਦੀ ਮਾਲਾ/ਸਿਮਰਨਾ ਵੇਖ ਕੇ ਜਹਾਂਗੀਰ ਇਕ ਮਣਕੇ ਦੀ ਮੰਗ ਕਰਦਾ ਹੈ ਕਿ ਮੈਂ ਇਸ ਨੂੰ ਆਪਣੀ ਤਸਬੀ ਵਿਚ ਜੜਾਂਗਾ। ਗੁਰੂ ਸਾਹਿਬ ਕਹਿੰਦੇ ਹਨ ਕਿ ਇਕ ਮਣਕਾ ਕਿਉਂ ਤੁਸੀਂ ਸਾਡੇ ਪਿਤਾ-ਗੁਰੂ ਦੀ ਪੂਰੀ ਮਾਲਾ ਹੀ ਚੰਦੂ ਤੋਂ ਲੈ ਲਓ। ਪਿਤਾ ਗੁਰੂ ਦੀ ਸ਼ਹਾਦਤ ਉਪਰੰਤ ਇਹ ਮਾਲਾ ਉਸੇ ਕੋਲ ਹੀ ਹੈ। ਇਸੇ ਮਾਲਾ ਦੇ ਪ੍ਰਸੰਗ ਵਿਚ ਚੰਦੂ ਦੀਆਂ ਕਰਤੂਤਾਂ ਦਾ ਭਾਂਡਾ ਫੁਟਦਾ ਹੈ ਅਤੇ ਚੰਦੂ ਨੂੰ ਗੁਰੂ ਸਾਹਿਬ ਦੇ ਹਵਾਲੇ ਕੀਤਾ ਜਾਂਦਾ ਹੈ। ਭਾਈ ਜੇਠਾ ਜੀ ਚੰਦੂ ਨੂੰ ਲੈ ਕੇ ਬਾਜ਼ਾਰ ਨੂੰ ਨਿਕਲਦੇ ਹਨ। ਕੋਈ ਉਸ ਨੂੰ ਜੁਤੀਆਂ ਮਾਰਦਾ ਹੈ। ਕੋਈ ਉਸ ਦੇ ਸਿਰ ਵਿਚ ਮਿਟੀ ਅਤੇ ਸੁਆਹ ਪਾਂਦਾ ਹੈ। ਚੰਦੂ ਨੂੰ ਇਕ ਪ੍ਰਕਾਰ ਦੇ ਕੈਦੀ ਵਾਂਗ ਨਾਲ ਲੈ ਕੇ ਗੁਰੂ ਸਾਹਿਬ ਅੰਮ੍ਰਿਤਸਰ ਪਹੁੰਚੇ। ਉਨ੍ਹਾਂ ਦੇ ਪਹੁੰਚਣ ਦੀ ਖੁਸ਼ੀ ਵਿਚ ਦੀਵਾਲੀ ਨੂੰ ਬੰਦੀ ਛੋੜ ਦਿਵਸ ਵਜੋਂ ਮਨਾਇਆ ਗਿਆ। ਕੁਝ ਦਿਨ ਪਿਛੋਂ ਗੁਰੂ ਸਾਹਿਬ ਲਾਹੌਰ ਗਏ। ਚੰਦੂ ਨੂੰ ਵੀ ਨਾਲ ਹੀ ਲੈ ਗਏ। ਉਥੇ ਉਸ ਨੂੰ ਗਲੀਆਂ ਬਜ਼ਾਰਾਂ ਵਿਚ ਘੁਮਾਇਆ ਗਿਆ। ਇਥੇ ਹੀ ਉਸ ਭੜਭੂੰਜੇ ਨੇ ਜਿਸ ਹਥੋਂ ਚੰਦੂ ਨੇ ਗੁਰੂ ਅਰਜਨ ਦੇਵ ਜੀ ਦੇ ਸੀਸ ਤੇ ਤੱਤੀ ਰੇਤ ਪਵਾਈ ਸੀ ਆਪਣੇ ਕੜਛੇ ਨਾਲ ਉਸ ਦੀ ਹੱਤਿਆ ਕਰ ਦਿੱਤੀ। ਭਾਈ ਸੰਤੋਖ ਸਿੰਘ ਨੇ ਚੰਦੂ ਦੀ ਇਹ ਵਾਰਤਾ ਆਪਣੇ ਗ੍ਰੰਥ ਵਿਚ ਖਾਸੇ ਵਿਸਤਾਰ ਨਾਲ ਅੰਕਿਤ ਕੀਤੀ ਹੈ।

ਗੁਰੂ ਸਾਹਿਬ ਦੇ ਗਵਾਲੀਅਰ ਤੋਂ ਰਿਹਾ ਹੋਣ ਅਤੇ ਉਸ ਪਿਛੋਂ ਦੇ ਸਮਾਚਾਰ ਭੱਟ ਵਹੀ ਜਾਦੋਬੰਸੀਆ ਬੜਤੀਆਂ ਦੀ ਇਕ ਟੂਕ ਵਿਚ ਇਸ ਪ੍ਰਕਾਰ ਪ੍ਰਾਪਤ ਹਨ—

'ਗੁਰੂ ਹਰਿਗੋਬਿੰਦ ਜੀ, ਮਹਿਲ ਛਟਾ, ਬੇਟਾ ਗੁਰੂ ਅਰਜਨ ਜੀ ਕਾ, ਸੋਢੀ ਖਤਰੀ, ਚਕ ਗੁਰੂ ਕਾ, ਪਰਗਣਾ ਨਿਡਰਆਲਾ, ਸੰਮਤ ਸੋਲਾਂ ਸੈ ਛਿਹਤਰਾ (ਇਹ ਸੰਨ 1619 ਬਣਦਾ ਹੈ) ਕਤਕ ਮਾਸੇ, ਕ੍ਰਿਸ਼ਨਾ ਪਖੇ, ਚੌਦਸ ਕੇ ਦਿਹੁੰ, ਬਵਨ ਰਾਜਿਉਂ ਕੇ ਗੈਲ,

ਗੜ੍ਹ ਗਵਾਲੀਅਰ ਸੇ ਮੁਕਤ ਹੂਏ। ਨਾਇਕ ਹਰੀ ਰਾਮ ਦਰੋਗਾ, ਬੇਟਾ ਨਾਇਕ ਹਰਬੰਸ ਲਾਲ ਕਾ, ਚੰਦਰ ਬੰਸੀ, ਜਾਦਵ ਬੜਤੀਆ ਕਨਾਵਤ ਨੇ, ਬੰਦੀ ਛੋੜ ਗੁਰੂ ਹਰਿਗੋਬੰਦ ਜੀ ਕੇ ਬੰਧਨ ਮੁਕਤ ਹੋਣੇ ਕੀ ਖੁਸ਼ੀ ਮੇਂ ਦੀਪਮਾਲਾ ਕੀ। ਏਕ ਦਿਵਸ ਹਰੀ ਰਾਮ ਕੇ ਗ੍ਰਿਹਿ ਮੇਂ ਨਿਵਾਸ ਕਰਕੇ ਗਵਾਲੀਅਰ ਸੇ ਬਿਦਾਇਗੀ ਲੀ। ਰਾਸਤੇ ਕਾ ਪੰਧ ਮੁਕਾਇ ਆਗਰੇ ਆਇ ਨਿਵਾਸ ਕੀਆ।"

ਆਗਰੇ ਵਿਚ ਗੁਰੂ ਸਾਹਿਬ ਜਹਾਂਗੀਰ ਨੂੰ ਮਿਲੇ ਤਾਂ ਉਸ ਨੇ ਗੁਰੂ ਜੀ ਤੋਂ ਖਿਮਾਂ ਮੰਗੀ ਅਤੇ ਕਿਹਾ ਕਿ ਮੈਨੂੰ ਤਾਂ ਇਹ ਦੱਸਿਆ ਗਿਆ ਸੀ ਕਿ (ਗੁਰੂ) ਹਰਿਗੋਬਿੰਦ ਸ਼ਾਹੀ ਤਖ਼ਤ ਵਿਰੁੱਧ ਸਾਜਸ਼ਾਂ ਕਰ ਰਿਹਾ ਹੈ। ਆਪਣੇ ਪਿਤਾ ਦਾ ਬਦਲਾ ਲੈਣ ਦੀ ਤਿਆਰੀ ਕਰ ਰਿਹਾ ਹੈ। ਮੈਨੂੰ ਤੁਹਾਡੇ ਵਿਹਾਰ ਵਿਚੋਂ ਕਿਸੇ ਸਾਜਿਸ਼ ਦਾ ਅਹਿਸਾਸ ਨਹੀਂ ਹੋਇਆ। ਤੁਸੀਂ ਜਿਥੇ ਚਾਹੋ ਜਿਵੇਂ ਚਾਹੋ ਵਿਚਰ ਸਕਦੇ ਹੋ। ਉਸ ਨੇ ਗੁਰੂ ਅਰਜਨ ਸਾਹਿਬ ਦੀ ਸ਼ਹਾਦਤ ਦੀ ਸਾਰੀ, ਜ਼ਿੰਮੇਵਾਰੀ ਵੀ ਚੰਦੂ ਉਤੇ ਸੁੱਟ ਦਿੱਤੀ। ਹਾਲਾਂਕਿ ਉਹ ਆਪ ਇਸ ਘਟਨਾ ਚੱਕਰ ਵਿਚ ਬਰਾਬਰ ਦਾ ਹਿੱਸੇਦਾਰ ਸੀ।

ਸੱਤਾ ਦਾ ਸੱਚ ਹੀ, ਆਮ ਆਦਮੀ ਲਈ ਸੱਚ ਵਾਂਗ ਸਵੀਕ੍ਰਿਤ ਹੁੰਦਾ ਹੈ। ਇਸ ਲਈ ਦੇਰ ਤੱਕ ਇਸ ਸ਼ਹਾਦਤ ਲਈ ਚੰਦੂ ਤੇ ਕੇਵਲ ਚੰਦੂ ਨੂੰ ਹੀ ਜ਼ਿੰਮੇਵਾਰ ਮਿਥਿਆ ਜਾਂਦਾ ਰਿਹਾ ਹੈ। ਗੁਰਬਿਲਾਸ ਅਨੁਸਾਰ ਗੁਰੂ ਹਰਿਗੋਬਿੰਦ ਸਾਹਿਬ ਜਹਾਂਗੀਰ ਨੂੰ ਇਸ ਸ਼ਹਾਦਤ ਦੀ ਜ਼ਿੰਮੇਵਾਰੀ ਤੋਂ ਮੁਕਤ ਨਹੀਂ ਕਰਦੇ। ਉਹ ਕਹਿੰਦੇ ਹਨ ਤੈਨੂੰ ਕੀ ਕਹਿਣਾ ਹੈ। ਤੇਰਾ ਸਾਡਾ ਲੇਖਾ ਤਾਂ ਦਰਗਾਹ ਵਿਚ ਹੀ ਹੋਵੇਗਾ—

ਹਮਰਾ ਤੁਮ ਦਰਗਾਹੇ ਲੇਖਾ। ਯਾਦ ਕਰੇ ਚਰਿਤ ਜਹਿ ਦੇਖਾ।
ਇਹਾਂ ਕੁਛ ਹਮ ਤੋਹਿ ਨਾ ਕਹਿਯੋਂ। ਬੋਲਤ ਕਾਹੇ ਮੋਨ ਹੋ ਰਹਿਉ।

ਜਹਾਂਗੀਰ ਨੇ ਚੰਦੂ ਨੂੰ ਪਰਿਵਾਰ ਸਹਿਤ ਗੁਰੂ ਜੀ ਦੇ ਹਵਾਲੇ ਕਰ ਦਿੱਤਾ। ਗੁਰੂ ਸਾਹਿਬ ਨੇ ਉਸ ਦੀ ਪਤਨੀ ਬੇਟੇ ਤੇ ਔਰਤਾਂ ਨੂੰ ਨਿਰਦੋਸ਼ ਕਹਿ ਕੇ ਛੱਡ ਦਿੱਤਾ। ਆਪ ਨੇ ਕਿਹਾ ਕਿ ਸੂਰਮੇ ਔਰਤਾਂ ਉਤੇ ਹੱਥ ਨਹੀਂ ਉਠਾਂਦੇ।

ਗੁਰ ਬਿਲਾਸ ਪਾ : ਛੇਵੀਂ ਵਿਚ ਇਸ ਦਾ ਇੰਜ ਉਲੇਖ ਹੈ—

ਸ੍ਰੀ ਗੁਰੂ ਕਹਾ ਇਨੇ ਛਡ ਦੀਜੈ।
ਇਨ ਕੇ ਵਸ ਨਹਿ ਜੋ ਗਹਿ ਲੀਜੈ।
ਜੋ ਸੂਰੇ ਬਲਕਾਰ ਕਹਾਵੈਂ
ਨਾਰੀ ਪਰ ਨਹਿ ਹਾਥ ਉਠਾਵੈਂ।

ਭਟ ਵਹੀ ਤਲੌਂਡਾ ਤਾਂ ਇਥੇ ਤੱਕ ਕਹਿੰਦੀ ਹੈ ਕਿ ਗਵਾਲੀਅਰ ਤੋਂ ਮੁਕਤੀ ਉਪਰੰਤ ਜਹਾਂਗੀਰ ਬਟਾਲੇ ਗੁਰੂ ਜੀ ਦੇ ਨਾਲ ਪੁੱਜਾ। ਸਪੱਸ਼ਟ ਹੀ ਇਹ ਇਕ ਪ੍ਰਕਾਰ ਨਾਲ ਗੁਰੂ ਘਰ ਪ੍ਰਤੀ ਜਹਾਂਗੀਰ ਦੀ ਬਦਲੀ ਨੀਤੀ ਦਾ ਸੂਚਕ ਸੀ। ਇਹ ਵੱਖਰੀ ਗੱਲ ਹੈ ਕਿ ਇਹ ਸਥਿਤੀ ਬਹੁਤੀ ਦੇਰ ਨਾ ਰਹੀ।

ਅਧਿਆਇ 5
ਸ਼ਾਂਤੀ ਦਾ ਸਮਾਂ : ਗੁਰਮਤਿ ਦਾ ਪ੍ਰਚਾਰ

ਆਗਰਾ, ਗਵਾਲੀਅਰ, ਦਿੱਲੀ ਦੇ ਘਟਨਾ ਚੱਕਰ ਉਪਰੰਤ ਵਕਤ ਦੀ ਹਕੂਮਤ ਦੇ ਗੁਰੂ ਪਾਤਸ਼ਾਹ ਨਾਲ ਸੰਬੰਧਾਂ ਵਿਚਲੀ ਕੁੜਿਤਣ ਖਾਸੀ ਘੱਟ ਗਈ। ਜਹਾਂਗੀਰ ਗੁਰੂ ਸਾਹਿਬ ਨਾਲ ਪੰਜਾਬ ਆਇਆ। ਭਟ ਵਹੀ ਤਲੌਂਡਾ ਪਰਗਣਾ ਜੀਂਦ ਦੀ ਟੂਕ ਇਸ ਬਾਰੇ ਗਵਾਹੀ ਦਿੰਦੀ ਹੈ:

ਗੁਰੂ ਹਰਿਗੋਬਿੰਦ.. ਗੜ੍ਹ, ਗਵਾਲੀਅਰ ਸੇ ਬੰਧਨ ਮੁਕਤ ਹੋਇ ਗਰਾਮ ਨਾਰਨੌਲ ਪਰਗਣਾ ਬਟਾਲਾ ਮੇਂ ਆਏ। ਬਾਦਸ਼ਾਹ ਜਹਾਂਗੀਰ ਕੇ ਗੈਲ ਸੰਮਤ ਸੋਲਾਂ ਸੈ ਛਿਹਤਰ, ਫਲਗੁਨ ਪ੍ਰਵਿਸ਼ਟੇ ਪਹਿਲੀ, ਸੰਗਰਾਂਦ ਕੇ ਦਿਹੁੰ। ਗੁਰੂ ਜੀ ਕਾ ਆਨਾ ਸੁਣ ਕਰ ਬਾਬਾ ਬੁਢਾ, ਬੇਟਾ ਬਾਬਾ ਸੁੱਘਾ ਰੰਧਾਵੇ ਕਾ, ਗੁਰਦਾਸ ਬੇਟਾ, ਈਸ਼ਰ ਦਾਸ ਭੱਲੇ ਕਾ... ਹੋਰ ਸਿੱਖ ਫਕੀਰ ਆਏ।...

ਭਾਈ ਸੰਤੋਖ ਸਿੰਘ ਤਾਂ ਇਕ ਸਮੇਂ ਜਹਾਂਗੀਰ ਦੇ ਆਪਣੇ ਪੁੱਤਰ ਸ਼ਾਹ ਜਹਾਨ ਸਮੇਤ ਗੁਰੂ ਜੀ ਦੇ ਦਰਸ਼ਨਾਂ ਹਿਤ ਆਉਣ ਦੀ ਵੀ ਗੱਲ ਕਰਦੇ ਹਨ। ਉਹ ਦਸਦੇ ਹਨ ਕਿ ਕਸ਼ਮੀਰ ਜਾਣ ਸਮੇਂ ਉਹ ਗੁਰੂ ਸਾਹਿਬ ਤੋਂ ਆਸ਼ੀਰਵਾਦ ਲੈ ਕੇ ਗਿਆ। ਇਹ ਮੁਲਾਕਾਤ ਲਾਹੌਰ ਵਿਚ ਹੋਈ—

ਇਮ ਨਿਸ਼ਚੇ ਕਰ ਇਕ ਦਿਨ ਮਾਂਹੂ। ਆਯੋ ਸ੍ਰੀ ਹਰਿਗੋਬਿੰਦ ਪਾਹੂ
ਸ਼ਾਹਜਹਾਂ ਨੰਦਨ ਲੇ ਸਾਥ। ਟੇਕਿਓ ਆਨ ਦੂਹੂੰ ਪੱਗ ਮਾਥ।....
ਪੁਨ ਹਜ਼ਰਤ ਕਹਿ ਸੁਨ ਗੁਰ ਪੀਰ। ਮੈਂ ਅਬ ਚਲਿਓ ਚਹਿਤ ਕਸ਼ਮੀਰ।....
ਜਹਾਂਗੀਰ ਕਸ਼ਮੀਰ ਪਿਆਨਾ। ਲਸ਼ਕਰ ਕੁੱਛਕ ਸੰਗ ਪ੍ਰਸਥਾਨਾ।

(ਅੰਸ਼ੂ-12,ਰਾਸ-5)

ਗਵਾਲੀਅਰ ਤੋਂ ਵਾਪਸੀ ਦੇ ਕੁਝ ਸਮੇਂ ਪਿਛੋਂ ਗੁਰੂ ਪਾਤਸ਼ਾਹ ਦਾ ਤਾਇਆ ਪ੍ਰਿਥੀ ਚੰਦ ਚਲਾਣਾ ਕਰ ਗਿਆ। ਉਸ ਦੇ ਬੇਟੇ ਮਿਹਰਬਾਨ ਕੋਲ ਅਫਸੋਸ ਕਰਨ ਗੁਰੂ ਸਾਹਿਬ ਦੇ ਹੇਹਰ ਜਾਣ ਦਾ ਉਲੇਖ ਭੱਟ ਵਹੀ ਮੁਲਤਾਨੀ ਸਿੰਧੀ ਵਿਚ ਇਸ ਪ੍ਰਕਾਰ ਹੈ—

"ਗੁਰੂ ਹਰਿਗੋਬਿੰਦ ਜੀ, ਮਹਿਲ ਛੱਟਾ... ਤਾਊ ਗੁਰੂ ਪ੍ਰਿਥੀ ਚੰਦ ਕੀ ਮੁਕਾਣ ਦੇਣ ਗੋਇੰਦਵਾਲ ਸੇ ਗਰਾਮ ਹੇਹਰ... ਮਿਹਰਬਾਨ ਕੇ ਘਰ ਆਏ। ਸਾਲ ਸੋਲਾਂ ਸੈ ਸਤੱਤਰ (ਸਨ 1620 ਈ.) ਪੋਖ ਪ੍ਰਵਿਸ਼ਟੇ ਅਠਾਈ, ਦਿਹੁੰ ਸ਼ੁਕਰਵਾਰ ਕੇ।"

ਹਕੂਮਤ ਨਾਲ ਸੁਖਾਵੇਂ ਸੰਬੰਧਾਂ ਦਾ ਸੰਕੇਤ ਗੁਰ ਬਿਲਾਸ ਵੀ ਕਰਦਾ ਹੈ। ਇਸ ਅਨੁਸਾਰ ਜਹਾਂਗੀਰ ਅੰਮ੍ਰਿਤਸਰ ਆਇਆ। ਉਸ ਨੇ ਹਰਿਮੰਦਰ ਸਾਹਿਬ ਤੇ ਅਕਾਲ

ਤਖ਼ਤ ਦੇ ਦਰਸ਼ਨ ਕੀਤੇ। ਮਾਤਾ ਗੰਗਾ ਜੀ ਦੇ ਦਰਸ਼ਨ ਕਰ ਕੇ ਉਨ੍ਹਾਂ ਤੋਂ ਖਿਮਾਂ ਮੰਗੀ। ਉਸ ਨੇ ਇਹ ਵੀ ਕਿਹਾ ਕਿ ਮੈਂ ਅਕਾਲ ਤਖ਼ਤ ਨੂੰ ਸ਼ਾਹੀ ਖਰਚ ਉਤੇ ਸੁੰਦਰ ਇਮਾਰਤ ਦਾ ਰੂਪ ਦੇ ਦਿੰਦਾ ਹਾਂ। ਗੁਰੂ ਸਾਹਿਬ ਨੇ ਕਿਹਾ ਕਿ ਨਹੀਂ। ਇਹ ਜਿਸ ਤਰ੍ਹਾਂ ਹੈ, ਉਵੇਂ ਹੀ ਠੀਕ ਹੈ। ਸਮਾਂ ਪਾ ਕੇ ਆਪੇ ਹੋਰ ਉਸਾਰੀ ਹੁੰਦੀ ਰਹੇਗੀ—

ਕਹਾ ਗੁਰੂ ਅਬ ਨਾਹਿ ਸੁਹਾਵੈ।
ਸਮਾਂ ਪਾਇ ਇਹ ਅਧਿਕ ਬਨਾਵੈ।

ਗੁਰਪ੍ਰਤਾਪ ਸੂਰਜ ਤੇ ਗੁਰਬਿਲਾਸ ਦੋਵੇਂ ਜਹਾਂਗੀਰ ਵੱਲੋਂ ਗੁਰੂ ਪਾਤਸ਼ਾਹ ਨੂੰ ਆਪਣੇ ਬੇਟੇ ਸ਼ਾਹਜਹਾਂ ਉਤੇ ਕਿਰਪਾ ਦ੍ਰਿਸ਼ਟੀ ਲਈ ਬੇਨਤੀ ਕਰਨ ਦੀ ਗੱਲ ਕਰਦੇ ਹਨ। ਦੋਹਾਂ ਗ੍ਰੰਥਾਂ ਵਿਚ ਹੀ ਗੁਰੂ ਸਾਹਿਬ ਦਾ ਉਤਰ ਹੈ ਕਿ ਤੇਰਾ ਬੇਟਾ ਜਿਵੇਂ ਗੁਰੂ ਘਰ ਨਾਲ ਵਰਤੇਗਾ, ਉਹੋ ਜੇਹਾ ਅਸੀਂ ਉਸ ਨਾਲ ਵਰਤਦੇ ਰਹਾਂਗੇ। ਗੁਰੂ ਘਰ ਦਾ ਕਿਸੇ ਨਾਲ ਕੋਈ ਵੈਰ ਨਹੀਂ। ਇਥੇ ਸਭ ਨੂੰ ਇਕੋ ਨਜ਼ਰ ਨਾਲ ਵੇਖਿਆ ਜਾਂਦੈ।

ਲਾਹੌਰ ਵਿਚ ਗੁਰੂ ਸਾਹਿਬ ਮੀਆਂ ਮੀਰ ਜੀ ਨੂੰ ਵੀ ਮਿਲੇ। ਉਨ੍ਹਾਂ ਨੇ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਸਥਾਨ ਚੂਨਾ ਮੰਡੀ ਵਿਚ ਯਾਦਗਾਰ ਉਸਾਰੀ ਅਤੇ ਇਸ ਦੀ ਸੰਭਾਲ ਭਾਈ ਲੰਗਾਹ ਜੀ ਨੂੰ ਸੌਂਪੀ। ਇਸੇ ਦੌਰਾਨ ਜਹਾਂਗੀਰ ਨੇ ਨੂਰ ਜਹਾਂ ਦੇ ਪਿਤਾ ਮਿਰਜ਼ਾ ਗਿਆਸ ਬੇਗ ਨੂੰ ਇਤਮਾਦ-ਉਦ-ਦੌਲਾ ਮਦਾਰ-ਉਲ-ਮੁਲਕ ਦਾ ਖਿਤਾਬ ਦਿੱਤਾ। ਲਾਹੌਰ ਦੀ ਹਕੂਮਤ ਮਿਰਜ਼ਾ ਗਿਆਸ ਬੇਗ ਦੇ ਜਵਾਈ ਆਪਣੇ ਸਾਂਢੂ ਕਾਸਮ ਬੇਗ ਨੂੰ ਦੇ ਕੇ ਜਹਾਂਗੀਰ ਲਾਹੌਰ ਤੋਂ ਕਸ਼ਮੀਰ ਗਿਆ ਅਤੇ ਗੁਰੂ ਸਾਹਿਬ ਅੰਮ੍ਰਿਤਸਰ ਚਲੇ ਗਏ।

ਹਕੂਮਤ ਵੱਲੋਂ ਉਪਰੋਕਤ ਕਿਸਮ ਦੇ ਸਕਾਰਾਤਮਕ ਪ੍ਰਤਿਕਰਮ ਵੇਖ ਕੇ ਗੁਰੂ ਸਾਹਿਬ ਵੀ ਸਮਝ ਗਏ ਕਿ ਹੁਣ ਸਿਖੀ ਲਈ ਕੋਈ ਤਤਕਾਲਕ ਖਤਰਾ ਨਹੀਂ। ਇਸ ਲਈ ਸਿਖੀ ਦੇ ਪ੍ਰਚਾਰ ਪ੍ਰਸਾਰ ਤੇ ਜਥੇਬੰਦਕ ਕਾਰਜਾਂ ਨੂੰ ਖੁੱਲ੍ਹਾ ਸਮਾਂ ਦਿੱਤਾ ਜਾ ਸਕਦਾ ਹੈ। ਗੁਰੂ ਸਾਹਿਬ ਨੇ ਪਹਿਲਾਂ ਵਾਂਗ ਕਥਾ ਕੀਰਤਨ, ਘੋੜ ਸਵਾਰੀ, ਨੇਜ਼ਾਬਾਜ਼ੀ, ਤਲਵਾਰਬਾਜ਼ੀ, ਸ਼ਸਤਰ ਅਭਿਆਸ ਤੇ ਸ਼ਿਕਾਰ ਆਦਿ ਦੀ ਸ਼ੁਰੂਆਤ ਕਰ ਦਿੱਤੀ। ਦੂਰੋਂ ਨੇੜਿਉਂ ਸੰਗਤਾਂ ਜੁੜਦੀਆਂ। ਅਕਾਲ ਬੁੰਗੇ ਨੇੜੇ ਖੂਹ ਅਤੇ ਬਾਗ ਲਵਾਇਆ। ਅੰਮ੍ਰਿਤਸਰ ਦੇ ਕੇਂਦਰ ਨੂੰ ਹਰ ਪੱਖੋਂ ਮਜ਼ਬੂਤ ਤੇ ਸਵੈ ਨਿਰਭਰ ਬਣਾਉਣ ਦਾ ਉਦਮ ਕੀਤਾ। ਮੀਆਂ ਮੀਰ ਨੂੰ ਮਿਲਣ ਲਾਹੌਰ ਗਏ। ਵੱਖ-ਵੱਖ ਧਰਮਾਂ, ਖਿਆਲਾਂ ਦੇ ਲੋਕ ਇਥੇ ਆਪ ਕੋਲ ਆਏ। ਪ੍ਰਿੰ. ਸਤਬੀਰ ਸਿੰਘ ਅਨੁਸਾਰ ਲਾਹੌਰ ਵਿਚ ਆਪ ਦੇ ਦਰਸ਼ਨ ਕਰਨ ਵਾਲਿਆਂ ਵਿਚ ਬਾਬਾ ਜਵੰਦਾ ਹੁਰਮਚੀ ਵਾਲੇ, ਦੀਵਾਨ ਦਿਲਾ ਰਾਮ, ਮੋਚੀ ਦਰਵਾਜ਼ੇ ਵਾਲੇ ਭਾਈ ਰੂਪਾ ਤੇ ਨਥੂ ਮਲ, ਸੂਤਰ ਮੰਡੀ ਦੇ ਬਾਬਾ ਮਲੇਰ, ਛਜੂ ਭਗਤ, ਸ਼ਾਹ ਅਨਾਇਤ, ਸ਼ਾਹ ਹੁਸੈਨ, ਸ਼ਾਹ ਮੁਹੰਮਦ ਗੌਸ, ਸਾਈਂ ਦਾਸ ਬੈਰਾਗੀ ਤੇ ਭੈਰੋਂ ਨਾਥ ਜੋਗੀ ਸ਼ਾਮਿਲ ਸਨ। ਗੁਰੂ ਸਾਹਿਬ ਨੇ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਵਾਲੀ ਥਾਂ ਉਤੇ ਵੀ ਯਾਦਗਾਰ ਬਣਵਾਈ।

ਪ੍ਰਿਥੀ ਚੰਦ ਦੀ ਮ੍ਰਿਤੂ ਉਪਰੰਤ ਗੁਰੂ ਸਾਹਿਬ ਨੇ ਮਿਹਰਬਾਨ ਨੂੰ ਵੀ ਸਮਝਾਇਆ ਕਿ ਈਰਖਾ ਤੇ ਦਵੈਸ਼ ਨਾਲ ਕਦੇ ਸੁਖ ਨਹੀਂ ਮਿਲਦਾ। ਮਿਲ ਜੁਲ ਕੇ ਰਹੋ। ਝਗੜੇ

ਵਧਾਣੇ ਠੀਕ ਨਹੀਂ। ਇਸ ਕਾਰਜ ਲਈ ਪਹਿਲਾਂ ਭਾਈ ਪੈੜਾ ਤੇ ਪਿਰਾਣਾ ਨੂੰ ਭੇਜਿਆ ਅਤੇ ਫਿਰ ਆਪ ਇਸੇ ਉਦੇਸ਼ ਨਾਲ ਗਏ ਕਿ ਸਿੱਖ ਲਹਿਰ ਦੀ ਸ਼ਕਤੀ ਪਰਸਪਰ ਝਗੜਿਆਂ ਵਿਚ ਨਸ਼ਟ ਨਾ ਹੋਵੇ। ਮਿਹਰਬਾਨ ਉਤੇ ਇਸ ਦਾ ਕੋਈ ਅਸਰ ਨਾ ਹੋਇਆ। ਭਾਈ ਸੰਤੋਖ ਸਿੰਘ ਅਨੁਸਾਰ 'ਦਿਨ ਪ੍ਰਤਿ ਅਧਿਕ ਕੁਟਿਲਤਾ ਧਾਰੀ। ਭਯੋ ਨਹੀਂ ਸਤਿਗੁਰ ਅਨੁਸਾਰੀ।' ਅਰਥਾਤ ਉਹ ਪਹਿਲਾਂ ਵਾਂਗ ਹੀ ਕੁਟਿਲ ਰਿਹਾ ਤੇ ਸਤਿਗੁਰੂ ਦਾ ਕਿਹਾ ਉਸ ਨੇ ਨਾ ਮੰਨਿਆ। ਡਾ. ਕਿਰਪਾਲ ਸਿੰਘ ਇਸ ਬਿਰਤਾਂਤ ਦੀ ਪੁਸ਼ਟੀ ਇਤਿਹਾਸਕ ਸ੍ਰੋਤਾਂ ਤੋਂ ਨਾ ਹੋਣ ਕਾਰਨ, ਇਸ ਨੂੰ ਮਨੋਕਲਪਿਤ ਮੰਨਦੇ ਹਨ। ਭਾਈ ਗੁਰਦਾਸ ਜੀ ਵੀ ਗੁਰੂ ਘਰ ਦੇ ਦੋਖੀਆਂ ਦਾ ਨਾਮ ਦਿੰਦੇ ਸਮੇਂ ਮਿਹਰਬਾਨ ਦਾ ਨਾਮ ਨਹੀਂ ਲਿਖਦੇ। ਮਿਹਰਬਾਨ ਦਾ ਕਸੂਰ ਨਾਨਕ ਨਾਮ ਹੇਠ ਕਚੀ ਬਾਣੀ ਦੀ ਰਚਨਾ ਕਰਨਾ ਹੈ। ਮਿਹਰਬਾਨ ਪੁੱਤਰ ਪ੍ਰਿਥੀਏ ਦਾ ਕਵੀਸ਼ਰੀ ਕਰੇ।... ਮੀਣੇ ਲਗੇ ਨੀ ਰਲਾ ਪਾਣ, ਜਹੇ ਬੰਸਾਵਲੀਨਾਮੇ ਦੇ ਬੋਲ ਇਸ ਦਾ ਪ੍ਰਮਾਣ ਹਨ। ਮਿਹਰਬਾਨ ਦੇ ਜਹਾਂਗੀਰ ਜਾਂ ਸ਼ਾਹਜਹਾਂ ਨੂੰ ਗੁਰੂ ਹਰਿਗੋਬਿੰਦ ਸਾਹਿਬ ਵਿਰੁੱਧ ਮਿਲਣ ਦੀ ਪੁਸ਼ਟੀ ਕਿਤੋਂ ਨਹੀਂ ਹੁੰਦੀ। ਇਸੇ ਲਈ ਡਾ. ਕਿਰਪਾਲ ਸਿੰਘ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਪੰਜਵੀਂ ਰਾਸ ਦੇ ਅੰਸੂ 12, 13, 14 ਦੀ ਬਹੁਤੀ ਸਾਮਗਰੀ ਕਾਵਿ-ਕਲਪਨਾ ਮੰਨਦੇ ਹਨ। ਹਾਂ, ਗੁਰੂ ਸਾਹਿਬ ਦੇ ਮਿਹਰਬਾਨ ਨੂੰ ਮਿਲਣ ਅਤੇ ਉਸ ਨੂੰ ਸਿੱਖੀ ਦੀ ਮੂਲ ਧਾਰਾ ਨਾਲ ਜੁੜਣ ਲਈ ਪ੍ਰੇਰਿਤ ਕਰਨ ਦੀ ਗੱਲ ਮੰਨਣ ਯੋਗ ਹੈ। ਹੋ ਸਕਦਾ ਹੈ ਕਿ ਇਸ ਦਾ ਉਸਾਰੂ ਪ੍ਰਭਾਵ ਮਿਹਰਬਾਨ ਉਤੇ ਪਿਆ ਹੋਵੇ ਅਤੇ ਉਸ ਨੇ ਗੁਰੂ ਸਾਹਿਬ ਪ੍ਰਤਿ ਟਕਰਾਅ ਦੇ ਮਾਰਗ ਤੋਂ ਦੂਰ ਰਹਿਣ ਦਾ ਨਿਰਣਾ ਵਧੇਰੇ ਦ੍ਰਿੜ੍ਹਤਾ ਨਾਲ ਕੀਤਾ ਹੋਵੇ।

ਸਿੱਖੀ ਦੇ ਪ੍ਰਚਾਰ ਪ੍ਰਸਾਰ ਨੂੰ ਵਧੇਰੇ ਦ੍ਰਿੜ੍ਹਤਾ ਨਾਲ ਕਰਨ ਹਿਤ ਗੁਰੂ ਸਾਹਿਬ ਨੇ ਮਾਝੇ ਤੇ ਦੁਆਬੇ ਦੇ ਪਿੰਡਾਂ/ਕਸਬਿਆਂ ਵਿਚ ਖੂਬ ਚੱਕਰ ਕਟੇ। ਥਾਂ-ਥਾਂ ਪ੍ਰੇਮੀ ਸਿੱਖ ਸੰਗਤਾਂ ਨੂੰ ਦਰਸ਼ਨ ਦਿੱਤੇ। ਉਨ੍ਹਾਂ ਦੇ ਦੁਖ ਸੁਖ ਸੁਣੇ। ਸ਼ੰਕੇ ਦੂਰ ਕੀਤੇ। ਇਸੇ ਕਾਲ ਦੀ ਇਕ ਚਮਤਕਾਰੀ ਦੰਤ ਕਥਾ ਸਿੱਖ ਪ੍ਰੰਪਰਾ ਵਿਚ ਪ੍ਰਾਪਤ ਹੈ ਜੋ ਗੁਰੂ ਪਾਤਸ਼ਾਹ ਪ੍ਰਤਿ ਸਿੱਖ ਸੰਗਤਾਂ ਦੀ ਸ਼ਰਧਾ ਤੇ ਵਿਸ਼ਵਾਸ ਦੀ ਮੂੰਹ ਬੋਲਦੀ ਤਸਵੀਰ ਹੈ। ਇਸ ਦਾ ਸਬੰਧ ਮਾਝੇ ਦੇ ਪਿੰਡ ਚੱਬੇ ਨਾਲ ਹੈ। ਇਥੋਂ ਦੀ ਇਕ ਬੀਬੀ ਸੁਲਖਣੀ ਦੇ ਘਰ ਕੋਈ ਸੰਤਾਨ ਨਹੀਂ ਸੀ। ਹਰ ਕੋਈ ਕਹਿੰਦਾ ਬੀਬੀ ਤੇਰੇ ਭਾਗਾਂ ਵਿਚ ਪੁੱਤਰ ਨਹੀਂ ਲਿਖਿਆ। ਗੁਰੂ ਹਰਿਗੋਬਿੰਦ ਸਾਹਿਬ ਜਦੋਂ ਚੱਬੇ ਆਏ ਤਾਂ ਬੀਬੀ ਨੇ ਘੋੜੇ ਦੀ ਵਾਗ ਫੜ ਲਈ। ਕਾਗਜ਼ ਕਲਮ ਤੇ ਦਵਾਤ ਉਸ ਨੇ ਗੁਰੂ ਸਾਹਿਬ ਵਲ ਵਧਾਏ ਤੇ ਬੋਲੀ—

ਲੋਕ ਆਖਦੇ ਨੇ ਮੇਰੇ ਲੇਖਾਂ ਵਿਚ ਪੁੱਤਰ ਨਹੀਂ ਲਿਖਿਆ। ਲੇਖ ਲਿਖਣ ਵਾਲੇ ਤੁਸੀਂ ਹੀ ਹੋ। ਪਹਿਲਾਂ ਨਹੀਂ ਲਿਖੇ ਤਾਂ ਹੁਣ ਲਿਖ ਦਿਓ। ਹਸ ਕੇ ਗੁਰੂ ਸਾਹਿਬ ਆਪ ਕਾਗਜ਼ ਉਤੇ ਇਕ (੧) ਦਾ ਅੰਕ ਲਿਖਣ ਲੱਗੇ ਤਾਂ ਘੋੜੇ ਨੇ ਲੱਤ ਕੁਝ ਇਸ ਤਰ੍ਹਾਂ ਹਿਲਾਈ ਕਿ ਇਕ ਦਾ ਸੱਤ (੭) ਬਣ ਗਿਆ। ਪਰੰਪਰਾ ਹੈ ਕਿ ਬੀਬੀ ਦੇ ਘਰ ਸੱਤ ਪੁੱਤਰ ਹੋਏ, ਜਿਨ੍ਹਾਂ ਨੇ ਗੁਰੂ ਘਰ ਦੀ ਬਹੁਤ ਸੇਵਾ ਕੀਤੀ। ਉਸ ਖਿਤੇ ਦੇ ਲੋਕ ਸਾਹਿਤ ਵਿਚ ਇਸ ਦੰਤ ਕਥਾ ਦੇ ਵੇਰਵੇ ਬੜੀ ਖੂਬਸੂਰਤੀ ਨਾਲ ਇੰਜ ਸੰਭਾਲੇ ਗਏ ਹਨ—

ਸੋਹਣੀਏ ਦਾੜ੍ਹੀਏ ਚਿਟੀਏ ਪੱਗੇ।
ਅਰਜ਼ ਕਰੇਨੀ ਹਾਂ ਗੁਰੂ ਹਰਿਗੋਬਿੰਦ ਅੱਗੇ।
ਨਾਉਂ ਸੁਲਖਣੀ ਪਿੰਡ ਮੇਰਾ ਚੱਬੇ।
ਅਫਲ ਜਾਂਦੀ ਨੂੰ ਕੋਈ ਫਲ ਲੱਗੇ।

ਪਿੰਡ ਚੱਬੇ ਵਿਚ ਗੁਰਦਵਾਰਾ ਸੰਗਰਾਣਾ ਸਾਹਿਬ ਅੱਜ ਵੀ ਇਸ ਪਿਆਰੀ ਘਟਨਾ ਦੀ ਯਾਦ ਕਰਵਾ ਰਿਹਾ ਹੈ।

1614 ਦਾ ਸਾਲ ਗੁਰੂ ਸਾਹਿਬ ਦੁਆਬੇ ਵਿਚ ਵਿਚਰਦੇ ਰਹੇ। ਕਰਤਾਰਪੁਰ ਡੇਰਾ ਕੀਤਾ ਤਾਂ ਇਲਾਕੇ ਦੀਆਂ ਸੰਗਤਾਂ ਉਮੜ ਆਈਆਂ। ਨੇੜੇ ਦੇ ਪਿੰਡ, ਬੜਾ ਪਿੰਡ ਤੋਂ ਇਸਮਾਈਲ ਖਾਲ ਦੀ ਅਗਵਾਈ ਵਿਚ ਕਈ ਪਠਾਣ ਗੁਰੂ ਸਾਹਿਬ ਦੀ ਸੇਵਾ ਵਿਚ ਹਾਜ਼ਰ ਹੋਏ। ਦਿਲਾਵਰ ਖਾਂ, ਅਮੀਰ ਖਾਂ, ਅਤਾਉਲਾ ਖਾਂ ਤੇ ਬਹਾਦਰ ਖਾਂ ਜਹੇ ਪ੍ਰਮੁੱਖ ਪਠਾਣਾਂ ਸਮੇਤ ਛੱਬੀ ਪਠਾਣਾਂ ਨੂੰ ਗੁਰੂ ਸਾਹਿਬ ਨੇ ਆਪਣੀ ਫੌਜ ਵਿਚ ਰੱਖ ਲਿਆ। ਇਨ੍ਹਾਂ ਵਿਚ ਹੀ ਇਕ ਚੜ੍ਹਦੀ ਉਮਰ ਦਾ ਗਿਲਜ਼ਈ ਮੁੰਡਾ ਸੀ ਜਿਸ ਦੀ ਵਿਧਵਾ ਮਾਤਾ ਵੀ ਉਸ ਦੇ ਨਾਲ ਸੀ। ਗੁਰੂ ਸਾਹਿਬ ਨੇ ਉਸ ਨੂੰ ਬੜੇ ਪਿਆਰ ਨਾਲ ਪਾਲਿਆ ਸੰਭਾਲਿਆ। ਇਹ ਮੁੰਡਾ ਬਾਅਦ ਵਿਚ ਪੈਂਦੇ ਖਾਨ ਦੇ ਨਾਮ ਨਾਲ ਪ੍ਰਸਿਧ ਹੋਇਆ। ਪਾਤਸ਼ਾਹ ਉਸ ਨੂੰ ਦੋ ਮਝਾਂ ਦਾ ਦੁੱਧ ਘਿਓ ਖੁਆਂਦੇ ਪਿਆਂਦੇ। ਯੁੱਧ ਦੇ ਦਾਅ ਪੇਚ ਸਮਝਾਂਦੇ। ਇਸਮਾਈਲ ਖਾਂ ਉਸ ਨੂੰ ਸ਼ਸਤਰ ਅਭਿਆਸ ਕਰਵਾਂਦਾ। ਉਹ ਛੇਤੀ ਹੀ ਤਕੜਾ ਯੋਧਾ ਬਣ ਗਿਆ। ਸਿਕੇ ਉਤੇ ਉਕਰੇ ਅੱਖਰ ਉਹ ਉਂਗਲਾਂ ਨਾਲ ਰਗੜ ਕੇ ਮੇਟ ਦਿੰਦਾ। ਚਲਦੇ ਘੋੜੇ ਨੂੰ ਕਲਾਵੇ ਵਿਚ ਭਰਕੇ ਰੋਕ ਲੈਂਦਾ। ਧੱਕਾ ਦੇ ਕੇ ਘੋੜੇ ਨੂੰ ਪਰਾਂ ਸੁਟ ਦਿੰਦਾ। ਬਾਅਦ ਵਿਚ ਉਸ ਨੂੰ ਆਪਣੇ ਇਸ ਬਲ ਦਾ ਹੰਕਾਰ ਹੋ ਗਿਆ। ਇਸ ਨਾਲ ਉਸ ਦਾ ਜਿਵੇਂ ਅੰਤ ਹੋਇਆ, ਇਹ ਵਾਰਤਾ ਫਿਰ ਸਹੀ। ਇਸ ਵੇਲੇ ਤਾਂ ਗੱਲ ਗੁਰੂ ਸਾਹਿਬ ਦੇ ਪ੍ਰਚਾਰ ਦੌਰਿਆਂ ਨਾਲ ਜੁੜੇ ਸਿੱਖਾਂ ਅਤੇ ਹੋਰ ਸਰਗਰਮੀਆਂ ਦੀ।

ਗੁਰੂ ਸਾਹਿਬ ਲੋਕਾਂ ਨੂੰ ਰਲ ਮਿਲ ਕੇ ਰਹਿਣ ਲਈ ਆਖਦੇ ਅਤੇ ਸਮਝਾਂਦੇ ਕਿ ਆਪਸ ਵਿਚ ਪਾਟੇ ਹੋਏ ਲੋਕ ਜ਼ਾਲਮ ਹਕੂਮਤ ਦੇ ਜ਼ੁਲਮ ਦਾ ਸ਼ਿਕਾਰ ਛੇਤੀ ਹੁੰਦੇ ਹਨ। ਆਪਸ ਵਿਚ ਝਗੜੇ ਪਾਓ ਹੀ ਨਾ। ਪੈ ਜਾਣ ਤਾਂ ਵਧਾਓ ਨਾ। ਹਾਕਮਾਂ ਪਾਸ ਜਾਣ ਦੀ ਥਾਂ ਇਹ ਆਪੇ ਨਿਬੇੜ ਲਿਆ ਕਰੋ। ਲੋਕਾਂ ਨੇ ਕਈ ਥਾਵਾਂ ਉਤੇ ਆਪਣੇ ਝਗੜਿਆਂ ਦਾ ਫੈਸਲਾ ਗੁਰੂ ਸਾਹਿਬ ਤੋਂ ਕਰਵਾਇਆ।

ਸਿੱਖ ਇਤਿਹਾਸ ਵਿਚ ਗੁਰੂ ਹਰਿਗੋਬਿੰਦ ਜੀ ਦੇ ਕਈ ਸਿਦਕੀ ਸਿੱਖਾਂ ਦਾ ਉਲੇਖ ਹੈ। ਮੁਹਸਿਨ ਫਾਨੀ ਨੇ ਇਕ ਸਿੱਖ ਭਾਈ ਸਾਧ ਦਾ ਜ਼ਿਕਰ ਕੀਤਾ ਹੈ। ਭਾਈ ਸਾਧ ਨੂੰ ਗੁਰੂ ਸਾਹਿਬ ਨੇ ਇਕ ਵਧੀਆ ਘੋੜਾ ਖਰੀਦਣ ਲਈ ਇਰਾਕ ਭੇਜਿਆ। ਉਹ ਤੁਰ ਪਿਆ। ਅਜੇ ਉਸ ਨੇ ਮੰਜ਼ਿਲ ਦੇ ਕੁਝ ਪੜਾਅ ਹੀ ਤੈਅ ਕੀਤੇ ਸਨ ਕਿ ਘਰੋਂ ਸੁਨੇਹਾ ਮਿਲ ਗਿਆ ਕਿ ਤੇਰਾ ਬੇਟਾ ਸਖ਼ਤ ਬੀਮਾਰ ਹੈ। ਵਾਪਸ ਆ ਜਾ। ਭਾਈ ਸਾਧ ਨੇ ਕਿਹਾ, ਤੁਸੀਂ ਬੇਟੇ ਦਾ ਇਲਾਜ ਕਰੋ। ਮੈਂ ਤਾਂ ਗੁਰੂ ਦੇ ਕੰਮ ਲਈ ਜਾ ਰਿਹਾ ਹਾਂ ਵਾਪਸ ਨਹੀਂ ਮੁੜ ਸਕਦਾ। ਜੇ ਲੜਕਾ ਮਰ ਜਾਵੇ ਤਾਂ ਲਕੜਾਂ ਬਥੇਰੀਆਂ ਹਨ, ਸਸਕਾਰ ਕਰ

ਦੇਣਾ। ਮੈਨੂੰ ਨਾ ਉਡੀਕਣਾ। ਉਹ ਲੜਕਾ ਸਚਮੁਚ ਹੀ ਮਰ ਗਿਆ ਅਤੇ ਭਾਈ ਸਾਹਿਬ ਵਾਪਸ ਨਾ ਮੁੜੇ। ਸਿੱਖੀ ਪ੍ਰੇਮ ਤੇ ਸਿੱਖ ਦੇ ਗੁਰੂ ਪ੍ਰਤਿ ਸਮਰਪਣ ਦੀ ਇਸ ਤੋਂ ਵੱਡੀ ਮਿਸਾਲ ਕੀ ਹੋਵੇਗੀ। ਮੁਹਸਿਨ ਫਾਨੀ ਅਖੀਂ ਡਿਠੇ ਹਾਲਾਤ ਦਰਜ ਕਰਦੇ ਹੋਏ ਲਿਖਦਾ ਹੈ ਕਿ ਜਦ ਵੀ ਕਦੇ ਕਿਸੇ ਸਿੱਖ ਨੂੰ ਔਕੜ ਆਉਂਦੀ ਹੈ, ਉਹ ਗੁਰੂ, ਮਸੰਦ ਜਾਂ ਸੰਗਤ ਜਿਥੇ ਵੀ ਸੰਭਵ ਹੋਵੇ, ਪਹੁੰਚ ਕੇ ਗੁਰੂ ਮਹਾਰਾਜ ਨਮਿਤ ਭੇਟਾ ਰੱਖ ਕੇ ਆਪਣਾ ਦੁੱਖ ਦਸਦਾ ਹੈ। ਮਸੰਦ/ਸੰਗਤ ਗੁਰੂ ਪਾਸ ਉਸ ਦੀ ਮੁਸ਼ਕਿਲ ਹਲ ਕਰਨ ਲਈ ਅਰਦਾਸ ਕਰਦੇ ਹਨ। ਗੁਰੂ ਸਾਹਿਬ ਹਾਜ਼ਰ ਹੋਣ ਤਾਂ ਉਹ ਵੀ ਸੰਗਤੀ ਰੂਪ ਵਿਚ ਅਰਦਾਸ ਲਈ ਆਖਦੇ ਹਨ। ਸਭ ਨੂੰ ਯਕੀਨ ਹੈ ਕਿ ਸੰਗਤੀ ਅਰਦਾਸ ਨਾਲ ਕਾਰਜ ਰਾਸ ਹੋ ਜਾਂਦੇ ਹਨ। ਇਸ ਵਰਤਾਰੇ ਨਾਲ ਸਿੱਖ ਇਕ ਮਜ਼ਬੂਤ ਤੇ ਸਾਂਝਾਂ ਭਰੇ ਸੰਗਠਨ ਵਿਚ ਬਝ ਗਏ ਹਨ।

ਫਾਨੀ ਅਨੁਸਾਰ ਸਿੱਖਾਂ ਦੇ ਇਸ ਸੰਗਠਨ ਵਿਚ ਪਰੰਪਰਾਗਤ ਬੁਤ ਪੂਜਾ, ਕਰਮ ਕਾਂਡ ਜਾਂ ਵਹਿਮਾਂ ਭਰਮਾਂ ਲਈ ਕੋਈ ਥਾਂ ਨਹੀਂ। ਖਾਣ ਪੀਣ ਬਾਰੇ ਵਹਿਮ ਨਹੀਂ। ਗਿਆਨੀ ਪ੍ਰਤਾਪ ਮਲ ਚੱਢਾ ਨੇ ਸੁਣਿਆ ਕਿ ਇਕ ਹਿੰਦੂ ਸਿਰਫ਼ ਇਸ ਲਈ ਮੁਸਲਮਾਨ ਬਣਨ ਦੀ ਸੋਚ ਰਿਹਾ ਹੈ ਕਿ ਇਸਲਾਮ ਵਿਚ ਖਾਣ ਪੀਣ ਦੀ ਖੁੱਲ੍ਹ ਹੈ। ਗਿਆਨੀ ਜੀ ਨੇ ਕਿਹਾ, 'ਭਾਈ ਇਹ ਖੁੱਲ੍ਹ ਤੈਨੂੰ ਸਿੱਖੀ ਵਿਚ ਵੀ ਮਿਲ ਸਕਦੀ ਹੈ।" 'ਇੰਜ ਹੀ ਬਾਬਾ ਜਮਾਲ ਜੀ ਇਕ ਦਿਨ ਲੰਗਰ ਸਮੇਂ ਦਰਸ਼ਨਾਂ ਨੂੰ ਆਏ ਅਤੇ ਮੁਸਲਮਾਨ ਹੋਣ ਕਰ ਕੇ ਅੱਗੇ ਜਾਣੋਂ ਰੁਕ ਗਏ। ਗੁਰੂ ਪਾਤਸ਼ਾਹ ਨੇ ਵੇਖਿਆ ਤਾਂ ਕੋਲ ਬਿਠਾ ਲਿਆ ਅਤੇ ਆਖਿਆ ਗੁਰੂ ਕੇ ਲੰਗਰ ਵਿਚ ਧਰਮ ਜਾਤ ਤੇ ਉਚੇ ਨੀਵੇਂ ਦਾ ਵਿਚਾਰ ਸਿੱਖੀ ਵਿਚ ਵਰਜਿਤ ਹੈ। ਨਿਸੰਗ ਹੋ ਕੇ ਲੰਗਰ ਛਕੋ।

ਭਾਈ ਜਵੰਦਾ ਜੀ ਦੀ ਗੁਰੂ ਸ਼ਰਧਾ ਦੀ ਵਾਰਤਾ ਵੀ ਯਾਦ ਰੱਖਣ ਵਾਲੀ ਹੈ। ਇਕ ਦਿਨ ਗੁਰੂ ਪਾਤਸ਼ਾਹ ਕਰਤਾਰਪੁਰ ਤੋਂ ਸ਼ਿਕਾਰ ਖੇਡਣ ਲਈ ਨਿਕਲੇ ਅਤੇ ਜਾਂਦੇ ਸਮੇਂ ਭਾਈ ਜਵੰਦਾ ਜੀ ਨੂੰ ਕਹਿ ਗਏ ਕਿ ਮੇਰੀ ਵਾਪਸੀ ਤਕ ਇਥੇ ਹੀ ਖਲੋਣਾ। ਗੁਰੂ ਸਾਹਿਬ ਸ਼ਿਕਾਰ ਲਈ ਦੂਰ ਨਿਕਲ ਗਏ। ਉਥੋਂ ਹੀ ਦੂਜੇ ਰਾਹ ਵਾਪਸ ਆਪਣੇ ਟਿਕਾਣੇ ਉਤੇ ਚਲੇ ਗਏ। ਉਧਰ ਭਾਈ ਜਵੰਦਾ ਗੁਰੂ ਪਾਤਸ਼ਾਹ ਦੇ ਵਚਨਾਂ ਦਾ ਪਾਲਣ ਕਰਦਾ ਤਿੰਨ ਦਿਨ ਤੇ ਤਿੰਨ ਰਾਤਾਂ ਉਥੇ ਹੀ ਖਲੋਤਾ ਰਿਹਾ। ਗੁਰੂ ਸਾਹਿਬ ਨੂੰ ਪਤਾ ਲੱਗਾ ਤਾਂ ਆਪ ਉਸ ਕੋਲ ਤੁਰ ਕੇ ਗਏ ਅਤੇ ਉਸ ਨੂੰ ਸੀਨੇ ਨਾਲ ਲਾਇਆ। ਇਸੇ ਪ੍ਰੇਮ ਦੀ ਇਕ ਉਦਾਹਰਣ ਭਾਈ ਚੂਹੜ ਦੀ ਹੈ। ਭਾਈ ਸਾਹਿਬ ਸੌ ਸਵਾਰਾਂ ਦੇ ਜਥੇਦਾਰ ਸਨ। ਗੁਰੂ ਪਾਤਸ਼ਾਹ ਨੇ ਆਪ ਨੂੰ ਕਿਹਾ ਕਿ ਲੰਗਰ ਇਮਾਰਤ ਦੀ ਪੱਕੀ ਕੰਧ ਬਣਾਉਣੀ ਹੈ। ਸਿੱਖਾਂ ਨੂੰ ਕਹੋ ਕਿ ਪੱਥਰ ਢੋ ਲਿਆਉਣ। ਭਾਈ ਸਾਹਿਬ ਕਿਸੇ ਹੋਰ ਨੂੰ ਕਹਿਣ ਦੀ ਥਾਂ ਆਪ ਹੀ ਇਕੱਲਿਆਂ ਪੱਥਰ ਢੋਂਦੇ ਰਹੇ। ਹਥਾਂ ਪੈਰਾਂ ਵਿਚੋਂ ਲਹੂ ਸਿਮਣ ਲੱਗਾ। ਗੁਰੂ ਸਾਹਿਬ ਨੇ ਵੇਖਿਆ ਅਤੇ ਕਿਹਾ, "ਭਾਈ ਚੂਹੜ ਜੀ, ਅਸੀਂ ਤਾਂ ਕਿਹਾ ਸੀ ਕਿ ਸਿੱਖਾਂ ਨੂੰ ਕਹੋ ਕਿ ਪੱਥਰ ਢੋ ਦੇਣ।' ਭਾਈ ਸਾਹਿਬ ਨੇ ਹੱਥ ਜੋੜ ਕੇ ਕਿਹਾ, 'ਹਜ਼ੂਰ ਮੈਂ ਵੀ ਤਾਂ ਸਿੱਖ ਹਾਂ। ਮੈਂ ਇਸ ਸੇਵਾ ਨੂੰ ਕਿਉਂ ਨਾ ਕਰਦਾ।' ਕਰਤਾਰਪੁਰ ਵਿਚ ਹੀ ਗੁਰੂ ਸਾਹਿਬ ਨੇ

ਭਾਈ ਭਾਗੀਰਥ ਅਤੇ ਭਾਈ ਧੀਰੋ ਨੂੰ ਉਪਦੇਸ਼ ਦਿੱਤਾ। ਉਨ੍ਹਾਂ ਨੂੰ ਦੱਸਿਆ ਕਿ ਸਿੱਖ ਗ੍ਰਿਸਤ ਤੇ ਸੰਸਾਰਕ ਜੀਵਨ ਤੋਂ ਭਜਦਾ ਨਹੀਂ। ਸਹਿਜ ਵਿਚ ਹੀ ਸਾਰੇ ਕੰਮ ਕਰਦਾ ਹੈ।

ਨੂਰਜਹਾਂ, ਉਸ ਦੇ ਪਿਤਾ ਅਤੇ ਬਹਿਨੋਈ ਦੀ ਪੰਜਾਬ ਵਿਚ ਇਨ੍ਹਾਂ ਦਿਨ ਵਿਚ ਖ਼ੂਬ ਚੜ੍ਹਤ ਰਹੀ। ਪੰਜਾਬ ਹੀ ਕਿਉਂ ਸਾਰੇ ਪਾਸੇ ਹੀ ਇਹੀ ਹਾਲ ਸੀ। ਨੂਰ ਜਹਾਂ ਉਤੇ ਜਹਾਂਗੀਰ ਜਾਨ ਵਾਰਦਾ ਸੀ। ਮਿਰਜ਼ਾ ਗਿਆਸ ਬੇਗ ਨੇ ਬਾਦਸ਼ਾਹ ਨੂੰ ਖ਼ੁਸ਼ ਕਰਨ ਲਈ ਪੰਜਾਬ ਬੁਲਾਇਆ। ਜਹਾਂਗੀਰ ਨੂਰਜਹਾਂ ਸਮੇਤ ਲਾਹੌਰ ਤੇ ਅੰਮ੍ਰਿਤਸਰ ਆਇਆ। ਗੁਰੂ ਸਾਹਿਬ ਨੇ ਅੰਮ੍ਰਿਤਸਰ ਵਿਚ ਹੁਕਮ ਦਿੱਤਾ ਕਿ ਬਾਦਸ਼ਾਹ ਤੇ ਉਸ ਦੇ ਕਰਿੰਦਿਆਂ ਤੋਂ ਜੋ ਉਹ ਖਾਣ ਜਾਂ ਖਰੀਦਨਾ ਚਾਹੁਣ, ਉਸ ਦਾ ਮੁਲ ਨਾ ਮੰਗਿਆ ਜਾਏ। ਉਸ ਦਾ ਮੁਲ ਗੁਰੂ ਸਾਹਿਬ ਆਪ ਤਾਰਨਗੇ। ਜਹਾਂਗੀਰ ਤੇ ਨੂਰਜਹਾਂ ਦਰਬਾਰ ਸਾਹਿਬ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਵੀ ਗਏ। ਗੁਰ ਬਿਲਾਸ ਅਨੁਸਾਰ ਪਿੱਛੇ ਬੈਠ ਕੇ ਉਨ੍ਹਾਂ ਨੇ ਪ੍ਰੇਮ ਨਾਲ ਉਥੇ ਕੀਰਤਨ ਵੀ ਸੁਣਿਆ—

ਜਹਾਂਗੀਰ ਤਹਿ ਜਾਇ, ਹੋ ਅਧੀਨ ਬੈਠਤ ਗਯੋ।
ਪਾਛੈ ਦੂਰ ਹਟਾਇ ਸੁਨਤ, ਸ਼ਬਦ ਧਰ ਪ੍ਰੇਮ ਕੋ।

ਸਿਪਾਹੀਆਂ ਸਮੇਤ ਲੰਗਰ ਛਕਿਆ। ਲੰਗਰ ਲਈ ਸ਼ਾਹੀ ਖਰਚ ਦੇਣ ਦੀ ਇੱਛਾ ਵੀ ਦੱਸੀ, ਪਰ ਗੁਰੂ ਸਾਹਿਬ ਨੇ ਕੁਝ ਵੀ ਲੈਣ ਤੋਂ ਇਨਕਾਰ ਕਰ ਦਿੱਤਾ। ਬਾਦਸ਼ਾਹ ਲਾਹੌਰ ਗਿਆ ਤਾਂ ਉਸ ਨੇ ਗੁਰੂ ਸਾਹਿਬ ਨੂੰ ਲਾਹੌਰ ਵੀ ਬੁਲਵਾਇਆ। ਗੁਰੂ ਸਾਹਿਬ ਨਿਰਸੰਕੋਚ ਉਥੇ ਗਏ। ਸੰਗਤਾਂ ਨੇ ਚਿੰਤਾ ਪ੍ਰਗਟ ਕੀਤੀ ਤਾਂ ਗੁਰੂ ਸਾਹਿਬ ਨੇ ਸਭ ਨੂੰ ਧੀਰਜ ਦਿੱਤਾ—

ਸੁਣ ਹਜ਼ੂਰ ਨੇ ਧੀਰਜ ਦੀਨਾ।
ਲਵਪੁਰ ਚਲੇ ਬਿਲੰਬ ਬਹੀਨਾ।

ਲਾਹੌਰ ਵਿਚ ਬਾਦਸ਼ਾਹ ਤੇ ਬੇਗਮ ਨੂਰਜਹਾਂ ਦੋਹਾਂ ਨੇ ਆਪ ਦੇ ਦਰਸ਼ਨ ਕੀਤੇ। ਦੋਹਾਂ ਨੇ ਜੀਵਨ ਅਤੇ ਰੂਹਾਨੀਅਤ ਬਾਰੇ ਆਪ ਕੋਲ ਆਪਣੇ ਸ਼ੰਕੇ ਰੱਖੇ ਅਤੇ ਫੈਜ਼ਯਾਬ ਹੋਏ। ਬਾਦਸ਼ਾਹ ਦੇ ਕਸ਼ਮੀਰ ਜਾਣ ਉਪਰੰਤ ਹੀ ਗੁਰੂ ਸਾਹਿਬ ਵਾਪਸ ਗਏ। ਵਾਪਸੀ ਤੋਂ ਕੁਝ ਸਮੇਂ ਪਿਛੋਂ ਆਪ ਨੇ ਹਰਿਗੋਬਿੰਦਪੁਰ ਵਸਾਇਆ। ਇਥੇ ਗੁਰਦੁਆਰਾ, ਸਰਾਂ ਤੇ ਮਸੀਤ ਤਿੰਨੇ ਉਸਾਰੇ ਗਏ। ਇੰਜ ਕਰਨਾ ਗੁਰੂ ਸਾਹਿਬ ਦੇ ਸਭ ਧਰਮਾਂ ਦੇ ਲੋਕਾਂ ਨੂੰ ਇਕੋ ਦ੍ਰਿਸ਼ਟੀ ਨਾਲ ਵੇਖਣ ਵਰਤਨ ਦਾ ਵਿਹਾਰਕ ਪ੍ਰਮਾਣ ਹੀ ਹੈ।

ਹਰਗੋਬਿੰਦਪੁਰ ਵਾਲਾ ਇਹ ਇਲਾਕਾ ਮੁਕੇਰੀਆਂ ਨੇੜੇ ਦਰਿਆ ਬਿਆਸ ਨਾਲ ਲਗਦਾ ਹੈ। ਗੁਰੂ ਸਾਹਿਬ ਇਥੇ ਦੇ ਜੰਗਲਾਂ ਬੇਲਿਆਂ ਵਿਚ ਸ਼ਿਕਾਰ ਖੇਡਣ ਆਏ ਸਨ। ਜੰਗਲੀ ਜਾਨਵਰਾਂ ਤੋਂ ਸਿਵਾ ਇਥੇ ਹੋਰ ਉਜਾੜ ਹੀ ਉਜਾੜ ਸੀ। ਦੂਰ ਨੇੜੇ ਦੇ ਲੋਕਾਂ ਨੇ ਦੱਸਿਆ ਕਿ ਇਥੇ ਨੇੜੇ ਹੀ ਚੰਦੂ ਦਾ ਪਿੰਡ ਰੁਹੀਲਾ ਵੀ ਹੈ। ਉਸ ਦੇ ਕਾਲੇ ਕਾਰਨਾਮਿਆਂ ਕਾਰਨ ਲੋਕ ਇਹ ਇਲਾਕਾ ਛੱਡ ਗਏ ਹਨ। ਗੁਰੂ ਸਾਹਿਬ ਨੇ ਇਸ ਇਲਾਕੇ ਨੂੰ ਹਰਿਗੋਬਿੰਦਪੁਰ ਵਸਾ ਕੇ ਮੁੜ ਭਾਗ ਲਾਏ।

ਸ਼ਾਂਤੀ ਦੇ ਇਸ ਕਾਲ ਦੌਰਾਨ ਗੁਰੂ ਸਾਹਿਬ ਨੇ ਰਾਜਸਥਾਨ ਦਾ ਦੌਰਾ ਵੀ ਕੀਤਾ

ਅਤੇ ਉਨ੍ਹਾਂ ਰਾਜਿਆਂ ਰਜਵਾੜਿਆਂ ਨੂੰ ਮਿਲੇ ਜਿਨ੍ਹਾਂ ਨੂੰ ਉਨ੍ਹਾਂ ਗਵਾਲੀਅਰ ਵਿਚੋਂ ਮੁਕਤ ਕਰਾਇਆ ਸੀ। ਉਨ੍ਹਾਂ ਨੇ ਆਪ ਦਾ ਬਹੁਤ ਆਦਰ ਮਾਣ ਕੀਤਾ। ਗੁਰੂ ਨਾਨਕ ਸਾਹਿਬ ਨੇ ਵੀ ਕਿਸੇ ਸਮੇਂ ਰਾਜਸਥਾਨ ਚਰਨ ਪਾਏ ਸਨ। ਉਨ੍ਹਾਂ ਦੇ ਸ਼ਰਧਾਲੂ ਪਰਿਵਾਰਾਂ ਦੀ ਸੰਤਾਨ ਵੀ ਗੁਰੂ ਨਾਨਕ ਦੀ ਛੇਵੀਂ ਜੋਤ ਦੇ ਦਰਸ਼ਨਾਂ ਲਈ ਹੁਮ ਹੁਮਾ ਕੇ ਥਾਂ-ਥਾਂ ਆਈ। ਗੁਰੂ ਸਾਹਿਬ ਨੇ ਅਜਮੇਰ ਵਿਚ ਕਈ ਪੀਰਾਂ ਫਕੀਰਾਂ ਨਾਲ ਸੰਵਾਦ ਰਚਾਇਆ। ਵਾਪਸ ਪਰਤ ਕੇ ਆਪ ਨੇ ਨਾਲਾਗੜ੍ਹ ਦੇ ਪਹਾੜੀ ਰਾਜੇ ਦੀ ਜਹਾਂਗੀਰ ਨਾਲ ਸੁਲਾਹ ਕਰਵਾਈ। ਬਾਦਸ਼ਾਹ ਨੇ ਉਸ ਨੂੰ ਬਗਾਵਤ ਦੇ ਸਿਲਸਿਲੇ ਵਿਚ ਫੜਨ ਦੇ ਹੁਕਮ ਦਿੱਤੇ ਸਨ। ਇਸ ਨਾਲ ਨਾਲਾਗੜ੍ਹ ਦੇ ਇਲਾਕੇ ਵਿਚ ਗੁਰੂ ਘਰ ਪ੍ਰਤਿ ਲੋਕਾਂ ਦੀ ਸ਼ਰਧਾ ਬਹੁਤ ਵੱਧ ਗਈ।

ਇਸ ਪ੍ਰਕਾਰ ਗੁਰੂ ਸਾਹਿਬ ਨੇ ਅਮਨ ਸ਼ਾਂਤੀ ਦੇ ਇਸ ਕਾਲ ਨੂੰ ਸਿੱਖ ਸੰਗਠਨ ਦੀ ਮਜ਼ਬੂਤੀ ਅਤੇ ਸਿੱਖੀ ਦੇ ਪ੍ਰਚਾਰ ਪ੍ਰਸਾਰ ਲਈ ਬੜੀ ਸੂਝ ਬੂਝ ਨਾਲ ਵਰਤਿਆ। ਗੁਰੂ ਘਰ ਦਾ ਪ੍ਰਭਾਵ ਦਾ ਦਾਇਰਾ ਵੱਧ ਤੋਂ ਵੱਧ ਪਸਾਰਿਆ। ਗੈਰ ਸਿੱਖਾਂ ਨੂੰ ਸਿੱਖ ਜੀਵਨ-ਸ਼ੈਲੀ ਦੀ ਸਰਲਤਾ ਤੇ ਉਤਮਤਾ ਤੋਂ ਅਵਗਤ ਕਰਵਾਇਆ। ਸਿੱਖਾਂ ਨੂੰ ਆਸ਼ਾ, ਵਿਸ਼ਵਾਸ ਪ੍ਰੇਮ ਤੇ ਸ਼ਰਧਾ ਨਾਲ ਗੁਰੂ ਘਰ ਨਾਲ ਜੁੜਨ ਦੇ ਅਵਸਰ ਦਿੱਤੇ। ਸਿੱਖੀ ਪ੍ਰਚਾਰ ਦੇ ਦੌਰਿਆਂ, ਅਮਨ ਸ਼ਾਂਤੀ ਅਤੇ ਸੰਗਤਾਂ ਦੇ ਹੁਮ ਹੁਮਾ ਕੇ ਆਉਣ ਕਾਰਨ ਪੈਸੇ, ਅੰਨ, ਸੋਨੇ, ਕਪੜੇ ਤੇ ਹੋਰ ਕਿਸੇ ਸ਼ੈਅ ਦੀ ਘਾਟ ਹੁਣ ਅੰਮ੍ਰਿਤਸਰ ਵਿਚ ਨਾ ਰਹੀ। ਸਿੱਖੀ ਦਾ ਇਹ ਕੇਂਦਰ ਮਜ਼ਬੂਤੀ ਤੇ ਸਵੈ-ਨਿਰਭਰਤਾ ਕਾਰਨ ਸਿੱਖਾਂ ਤੇ ਗੈਰ ਸਿੱਖਾਂ ਦੋਹਾਂ ਨੂੰ ਪ੍ਰਭਾਵਿਤ ਕਰਨ ਲਗ ਪਿਆ।

ਅਮਨ ਸ਼ਾਂਤੀ ਦੀ ਇਹ ਅਵਧੀ ਜਹਾਂਗੀਰ ਦੇ ਸਮੁੱਚੇ ਸ਼ਾਸਨ ਕਾਲ ਦੌਰਾਨ ਜਾਰੀ ਰਹੀ। 1627 ਵਿਚ ਜਹਾਂਗੀਰ ਦੀ ਮੌਤ ਹੋਈ ਅਤੇ ਉਸ ਦਾ ਪੁੱਤਰ ਸ਼ਾਹ ਜਹਾਂ ਤਖ਼ਤ ਉਤੇ ਬੈਠਾ। ਉਸ ਉਪਰੰਤ ਵੀ ਸਾਲ ਡੇਢ ਸਾਲ ਸ਼ਾਂਤੀ ਨਾਲ ਹੀ ਲੰਘਦਾ ਰਿਹਾ। ਇਸ ਅਵਧੀ ਨੂੰ ਗੁਰੂ ਸਾਹਿਬ ਨੇ ਪਹਿਲਾਂ ਪੰਜਾਬ ਅਤੇ ਫਿਰ ਪੰਜਾਬ ਤੋਂ ਬਾਹਰ ਸਿੱਖੀ ਦੇ ਪ੍ਰਚਾਰ ਪ੍ਰਸਾਰ ਲਈ ਬੜੀ ਸੂਝ ਬੂਝ ਨਾਲ ਵਰਤਿਆ।

ਪੰਜਾਬ ਤੋਂ ਬਾਹਰ ਗੁਰੂ ਸਾਹਿਬ ਨੇ ਸਭ ਤੋਂ ਪਹਿਲਾਂ ਕਸ਼ਮੀਰ ਵੱਲ ਰੁੱਖ ਕੀਤਾ। ਪ੍ਰੋ. ਸਤਬੀਰ ਸਿੰਘ ਅਨੁਸਾਰ ਗੁਰੂ ਸਾਹਿਬ ਕਸ਼ਮੀਰ ਨੂੰ ਜਾਂਦੇ ਸਮੇਂ ਚਪਲਗੜ੍ਹ (ਸਿਆਲਕੋਟ), ਹਰਸਿਆਣਾ, ਗਲੋਟੀਆ, ਵਜ਼ੀਰਾਬਾਦ, ਮੀਰਪੁਰ, ਭਿੰਬਰ, ਬਹਿਰਾਮ ਗੱਲਾ ਤੇ ਸਪੀਸਨ ਹੁੰਦੇ ਹੋਏ ਸ੍ਰੀਨਗਰ ਪੁੱਜੇ। ਵਾਪਸੀ ਸਮੇਂ ਆਪ ਉਸੇ ਰਸਤੇ ਆਏ ਜਿਹੜਾ ਜਹਾਂਗੀਰ ਨੇ ਜਾਂਦੇ ਸਮੇਂ ਉਦੋਂ ਅਪਣਾਇਆ ਸੀ, ਜਦੋਂ ਉਹ ਅੰਮ੍ਰਿਤਸਰ ਤੇ ਲਾਹੌਰ ਵਿਚ ਗੁਰੂ ਸਾਹਿਬ ਦੇ ਦਰਸ਼ਨਾਂ ਉਪਰੰਤ ਕਸ਼ਮੀਰ ਗਿਆ ਸੀ। ਗੁਰੂ ਸਾਹਿਬ ਗਰਮੀਆਂ ਦੀ ਰੁਤੇ ਕਸ਼ਮੀਰ ਨੂੰ ਤੁਰੇ ਸਨ।

ਉਦੋਂ ਕਸ਼ਮੀਰ ਵਿਚ ਸਿਖੀ ਪ੍ਰਚਾਰ ਭਾਈ ਸੇਵਾ ਦਾਸ, ਭਾਈ ਮਾਧੋ ਤੇ ਭਾਈ ਕੱਟੂ ਦੇ ਹਵਾਲੇ ਸੀ। ਭਾਈ ਸੇਵਾ ਦਾਸ ਦੀ ਬਜ਼ੁਰਗ ਮਾਤਾ ਭਾਗਭਰੀ ਬੜੀ ਦੇਰ ਤੋਂ ਹਥੀਂ ਸੂਤ ਕਤਦੀ ਰਹੀ ਸੀ। ਰੀਝਾਂ ਨਾਲ ਇਸ ਸੂਤ ਦਾ ਉਸ ਨੇ ਕਪੜਾ ਬੁਣਿਆ ਅਤੇ

ਸਤਿਗੁਰਾਂ ਲਈ ਚੋਲਾ ਬਣਾਇਆ। ਉਹ ਦਿਲ ਵਿਚ ਹਰ ਵੇਲੇ ਇਹੀ ਸੋਚਦੀ ਕਿ ਮੈਂ ਤਾਂ ਇੰਨੀ ਦੂਰ ਦਰਸ਼ਨਾਂ ਲਈ ਜਾ ਨਹੀਂ ਸਕਦੀ। ਸਚੇ ਪਾਤਸ਼ਾਹ ਆਪ ਹੀ ਕਿਰਪਾ ਕਰਨ ਅਤੇ ਦਰਸ਼ਨ ਦੇਣ। ਇਹ ਚੋਲਾ ਉਹ ਆਪ ਹੀ ਆ ਕੇ ਸਵੀਕਾਰਨ। ਗੁਰੂ ਪਾਤਸ਼ਾਹ ਸਚਮੁੱਚ ਉਸ ਦੀ ਭਾਵਨੀ ਪੂਰੀ ਕਰਨ ਵਾਸਤੇ ਸ੍ਰੀਨਗਰ ਉਸ ਦੇ ਘਰ ਪਹੁੰਚੇ ਅਤੇ ਇਹ ਚੋਲਾ ਮਾਤਾ ਭਾਗਭਰੀ ਤੋਂ ਮੰਗ ਕੇ ਪਹਿਨਿਆ। ਸ੍ਰੀਨਗਰ ਪਹੁੰਚਣ ਤੋਂ ਪਹਿਲਾਂ ਆਪ ਸਿਆਲਕੋਟ ਵੀ ਰੁਕੇ। ਇਥੇ ਮੌਲਵੀ ਅਬਦੁਲ ਹਕੀਮ ਸਮੇਤ ਕਈ ਫਕੀਰਾਂ ਤੇ ਵਿਦਵਾਨਾਂ ਨਾਲ ਆਪ ਨੇ ਵਿਚਾਰ-ਵਟਾਂਦਰਾ ਕੀਤਾ। ਇਸ ਸ਼ਹਿਰ ਵਿਚ ਆਪ ਨੇ ਇਕ ਸਰੋਵਰ ਬਣਵਾਇਆ।

ਕਸ਼ਮੀਰ ਵਿਚ ਗੁਰੂ ਪਾਤਸ਼ਾਹ ਜਿਥੇ ਵੀ ਟਿਕਦੇ ਸੰਗਤਾਂ ਜਥੇ ਬਣਾ ਬਣਾ ਕੇ ਆਪ ਦੇ ਦਰਸ਼ਨਾਂ ਨੂੰ ਆਉਂਦੀਆਂ। ਇਕ ਜਥੇ ਵਿਚ ਭਾਈ ਕਟੂ ਆਪ ਸੀ। ਰਾਹ ਵਿਚ ਉਸ ਨੂੰ ਸਾਹ ਦੀ ਤਕਲੀਫ਼ ਹੋ ਗਈ। ਜਥੇ ਵਿਚ ਇਕ ਸੱਜਣ ਕੋਲ ਸ਼ਹਿਦ ਸੀ ਜਿਹੜਾ ਉਹ ਗੁਰੂ ਪਾਤਸ਼ਾਹ ਨੂੰ ਭੇਟ ਕਰਨ ਲਈ ਲਿਜਾ ਰਿਹਾ ਸੀ। ਭਾਈ ਕਟੂ ਨੇ ਕਿਹਾ ਕਿ ਭਰਾਵਾ ਮੈਨੂੰ ਥੋੜਾ ਸ਼ਹਿਰ ਦੇਹ। ਇਸ ਨਾਲ ਹੋ ਸਕਦਾ ਹੈ ਮੈਨੂੰ ਸਾਹ ਸੌਖਾ ਆਉਣ ਲਗੇ। ਉਸ ਸਜਨ ਨੇ ਕੋਰੀ ਨਾਂਹ ਕਰਦੇ ਹੋਏ ਕਿਹਾ : ਇਹ ਸ਼ਹਿਦ ਗੁਰੂ ਜੀ ਦੀ ਭੇਟਾ ਲਈ ਹੈ। ਇਹ ਕਿਸੇ ਨੂੰ ਨਹੀਂ ਦਿੱਤਾ ਜਾ ਸਕਦਾ। ਔਖੇ ਸੌਖੇ ਭਾਈ ਕਟੂ ਤੇ ਸਾਰੀ ਸੰਗਤ ਗੁਰੂ ਸਾਹਿਬ ਕੋਲ ਪਹੁੰਚੇ। ਸਭ ਨੇ ਆਪੋ ਆਪਣੀ ਭੇਟ ਗੁਰੂ ਸਾਹਿਬ ਅੱਗੇ ਰਖੀ। ਸ਼ਹਿਦ ਨੂੰ ਵੇਖ ਕੇ ਗੁਰੂ ਸਾਹਿਬ ਨੇ ਪਾਸੇ ਰੱਖ ਦਿੱਤਾ ਅਤੇ ਕਿਹਾ ਕਿ ਇਹ ਬਦਬੂ ਮਾਰ ਰਿਹਾ ਹੈ। ਵਰਤਨ ਯੋਗ ਨਹੀਂ। ਇਸ ਵਿਚ ਕੀੜੇ ਪੈ ਚੁੱਕੇ ਹਨ। ਸ਼ਹਿਦ ਭੇਟ ਕਰਨ ਵਾਲੇ ਨੇ ਕਿਹਾ ਕਿ ਮੈਂ ਤਾਂ ਤਾਜ਼ਾ ਤੇ ਉਤਮ ਸ਼ਹਿਦ ਰੀਝ ਨਾਲ ਆਪ ਲਈ ਲਿਆਂਦਾ ਹੈ। ਗੁਰੂ ਸਾਹਿਬ ਨੇ ਕਿਹਾ ਕਿ ਫਿਰ ਰਾਹ ਵਿਚ ਕੋਈ ਵਿਘਨ ਪਿਆ ਹੈ। ਸੰਗਤਾਂ ਨੇ ਦੱਸਿਆ ਕਿ ਰਸਤੇ ਵਿਚ ਭਾਈ ਕਟੂ ਨੂੰ ਖੰਘ ਅਤੇ ਸਾਹ ਦਾ ਦੌਰਾ ਪੈ ਗਿਆ ਸੀ। ਉਸ ਨੇ ਥੋੜ੍ਹੇ ਜਹੇ ਸ਼ਹਿਦ ਦੀ ਮੰਗ ਕੀਤੀ ਸੀ। ਅਸੀਂ ਉਸ ਨੂੰ ਇਹ ਕਹਿ ਕੇ ਨਾਂਹ ਕਰ ਦਿੱਤੀ ਸੀ ਕਿ ਇਸ ਨੂੰ ਪਹਿਲਾਂ ਗੁਰੂ ਸਾਹਿਬ ਮੂੰਹ ਲਾਣਗੇ। ਫਿਰ ਹੀ ਇਸ ਨੂੰ ਕੋਈ ਹੋਰ ਖਾ ਸਕਦਾ ਹੈ। ਗੁਰੂ ਸਾਹਿਬ ਦਾ ਫ਼ੁਰਮਾਨ ਸੀ ਕਿ ਇਹ ਤੁਹਾਡੀ ਗਲਤੀ ਹੈ। ਕੋਈ ਸਿੱਖ ਤਕਲੀਫ਼ ਵਿਚ ਹੋਵੇ ਤਾਂ ਉਸ ਦੀ ਲੋੜ ਪੂਰੀ ਕਰਨੀ ਚਾਹੀਦੀ ਹੈ। ਸਿਖ ਦਾ ਮੂੰਹ ਗੁਰੂ ਦੀ ਗੋਲਕ ਹੈ।

ਕਸ਼ਮੀਰ ਵਿਚ ਗੁਰੂ ਮਹਾਰਾਜ ਤਿੰਨ ਮਹੀਨੇ ਰਹੇ। ਇਸ ਦੌਰਾਨ ਮਾਤਾ ਭਾਗਭਰੀ ਅਕਾਲ ਚਲਾਣਾ ਕਰ ਗਈ। ਗੁਰੂ ਸਾਹਿਬ ਨੇ ਆਪਣੇ ਹਥੀਂ ਉਸ ਦਾ ਸੰਸਕਾਰ ਕੀਤਾ। ਮੁਹਸਿਨ ਫਾਨੀ, ਭਾਈ ਵੀਰ ਸਿੰਘ ਅਤੇ ਪ੍ਰੋ. ਸਤਬੀਰ ਸਿੰਘ ਨੇ ਕਸ਼ਮੀਰ ਦੇ ਇਕ ਹੋਰ ਪ੍ਰੇਮੀ ਸਿੱਖ ਭਾਈ ਮਾਧੋ ਦਾ ਵੀ ਜ਼ਿਕਰ ਕੀਤਾ ਹੈ। ਭਾਈ ਮਾਧੋ ਆਪਣੇ ਘਰ ਆਏ ਸਿੱਖਾਂ ਦੀ ਸੇਵਾ ਗੁਰੂ ਦੀ ਮੂਰਤ ਮੰਨ ਕੇ ਕਰਦਾ ਸੀ। ਉਪਰੋਕਤ ਵਿਦਵਾਨਾਂ ਦੀਆਂ ਲਿਖਤਾਂ ਅਨੁਸਾਰ ਇਕ ਰਾਤ ਇਕ ਚੋਰ ਗੁਰੂ ਦਾ ਨਾਂ ਲੈ ਕੇ ਭਾਈ ਮਾਧੋ ਦੇ ਘਰ ਆ ਗਿਆ। ਰਾਤ ਨੂੰ ਮਾੜੀ ਮੋਟੀ ਸੇਵਾ ਉਸ ਨੇ ਕੀਤੀ। ਸਵੇਰੇ ਭਾਈ ਸਾਹਿਬ

ਬਾਹਰ ਚਲੇ ਗਏ ਕਿ ਇਸ ਦੀ ਚੰਗੀ ਤਰ੍ਹਾਂ ਸੇਵਾ ਕਰਨ ਲਈ ਕੁਝ ਪ੍ਰਬੰਧ ਕਰਾਂ। ਪਿਛੋਂ ਚੋਰ ਨੇ ਉਸ ਦੀ ਪਤਨੀ ਨੂੰ ਮਾਰ ਦਿੱਤਾ। ਉਸ ਦੇ ਗਹਿਣੇ ਅਤੇ ਕੀਮਤੀ ਸਮਾਨ ਲੈ ਕੇ ਘਰੋਂ ਨਿਕਲ ਤੁਰਿਆ। ਰਸਤੇ ਵਿਚ ਭਾਈ ਮਾਧੋ ਮਿਲ ਪਏ। ਚੋਰ ਨੂੰ ਮਜਬੂਰ ਕਰ ਕੇ ਉਹ ਘਰ ਲੈ ਗਏ ਕਿ ਬਿਨਾਂ ਪ੍ਰਸ਼ਾਦ ਪਾਣੀ ਦੇ ਨਹੀਂ ਜਾਣਾ।

ਘਰ ਪਹੁੰਚੇ ਤਾਂ ਪਤਨੀ ਨੂੰ ਕਤਲ ਵੇਖ ਕੇ ਸਾਰੀ ਗੱਲ ਉਹ ਸਮਝ ਗਏ। ਚੋਰ ਨੇ ਵੀ ਸਾਰਾ ਕੁਝ ਦੱਸ ਦਿੱਤਾ। ਭਾਈ ਸਾਹਿਬ ਨੇ ਕਿਹਾ ਕਿ ਗੁਰੂ ਦਾ ਜੋ ਹੁਕਮ ਸੀ, ਉਸੇ ਅਨੁਸਾਰ ਇਹ ਭਾਣਾ ਵਾਪਰਿਆ ਹੈ। ਹੁਣ ਤੁਸੀਂ ਪ੍ਰਸ਼ਾਦਾ ਛਕੋ। ਹਥੀਂ ਪ੍ਰਸ਼ਾਦਾ ਬਣਾ ਕੇ ਛਕਾਇਆ ਅਤੇ ਆਰਾਮ ਨਾਲ ਘਰੋਂ ਬਾਹਰ ਤੋਰ ਦਿੱਤਾ। ਚੁਪ ਕਰ ਕੇ ਘਰ ਵਾਲੀ ਦਾ ਸੰਸਕਾਰ ਕਰ ਦਿੱਤਾ। ਭਾਈ ਮਾਧੋ ਦਾ ਕਹਿਣਾ ਸੀ ਕਿ ਮੈਂ ਤਾਂ ਗੁਰੂ ਪਾਤਸ਼ਾਹ ਦੀ ਇਸ ਸਿੱਖਿਆ ਉਤੇ ਅਮਲ ਕਰਦਾ ਹਾਂ ਕਿ ਹਰ ਉਸ ਸਿੱਖ ਨੂੰ ਗੁਰੂ ਦਾ ਰੂਪ ਜਾਣੋ ਜੋ ਗੁਰੂ ਦਾ ਨਾਮ ਜਪਦਾ ਤੁਹਾਡੇ ਦਰਵਾਜ਼ੇ 'ਤੇ ਆ ਜਾਵੇ। ਮੁਹਸਨ ਫਾਨੀ ਲਿਖਦਾ ਹੈ—

ਹਰਕਸ ਕਿ ਨਾਮ ਗੀਰਦ ਵ ਦਰਖਨਾਏ
ਸਿਖੇ ਦਰ ਆਇਦ ਓ ਰਾ ਮਨੈਅ ਨਸ਼ਵਦ।

ਇਸੇ ਤਰ੍ਹਾਂ ਦੀ ਸੋਚ ਭਾਈ ਗੜ੍ਹੀਆ ਦੀ ਸੀ। ਉਹ ਲੋੜਵੰਦਾਂ ਨੂੰ ਸਭ ਕੁਝ ਖਵਾ ਦਿੰਦਾ। ਗੁਰੂ ਪਾਤਸ਼ਾਹ ਨੇ ਉਸ ਨੂੰ ਦਸਵੰਧ ਇਕੱਠਾ ਕਰਨ ਲਈ ਭੇਜਿਆ। ਦਸਵੰਧ ਲੈ ਕੇ ਸਾਰਾ ਹਿਸਾਬ ਕਿਤਾਬ ਜੋੜ ਕੇ ਉਸ ਨੇ ਰਸੀਦ ਦੇ ਦਿੱਤੀ। ਪੈਸੇ ਲਏ ਤੇ ਗੁਰੂ ਸਾਹਿਬ ਵਲ ਚਲ ਪਿਆ। ਰਾਹ ਵਿਚ ਲਗਪਗ ਸਾਰੀ ਮਾਇਆ ਭੁਖੇ ਤੇ ਗਰੀਬ ਲੋਕਾਂ ਨੂੰ ਲੰਗਰ ਛਕਾਣ ਲਈ ਵੰਡ ਦਿੱਤੀ। ਸ਼ਕਾਇਤ ਹੋਈ ਤਾਂ ਗੁਰੂ ਸਾਹਿਬ ਨੇ ਕਿਹਾ ਭਾਈ ਗੜ੍ਹੀਏ ਦੀ ਮਾਇਆ ਮੈਨੂੰ ਪਹੁੰਚ ਗਈ ਹੈ।

ਕਸ਼ਮੀਰ ਦੇ ਦੌਰੇ ਸਮੇਂ ਗੁਰੂ ਸਾਹਿਬ ਗੁਜਰਾਤ (ਪਾਕਿਸਤਾਨ) ਦੇ ਫਕੀਰ ਸ਼ਾਹ ਦਉਲਾ ਦੇ ਟਿਕਾਣੇ ਉਤੇ ਵੀ ਗਏ। ਉਸ ਪਰਉਪਕਾਰੀ ਨੇ ਹੀ ਭਿੰਬਰ ਉਤੇ ਬੰਨ੍ਹ ਬਣਾ ਕੇ ਲੋਕਾਂ ਨੂੰ ਹੜ੍ਹਾਂ ਤੋਂ ਬਚਾਇਆ ਸੀ। ਆਪ ਉਦਮ ਕਰਕੇ ਭਿੰਬਰ ਤੇ ਡੇਕ ਨਦੀਆਂ ਉਤੇ ਹੀ ਨਹੀਂ, ਹੋਰ ਕਈ ਥਾਈ ਪੁਲ ਬਣਾਏ ਸਨ। ਬਾਦਸ਼ਾਹ ਨਾਲੋਂ ਵਧੇਰੇ ਲੋਕ ਭਲਾਈ ਦੇ ਕੰਮ ਕਰਦਾ ਸੀ ਉਹ। ਗੁਰੂ ਪਾਤਸ਼ਾਹ ਦਾ ਉਸ ਨੇ ਬੜਾ ਸਤਿਕਾਰ ਕੀਤਾ। ਉਹ ਕਿਹਾ ਕਰਦਾ ਸੀ ਨਾਨਕ ਫਕੀਰ, ਦੀਨ ਦੁਨੀ ਦੇ ਪੀਰ। ਗੁਰੂ ਹਰਿਗੋਬਿੰਦ ਸਾਹਿਬ ਨੇ ਉਸ ਨੂੰ ਸ਼ਾਹ ਦਉਲਾ, ਫਕੀਰ ਮਉਲਾ ਕਹਿ ਕੇ ਪਿਆਰ ਕੀਤਾ। ਗੁਰੂ ਸਾਹਿਬ ਦਾ ਸ਼ਾਹੀ ਠਾਠ ਬਾਠ ਵੇਖ ਕੇ ਉਸ ਦੇ ਇਕ ਚੇਲੇ ਜਹਾਂਗੀਰ ਨੇ ਆਪਣੇ ਸ਼ੰਕੇ ਇਸ ਪ੍ਰਕਾਰ ਪ੍ਰਗਟ ਕੀਤੇ—

ਹਿਦੂ ਕੀ ਤੇ ਪੀਰੀ ਕੀ।
ਔਰਤ ਕੀ ਤੇ ਫਕੀਰੀ ਕੀ।
ਦੌਲਤ ਕੀ ਤੇ ਤਿਆਗ ਕੀ।
ਪੁੱਤਰ ਕੀ ਤੇ ਵੈਰਾਗ ਕੀ।
ਆਰਫ਼ ਕੀ ਤੇ ਦੁਨੀਆਂਦਾਰ ਕੀ

ਪੁਜਾਰੀ ਕੀ ਤੇ ਸਵਾਬ ਕੀ
ਮਾਰੂਥਲ ਕੀ ਤੇ ਆਬ ਕੀ।
ਗੁਰੂ ਜੀ ਨੇ ਉਸ ਦੇ ਸ਼ੰਕੇ ਨਵਿਰਤ ਕਰਦੇ ਹੋਏ ਕਿਹਾ—
ਔਰਤ ਈਮਾਨ
ਦੌਲਤ ਗੁਜ਼ਰਾਨ
ਪੁਤਰ ਨੀਸਾਨ
ਪੀਰ ਨਾ ਹਿੰਦੂ ਨਾ ਮੁਸਲਮਾਨ
ਆਰਿਫ ਵੀਚਾਰ
ਪੁਜਾਰੀ ਆਚਾਰ
ਮਾਰੂਥਲ ਵਿਚ ਜਲ ਕੁਦਰਤ ਕਰਤਾਰ।

ਇੰਜ ਹੀ ਹਾਫਿਜ਼ਾਬਾਦ ਵਿਚ ਵੀ ਗੁਰੂ ਸਾਹਿਬ ਨੇ ਪੜਾਅ ਕੀਤਾ। ਇਥੇ ਭਾਈ ਕਰਮਚੰਦ ਨੂੰ ਜਪੁਜੀ ਸਾਹਿਬ ਦੇ ਅਰਥ ਸਮਝਾਏ। ਹਾਫਿਜ਼ਾਬਾਦ ਵਿਚ ਆਪ ਨੇ ਚਰਚਾ ਦੇ ਗੂੜ੍ਹ ਰਹਸਾਂ ਦੀ ਵਿਆਖਿਆ ਕਰਕੇ ਸਿੱਖੀ ਦੇ ਪ੍ਰਚਾਰਕਾਂ ਦਾ ਮਾਰਗ ਦਰਸ਼ਨ ਕੀਤਾ। ਆਪ ਨੇ ਦੱਸਿਆ ਕਿ ਚਰਚਾ ਚਾਰ ਪ੍ਰਕਾਰ ਦੀ ਹੈ— ਹੇਤ, ਬਾਦ, ਜਲਪ ਤੇ ਵਿਤੰਡਾ। ਸ਼ੰਕੇ ਤੇ ਸੰਸੇ ਨਵਿਰਤ ਕਰਨਾ ਹੇਤ ਹੈ। ਆਪਸ ਵਿਚ ਵਿਚਾਰ ਵਟਾਂਦਰੇ ਉਪਰੰਤ ਕਿਸੇ ਨਿਰਣੇ ਉਤੇ ਅਪੜਨਾ ਬਾਦ ਹੈ। ਜੋ ਮੂੰਹੋਂ ਨਿਕਲ ਗਿਆ, ਭਾਵੇਂ ਗਲਤ ਹੈ ਭਾਵੇਂ ਠੀਕ, ਉਸੇ ਉਤੇ ਅੜੇ ਰਹਿਣਾ ਜਲਪ ਹੈ। ਆਪਣਾ ਕੋਈ ਮਤ ਨਾ ਦਸਣਾ, ਬਸ ਦੂਜੇ ਦੀ ਹਰ ਗੱਲ ਦਾ ਖੰਡਨ ਕਰਨ ਵਿਚ ਉਲਝੇ ਰਹਿਣਾ ਵਿਤੰਡਾ ਹੈ। ਗੁਰੂ ਘਰ ਵਿਚ ਹੇਤ ਤੇ ਵਾਦ ਲਈ ਥਾਂ ਹੈ ਪਰੰਤੂ ਜਲਪ ਤੇ ਵਿਤੰਡਾ ਵਰਜਿਤ ਹਨ।

ਹਾਫਿਜ਼ਾਬਾਦ ਵਿਚ ਹੀ ਭਾਈ ਤੀਰਥ ਅਤੇ ਤੁਲਸੇ ਨੇ ਪੁਛਿਆ ਕਿ ਗੁਰਬਾਣੀ ਦੀ ਕਥਾ ਵਿਆਖਿਆ ਤਾਂ ਬੜੇ ਲੋਕ ਕਰਦੇ ਹਨ ਪਰੰਤੂ ਭਾਈ ਨਿਹਾਲੂ ਦੀ ਕਥਾ ਸੁਣ ਕੇ ਜੋ ਆਨੰਦ ਤੇ ਰਸ ਮਿਲਦਾ ਹੈ ਉਹ ਹੋਰਾਂ ਤੋਂ ਕਿਉਂ ਨਹੀਂ ਮਿਲਦਾ। ਗੁਰੂ ਸਾਹਿਬ ਨੇ ਸਮਝਾਇਆ ਕਿ ਬੋਲਣਾ ਅਤੇ ਸੁਣਨਾ ਦੋਵੇਂ ਹੀ ਕਲਾਵਾਂ ਹਨ। ਬੋਲਣ ਵਾਲੇ ਵਿਚ ਚੌਦਾਂ ਗੁਣ ਚਾਹੀਦੇ ਹਨ ਅਤੇ ਸੁਣਨ ਵਾਲੇ ਵਿਚ ਵੀ।

ਬੋਲਣ ਵਾਲੇ ਦੇ ਚੌਦਾਂ ਗੁਣ ਹਨ—ਰਸੀਲੀ ਆਵਾਜ਼, ਪ੍ਰਸੰਗਾਂ ਨੂੰ ਲੋੜ ਅਨੁਸਾਰ ਸੰਖੇਪਤਾ ਤੇ ਵਿਸਤਾਰ ਦੇਣ ਦੀ ਯੋਗਤਾ, ਸਮੇਂ/ਸ੍ਰੋਤਾ ਦੀ ਪਛਾਣ, ਅਲੰਕਾਰ ਵਰਤਨ ਦੀ ਮਹਾਰਤ, ਜ਼ੋਰਦਾਰ ਬਿਆਨ, ਆਚਰਣ ਦੀ ਉਚਤਾ, ਵਿਸ਼ੇ ਦਾ ਗਿਆਨ, ਸ਼ਬਦਾਂ ਦੀ ਸਮਝ, ਲੋਭ ਮੁਕਤ ਸੁਭਾਅ, ਦ੍ਰਿਸ਼ਟਾਂਤ ਪੇਸ਼ ਕਰਨ ਦੀ ਮਹਾਰਤ, ਸ਼ੰਕਾ ਨਵਿਰਤੀ ਦੀ ਯੋਗਤਾ, ਹੋਰ ਮਤਾਂ/ਮਤਾਂਤਰਾ ਦਾ ਗਿਆਨ, ਸਹਿਜ ਅਤੇ ਕਹਿਣੀ ਕਥਨੀ ਦੀ ਏਕਤਾ। ਇੰਜ ਹੀ ਸ੍ਰੋਤਾ ਦੇ ਚੌਦਾਂ ਗੁਣ ਹਨ—ਵਕਤੇ ਵਿਚ ਵਿਸ਼ਵਾਸ, ਹੰਕਾਰ ਮੁਕਤ ਸੋਚ, ਵਿਸ਼ੇ ਵਲ ਧਿਆਨ, ਵਕਤਾਂ ਨਾਲ ਸਰਲ ਵਿਹਾਰ, ਅਰਥਾਂ ਦੀ ਸਮਝ, ਵਿਚਾਰ-ਵਟਾਂਦਰੇ ਦੀ ਮਰਿਆਦਾ ਦਾ ਗਿਆਨ, ਪ੍ਰਸੰਗ ਦਾ ਪੂਰਵ ਗਿਆਨ, ਸਾਵਧਾਨ

ਬਿਰਤੀ, ਅਛੀ ਯਾਦ ਸ਼ਕਤੀ, ਉਪਦੇਸ਼ ਉਤੇ ਅਮਲ ਕਰਨ ਦਾ ਸੁਭਾਅ, ਤਨ ਮਨ ਤੇ ਬਸਤਰਾਂ ਦੀ ਸਵੱਛਤਾ, ਵਕਤਾ ਪ੍ਰਤਿ ਸਨਮੁਖਤਾ ਅਤੇ ਦੰਭ ਮੁਕਤ ਸ਼ਖਸੀਅਤ।

ਇਸ ਯਾਤਰਾ ਦੌਰਾਨ ਆਪ ਗੁਰੂ ਨਾਨਕ ਦੀ ਜਨਮ ਭੂਮੀ ਨਨਕਾਣਾ ਸਾਹਿਬ ਵੀ ਗਏ। ਰਾਏ ਬੁਲਾਰ ਦੀ ਸੰਤਾਨ ਨੇ ਆਪ ਦੇ ਦਰਸ਼ਨ ਕੀਤੇ। ਆਪ ਨੇ ਗੁਰੂ ਨਾਨਕ ਦੇ ਜਨਮ ਸਥਾਨ ਦੀ ਯਾਦਗਾਰ ਲਈ ਟੱਕ ਲਾਇਆ। ਇਥੋਂ ਪੱਧਰੀ ਤੇ ਲਾਹੌਰ ਹੁੰਦੇ ਹੋਏ ਆਪ ਅੰਮ੍ਰਿਤਸਰ ਪਰਤੇ। ਅੰਮ੍ਰਿਤਸਰ ਪਹੁੰਚਦੇ ਹੀ ਆਪ ਦੇ ਸਾਂਢੂ ਭਾਈ ਸਾਈਂ ਦਾਸ ਦੇ ਪ੍ਰੇਮ ਨੇ ਆਪ ਨੂੰ ਡਰੋਲੀ ਖਿਚ ਲਿਆ। ਭਾਈ ਵੀਰ ਸਿੰਘ ਨੇ ਸਾਈ ਦਾਸ ਦੇ ਗੁਰੂ ਪਾਤਸ਼ਾਹ ਪ੍ਰਤਿ ਪ੍ਰੇਮ ਤੇ ਸ਼ਰਧਾ ਦੇ ਪ੍ਰਸੰਗ ਬੜੇ ਵਿਸਤਾਰ ਨਾਲ ਲਿਖੇ ਹਨ। ਡਰੋਲੀ ਤੋਂ ਪਹਿਲਾਂ ਭਾਈ ਸਾਹਿਬ ਡੱਲੇ ਰਹਿੰਦੇ ਸਨ। ਸੰਗਤਾਂ ਹੀ ਆਪ ਨੂੰ ਵਿਸ਼ੇਸ਼ ਬੇਨਤੀ ਕਰ ਕੇ ਡਰੋਲੀ ਲੈ ਕੇ ਆਈਆਂ ਸਨ। ਡਲੇ ਆਪ ਦਾ ਸਹੁਰਾ ਘਰ ਸੀ। ਆਪਣੀ ਖੇਤੀ ਸੀ। ਡਰੋਲੀ ਵਿਚ ਆ ਕੇ ਉਨ੍ਹਾਂ ਘਰ ਬਣਾਇਆ ਅਤੇ ਗੁਰੂ ਪਾਤਸ਼ਾਹ ਦੇ ਦਰਸ਼ਨਾਂ ਨੂੰ ਉਡੀਕਨ ਲੱਗੇ ਕਿ ਆਪ ਚਰਨ ਪਾ ਕੇ ਗ੍ਰਿਹ ਪਵਿੱਤਰ ਕਰਨ।

ਇਸੇ ਸਮੇਂ ਨਾਨਕ ਮਤੇ ਤੋਂ ਸਿੱਖ ਸੰਗਤਾਂ ਦਾ ਸੁਨੇਹਾ ਮਿਲਿਆ ਕਿ ਗੁਰੂ ਨਾਨਕ ਦੀ ਯਾਦ ਵਾਲਾ ਸਥਾਨ ਸਿੱਧ-ਮੰਡਲੀ ਨੇ ਖੋਹ ਲਿਆ ਹੈ ਅਤੇ ਉਸ ਦੀ ਬੇਅਦਬੀ ਹੋ ਰਹੀ ਹੈ। ਗੁਰੂ ਹਰਿਗੋਬਿੰਦ ਸਾਹਿਬ ਨੇ ਜਾਣਾ ਤਾਂ ਡਰੋਲੀ ਸੀ, ਪਰੰਤੂ ਨਾਨਕ ਮਤੇ ਦੀ ਬੇਅਦਬੀ ਬਾਰੇ ਸੁਣ ਕੇ ਪਹਿਲਾਂ ਉਥੇ ਪਹੁੰਚਣ ਦਾ ਫੈਸਲਾ ਕੀਤਾ। ਆਪ ਨੇ ਮਾਤਾ, ਪਰਿਵਾਰ ਅਤੇ ਕੁਝ ਸਿੱਖਾਂ ਨੂੰ ਭਾਈ ਸਾਈਂ ਦਾਸ ਪਾਸ ਡਰੋਲੀ ਭੇਜ ਦਿੱਤਾ। ਭਾਈ ਗੁਰਦਾਸ ਅਤੇ ਬਾਬਾ ਬੁਢਾ ਜੀ ਨੂੰ ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਦੀ ਸੇਵਾ ਸੰਭਾਲ ਦਾ ਕੰਮ ਸੌਂਪਿਆ ਅਤੇ ਆਪ ਕੁਝ ਸੂਰਮੇ ਲੈ ਕੇ ਨਾਨਕ ਮਤੇ ਨੂੰ ਤੁਰ ਪਏ। ਆਪ ਗੜ੍ਹ ਮੁਕਤੇਸ਼ਵਰ, ਮੁਰਾਦਾਬਾਦ ਹੁੰਦੇ ਹੋਏ ਨਾਨਕ ਮਤੇ ਪੁੱਜੇ। ਗੋਰਖਪੁਰ ਤੋਂ ਅੱਗੇ, ਨੇਪਾਲ ਦੀ ਤਰਾਈ ਦੇ ਕੋਲ ਇਸ ਸਥਾਨ ਉਤੇ ਹੀ ਗੁਰੂ ਨਾਨਕ ਨੇ ਮਰਦਾਨੇ ਦੀ ਭੁੱਖ ਮਿਟਾਣ ਲਈ ਰੀਠੇ ਮਿਠੇ ਕੀਤੇ ਸਨ। ਇਥੇ ਕਦੇ ਸਿੱਧਾਂ ਦਾ ਕੇਂਦਰ ਸੀ ਜੋ ਗੁਰੂ ਪਾਤਸ਼ਾਹ ਦੀ ਦਿਗ ਵਿਜੈ ਉਪਰੰਤ ਗੋਰਖ ਮਤੇ ਤੋਂ ਨਾਨਕ ਮਤਾ ਬਣ ਗਿਆ ਸੀ। ਇਸ ਦੀ ਸੰਭਾਲ ਕਾਫ਼ੀ ਸਮੇਂ ਤੋਂ ਅਲਮਸਤ ਕੋਲ ਸੀ।

ਸਿਧਾਂ ਨੇ ਰੀਠੇ ਦੇ ਇਸ ਰੁਖ ਨੂੰ ਅੱਗ ਲਾ ਦਿੱਤੀ। ਅਲਮਸਤ ਨੂੰ ਉਥੋਂ ਭਜਾ ਦਿੱਤਾ। ਅਲਮਸਤ ਦੂਰ ਇਕ ਝੁਗੀ ਬਣਾ ਕੇ ਰਹਿਣ ਲੱਗਾ ਅਤੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਯਾਦ ਕਰਨ ਲੱਗਾ। ਗੁਰੂ ਸਾਹਿਬ ਆਪਣੇ ਸੂਰਮੇ ਲੈ ਕੇ ਉਥੇ ਆ ਪਹੁੰਚੇ। ਗੁਰੂ ਸਾਹਿਬ ਤੇ ਉਨ੍ਹਾਂ ਦੇ ਸ਼ਸਤਰ ਧਾਰੀ ਸਿੱਖਾਂ ਨੂੰ ਵੇਖ ਸਿਧ ਭੱਜ ਕੇ ਆਪਣੇ ਮੁਖੀ ਕੋਲ ਗਏ। ਉਹ ਆਪਣੇ ਸਾਥੀਆਂ ਸਮੇਤ ਆ ਧਮਕਿਆ। ਰਿਧੀਆਂ ਸਿਧੀਆਂ ਤੇ ਕਰਾਮਾਤੀ ਤਾਕਤਾਂ ਨਾਲ ਸਿੱਧਾਂ ਨੇ ਗੁਰੂ ਸਾਹਿਬ ਨੂੰ ਡਰਾਉਣ ਦੇ ਯਤਨ ਕੀਤੇ ਪਰ ਉਨ੍ਹਾਂ ਦੀ ਕੋਈ ਪੇਸ਼ ਨਾ ਗਈ। ਸਾਰੇ ਸਿਧ ਸਿੱਖਾਂ ਨੇ ਭਜਾ ਦਿੱਤੇ। ਗੁਰੂ ਸਾਹਿਬ ਨੇ ਕੇਸਰ ਦੇ ਛਿੱਟੇ ਦੇ ਕੇ ਉਹ ਪਿਪਲ ਦਾ ਰੁਖ ਹਰਾ ਭਰਾ ਕੀਤਾ ਜਿਸ ਥਲੇ ਅਲਮਸਤ ਦਾ ਡੇਰਾ ਸੀ। ਮਿਠੇ ਰੀਠੇ ਵਾਲੇ ਰੁਖ ਨੂੰ ਵੀ ਹਰਾ ਕੀਤਾ। ਉਸ ਪਿਪਲ ਦੇ ਹਰ ਪੱਤੇ

ਉਤੇ ਅੱਜ ਵੀ ਕੇਸਰ ਦੇ ਛਿੱਟਿਆਂ ਜਹੇ ਨਿਸ਼ਾਨ ਹੁੰਦੇ ਹਨ। ਮਿਠਾ ਗੀਠਾ ਵੀ ਅੱਜ ਤਕ ਕਾਇਮ ਹੈ। ਅਲਮਸਤ ਨੂੰ ਉਸ ਸਥਾਨ ਦੀ ਸੌਂਪਨੀ ਕਰ ਕੇ ਗੁਰੂ ਸਾਹਿਬ ਵਾਪਸ ਪੰਜਾਬ ਨੂੰ ਤੁਰ ਪਏ ਤਾਂ ਕਿ ਡਰੋਲੀ ਵਿਚ ਭਾਈ ਸਾਈਂ ਦਾਸ ਨੂੰ ਦਰਸ਼ਨ ਦੇ ਸਕਨ।

ਭਾਈ ਸਾਹਿਬ ਤਾਂ ਉਦੋਂ ਦੇ ਉਡੀਕ ਰਹੇ ਸਨ ਜਦੋਂ ਗੁਰੂ ਕੇ ਮਹਿਲ ਤੇ ਮਾਤਾ ਡਰੋਲੀ ਪਹੁੰਚੇ ਸਨ। ਭਾਈ ਸਾਈਂ ਦਾਸ ਦੇ ਘਰ ਨੂੰ ਭਾਗ ਲਾ ਕੇ ਗੁਰੂ ਸਾਹਿਬ ਨੇ ਹੋਰ ਕੁਝ ਸਮੇਂ ਲਈ ਡਰੋਲੀ ਡੇਰੇ ਲਾਏ। ਇਥੇ ਸਤਿਸੰਗ ਦਾ ਪ੍ਰਵਾਹ ਚਲ ਪਿਆ। ਦੂਰ ਦੁਆਬੇ ਤੋਂ ਹੀ ਨਹੀਂ, ਮਾਲਵੇ ਦੀਆਂ ਸੰਗਤਾਂ ਵੀ ਇਥੇ ਆਉਣ ਲੱਗੀਆਂ। ਗਰਮੀਆਂ ਦੀ ਰੁੱਤੇ ਡਰੋਲੀ ਆਏ ਗੁਰੂ ਸਾਹਿਬ ਨੇ ਇਥੇ ਮਘਰ ਪੋਹ ਮਾਘ ਫੱਗਣ ਤੇ ਚੇਤ ਤੱਕ ਲੰਘਾ ਦਿੱਤਾ। ਇਥੇ ਡਰੋਲੀ ਵਿਚ ਹੀ ਆਪ ਦੇ ਘਰ ਸਾਹਿਬਜ਼ਾਦੇ ਨੇ ਜਨਮ ਲਿਆ ਜਿਸ ਦਾ ਨਾਮ ਗੁਰਦਿੱਤਾ ਰੱਖਿਆ ਗਿਆ।

ਵਿਸਾਖੀ ਆ ਗਈ। ਕਾਬਲ, ਕੰਧਾਰ, ਸਿੰਧ ਤੇ ਬਲੋਚਿਸਤਾਨ ਤਕ ਤੋਂ ਸੰਗਤਾਂ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਅੰਮ੍ਰਿਤਸਰ ਪਹੁੰਚੀਆਂ। ਉਨ੍ਹਾਂ ਨੂੰ ਪਤਾ ਲੱਗਾ ਕਿ ਗੁਰੂ ਸਾਹਿਬ ਡਰੋਲੀ ਹਨ ਤਾਂ ਸਾਰੀਆਂ ਸੰਗਤਾਂ ਡਰੋਲੀ ਪਹੁੰਚ ਗਈਆਂ। ਵਿਸਾਖੀ ਉਪਰੰਤ ਅੰਮ੍ਰਿਤਸਰ ਵਿਚ ਸੰਗਤਾਂ ਬਿਹਬਲਤਾ ਨਾਲ ਗੁਰੂ ਸਾਹਿਬ ਨੂੰ ਉਡੀਕਣ ਲੱਗੀਆਂ। ਸੰਗਤਾਂ ਦੇ ਇਸਰਾਰ ਉਤੇ ਗੁਰੂ ਸਾਹਿਬ ਡਰੋਲੀ ਤੋਂ ਵਿਦਾ ਹੋਏ ਅਤੇ ਤਰਨ ਤਾਰਨ ਹੁੰਦੇ ਹੋਏ ਅੰਮ੍ਰਿਤਸਰ ਪਹੁੰਚੇ।

ਕੁਝ ਸਮੇਂ ਉਪਰੰਤ ਗੁਰੂ ਸਾਹਿਬ ਫਿਰ ਸਿੱਖੀ ਪ੍ਰਚਾਰ ਲਈ ਨਿਕਲ ਪਏ। ਇਸ ਵਾਰ ਆਪ ਬਰੇਲੀ, ਲਕਸਰ, ਹਰਦਵਾਰ, ਰਿਸ਼ੀ ਕੇਸ਼ ਤੇ ਗੜ੍ਹਵਾਲ ਰਿਆਸਤਾਂ ਵਿਚ ਵਿਚਰੇ। ਗੜ੍ਹਵਾਲ ਦੀ ਰਾਜਧਾਨੀ ਸ੍ਰੀਨਗਰ ਗਏ। ਸ੍ਰੀਨਗਰ ਵਿਚ ਆਪ ਦੀ ਮੁਲਾਕਾਤ ਮਹਾਰਾਸ਼ਟਰੀ ਸੰਤ ਸਮਰਥ ਰਾਮਦਾਸ ਨਾਲ ਹੋਈ। ਰਾਮਦਾਸ ਨੂੰ ਗੁਰੂ ਸਾਹਿਬ ਦੇ ਦਰਸ਼ਨ ਉਸ ਵੇਲੇ ਹੋਏ ਜਦੋਂ ਆਪ ਪੂਰੇ ਲਾਮ ਲਸ਼ਕਰ ਸਮੇਤ ਸ਼ਿਕਾਰ ਖੇਡ ਕੇ ਮੁੜੇ ਸਨ। ਰਾਮ.ਦਾਸ ਨੇ ਕਿਹਾ—ਮੈਂ ਤਾਂ ਸੁਣਿਆ ਸੀ ਤੁਸੀਂ ਬਾਬਾ ਨਾਨਕ ਦੀ ਗੱਦੀ ਦੇ ਵਾਰਸ ਹੋ। ਉਹ ਤਾਂ ਫਕੀਰ ਸਨ। ਤੁਸੀਂ ਹਥਿਆਰ, ਫੌਜਾਂ ਤੇ ਘੋੜੇ ਰਖੀ ਫਿਰਦੇ ਹੋ। ਲੋਕ ਤੁਹਾਨੂੰ ਪਾਤਸ਼ਾਹ ਕਹਿੰਦੇ ਹਨ। ਇਹ ਕਿਹੀ ਫਕੀਰੀ ਤੇ ਤਿਆਗ ਵੈਰਾਗ ਹੈ।

ਗੁਰੂ ਪਾਤਸ਼ਾਹ ਨੇ ਮੁਸਕਰਾ ਕੇ ਉਤਰ ਦਿੱਤਾ : ਬਾਤਨ ਫਕੀਰੀ। ਜ਼ਹਿਰ ਅਮੀਰੀ। ਸ਼ਸਤਰ ਗਰੀਬ ਕੀ ਰੱਖਿਆ ਤੇ ਜਰਵਾਨੇ ਕੀ ਭਖਿਆ ਲਈ ਹਨ। ਬਾਬਾ ਨਾਨਕ ਨੇ ਸੰਸਾਰ ਨਹੀਂ ਸੀ ਤਿਆਗਿਆ। ਮਾਇਆ ਤਿਆਗੀ ਸੀ। ਰਾਮਦਾਸ ਦੀ ਨਿਸ਼ਾ ਹੋ ਗਈ। ਉਹ ਧਰਮ ਦੇ ਜਿਸ ਤੱਤ ਦੀ ਤਾਲਾਸ਼ ਵਿਚ ਸੀ, ਉਹ ਉਸ ਨੂੰ ਮਿਲ ਗਿਆ। ਵਾਪਸ ਮਹਾਂਰਾਸ਼ਟਰ ਜਾ ਕੇ ਉਸ ਨੇ ਇਸੇ ਜੀਵਨ ਸ਼ੈਲੀ ਦਾ ਪ੍ਰਚਾਰ ਪ੍ਰਸਾਰ ਕੀਤਾ। ਸਮਾਂ ਪਾ ਕੇ ਸਮਰਥ ਰਾਮਦਾਸ ਸ਼ਿਵਾ ਜੀ ਮਰਹਟਾ ਦੇ ਸਿੱਖਿਆ ਗੁਰੂ ਬਣਾਏ ਗਏ। ਉਨ੍ਹਾਂ ਨੇ ਸ਼ਿਵਾ ਜੀ ਨੂੰ ਵੀ ਇਸੇ ਜੀਵਨ ਸ਼ੈਲੀ ਨਾਲ ਜੋੜਿਆ।

ਇੰਜ ਗੁਰੂ ਹਰਿਗੋਬਿੰਦ ਸਾਹਿਬ ਨੇ ਇਕ ਸੰਕਟ ਭਰੇ ਸਮੇਂ ਵਿਚ ਸਿੱਖ ਲਹਿਰ ਦੀ ਅਗਵਾਈ ਸੰਭਾਲੀ। ਵਿਅਕਤੀ ਤੇ ਪਰਿਸਥਤੀਆਂ ਉਨ੍ਹਾਂ ਦੇ ਵਿਰੋਧ ਵਿਚ ਸਨ। ਉਨ੍ਹਾਂ

ਨੇ ਦ੍ਰਿੜ੍ਹਤਾ, ਦਲੇਰੀ ਤੇ ਨਿਰਭੈਤਾ ਨਾਲ ਹਰ ਮੁਸ਼ਕਿਲ ਨਾਲ ਟਕਰ ਲਈ। ਸਿੱਖਾਂ ਨੂੰ ਨਿਰਾਸ਼ਾ, ਡਰ, ਹਾਰ ਜਾਂ ਭਾਂਜਵਾਦੀ ਮਾਨਸਿਕਤਾ ਤੋਂ ਬਚਾਇਆ। ਹਰ ਖਤਰੇ, ਹਰ ਵੰਗਾਰ ਨਾਲ ਟਕਰ ਲੈਣ ਦਾ ਸਬਕ ਪੜ੍ਹਾਇਆ। ਪੰਜਾਬ ਦੇ ਕਿਸੇ ਇਕ ਨਗਰ ਜਾਂ ਖਿਤੇ ਤੱਕ ਸੀਮਿਤ ਨਾ ਰਹਿ ਕੇ ਨਿਡਰਤਾ ਨਾਲ ਪੰਜਾਬ ਦੇ ਦੂਰ ਨੇੜੇ ਦੇ ਨਗਰਾਂ ਦੀ ਸਾਰ ਲਈ। ਪੰਜਾਬ ਤੋਂ ਬਾਹਰ ਕਸ਼ਮੀਰ, ਨਾਨਕਮਤਾ, ਬਰੇਲੀ, ਮੁਰਾਦਾਬਾਦ, ਗੜ੍ਹਵਾਲ ਆਦਿ ਦੂਰ ਦਰਾਜ਼ ਥਾਵਾਂ ਉਤੇ ਗਏ। ਰਾਜਸਥਾਨ, ਦਿੱਲੀ, ਆਗਰਾ, ਗਵਾਲੀਅਰ ਤੱਕ ਗੁਰੂ ਨਾਨਕ ਦੇ ਸੰਦੇਸ਼ ਨੂੰ ਪਹੁੰਚਾਇਆ। ਇਹ ਸਾਰਾ ਕੁਝ ਅਜੇ ਸ਼ੁਰੂਆਤ ਹੀ ਸੀ। ਅਜੇ ਤਾਂ ਯੋਧੇ ਗੁਰੂ ਨੇ ਹੋਰ ਬੜਾ ਕੁਝ ਕਰਨਾ ਸੀ।

ਅਧਿਆਇ 6
ਸਿੱਖ ਇਤਿਹਾਸ ਦੀ ਪਹਿਲੀ ਲੜਾਈ

ਅਸੀਂ ਇਹ ਵੇਖ ਹੀ ਚੁੱਕੇ ਹਾਂ ਕਿ ਗੁਰੂ ਹਰਿਗੋਬਿੰਦ ਸਾਹਿਬ ਨੇ ਨਿਰਭੈਤਾ ਤੇ ਦਲੇਰੀ ਨਾਲ ਸਿੱਖੀ ਦੀ ਵਾਗ ਡੋਰ ਸੰਭਾਲੀ। ਉਨ੍ਹਾਂ ਨੇ ਆਪਣੀ ਸਪੱਸ਼ਟ ਸੋਚ, ਜੀਵਨ ਸ਼ੈਲੀ ਤੇ ਸ਼ਖਸੀਅਤ ਦੇ ਪ੍ਰਭਾਵ ਨਾਲ ਮੁਗਲ ਸ਼ਨਿਹਸ਼ਾਹ ਜਹਾਂਗੀਰ ਦਾ ਮਨ ਵੀ ਜਿੱਤ ਲਿਆ ਸੀ। ਗੁਰੂ ਘਰ ਦੇ ਦੋਖੀਆਂ, ਨਿੰਦਕਾਂ, ਚੁਗਲਾਂ ਤੇ ਵਿਰੋਧੀਆਂ ਦੀਆਂ ਚਾਲਾਂ ਆਪ ਦਾ ਕੁਝ ਨਾ ਵਿਗਾੜ ਸਕੀਆਂ। ਜਹਾਂਗੀਰ ਦੀ ਮੌਤ ਤਕ ਇਹ ਸਥਿਤੀ ਲਗਪਗ ਇਸੇ ਪ੍ਰਕਾਰ ਬਣੀ ਰਹੀ।

1627 ਨੇੜੇ ਤੇੜੇ ਕੁਝ ਐਸੀਆਂ ਘਟਨਾਵਾਂ ਵਾਪਰੀਆਂ ਜਿਨ੍ਹਾਂ ਨੇ ਗੁਰੂ ਹਰਿਗੋਬਿੰਦ ਸਾਹਿਬ ਦੀ ਅਗਵਾਈ ਹੇਠ ਚੱਲ ਰਹੀ ਸਿੱਖ ਲਹਿਰ ਦੇ ਮੁਗਲ ਸੱਤਾ ਨਾਲ ਸਬੰਧ ਅਣਸੁਖਾਵੇਂ ਬਣਾ ਦਿੱਤੇ। ਇਨ੍ਹਾਂ ਵਿਚੋਂ ਦੋ ਘਟਨਾਵਾਂ ਵਰਨਣਯੋਗ ਹਨ। ਇਕ ਦਾ ਸਬੰਧ ਹੈ ਜਹਾਂਗੀਰ ਦੀ ਮੌਤ ਅਤੇ ਉਸ ਉਪਰੰਤ ਸ਼ਾਹ ਜਹਾਨ ਦੇ ਤਖ਼ਤ ਉਤੇ ਬੈਠਣ ਨਾਲ। ਦੂਜੀ ਦਾ ਸਬੰਧ ਹੈ ਲਾਹੌਰ ਦੇ ਕਾਜ਼ੀ ਰੁਸਤਮ ਖਾਨ ਨਾਲ। ਇਹ ਦੋਵੇਂ ਘਟਨਾਵਾਂ ਬਸ ਛੇ ਕੁ ਮਹੀਨੇ ਵਿਚ ਹੀ ਉਤੋੜਿਤੀ ਵਾਪਰ ਗਈਆਂ।

ਭਾਈ ਸੰਤੋਖ ਸਿੰਘ ਦੇ ਹਵਾਲੇ ਨਾਲ ਗਲ ਸ਼ੁਰੂ ਕਰੀਏ। ਕਾਬਲ ਵਿਚ ਇਕ ਸਿੱਖ ਭਾਈ ਸੁਜਾਨਾ ਸੀ। ਉਸ ਨੇ ਇਕ ਵਧੀਆ ਇਰਾਕੀ ਘੋੜਾ ਸਵਾ ਲੱਖ ਦਾ ਖਰੀਦਿਆ ਤੇ ਗੁਰੂ ਸਾਹਿਬ ਨੂੰ ਭੇਟ ਕਰਨ ਲਈ ਤੁਰ ਪਿਆ। ਪਿਸ਼ਾਵਰ ਕੋਲ ਸ਼ਾਹੀ ਵਜ਼ੀਰ ਨੇ ਇਹ ਘੋੜਾ ਉਸ ਤੋਂ ਖੋਹ ਕੇ ਸ਼ਹਿਨਸ਼ਾਹ ਨੂੰ ਭੇਟ ਕਰ ਦਿੱਤਾ। ਸਿੱਖ ਤੋਂ ਖੋਹਿਆ ਇਹ ਘੋੜਾ ਬੀਮਾਰ ਹੋ ਗਿਆ। ਸ਼ਹਿਨਸ਼ਾਹ ਨੂੰ ਪਸੰਦ ਨਾ ਆਇਆ। ਉਸ ਨੇ ਕਾਜ਼ੀ ਰੁਸਤਮ ਖਾਨ ਨੂੰ ਦੇ ਦਿੱਤਾ ਕਿ ਤੂੰ ਇਸ ਦਾ ਇਲਾਜ ਕਰਵਾ ਕੇ ਜਿਵੇਂ ਚਾਹੇ ਕਰ। ਭਾਵੇਂ ਰੱਖ ਅਤੇ ਭਾਵੇਂ ਵੇਚ। ਗੁਰੂ ਸਾਹਿਬ ਦੇ ਟਿਕਾਣੇ ਕੋਲੋਂ ਲੰਘਦੇ ਕਾਜ਼ੀ ਕੋਲ ਘੋੜਾ ਵੇਖ ਕੇ ਗੁਰੂ ਸਾਹਿਬ ਨੇ ਇਹ ਸਸਤੇ ਭਾਅ ਖਰੀਦ ਲਿਆ। ਪੈਸੇ ਕੁਝ ਦਿਨ ਤਕ ਦੇਣ ਦਾ ਫ਼ੈਸਲਾ ਹੋਇਆ। ਪੈਸੇ ਛੇਤੀ ਨਾ ਮਿਲਣ ਕਾਰਨ ਕਾਜ਼ੀ ਪੁਠਾ ਸਿੱਧਾ ਬੋਲਣ ਲੱਗਾ ਅਤੇ ਨਾਰਾਜ਼ ਹੋ ਕੇ ਲਾਹੌਰ ਮੁੜ ਗਿਆ।

ਬਲਦੀ ਉਤੇ ਤੇਲ ਪਾਣ ਵਾਲੀ ਇਕ ਹੋਰ ਘਟਨਾ ਵਾਪਰ ਗਈ। ਕਾਜ਼ੀ ਰੁਸਤਮ ਖਾਨ ਦੀ ਇਕ ਮੁਲ ਖਰੀਦੀ ਕਨੀਜ਼ ਸੀ ਬੀਬੀ ਕੌਲਾਂ। ਇਹ ਹਿੰਦੂ ਪਰਿਵਾਰ ਵਿਚੋਂ ਆਈ ਸੀ। ਉਹ ਸੂਫੀ ਫਕੀਰਾ ਅਤੇ ਗੁਰੂ ਘਰ ਵਿਚ ਸ਼ਰਧਾ ਰੱਖਦੀ ਸੀ। ਕਾਜ਼ੀ ਕੱਟੜ ਸੋਚ ਦਾ ਮਾਲਕ ਸੀ। ਉਸ ਨੂੰ ਇਹ ਗੱਲ ਬੜੀ ਚੁਭਦੀ ਸੀ। ਉਸ ਨੇ ਕੌਲਾਂ ਨਾਲ

ਸਖਤੀ ਕੀਤੀ ਤਾਂ ਕੌਲਾਂ ਸੂਫ਼ੀ ਫਕੀਰ ਮੀਆਂ ਮੀਰ ਦੇ ਡੇਰੇ ਪਹੁੰਚ ਗਈ। ਉਨ੍ਹਾਂ ਨੇ ਆਪਣੇ ਚੇਲੇ ਅਬਦੁਲਾ ਯਾਰ ਸ਼ਾਹ ਨਾਲ ਇਸ ਨੂੰ ਗੁਰੂ ਹਰਿਗੋਬਿੰਦ ਸਾਹਿਬ ਦੀ ਸ਼ਰਨ ਵਿਚ ਭੇਜ ਦਿੱਤਾ। ਉਸ ਨੇ ਗੁਰੂ ਜੀ ਕੋਲ ਆ ਕੇ ਬੇਨਤੀ ਕੀਤੀ, 'ਇਹ ਬੀਬੀ ਪੀਰ ਜੀ ਦੀ ਸੰਗਤ ਕਾਰਨ ਮਜ਼ਹਬੀ ਕਟੜਤਾ ਤੋਂ ਮੁਕਤ ਹੈ। ਗੁਰੂ ਘਰ ਵਿਚ ਇਸ ਦੀ ਸ਼ਰਧਾ ਹੈ। ਇਹ ਕਾਜ਼ੀ ਰੁਸਤਮ ਖਾਨ ਦੀ ਕਨੀਜ਼ ਹੈ ਜੋ ਇਸ ਨੂੰ ਮਾਰਦਾ ਕੁਟਦਾ ਹੈ ਅਤੇ ਇਸ ਦੀ ਜਾਨ ਦਾ ਵੈਰੀ ਬਣ ਚੁੱਕਾ ਹੈ। ਇਸ ਨੂੰ ਆਪਣੀ ਪਨਾਹ ਵਿਚ ਸੁਰੱਖਿਆ ਬਖਸ਼ੋ। ਕਾਜ਼ੀ ਨੂੰ ਇਹ ਪ੍ਰਵਾਨ ਨਹੀਂ ਕਿ ਇਹ ਇਸਲਾਮ ਛੱਡ ਕੇ ਕਿਸੇ ਹੋਰ ਮਤ ਮਤਾਂਤਰ ਉਤੇ ਯਕੀਨ ਲਿਆਵੇ। ਨਿਤਾਣਿਆਂ ਦੇ ਤਾਣ ਅਤੇ ਨਿਆਸਰਿਆਂ ਦੇ ਆਸਰੇ ਗੁਰੂ ਸਾਹਿਬ ਨੇ ਬੀਬੀ ਕੌਲਾਂ ਨੂੰ ਅੰਮ੍ਰਿਤਸਰ ਵਿਚ ਪਨਾਹ ਦੇ ਦਿੱਤੀ। ਕਾਜ਼ੀ ਨੇ ਮਜ਼ਹਬੀ ਤੂਫ਼ਾਨ ਖੜ੍ਹਾ ਕਰ ਦਿੱਤਾ।

ਦਿੱਲੀ ਦੇ ਤਖ਼ਤ ਉਤੇ ਉਸ ਸਮੇਂ ਜਹਾਂਗੀਰ ਸੀ। ਇਸ ਲਈ ਉਥੇ ਉਸ ਦੀ ਪੇਸ਼ ਨਾ ਗਈ। ਲਾਹੌਰ ਵਿਚ ਉਸ ਨੇ ਜੋ ਕੁਝ ਹੋ ਸਕਦਾ ਸੀ ਕੀਤਾ। ਉਹ ਆਪ ਵੀ ਅੰਮ੍ਰਿਤਸਰ ਗੁਰੂ ਸਾਹਿਬ ਕੋਲ ਬੜੇ ਗੁੱਸੇ ਵਿਚ ਆਇਆ। ਗੁਰੂ ਸਾਹਿਬ ਨੇ ਉਸ ਨੂੰ ਸਮਝਾਇਆ ਕਿ ਗੁਰੂ ਘਰ ਸ਼ਰਨ ਆਏ ਦੀ ਰੱਖਿਆ ਕਰਦਾ ਹੈ। ਕੌਲਾਂ ਨੂੰ ਉਸ ਦੀ ਮਰਜ਼ੀ ਦੇ ਉਲਟ ਤੇਰੇ ਹਵਾਲੇ ਨਹੀਂ ਕੀਤਾ ਜਾ ਸਕਦਾ। ਕਾਜ਼ੀ ਨੇ ਕਿਹਾ ਕਿ ਮੋਮਨ ਕਨੀਜ਼ ਕੌਲਾਂ ਵਿਰੁੱਧ ਕਾਫ਼ਿਰ ਨੂੰ ਪੀਰ ਮੰਨਣ ਅਤੇ ਕਾਫਿਰਾਂ ਦੀ ਬਾਣੀ ਪੜ੍ਹਨ ਕਰਕੇ ਮੌਤ ਦਾ ਫਤਵਾ ਦਿੱਤਾ ਗਿਆ ਹੈ। ਗੁਰੂ ਸਾਹਿਬ ਨੇ ਆਖਿਆ ਕਿ ਅਜਿਹੀ ਸਥਿਤੀ ਵਿਚ ਤਾਂ ਕੌਲਾਂ ਦੀ ਸੁਰੱਖਿਆ ਕਰਨਾ ਹੋਰ ਵੀ ਜ਼ਰੂਰੀ ਹੈ। ਗੁਰੂ ਸਾਹਿਬ ਨੇ ਉਸ ਦੀ ਕੁਟੀਆ ਦੁਆਲੇ ਸੁਰੱਖਿਆ ਤਾਇਨਾਤ ਕਰ ਕੇ ਕਾਜ਼ੀ ਨੂੰ ਬੇਰੰਗ ਮੋੜ ਦਿੱਤਾ।

ਗੁਰਬਿਲਾਸ ਅਨੁਸਾਰ ਜਦੋਂ ਮਾਤਾ ਦਮੋਦਰੀ ਜੀ ਦੇ ਗ੍ਰਹਿ ਵਿਖੇ ਬੇਟੇ ਨੇ ਜਨਮ ਲਿਆ ਤਾਂ ਬੀਬੀ ਕੌਲਾਂ ਆਪ ਮੁਬਾਰਕ ਦੇਣ ਗੁਰੂ ਕੇ ਮਹਿਲੀਂ ਗਈ। ਵਾਪਸ ਪਰਤਨ ਉਤੇ ਉਸ ਦੇ ਫਕੀਰ ਮਨ ਵਿਚ ਇਹ ਵਿਚਾਰ ਆਇਆ ਕਿ ਕਾਸ਼ ਮੇਰਾ ਵੀ ਕੋਈ ਬਚਾ ਹੁੰਦਾ ਅਤੇ ਦੁਨੀਆਂ ਵਿਚ ਮੇਰੀ ਕੋਈ ਯਾਦ ਰਹਿ ਜਾਂਦੀ। ਇਕ ਦਿਨ ਗੁਰੂ ਸਾਹਿਬ ਦੇ ਸਾਹਮਣੇ ਉਸ ਨੇ ਆਪਣੇ ਮਨ ਦੀ ਇਹ ਪੀੜ ਪੇਸ਼ ਕੀਤੀ। ਗੁਰੂ ਸਾਹਿਬ ਨੇ ਮੁਸਕਰਾ ਕੇ ਆਖਿਆ, "ਮੀਆਂ ਮੀਰ ਜਹੇ ਦਰਵੇਸ਼ ਦੀ ਚੇਲੀ ਅਤੇ ਗੁਰਬਾਣੀ ਦੀ ਪ੍ਰੇਮਣ ਹੋਣ ਦੇ ਬਾਵਜੂਦ ਤੂੰ ਇਹ ਕਿਵੇਂ ਸੋਚ ਲਿਆ ਕਿ ਔਲਾਦ ਨਾਲ ਤੇਰਾ ਨਾਮ ਅਮਰ ਹੋ ਜਾਵੇਗਾ। ਔਲਾਦ ਦਾ ਕੀ ਹੈ? ਇਹ ਹੋ ਕੇ ਦੁਖ ਵੀ ਦੇ ਸਕਦੀ ਹੈ। ਜੀ ਕੇ ਵੀ ਅਤੇ ਮਰ ਕੇ ਵੀ। ਉਂਜ ਵੀ ਇਹ ਔਲਾਦ ਤਾਂ ਇਕ ਦਿਨ ਬਿਨਸ ਹੀ ਜਾਣੀ ਹੈ। ਤੇਰੇ ਨਾਮ ਉਤੇ ਕੌਲਸਰ ਸਰੋਵਰ ਬਣਾਇਆ ਜਾਵੇਗਾ ਜੋ ਤੇਰੇ ਨਾਮ ਨੂੰ ਸਦਾ ਲਈ ਅਮਰ ਕਰ ਦੇਵੇਗਾ।" ਇੰਜ ਹੀ ਕੀਤਾ ਗਿਆ। ਉਸ ਦੀ ਕੁਟੀਆ ਅੱਗੇ ਬਣੀ ਕੌਲ ਫੁਲਾਂ ਵਾਲੀ ਢਾਬ ਕੌਲਸਰ ਸਰੋਵਰ ਵਿਚ ਬਦਲ ਦਿੱਤੀ ਗਈ।

ਬੀਬੀ ਕੌਲਾਂ ਨਾਲ ਜੁੜੇ ਘਟਨਾ ਚੱਕਰ ਕਾਰਨ ਲਾਹੌਰ ਅਤੇ ਦਿੱਲੀ ਦੇ ਕੱਟੜ ਮੌਲਾਣਿਆਂ ਦਾ ਰੌਲਾ ਅਜੇ ਮੁਕਾ ਨਹੀਂ ਸੀ ਕਿ ਅਠ ਨਵੰਬਰ, 1627 ਨੂੰ ਕਸ਼ਮੀਰ ਤੋਂ

ਲਾਹੌਰ ਪਰਤਦਾ ਹੋਇਆ ਜਹਾਂਗੀਰ ਭਿੰਬਰ ਕਿਨਾਰੇ ਚੰਗੇਜ਼ ਹੱਟੀ ਵਿਚ ਅਚਾਨਕ ਅੱਲਾ ਨੂੰ ਪਿਆਰਾ ਹੋ ਗਿਆ। ਨੂਰ ਜਹਾਂ ਆਪਣੇ ਜਵਾਈ ਸ਼ਹਿਰ ਯਾਰ ਨੂੰ ਤਖ਼ਤ ਉਤੇ ਵੇਖਣਾ ਚਾਹੁੰਦਾ ਸੀ। ਉਸ ਦਾ ਭਰਾ ਆਸਿਫ ਖਾਨ ਆਪਣੇ ਜਵਾਈ ਸ਼ਾਹ ਜਹਾਂ ਨੂੰ ਤਖ਼ਤ ਉਤੇ ਬਿਠਾਣਾ ਚਾਹੁੰਦਾ ਸੀ। ਉਸ ਨੇ ਜਹਾਂਗੀਰ ਦਾ ਭਤੀਜਾ ਮਿਰਜ਼ਾ ਬਾਇਸਤਗਰ ਨਾਲ ਰਲਾ ਲਿਆ। ਸ਼ਾਹ ਜਹਾਂ ਜਹਾਂਗੀਰ ਦਾ ਪੁੱਤਰ ਹੋਣ ਕਾਰਨ ਹਵਾ ਰਤਾ ਉਸ ਦੇ ਹੱਕ ਵਿਚ ਸੀ। ਉਂਜ ਉਹ ਜਹਾਂਗੀਰ ਦੀ ਮੌਤ ਸਮੇਂ ਦੂਰ ਦੱਖਣ ਵਿਚ ਸੀ।

ਆਸਿਫ ਖਾਨ ਨੇ ਸ਼ਾਹਜਹਾਂ ਨੂੰ ਖਬਰਾਂ ਭੇਜੀਆਂ। ਇਸ ਦੇ ਨਾਲ ਹੀ ਉਸ ਨੇ ਇਕ ਹੋਰ ਚਾਲ ਖੇਡੀ। ਕੁਝ ਅਮੀਰ ਵਜ਼ੀਰ ਨਾਲ ਮਿਲਾਏ ਅਤੇ ਖੁਸਰੋ ਦੇ ਪੁੱਤਰ ਦਾਵਰ ਬਖਸ਼ ਦੀ ਤਖ਼ਤ ਨਸ਼ੀਨੀ ਦਾ ਐਲਾਨ ਕਰ ਦਿੱਤਾ। ਉਸ ਨੇ ਦਾਵਰ ਬਖਸ਼ ਨੂੰ ਲਾਹੌਰ ਵਲ ਤੋਰਿਆ। ਲਾਹੌਰ ਵਿਚ ਸ਼ਹਿਰਯਾਰ ਨੂੰ ਹਰਾ ਕੇ ਨਜ਼ਰਬੰਦ ਕਰ ਲਿਆ ਗਿਆ। ਕੁਝ ਹੀ ਸਮੇਂ ਪਿਛੋਂ ਉਸ ਨੂੰ ਅੰਨ੍ਹਾ ਕਰ ਦਿੱਤਾ ਗਿਆ।

ਅਠਾਈ ਜਨਵਰੀ, 1628 ਨੂੰ ਸ਼ਾਹ ਜਹਾਂ ਆਗਰੇ ਪਹੁੰਚ ਗਿਆ। ਛਬੀ ਫਰਵਰੀ ਨੂੰ ਲਾਹੌਰ ਵਿਚ ਸ਼ਹਿਰਯਾਰ ਨੂੰ ਟਿਕਾਣੇ ਲਾ ਕੇ ਆਸਿਫ ਖਾਨ ਵੀ ਆ ਗਿਆ। ਹੁਣ ਇਨ੍ਹਾਂ ਨੇ ਰਲ ਕੇ ਸ਼ਾਹ ਜਹਾਂ ਨੂੰ ਅੱਗੇ ਕੀਤਾ। ਛੇਤੀ ਦੀ ਦਾਵਰ ਬਖਸ਼, ਨੂਰ ਜਹਾਂ, ਦਾਨਿਆਲ ਆਦਿ ਸਾਰੇ ਸ਼ਕਤੀਸ਼ਾਲੀ ਬੰਦੇ ਕਾਬੂ ਕਰ ਲਏ ਗਏ। ਕਿਸੇ ਨੂੰ ਕੈਦ ਕੀਤਾ ਗਿਆ, ਕਿਸੇ ਨੂੰ ਨਾਲ ਰਲਾਇਆ ਗਿਆ ਅਤੇ ਕਿਸੇ ਨੂੰ ਕਤਲ ਕਰਨ ਉਪਰੰਤ ਸ਼ਾਹ ਜਹਾਂ ਤਖ਼ਤ ਉਤੇ ਸਜ ਗਿਆ। ਲਾਹੌਰ ਦੀ ਵਾਗਡੋਰ ਉਸ ਨੇ ਆਪਣੇ ਜਵਾਈ ਆਸਿਫ਼ ਖਾਨ ਨੂੰ ਸੌਂਪੀ ਅਤੇ ਆਪ ਕਟੜ ਮੌਲਾਨਿਆਂ ਨੂੰ ਖੁਸ਼ ਕਰਨ ਦੀ ਨੀਤੀ ਉਤੇ ਚੱਲਣ ਲੱਗਾ ਤਾਂ ਕਿ ਆਪਣੇ ਪੈਰ ਪੱਕੀ ਤਰ੍ਹਾਂ ਜਮਾ ਸਕੇ।

ਗੁਰੂ ਹਰਿਗੋਬਿੰਦ ਸਾਹਿਬ ਰਾਜਨੀਤਕ ਪੱਧਰ ਉਤੇ ਵਾਪਰ ਰਹੇ ਇਸ ਘਟਨਾਕ੍ਰਮ ਉਤੇ ਬਾਰੀਕ ਨਜ਼ਰ ਰੱਖ ਰਹੇ ਸਨ। ਪੰਜਾਬ ਦੇ ਹਾਕਮ ਆਸਿਫ਼ ਖਾਨ ਨੇ ਦੂਰ ਨੇੜੇ ਦੇ ਪਹਾੜੀ ਰਾਜਿਆਂ ਨੂੰ ਲਾਹੌਰ ਬੁਲਾਇਆ ਅਤੇ ਸ਼ਾਹ ਜਹਾਂ ਨੂੰ ਖਿਰਾਜ ਭਰਨ ਅਤੇ ਸਲਾਮੀ ਦੇਣ ਲਈ ਕਿਹਾ। ਮੰਡੀ ਸਾਕੇਤ, ਬਿਲਾਸਪੁਰ, ਨੂਰਪੁਰ, ਨਾਲਾਗੜ੍ਹ ਆਦਿ ਦੇ ਰਾਜਿਆਂ ਨੇ ਖਿਰਾਜ ਭਰਿਆ। ਵਾਪਸੀ ਸਮੇਂ ਇਹ ਗੁਰੂ ਪਾਤਸ਼ਾਹ ਦੇ ਦਰਸ਼ਨਾਂ ਲਈ ਆਏ ਤਾਂ ਗੁਰੂ ਸਾਹਿਬ ਨੇ ਇਨ੍ਹਾਂ ਨੂੰ ਤਕੜੇ ਹੋਣ ਲਈ ਪ੍ਰੇਰਨਾ ਦਿੱਤੀ।

ਆਪ ਨੇ ਕਿਹਾ ਕਿ ਕਮਜ਼ੋਰ, ਡਰਪੋਕ ਤੇ ਗੁਲਾਮ ਬੰਦੇ ਦਾ ਜੀਣਾ ਕੋਈ ਜੀਣਾ ਨਹੀਂ। ਝੁਕਦੇ ਨੂੰ ਹਰ ਕੋਈ ਝੁਕਾਂਦਾ ਹੈ। ਇੰਜ ਈਨ ਮੰਨਦੇ ਰਹੋਗੇ ਤਾਂ ਗੁਲਾਮੀ ਦੇ ਸੰਗਲ ਪੀਡੇ ਹੁੰਦੇ ਜਾਣਗੇ। ਮੁਗਲ ਹਕੂਮਤ ਤੁਹਾਡੇ ਉਤੇ ਹੋਰ ਸਖ਼ਤੀ ਕਰੇਗੀ। ਰਾਜਿਆਂ ਨੂੰ ਕੁਝ ਹੌਂਸਲਾ ਮਿਲਿਆ। ਉਨ੍ਹਾਂ ਗੁਰੂ ਸਾਹਿਬ ਨੂੰ ਬੇਨਤੀ ਕੀਤੀ ਕਿ ਆਪ ਲਾਹੌਰ ਤੋਂ ਦੂਰ ਆਪਣਾ ਇਕ ਅਜਿਹਾ ਟਿਕਾਣਾ ਬਣਾਓ ਜਿਥੇ ਅਸੀਂ ਵੇਲੇ ਕੁਵੇਲੇ ਸੌਖੀ ਤਰ੍ਹਾਂ ਤੁਹਾਡੇ ਨਾਲ ਸੰਪਰਕ ਕਰਕੇ ਤੁਹਾਡੀ ਮਦਦ ਲੈ ਸਕੀਏ। ਇਸ ਲਈ ਉਨ੍ਹਾਂ ਨੇ ਆਪਣੇ ਇਲਾਕੇ ਵਿਚ ਯੋਗ ਥਾਂ ਦੇਣ ਦੀ ਪੇਸ਼ਕਸ਼ ਵੀ ਕੀਤੀ। ਗੁਰੂ ਸਾਹਿਬ ਨੇ

ਨਵਾਂ ਸਿੱਖ ਕੇਂਦਰ ਸਥਾਪਤ ਕਰਨ ਦੀ ਜ਼ਿੰਮੇਵਾਰੀ ਆਪਣੇ ਵੱਡੇ ਸਾਹਿਬਜ਼ਾਦੇ ਗੁਰਦਿੱਤਾ ਜੀ ਨੂੰ ਸੌਂਪੀ ਅਤੇ ਉਨ੍ਹਾਂ ਨੂੰ ਰਾਜਿਆਂ ਦੇ ਨਾਲ ਹੀ ਭੇਜ ਦਿੱਤਾ।

ਗੁਰਦਿੱਤਾ ਜੀ ਨੇ ਹੰਡੂਰ ਦੀ ਜੂਹ ਨੂੰ ਸਿੱਖ ਲਹਿਰ ਦੇ ਨਵੇਂ ਕੇਂਦਰ ਵਜੋਂ ਚੁਣ ਕੇ ਗੁਰੂ ਸਾਹਿਬ ਨੂੰ ਸੰਦੇਸ਼ ਭੇਜ ਦਿੱਤਾ। ਇਹ ਥਾਂ ਜੀ. ਟੀ. ਰੋਡ ਤੋਂ ਹਟ ਕੇ ਸੀ। ਪਹਾੜਾਂ ਤੇ ਜੰਗਲਾਂ ਨਾਲ ਘਿਰਿਆ ਇਹ ਥਾਂ ਯੁਧ ਨੀਤਕ ਪੱਖੋਂ ਵੀ ਠੀਕ ਸੀ। ਕੇਂਦਰ ਬਣਾਉਣ ਲਈ ਚਾਰ ਪਿੰਡਾਂ ਦੀ ਜ਼ਮੀਨ ਕਹਿਲੂਰ ਦੇ ਰਾਜਾ ਕਲਿਆਨ ਚੰਦ ਨੇ ਦਿੱਤੀ। ਬਸ ਮੋਹੜੀ ਗੱਡਣੀ ਹੀ ਬਾਕੀ ਸੀ। ਗੁਰੂ ਸਾਹਿਬ ਇਸ ਕੰਮ ਲਈ ਬਾਬਾ ਸ੍ਰੀਚੰਦ ਜੀ ਨੂੰ ਆਪ ਬਾਰਠ ਜਾ ਕੇ ਮਿਲੇ। ਸਿੱਖ ਪਰੰਪਰਾ ਵਿਚ ਇਹ ਗੱਲ ਬੜੀ ਪ੍ਰਸਿੱਧ ਹੈ ਕਿ ਬਾਬਾ ਗੁਰਦਿੱਤਾ ਜੀ ਦੀ ਸ਼ਕਲ ਸੂਰਤ ਤੇ ਮੁਹਾਂਦਰਾ ਗੁਰੂ ਨਾਨਕ ਨਾਲ ਮੇਲ ਖਾਂਦਾ ਸੀ। ਗੁਰੂ ਸਾਹਿਬ ਜਦੋਂ ਬਾਰਠ ਗਏ ਤਾਂ ਬਾਬਾ ਗੁਰਦਿੱਤਾ ਜੀ ਨਾਲ ਹੀ ਸਨ। ਬਾਬਾ ਸ੍ਰੀ ਚੰਦ ਜੀ ਨੇ ਗੁਰੂ ਸਾਹਿਬ ਤੇ ਬਾਬਾ ਜੀ ਦਾ ਪੂਰਾ ਆਦਰ ਮਾਣ ਕੀਤਾ।

ਗੱਲਾਂ ਗੱਲਾਂ ਵਿਚ ਸ੍ਰੀ ਚੰਦ ਜੀ ਨੇ ਪੁੱਛਿਆ, ਕਹਿ ਪੁਰਖਾ ਕੇਤਕ ਹੈ ਨੰਦ। ਭਾਵ ਔਲਾਦ ਕਿੰਨੀ ਹੈ? ਗੁਰੂ ਪਾਤਸ਼ਾਹ ਨੇ ਕਿਹਾ ਕਿ ਇਕ ਸਾਹਿਬਜ਼ਾਦਾ ਚੜ੍ਹਾਈ ਕਰ ਗਿਆ ਹੈ। ਬਾਕੀ ਚਾਰ ਬੇਟੇ ਅਤੇ ਇਕ ਬੇਟੀ ਹਨ। ਬਾਬਾ ਸ੍ਰੀ ਚੰਦ ਜੀ ਨੇ ਕਿਹਾ, 'ਕੀ ਕੋਈ ਸਾਡੇ ਵਾਸਤੇ ਵੀ ਹੈ?, ਗੁਰੂ ਸਾਹਿਬ ਨੇ ਕਿਹਾ, ਬਾਬਾ ਜੀ ਸਾਰੇ ਤੁਹਾਡੇ ਹਨ। ਜਿਹੜਾ ਮਰਜ਼ੀ ਹੈ ਲੈ ਲਓ। ਬਾਬਾ ਜੀ ਨੇ ਬਾਬਾ ਗੁਰਦਿੱਤਾ ਜੀ ਨੂੰ ਹੀ ਮੰਗ ਲਿਆ ਅਤੇ ਕਿਹਾ ਇਹ ਤੁਹਾਡਾ ਵੀ ਟਿਕਾ ਅਤੇ ਸਾਡਾ ਵੀ। ਇਕ ਸੌ ਦਸ ਵਰ੍ਹੇ ਦੀ ਤਪੱਸਿਆ ਤੁਹਾਡੀ ਝੋਲੀ ਪਾ ਰਿਹਾ ਹਾਂ। ਇਸ ਉਪਰੰਤ ਗੁਰੂ ਜੀ ਨੇ ਬਾਬਾ ਜੀ ਨੂੰ ਨਵੇਂ ਨਗਰ ਦੀ ਮੋਹੜੀ ਗਡਣ ਲਈ ਆਖਿਆ। ਬਾਬਾ ਜੀ ਨੇ ਮੋਹੜੀ ਗੱਡੀ। ਨਵੇਂ ਨਗਰ ਦਾ ਨਾਮ ਕੀਰਤਪੁਰ ਰੱਖਿਆ ਗਿਆ। ਇਸ ਦੇ ਵਾਧੇ ਵਿਸਤਾਰ ਵਿਚ ਬਾਬਾ ਗੁਰਦਿੱਤਾ ਜੀ ਸਾਰੀ ਉਮਰ ਗੁਰੂ ਸਾਹਿਬ ਦੇ ਸਹਿਯੋਗੀ ਰਹੇ।

ਉਧਰ ਸ਼ਾਹ ਜਹਾਨ ਨੇ ਕਟੜ ਮੌਲਾਨਿਆਂ ਨੂੰ ਖੁਸ਼ ਕਰਨ ਦੀ ਨੀਤੀ ਉਤੇ ਅਮਲ ਕਰਦੇ ਹੋਏ ਇਹ ਹੁਕਮ ਜਾਰੀ ਕਰ ਦਿੱਤੇ ਕਿ ਇਸਲਾਮ ਤੋਂ ਬਿਨਾਂ ਕਿਸੇ ਵੀ ਹੋਰ ਧਰਮ ਦੇ ਪ੍ਰਚਾਰ ਦੀ ਆਗਿਆ ਨਹੀਂ। ਇਸਲਾਮ ਧਾਰਨ ਕਰਨ ਲਈ ਹੀ ਕੋਈ ਧਰਮ ਪਰਿਵਰਤਿਤ ਕਰ ਸਕਦਾ ਹੈ। ਉਂਜ ਨਹੀਂ। ਉਸ ਨੇ ਨਵੇਂ ਮੰਦਿਰਾਂ ਦੀ ਉਸਾਰੀ ਉਤੇ ਰੋਕ ਲਾ ਦਿੱਤੀ। ਬਣ ਰਹੇ ਮੰਦਿਰਾਂ ਦੀ ਉਸਾਰੀ ਰੋਕ ਦਿੱਤੀ। ਕਈ ਥਾਈ ਭੂਤਰੇ ਹੋਏ ਮੌਲਾਨਿਆਂ ਨੇ ਮੰਦਿਰ ਢਾਹ ਦਿੱਤੇ। ਭਾਈ ਸੰਤੋਖ ਸਿੰਘ ਅਨੁਸਾਰ ਇਕਲੇ ਬਨਾਰਸ ਵਿਚ ਛਿਹਤਰ ਮੰਦਿਰ ਢਾਹੇ ਗਏ।

ਬਦਲੇ ਹੋਏ ਹਾਲਾਤ ਵਿਚ ਕਾਜ਼ੀ ਰੁਸਤਮ ਖਾਨ ਨੇ ਬੀਬੀ ਕੌਲਾਂ ਦੇ ਗੁਰਮਤਿ ਦੇ ਧਾਰਨੀ ਹੋਣ ਦੀ ਗੱਲ ਚੁਕੀ ਅਤੇ ਕਿਹਾ ਕਿ ਇਹ ਸ਼ਾਹੀ ਹੁਕਮਾਂ ਦੀ ਉਲੰਘਣਾ ਹੈ। ਨੂਰ ਜਹਾਂ ਹੁਣ ਕਮਜ਼ੋਰ ਹੋ ਚੁੱਕੀ ਸੀ। ਵਜ਼ੀਰ ਖਾਂ ਵੀ ਬੇਬਸ। ਧਰਮ ਪਰਿਵਰਤਨ ਅਤੇ ਧਰਮ ਪ੍ਰਚਾਰ ਉਤੇ ਪਾਬੰਦੀ ਦਾ ਹੁਕਮ ਸਿੱਖ ਲਹਿਰ ਨੂੰ ਹੀ ਪ੍ਰਭਾਵਿਤ ਕਰਨ ਵਾਲਾ

ਸੀ। ਪੰਜਾਬ ਵਿਚ ਉਸ ਸਮੇਂ ਹੋਰ ਕੋਈ ਮਤ ਮਤਾਂਤਰ ਧਰਮ ਪ੍ਰਚਾਰ ਜਾਂ ਪਰਿਵਰਤਨ ਦਾ ਕਾਰਜ ਨਹੀਂ ਸੀ ਕਰ ਰਿਹਾ। ਇਸੇ ਪਿਛੋਕੜ ਵਿਚ ਲਾਹੌਰ ਦੀ ਬਾਉਲੀ ਵੀ ਤੋੜੀ ਗਈ। ਇਸ ਸਾਰੇ ਕੁਝ ਨਾਲ ਸਥਿਤੀ ਵਿਸਫੋਟਕ ਬਣ ਗਈ। ਇਕੋ ਚਿੰਗਾੜੀ ਜਵਾਲਾ ਭੜਕਾ ਸਕਦੀ ਸੀ। ਉਹ ਚਿੰਗਾੜੀ 1629 ਦੀ ਵਿਸਾਖੀ ਨੂੰ ਹੀ ਪੈਦਾ ਹੋ ਗਈ।

ਵਿਸਾਖੀ ਉਤੇ ਦੂਰ ਦਰਾਜ਼ ਦੇ ਸਿਖ ਅੰਮ੍ਰਿਤਸਰ ਆਏ ਹੋਏ ਸਨ। ਉਨ੍ਹਾਂ ਵਿਚੋਂ ਕੁਝ ਸਿਖ ਸ਼ਿਕਾਰ ਲਈ ਦੂਰ ਗੁਮਟਾਲੇ ਦੀ ਸ਼ਿਕਾਰ ਗਾਹ ਵਿਚ ਜਾ ਵੜੇ ਜੋ ਕਿ ਸ਼ਾਹੀ ਹਾਕਮਾਂ ਲਈ ਰਾਖਵੀਂ ਸੀ। ਉਥੇ ਸ਼ਾਹੀ ਫੌਜਾਂ ਪਹਿਲਾਂ ਹੀ ਸ਼ਿਕਾਰ ਖੇਡ ਰਹੀਆਂ ਸਨ। ਸਿੱਖਾਂ ਨੂੰ ਇਸ ਦਾ ਕੁਝ ਪਤਾ ਨਹੀਂ ਸੀ। ਉਨ੍ਹਾਂ ਇਨਾ ਜ਼ਰੂਰ ਵੇਖਿਆ ਕਿ ਦੂਰ ਇਕ ਬਾਜ਼ ਸ਼ਿਕਾਰ ਨੂੰ ਚੁਕ ਕੇ ਆਕਾਸ਼ ਵਿਚ ਉਡਾਰੀ ਮਾਰਦਾ ਹੈ ਅਤੇ ਉਸ ਨੂੰ ਜ਼ਮੀਨ ਉਤੇ ਸੁਟ ਦਿੰਦਾ ਹੈ। ਇੰਜ ਉਹ ਬਾਰ ਬਾਰ ਕਰਦਾ ਹੈ। ਇਹ ਸ਼ਿਕਾਰ ਨਹੀਂ ਸੀ। ਸ਼ਿਕਾਰ ਦੇ ਨਾਂ ਉਤੇ ਮਾਸੂਮ ਜੀਵ ਉਤੇ ਅਤਿਆਚਾਰ ਸੀ।

ਸਿਖਾਂ ਨੇ ਇੰਜ ਕਰ ਰਹੇ ਬਾਜ਼ ਨੂੰ ਰੋਕਣ ਲਈ ਆਪਣਾ ਬਾਜ਼ ਛੱਡ ਦਿੱਤਾ। ਇਸ ਨੇ ਸ਼ਾਹੀ ਬਾਜ਼ ਨੂੰ ਝਪਟ ਮਾਰ ਕੇ ਥਲੇ ਸੁੱਟ ਲਿਆ। ਸਿੱਖਾਂ ਨੇ ਇਸ ਨੂੰ ਕਾਬੂ ਕਰ ਲਿਆ। ਸ਼ਾਹੀ ਫੌਜੀ ਆ ਪੁੱਜੇ। ਉਨ੍ਹਾਂ ਨੇ ਬਾਜ਼ ਮੰਗਿਆ। ਸਿੱਖਾਂ ਨੇ ਇਸ ਨੂੰ ਆਪਣਾ ਸ਼ਿਕਾਰ ਦੱਸ ਕੇ ਬਾਜ਼ ਦੇਣ ਤੋਂ ਨਾਂਹ ਕਰ ਦਿੱਤੀ। ਫੌਜੀਆਂ ਨੇ ਤਾਕਤ ਦੇ ਨਸ਼ੇ ਵਿਚ ਸਿੱਖਾਂ ਨਾਲ ਬੋਲ ਕੁਬੋਲ ਸ਼ੁਰੂ ਕਰ ਦਿੱਤੇ। ਬਾਜ਼ ਨਾ ਦੇਣ ਦੇ ਮਾੜੇ ਨਤੀਜਿਆਂ ਦੀ ਧਮਕੀ ਦਿੱਤੀ। ਸ਼ਾਹੀ ਰੱਖ ਵਿਚ ਸ਼ਿਕਾਰ ਖੇਡਣ ਦੀ ਗੁਸਤਾਖੀ ਦੀ ਸਜ਼ਾ ਦੇਣ ਦਾ ਡਰਾਵਾ ਦਿੱਤਾ, ਪਰ ਸਿੱਖ ਨਾ ਡਰੇ। ਉਸ ਸਮੇਂ ਲਾਹੌਰ ਦੀ ਹਕੂਮਤ ਕੁਲੀਜ਼ ਖਾਨ ਕੋਲ ਸੀ ਜਿਸ ਨੂੰ ਆਸਿਫ ਖਾਂ ਦੀ ਥੋੜ੍ਹੇ ਸਮੇਂ ਦੀ ਹਕੂਮਤ ਮਗਰੋਂ ਹੀ ਬਦਲ ਦਿੱਤਾ ਗਿਆਸੀ। ਕੁਲੀਜ਼ ਥਾਂ ਦਾ ਫੌਜਦਾਰ ਮੁਖਲਿਸ ਖਾਂ ਸੀ। ਸ਼ਿਕਾਰ ਖੇਡ ਰਹੀ ਟੁਕੜੀ ਨੇ ਕੁਲੀਜ਼ ਖਾਨ ਕੋਲ ਸਿੱਖਾਂ ਵਿਰੁੱਧ ਸ਼ਿਕਾਇਤ ਕੀਤੀ ਅਤੇ ਕਿਹਾ ਕਿ ਇਨ੍ਹਾਂ ਨੂੰ ਸਬਕ ਸਿਖਾਣਾ ਜ਼ਰੂਰੀ ਹੈ। ਅੱਜ ਇਨ੍ਹਾਂ ਨੇ ਬਾਜ਼ ਨੂੰ ਹਥ ਪਾਇਆ ਹੈ। ਕੱਲ ਤਾਜ ਨੂੰ ਪਾਣਗੇ। ਇਹ ਤਾਂ ਕਹਿੰਦੇ ਹਨ : ਤਾਜ ਬਾਜ਼ ਤੁਮਰੇ ਸਭ ਲੈਣੇ।

ਕੁਲੀਜ਼ ਖਾਨ ਨੇ ਇਹੀ ਸਾਰਾ ਕੁਝ ਵਧਾ ਚੜ੍ਹਾ ਕੇ ਸ਼ਾਹ ਜਹਾਨ ਨੂੰ ਦੱਸਿਆ। ਉਸ ਨੇ ਫੁਰਮਾਨ ਦੁਆਰਾ ਹਮਲੇ ਦੀ ਇਜਾਜ਼ਤ ਦੇ ਦਿੱਤੀ। ਕੁਲੀਜ਼ ਖਾਨ ਨੇ ਆਪਣੇ ਫੌਜਦਾਰ ਮੁਖਲਿਸ ਖਾਨ ਨੂੰ ਸੱਤ ਹਜ਼ਾਰ ਫੌਜੀਆਂ ਨਾਲ ਅੰਮ੍ਰਿਤਸਰ ਉਤੇ ਹਲਾ ਕਰਨ ਲਈ ਹੁਕਮ ਦੇ ਦਿੱਤਾ। ਇਹ ਗੱਲ ਅਪ੍ਰੈਲ, 1629 ਦੀ ਹੈ।

ਗੁਰੂ ਪਾਤਸ਼ਾਹ ਉਨ੍ਹਾਂ ਦਿਨਾਂ ਵਿਚ ਆਪਣੀ ਬੇਟੀ ਬੀਬੀ ਵੀਰੋ ਦੀ ਸ਼ਾਦੀ ਦੀਆਂ ਤਿਆਰੀਆਂ ਵਿਚ ਰੁਝੇ ਹੋਏ ਸਨ। ਅਚਾਨਕ ਹਮਲਾ ਹੋ ਗਿਆ। ਜਿੰਨੀਆਂ ਕੁ ਸਿੱਖ ਸੰਗਤਾਂ ਸਨ ਉਨ੍ਹਾਂ ਨੇ ਹਮਲਾਵਰ ਫੌਜ ਦਾ ਟਾਕਰਾ ਕੀਤਾ। ਪਹਿਲੇ ਹੱਲੇ ਹੀ ਕਿਸੇ ਵੀ ਟਕਰ ਤੋਂ ਪਹਿਲਾਂ ਗੁਰੂ ਸਾਹਿਬ ਦੇ ਘਰ ਉਤੇ ਹਮਲਾ ਕਰ ਦਿੱਤਾ ਗਿਆ। ਬੇਟੀ ਦੇ ਵਿਆਹ ਲਈ ਬਣੀ ਮਠਿਆਈ ਅਤੇ ਹੋਰ ਸਮਾਨ ਲੁਟ ਲਿਆ ਗਿਆ। ਮੁਹਸਿਨ ਫਾਨੀ ਅਨੁਸਾਰ ਗੁਰੂ ਸਾਹਿਬ ਦਾ ਘਰ ਬਾਹਰ ਲੁੱਟ ਲਿਆ ਗਿਆ। ਗੁਰੂ ਸਾਹਿਬ ਅਤੇ

ਪਰਿਵਾਰ ਪਹਿਲਾਂ ਹੀ ਘਰ ਛੱਡ ਚੁੱਕੇ ਸਨ।

ਗੁਰੂ ਸਾਹਿਬ ਨੂੰ ਇਹ ਪਤਾ ਸੀ ਕਿ ਬਾਜ਼ ਵਾਲੀ ਝੜਪ ਤੋਂ ਗੱਲ ਵਧੇਗੀ। ਉਨ੍ਹਾਂ ਨੂੰ ਇਹ ਵੀ ਪਤਾ ਸੀ ਕਿ ਲੜਾਈ ਛੇਤੀ ਹੋ ਜਾਵੇਗੀ। ਉਂਝ ਉਹ ਬੇਟੀ ਦੇ ਵਿਆਹ ਵਿਚ ਰੁਝੇ ਹੋਏ ਸਨ। ਵੇਲੇ ਕੁਵੇਲੇ ਦੂਰੋਂ ਨੇੜਿਓਂ ਸੰਗਤਾਂ ਵੀ ਆ ਰਹੀਆਂ ਸਨ। ਕਾਬਲ ਦੀ ਸੰਗਤ ਲੰਗਰ ਤੋਂ ਪਛੜ ਕੇ ਪੁੱਜੀ ਤਾਂ ਗੁਰੂ ਸਾਹਿਬ ਨੇ ਘਰ ਸੁਨੇਹਾ ਭੇਜਿਆ ਕਿ ਲੰਗਰ ਦਾ ਸਮਾਂ ਨਹੀਂ। ਸੰਗਤਾਂ ਲਈ ਮਠਿਆਈ ਹੀ ਭੇਜ ਦਿਓ। ਮਾਤਾ ਜੀ ਨੇ ਸੁਭਾਵਿਕ ਹੀ ਕਹਿ ਭੇਜਿਆ : ਸ਼ਗਨ ਕੀਏ ਬਿਨ ਦੀਓ ਨਾ ਜਾਇ। ਭਾਵ ਸ਼ਗਨਾਂ ਤੋਂ ਬਿਨਾਂ ਵਰਤਨੀ ਠੀਕ ਨਹੀਂ। ਸ਼ਗਨਾਂ ਦੀ ਮਿਠਾਈ ਹੈ ਇਹ।

ਮਹਾਰਾਜ ਨੇ ਬਚਨ ਕੀਤਾ ਕਿ ਜੋ ਮਿਠਾਈ ਗੁਰੂ ਕੇ ਸਿੱਖਾਂ ਨੂੰ ਖਾਣ ਨੂੰ ਨਹੀਂ ਮਿਲੀ ਉਹ ਹੁਣ ਸ਼ਗਨ ਦੇ ਮੇਲੀ ਗੇਲੀ ਨਹੀਂ ਖਾਣਗੇ। ਇਹ ਤਾਂ ਹੁਣ ਦੁਸ਼ਮਣ ਹੀ ਖਾਣਗੇ। ਉਨ੍ਹਾਂ ਨੂੰ ਪਲ ਪਲ ਦੀਆਂ ਖਬਰਾਂ ਰਹਿੰਦੀਆਂ। ਉਨ੍ਹਾਂ ਸਿੱਖਾਂ ਨੂੰ ਲੜਾਈ ਲਈ ਅੰਮ੍ਰਿਤਸਰੋਂ ਬਾਹਰ ਮੋਰਚਾ ਬੰਦੀ ਕਰਨ ਲਈ ਕਿਹਾ। ਕੁਝ ਸਿੱਖਾਂ ਨੇ ਕਿਹਾ ਕਿ ਸਾਨੂੰ ਦਰਬਾਰ ਸਾਹਿਬ ਮੋਰਚਾਬੰਦੀ ਕਰ ਕੇ ਲੜਨਾ ਚਾਹੀਦਾ ਹੈ। ਗੁਰੂ ਪਾਤਸ਼ਾਹ ਨੇ ਮਨ੍ਹਾਂ ਕਰਦੇ ਹੋਏ ਕਿਹਾ—

ਸੁਧਾਸਰ ਹਮ ਯੁਧ ਨਾ ਚਾਹੇਂ।
ਆਵੇ ਤੁਰਕ ਅਦਬ ਰਹਿ ਨਾਹੇਂ।

ਆਪ ਨੇ ਬੀਬੀ ਵੀਰੋ ਅਤੇ ਪਰਿਵਾਰ ਨੂੰ ਭਾਈ ਬਾਬਕ ਨਾਲ ਝਬਾਲ ਭਾਈ ਲੰਗਾਹ ਦੀ ਨਿਗਰਾਨੀ ਹੇਠ ਭੇਜ ਦਿੱਤਾ ਅਤੇ ਬਰਾਤੀਆਂ ਨੂੰ ਅੰਮ੍ਰਿਤਸਰ ਦੀ ਥਾਂ ਝਬਾਲ ਪਹੁੰਚਣ ਲਈ ਸੁਨੇਹਾ ਦੇ ਦਿੱਤਾ। ਆਪ ਨੇ ਪਰਿਵਾਰ ਨੂੰ ਇਹ ਵੀ ਕਹਿ ਦਿੱਤਾ ਮਜਬੂਰੀ ਹੋਵੇ ਤਾਂ ਮੈਨੂੰ ਨਾ ਉਡੀਕਣਾ। ਬੀਬੀ ਕੇ ਦੇਣੇ ਤਹਿ ਫੇਰੇ। ਇਧਰੋਂ ਵਿਹਲੇ ਹੋ ਕੇ ਗੁਰੂ ਸਾਹਿਬ ਨੇ ਲਾਹੌਰੋਂ ਆਣ ਵਾਲੇ ਫੌਜੀ ਹੜ੍ਹ ਨੂੰ ਸ਼ਹਿਰੋਂ ਬਾਹਰ ਰੋਕਣ ਦਾ ਨਿਰਣਾ ਕੀਤਾ। ਆਪ ਉਥੇ ਜਾ ਡਟੇ ਜਿੱਥੇ ਅੱਜਕੱਲ੍ਹ ਖਾਲਸਾ ਕਾਲਜ ਹੈ। ਗੋਕਲ ਚੰਦ ਨੇ ਅਸਲ ਲੜਾਈ ਦਾ ਥਾਂ ਵਡਾਲੀ ਦੱਸਿਆ ਹੈ। ਉਂਜ ਵਡਾਲੀ ਵੀ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਬਹੁਤੀ ਦੂਰ ਨਹੀਂ।

ਅੰਮ੍ਰਿਤਸਰ ਦੀ ਲੜਾਈ ਸਿੱਖ ਇਤਿਹਾਸ ਦੀ ਪਹਿਲੀ ਲੜਾਈ ਹੈ ਜੋ ਸਿੱਖਾਂ ਨੇ ਗੁਰੂ ਹਰਿਗੋਬਿੰਦ ਪਾਤਸ਼ਾਹ ਦੀ ਅਗਵਾਈ ਹੇਠ ਲੜੀ। ਇਸ ਵਿਚ ਪਹਿਲ ਸਿੱਖਾਂ ਵੱਲੋਂ ਨਹੀਂ ਸੀ ਹੋਈ। ਲੜਾਈ ਉਨ੍ਹਾਂ ਸਵੈ ਰੱਖਿਆ ਲਈ ਲੜੀ ਸੀ। ਇਹੀ ਨਹੀਂ ਗੁਰੂ ਹਰਿਗੋਬਿੰਦ ਸਾਹਿਬ ਅਤੇ ਉਨ੍ਹਾਂ ਉਪਰੰਤ ਗੁਰੂ ਗੋਬਿੰਦ ਸਿੰਘ ਮਹਾਰਾਜ ਨੇ ਵੀ ਕਦੇ ਲੜਾਈ ਵਿਚ ਪਹਿਲ ਨਹੀਂ ਕੀਤੀ। ਹਮੇਸ਼ਾ ਸਵੈ ਰੱਖਿਆ ਅਤੇ ਅਣਖ ਲਈ ਲੜਾਈ ਲੜੀ। ਸਵੈਮਾਨ ਦੀ ਰਾਖੀ ਲਈ ਹੀ ਹਥਿਆਰ ਚੁੱਕੇ। ਸਿੱਖ ਗੁਰੂਆਂ ਨੇ ਹਮੇਸ਼ਾ ਸੁਤੰਤਰਤਾ ਲਈ ਲੜਾਈ ਕੀਤੀ। ਇਸ ਬਾਰੇ ਕੋਈ ਸਮਝੌਤਾ ਉਨ੍ਹਾਂ ਨਾ ਲੜਾਈ ਤੋਂ ਪਹਿਲਾਂ ਕੀਤਾ ਅਤੇ ਨਾ ਪਿਛੋਂ। ਇਹੀ ਸੰਦੇਸ਼ ਉਨ੍ਹਾਂ ਨੇ ਆਪਣੇ ਸਿੱਖਾਂ ਨੂੰ ਦਿੱਤਾ।

ਸ਼ਾਹੀ ਫੌਜਾਂ ਦੀ ਪਹਿਲੀ ਟਕਰ ਪਿਪਲੀ ਸਾਹਿਬ ਕੋਲ ਤਾਇਨਾਤ ਸੂਹੀਏ ਸਿੱਖਾਂ

ਦੀ ਟੁਕੜੀ ਨਾਲ ਹੋਈ। ਭਾਈ ਬਿਧੀ ਚੰਦ ਇਸ ਟੁਕੜੀ ਦੇ ਮੁਖੀ ਸਨ। ਜੰਮ ਕੇ ਲੜਾਈ ਹੋਈ। ਭਾਈ ਸੰਤੋਖ ਸਿੰਘ ਅਨੁਸਾਰ ਸੂਰਮੇ ਖ਼ੂਨ ਵਿਚ ਰੰਗੇ ਇਉਂ ਦਿਸਦੇ ਸਨ ਜਿਵੇਂ ਹੋਲੀ ਖੇਡ ਕੇ ਹਟੇ ਹੋਣ। ਸ਼ਾਹੀ ਦਸਤੇ ਦੀ ਅਗਵਾਈ ਕਰ ਰਹੇ ਸ਼ਮਸ ਖਾਨ ਦੇ ਪੈਰ ਉਖੜਨ ਲੱਗੇ। ਉਸ ਦੀ ਮਦਦ ਲਈ ਅਨਵਰ ਖਾਨ ਆ ਗਿਆ। ਸਿੱਖਾਂ ਵੱਲੋਂ ਭਾਈ ਭਾਨਾ ਜੀ ਕੁਝ ਸਿੱਖਾਂ ਨੂੰ ਲੈ ਕੇ ਆ ਪਹੁੰਚੇ। ਗਹਿਗੱਚ ਲੜਾਈ ਸ਼ੁਰੂ ਹੋ ਗਈ। ਇਕ ਗੋਲੀ ਸਮਸ ਖਾਂ ਦੇ ਘੋੜੇ ਨੂੰ ਲੱਗੀ ਤੇ ਸ਼ਮਸ ਖਾਂ ਘੋੜੇ ਤੋਂ ਡਿਗ ਪਿਆ। ਭਾਈ ਭਾਨਾ ਜੀ ਨੇ ਵੀ ਘੋੜਾ ਛੱਡ ਦਿੱਤਾ। ਸ਼ਮਸ ਖਾਂ ਨੇ ਭਾਈ ਸਾਹਿਬ ਉਤੇ ਵਾਰ ਕੀਤਾ ਜਿਸ ਨੂੰ ਉਨ੍ਹਾਂ ਰੋਕ ਕੇ ਮੋੜਵੇਂ ਵਾਰ ਨਾਲ ਸ਼ਮਸ ਖਾਂ ਨੂੰ ਮਾਰ ਮੁਕਾਇਆ। ਸ਼ਮਸ ਖਾਂ ਨੂੰ ਡਿਗਦਾ ਵੇਖ, ਉਸ ਦੇ ਸਾਥੀਆਂ ਨੇ ਭਾਈ ਸਾਹਿਬ ਨੂੰ ਘੇਰ ਲਿਆ। ਇਸ ਘੇਰੇ ਵਿਚ ਬਹਾਦਰੀ ਨਾਲ ਲੜਦੇ ਹੋਏ ਭਾਈ ਭਾਨਾ ਜੀ ਸ਼ਹੀਦ ਹੋ ਗਏ।

ਸ਼ਮਸ਼ ਖਾਂ ਉਪਰੰਤ ਮੁਖਲਿਸ ਖਾਂ ਨੇ ਸਯਦ ਮੁਹੰਮਦ ਅਲੀ ਨੂੰ ਅੱਗੇ ਕੀਤਾ। ਸਿਖਾਂ ਵੱਲੋਂ ਭਾਈ ਸਿੰਘਾ ਅੱਗੇ ਵਧੇ। ਮੁਹੰਮਦ ਅਲੀ ਨਾਲ ਇਕ ਪਾਸੇ ਕਾਲੇ ਖਾਂ ਤੇ ਦੂਜੇ ਪਾਸੇ ਤਾਹਿਰ ਖਾਂ ਦੀਆਂ ਟੁਕੜੀਆਂ ਸਨ। ਸਿੰਘਾ ਜੀ ਦਾ ਸਾਥ ਦੇਣ ਵਾਲੇ ਯੋਧਿਆਂ ਵਿਚ ਭਾਈ ਨਿਹਾਲਾ, ਭਾਈ ਤੋਤਾ, ਭਾਈ ਅਨੰਤਾ ਤੇ ਭਾਈ ਤਿਲੋਕਾ ਸ਼ਾਮਿਲ ਸਨ। ਮੁਹੰਮਦ ਅਲੀ ਨੇ ਗੋਲੀ ਦਾ ਵਾਰ ਭਈ ਸਿੰਘਾ 'ਤੇ ਕੀਤਾ। ਭਾਈ ਸਾਹਿਬ ਜ਼ਖ਼ਮੀ ਹੋ ਕੇ ਡਿੱਗ ਪਏ। ਜ਼ਖ਼ਮੀ ਭਾਈ ਸਾਹਿਬ ਉਤੇ ਅਲੀ ਨੇ ਮੁੜ ਵਾਰ ਕੀਤਾ ਪਰ ਭਾਈ ਸਾਹਿਬ ਨਿਸ਼ਾਨਾ ਬਚਾ ਗਏ। ਉਨ੍ਹਾਂ ਮੋੜਵੇਂ ਵਾਰ ਨਾਲ ਮੁਹੰਮਦ ਅਲੀ ਨੂੰ ਖ਼ਤਮ ਕਰ ਦਿੱਤਾ ਪਰ ਆਪ ਵੀ ਸ਼ਹੀਦ ਹੋ ਗਏ।

ਸਿੱਖਾਂ ਵੱਲੋਂ ਹੁਣ ਪੈਂਦੇ ਖਾਂ ਅੱਗੇ ਵਧਿਆ। ਗੁਰੂ ਹਰਿਗੋਬਿੰਦ ਸਾਹਿਬ ਵੀ ਹੁਣ ਸਿੱਖਾਂ ਨਾਲ ਕਿਲਾ ਗੋਬਿੰਦਗੜ੍ਹ ਵਿਚ ਆ ਪੁੱਜੇ। ਗੁਰੂ ਸਾਹਿਬ ਦੇ ਇਸ ਕਿਲੇ ਵਿਚ ਪਹੁੰਚਣ ਦਾ ਪਤਾ ਲੱਗਣ ਉਤੇ ਮੁਖਲਿਸ ਖਾਂ ਨੇ ਕਿਲੇ ਉਤੇ ਹਮਲਾ ਕਰ ਦਿੱਤਾ। ਗੁਰੂ ਸਾਹਿਬ ਅੰਦਰੋਂ ਤੀਰਾਂ ਦੀ ਬੁਛਾੜ ਨਾਲ ਹਮਲਾਵਰ ਫੌਜ ਨੂੰ ਪਿਛੇ ਧਕ ਰਹੇ ਸਨ। ਗੁਰੂ ਸਾਹਿਬ ਉਤੇ ਹਮਲੇ ਨੂੰ ਵੇਖ ਪੈਂਦੇ ਖਾਂ, ਭਾਈ ਬਿਧੀ ਚੰਦ ਤੇ ਭਾਈ ਜਤੀ ਮਲ ਸਾਥੀਆਂ ਸਮੇਤ ਆ ਪਹੁੰਚੇ। ਉਨ੍ਹਾਂ ਦੇ ਮਗਰ ਹੀ ਭਾਈ ਨੰਦ, ਭਾਈ ਪਰਾਗਾ, ਭਾਈ ਭੀਮਾ ਤੇ ਭਾਈ ਭੀਖਣ ਆ ਗਏ।

ਲੜਾਈ ਭਖੀ ਤਾਂ ਸਿੱਖਾਂ ਦਾ ਇਕ ਹੋਰ ਜਥਾ ਆ ਰਲਿਆ। ਇਸ ਵਿਚ ਭਾਈ ਅਮੀਰਾ, ਭਾਈ ਜੈਤਾ, ਭਾਈ ਤੋਤਾ, ਭਾਈ ਗੋਪਾਲ, ਭਾਈ ਕ੍ਰਿਸ਼ਨ ਦਾਸ, ਭਾਈ ਅਨੰਦਾ, ਭਾਈ ਮਹਿਤਾ, ਭਾਈ ਤਖਤੂ ਤੇ ਭਾਈ ਬਾਬਕ ਸਨ। ਮੁਖਲਿਸ ਖਾਨ ਨੇ ਅਲੀ ਬੇਗ, ਬਹਾਦਰ ਖਾਨ, ਦੀਦਾਰ ਅਲੀ, ਮਿਹਰ ਅਲੀ ਅਤੇ ਇਸਮਾਈਲ ਖਾਨ ਜਹੇ ਸਰਦਾਰਾਂ ਨਾਲ ਤਾਜ਼ਾ ਫੌਜ ਅੱਗੇ ਝੋਕ ਦਿੱਤੀ। ਨਾ ਹਥਿਆਰਾਂ ਪੱਖੋਂ ਅਤੇ ਨਾ ਗਿਣਤੀ ਪੱਖੋਂ ਹੀ ਇਹ ਲੜਾਈ ਬਰਾਬਰ ਦੀ ਸੀ। ਬਹਾਦਰ ਖਾਂ, ਅਲੀ ਬੇਗ ਤੇ ਹੋਰ ਫੌਜੀਆਂ ਦੇ ਦਸਤਿਆਂ ਨਾਲ ਲੜਦੇ ਹੋਏ ਭਾਈ ਅਨੰਦਾ, ਭਾਈ ਤਿਲੋਕਾ, ਭਾਈ ਤੋਤਾ ਤੇ ਭਾਈ ਨਿਹਾਲਾ ਸ਼ਹੀਦ ਹੋ ਗਏ।

ਮੁਖਲਿਸ ਖਾਂ ਨੇ ਕਰੀਮ ਬੇਗ, ਜੰਗ ਬੇਗ, ਤੇ ਸਲਾਮਤ ਖਾਂ ਨੂੰ ਹਲਾ ਕਰਨ ਲਈ ਭੇਜਿਆ। ਇਨ੍ਹਾਂ ਨੇ ਤਕੜਾ ਹਲਾ ਕਰਕੇ ਕਿਲੇ ਦੀ ਦੀਵਾਰ ਢਾਹ ਦਿੱਤੀ। ਰਾਤ ਨੂੰ ਸਿੱਖਾਂ ਨੇ ਹਿੰਮਤ ਕਰ ਕੇ ਦੀਵਾਰ ਫਿਰ ਉਸਾਰ ਲਈ। ਸਵੇਰ ਤੱਕ ਕੈਬੋਂਵਾਲ ਦੇ ਇਲਾਕੇ ਦੀਆਂ ਸਿੱਖ ਸੰਗਤਾਂ ਲੜਾਈ ਵਾਲੇ ਸਥਾਨ ਉਤੇ ਪਹੁੰਚ ਗਈਆਂ। ਜਿਸ ਦੇ ਹੱਥ ਵਿਚ ਜੋ ਡਾਂਗ ਸੋਟਾ ਹਥਿਆਰ ਲੱਗਾ ਉਸ ਨੇ ਚੁਕ ਲਿਆ। ਮੁਖਲਿਸ ਖਾਂ ਦੀ ਮਦਦ ਲਈ ਲਾਹੌਰ ਤੋਂ ਕਲੰਦਰ ਖਾਂ ਆਪਣੇ ਸਿਪਾਹੀ ਲੈ ਕੇ ਆ ਗਿਆ। ਇਸ ਤਰ੍ਹਾਂ ਲੜਾਈ ਕਦੇ ਹੌਲੀ ਤੇ ਕਦੇ ਤੇਜ਼, ਕਦੇ ਕਿਤੇ, ਕਦੇ ਕਿਤੇ ਜਾਰੀ ਰਹੀ।

ਮੁਖਲਿਸ ਖਾਂ ਤਾਂ ਸਮਝਦਾ ਸੀ ਕਿ ਅਸੀਂ ਝਟ ਘੜੀ ਵਿਚ ਗੁਰੂ ਸਾਹਿਬ ਦੇ ਸਾਥੀਆਂ ਨੂੰ ਮਾਰ ਕੇ ਗੁਰੂ ਸਾਹਿਬ ਨੂੰ ਬੰਦੀ ਬਣਾ ਲਵਾਂਗੇ। ਪਰੰਤੂ ਇਥੇ ਤਾਂ ਭਾਰੀ ਜਾਨੀ ਮਾਲੀ ਨੁਕਸਾਨ ਦੇ ਬਾਵਜੂਦ ਉਨ੍ਹਾਂ ਨੂੰ ਸਫਲਤਾ ਨਹੀਂ ਸੀ ਮਿਲ ਰਹੀ। ਉਹ ਤਾਂ ਗੁਰੂ ਸਾਹਿਬ ਦੇ ਖਾਲੀ ਪਏ ਘਰ ਨੂੰ ਲੁਟ ਕੇ ਹੀ ਕੱਛਾਂ ਵਜਾ ਰਹੇ ਸਨ। ਉਸ ਉਪਰੰਤ ਉਨ੍ਹਾਂ ਨੂੰ ਇਸ ਕਿਸਮ ਦੀ ਸਖ਼ਤ ਤੇ ਲੰਬੀ ਲੜਾਈ ਦਾ ਚਿੱਤ ਚੇਤਾ ਵੀ ਨਹੀਂ ਸੀ। ਇਸ ਲਈ ਮੁਖਲਿਸ ਖਾਂ ਨੇ ਗੁਰੂ ਸਾਹਿਬ ਨੂੰ ਚਿੱਠੀ ਲਿਖੀ ਕਿ ਫਕੀਰ ਹੁੰਦਿਆਂ ਤੁਹਾਨੂੰ ਲੜਾਈ ਸ਼ੋਭਾ ਨਹੀਂ ਦਿੰਦੀ। ਇਸ ਲਈ ਪਿਛਲੇ ਕੀਤੇ ਉਤੇ ਪਸ਼ਚਾਤਾਪ ਕਰੋ ਅਤੇ ਅਗਾਂਹ ਸਾਵਧਾਨੀ ਵਰਤਨ ਦਾ ਯਕੀਨ ਦਿਵਾਓ। ਅਸੀਂ ਲੜਾਈ ਬੰਦ ਕਰ ਦਿਆਂਗੇ। ਗੁਰੂ ਸਾਹਿਬ ਨੇ ਮੋੜਵਾਂ ਜਵਾਬ ਭੇਜਿਆ : ਅਸੀਂ ਫਕੀਰ ਜ਼ਰੂਰ ਹਾਂ। ਅਸੀਂ ਕੋਈ ਮੱਲਾਂ ਨਹੀਂ ਮਾਰਨੀਆਂ ਪਰੰਤੂ ਅਸੀਂ ਕਿਸੇ ਨੂੰ ਆਪਣੀ ਅਣਖ ਤੇ ਸਵੈਮਾਨ ਰੋਲਣ ਦੀ ਆਗਿਆ ਨਹੀਂ ਦੇ ਸਕਦੇ।

ਰਾਤ ਦੇ ਇਸ ਸੁਨੇਹੇ ਅਤੇ ਉਸ ਦੇ ਉਤਰ ਨੇ ਸਵੇਰੇ ਚੜ੍ਹਦੇ ਹੀ ਜੰਗ ਫਿਰ ਭਖਾ ਦਿੱਤੀ। ਪੈਂਦੇ ਖਾਂ ਨੇ ਗੁਰੂ ਸਾਹਿਬ ਦੇ ਸਿਪਾਹੀਆਂ ਦੀ ਕਮਾਨ ਸੰਭਾਲੀ। ਗੁਰੂ ਸਾਹਿਬ ਆਪ ਕਿਲੇ ਤੋਂ ਬਾਹਰ ਆ ਕੇ ਸਿੱਖਾਂ ਦੀ ਹੌਂਸਲਾ ਅਫਜ਼ਾਈ ਕਰਨ ਲੱਗੇ। ਮੁਖਲਿਸ ਖਾਂ ਨੇ ਜਤੀਮਲ, ਬਿਧੀ ਚੰਦ ਅਤੇ ਗੁਰੂ ਜੀ ਨੂੰ ਲੜਾਈ ਵਿਚ ਅੱਗੇ ਵੱਧਦੇ ਵੇਖਿਆ ਤਾਂ ਉਹ ਆਪ ਫੌਜੀਆਂ ਨੂੰ ਲਲਕਾਰਦਾ ਹੋਇਆ ਅਗੇ ਵਧਿਆ। ਬਿਧੀ ਚੰਦ ਨੇ ਮੁਖਲਿਸ ਖਾਂ ਦੇ ਸਾਥੀ ਸੁਲਤਾਨ ਬੇਗ ਨੂੰ ਘੇਰਿਆ। ਉਸ ਨੇ ਨੇਜ਼ੇ ਨਾਲ ਭਾਈ ਬਿਧੀ ਚੰਦ ਉਤੇ ਵਾਰ ਕੀਤਾ ਜੋ ਉਨ੍ਹਾਂ ਬਚਾ ਲਿਆ। ਭਾਈ ਸਾਹਿਬ ਨੇ ਮੁੜਵਾਂ ਵਾਰ ਕੀਤਾ ਤਾਂ ਸੁਲਤਾਨ ਬੇਗ ਭਜ ਨਿਕਲਿਆ। ਉਨ੍ਹਾਂ ਨੇ ਭਜ ਰਹੇ ਖਾਨ ਨੂੰ ਬਹਾਦਰਾਂ ਵਾਂਗ ਲੜਨ ਲਈ ਵੰਗਾਰਿਆ। ਉਹ ਰੁਕ ਗਿਆ। ਦੁਵਲੀ ਲੜਾਈ ਵਿਚ ਉਹ ਮਾਰਿਆ ਗਿਆ। ਪੈਂਦੇ ਖਾਂ ਨੇ ਮੁਖਲਿਸ ਖਾਂ ਦੇ ਦੂਜੇ ਵੱਡੇ ਸਾਥੀ ਦੀਦਾਰ ਅਲੀ ਨੂੰ ਖ਼ਤਮ ਕੀਤਾ।

ਮੁਖਲਿਸ ਖਾਂ ਦੀ ਸੋਚ ਗੁਰੂ ਸਾਹਿਬ ਨੂੰ ਬੰਦੀ ਬਣਾਉਣ ਦੀ ਸੀ। ਇਸ ਲਈ ਉਸ ਨੇ ਹੰਕਾਰ ਨਾਲ ਗੁਰੂ ਸਾਹਿਬ ਨੂੰ ਸਿੱਧੀ ਟੱਕਰ ਲਈ ਵੰਗਾਰਿਆ। ਰਿਵਾਜ ਅਨੁਸਾਰ ਬਾਕੀ ਸਭ ਪਿੱਛੇ ਹਟ ਗਏ ਤੇ ਦੋਵੇਂ ਯੋਧੇ ਆਹਮੋ ਸਾਹਮਣੇ ਹੋ ਖਲੋਤੇ। ਗੁਰੂ ਜੀ ਨੇ ਤੀਰ ਮਾਰ ਕੇ ਮੁਖਲਿਸ ਖਾਂ ਦਾ ਘੋੜਾ ਡੇਗ ਦਿੱਤਾ। ਮੁਖਲਿਸ ਖਾਂ ਘੋੜੇ ਤੋਂ ਉਤਰਿਆ ਅਤੇ ਗੁਰੂ ਸਾਹਿਬ ਵੀ ਪੈਦਲ ਹੋ ਗਏ। ਉਨ੍ਹਾਂ ਤੀਰਾਂ ਤਲਵਾਰਾਂ ਦੀ ਲੜਾਈ ਵਿਚ ਮੁਖਲਿਸ

ਖਾਂ ਨੂੰ ਪਹਿਲਾਂ ਵਾਰ ਕਰਨ ਲਈ ਆਖਿਆ। ਖਾਨ ਨੇ ਵਾਰ ਕੀਤਾ ਅਤੇ ਗੁਰੂ ਸਾਹਿਬ ਬਚ ਗਏ। ਦੂਜੇ ਵਾਰ ਲਈ ਕਿਹਾ ਤਾਂ ਗੁਰੂ ਪਾਤਸ਼ਾਹ ਨੇ ਉਹ ਵੀ ਰੋਕ ਲਿਆ। ਤੀਜੇ ਵਾਰ ਨਾਲ ਮਹਾਰਾਜ ਨੇ ਖਾਨ ਨੂੰ ਖ਼ਤਮ ਕਰ ਦਿੱਤਾ। ਮੁਖਲਿਸ ਖਾਨ ਦੇ ਡਿੱਗਣ ਨਾਲ ਹੀ ਲੜਾਈ ਮੁਕਣੀ ਸੀ। ਪੰਥ ਪ੍ਰਕਾਸ਼ (ਗਿਆਨੀ ਗਿਆਨ ਸਿੰਘ) ਇਸ ਦੀ ਗਵਾਹੀ ਦਿੰਦਾ ਹੈ—

ਤਾਨ ਕਮਾਨ ਬਾਣ ਗੁਰ, ਰਜ ਕੇ ਤੁਰਕ ਸੰਘਾਰੇ।
ਮੁਖਲਿਸ ਖਾਂ ਲੋ ਮਰੈ ਜਬੈ, ਤਬ ਲੌਟੇ ਤੁਰਕ ਪਛਾਰੇ॥

ਮੁਖੀਏ ਖਾਨ ਦੇ ਮਰਨ ਉਪਰੰਤ ਫੌਜਾਂ ਭਜ ਨਿਕਲੀਆਂ। ਸਿੱਖ ਉਨ੍ਹਾਂ ਦੇ ਪਿੱਛੇ ਭਜੇ ਤਾਂ ਗੁਰੂ ਸਾਹਿਬ ਨੇ ਰੋਕ ਦਿੱਤਾ ਕਿ ਭਜਦਿਆਂ ਦਾ ਪਿੱਛਾ ਨਹੀਂ ਕਰਨਾ। ਇਥੋਂ ਆਪ ਲੋਹਗੜ੍ਹ ਨੂੰ ਗਏ ਜਿਥੇ ਗਿਣਤੀ ਦੇ ਸਿੱਖਾਂ ਨੂੰ ਮੁਗਲਾਂ ਨੇ ਘੇਰਾ ਪਾ ਰੱਖਿਆ ਸੀ। ਜਿੱਤ ਦੇ ਨਗਾਰੇ ਵਜਾਈ ਆਉਂਦੇ ਸਿੱਖ ਜਥੇ ਨੂੰ ਵੇਖ ਕੇ ਮੁਗਲ ਇਥੋਂ ਵੀ ਭਜ ਤੁਰੇ। ਕਿਲ੍ਹੇ ਅੰਦਰ ਭਾਈ ਮੋਹਣ ਤੇ ਭਾਈ ਗੁਪਾਲਾ ਆਖਰੀ ਸਾਹਾਂ ਉਤੇ ਸਨ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਗੋਦ ਵਿਚ ਲਿਆ ਅਤੇ ਪ੍ਰੇਮ ਨਾਲ ਅੰਤਿਮ ਇੱਛਾ ਪੁੱਛੀ। ਉਨ੍ਹਾਂ ਕਿਹਾ ਕਿ ਬਸ ਕੁਝ ਨਹੀਂ ਚਾਹੀਦਾ। ਇਕੋ ਇੱਛਾ ਹੈ ਕਿ ਪ੍ਰਾਣ ਤੁਹਾਡੇ ਚਰਨਾਂ ਵਿਚ ਹੀ ਨਿਕਲਣ। ਅੰਤ ਸਮੇਂ ਤੁਸੀਂ ਨੇੜੇ ਹੋਵੋ—

ਪ੍ਰਾਣ ਅੰਤ ਜਬ ਹੋਏਂ ਹਮਾਰੇ।
ਤਬ ਸਤਿਗੁਰ ਨਿਜ ਨਿਕਟ ਨਿਹਾਰੇ।

ਗੁਰੂ ਪਾਤਸ਼ਾਹ ਨੇ ਸ਼ਹੀਦ ਸਿੱਖਾਂ ਨੂੰ ਇਕੱਠਾ ਕਰਕੇ ਸੰਸਕਾਰ ਕੀਤਾ। ਪ੍ਰੋ. ਸਤਿਬੀਰ ਸਿੰਘ ਨੇ ਇਸ ਜੰਗ ਵਿਚ ਸ਼ਹੀਦ ਹੋਏ ਤੇਰਾਂ ਮੁਖ ਸਿੱਖਾਂ ਦੇ ਨਾਮ ਇਹ ਦੱਸੇ ਹਨ—ਭਾਈ ਨੰਦ, ਭਾਈ ਜੈਤਾ, ਭਾਈ ਪਿਰਾਨਾ, ਭਾਈ ਤੋਤਾ, ਭਾਈ ਤਿਲੋਕਾ, ਭਾਈ ਸਾਈਦਾਸ, ਭਾਈ ਪੈੜਾ, ਭਾਈ ਭਗਤੂ, ਭਾਈ ਅਨੰਤਾ, ਭਾਈ ਨਿਹਾਲਾ, ਭਾਈ ਤਖਤੂ,ਭਾਈ ਮੋਹਨ ਤੇ ਭਾਈ ਗੋਪਾਲ। ਗੁਰੂ ਬਿਲਾਸ ਇਨ੍ਹਾਂ ਸ਼ਹੀਦਾਂ ਦੀ ਗੱਲ ਅੰਕਿਤ ਕਰਦਾ ਹੈ—

ਸਾਈਂ ਦਾਸ ਪੈੜ ਬਲਖ, ਭਗਤੂ ਸੂਰ ਅਪਾਰਾ।
ਅਨੰਤਾ ਬਲਖ ਅਨੰਤ ਥਾ, ਹਮਰੋ ਪ੍ਰੇਮ ਪਿਆਰਾ।
ਨਿਹਾਲੂ ਤਖ਼ਤੂ ਏ ਬਡ ਸੂਰੇ, ਮੋਹਨ ਗੋਪਾਲ ਪ੍ਰਣ ਕੇ ਪੂਰੇ।
ਏ ਮਨ ਤੇਰਾ ਸੂਰ ਅਪਾਰੇ, ਮਨ ਨਮਿਤ ਇਹ ਸੂਰ ਸਿਧਾਰੇ।

ਸ਼ਹੀਦਾਂ ਦੀ ਯਾਦ ਸੰਗਰਾਣਾ ਸਾਹਿਬ ਵਿਚ ਸਥਾਪਤ ਕੀਤੀ ਗਈ। ਦੇਰ ਰਾਤ ਨੂੰ ਸਾਰੇ ਕਾਰਜ ਸਮਾਪਤ ਕਰ ਕੇ ਗੁਰੂ ਸਾਹਿਬ ਬੀਬੀ ਵੀਰੋ ਦੇ ਵਿਆਹ ਲਈ ਝਬਾਲ ਪਹੁੰਚੇ। ਅੰਮ੍ਰਿਤ ਵੇਲੇ ਬੀਬੀ ਦਾ ਅਨੰਦ ਕਾਰਜ ਨਿਰਵਿਘਨ ਸੰਪੂਰਨ ਕੀਤਾ ਗਿਆ। ਇਹ ਕਾਰਜ ਚੌਧਰੀ ਲੰਗਾਹ ਦੀ ਹਵੇਲੀ ਵਿਚ ਹੀ ਹੋਇਆ।

ਚੇਤੇ ਰਹੇ ਕਿ ਚੌਧਰੀ ਲੰਗਾਹ ਝੁਬਾਲ ਦਾ ਵੱਡਾ ਅਜਾਰੇਦਾਰ ਸੀ। ਇਹ ਗੁਰੂ ਅਰਜਨ ਦੇਵ ਜੀ ਸਮੇਂ ਸਿੱਖ ਬਣਿਆ। ਪਿਤਾ ਦਾ ਨਾਮ ਅਬੁਲ ਖੈਰ। ਪਹਿਲਾਂ ਇਹ

ਸਖੀ ਸਰਵਰੀਆ ਸੀ। ਗੁਰੂ ਅਰਜਨ ਦੇਵ ਜੀ ਦੇ ਪ੍ਰਭਾਵ ਨਾਲ ਇਹ ਸਿੱਖੀ ਦਾ ਸ਼ਰਧਾਲੂ ਬਣਿਆ। ਗੁਰੂ ਅਰਜਨ ਦੇਵ ਜੀ ਦੇ ਸ਼ਹਾਦਤ ਦੇਣ ਲਈ ਲਾਹੌਰ ਜਾਣ ਸਮੇਂ ਨਾਲ ਗਏ ਪੰਜ ਸਿਖਾਂ ਵਿਚੋਂ ਇਕ ਭਾਈ ਲੰਗਾਹ ਸੀ। ਚੌਧਰੀ ਲੰਗਾਹ ਨੇ ਗੁਰੂ ਘਰ ਨਾਲ ਪ੍ਰੇਮ ਤੇ ਸਾਥ ਆਪਣੀ ਜਾਨ ਤੇ ਚੌਧਰ ਦੀ ਪ੍ਰਵਾਹ ਨਾ ਕਰਦੇ ਹੋਏ ਉਮਰ ਭਰ ਨਿਭਾਇਆ।

ਮੁਖਲਿਸ ਖਾਂ ਦੀ ਮੌਤ ਨਾਲ ਲਾਹੌਰ ਦੇ ਹਾਕਮ ਨੂੰ ਇਹ ਸਮਝ ਆ ਗਈ ਕਿ ਗੁਰੂ ਸਾਹਿਬ ਨਾਲ ਟੱਕਰ ਲੈਣੀ ਸੌਖੀ ਨਹੀਂ। ਲਾਹੌਰ ਵਿਚਲੇ ਗੁਰੂਘਰ ਦੇ ਸ਼ਰਧਾਲੂਆਂ ਨੇ ਸ਼ਾਹਜਹਾਂ ਨੂੰ ਵੀ ਇਹ ਗੱਲ ਦੱਸੀ ਕਿ ਕੁਲੀਜ਼ ਖਾਂ ਅਤੇ ਮੁਖਲਿਸ ਖਾਂ ਨੇ ਗੁਰੂ ਸਾਹਿਬ ਉਤੇ ਚੜ੍ਹਾਈ ਕਰਕੇ ਠੀਕ ਨਹੀਂ ਕੀਤਾ। ਗੁਰੂ ਪਾਤਸ਼ਾਹ ਜੰਗ ਨਹੀਂ ਸਨ ਚਾਹੁੰਦੇ। ਉਨ੍ਹਾਂ ਦੀ ਬੇਟੀ ਦੀ ਸ਼ਾਦੀ ਤੋਂ ਦੋ ਰਾਤਾਂ ਪਹਿਲਾਂ ਇੰਜ ਉਨ੍ਹਾਂ ਦੇ ਡੇਰੇ ਉਤੇ ਫੌਜਾਂ ਦੀ ਚੜ੍ਹਾਈ ਸ਼ਾਹੀ ਸ਼ਾਨ ਦੇ ਖਿਲਾਫ਼ ਹੈ। ਇਸ ਲੜਾਈ ਵਿਚ ਲਾਹੌਰ ਦੀ ਹਾਰ ਸ਼ਾਹੀ ਸ਼ਾਨ ਉਤੇ ਧਬਾ ਹੈ। ਪੰਜਾਬ ਦੀ ਵਾਗ ਡੋਰ ਦਾ ਮਾਲਕ ਆਸਫ ਖਾਨ ਇਸ ਸਮੇਂ ਆਗਰੇ ਸੀ। ਲਾਹੌਰ ਵਿਚ ਕੁਲੀਜ਼ ਖਾਨ ਇਸ ਹਾਰ ਨੂੰ ਚੁਪ ਕਰਕੇ ਪੀ ਤਾਂ ਗਿਆ ਪਰ ਇਸ ਨਾਲ ਮੁਗਲ ਹਕੂਮਤ ਤੇ ਸਿੱਖਾਂ ਵਿਚਕਾਰ ਕੁੜਿਤਨ ਦਾ ਅਧਿਆਇ ਜੁੜਦਾ ਪ੍ਰਤੀਤ ਹੋਣ ਲੱਗਾ।

ਆਸਿਫ਼ ਖਾਨ ਪੰਜਾਬ ਆਇਆ ਤਾਂ ਉਸ ਨੇ ਸਥਿਤੀ ਨੂੰ ਸੰਭਾਲਣ ਲਈ ਕੁਲੀਜ਼ ਖਾਨ ਨੂੰ ਹੱਟਾ ਦਿੱਤਾ। ਉਸ ਦੀ ਥਾਂ ਅਨਾਇਤ ਉਲਾ ਖਾਨ ਏਜ਼ਦੀ ਨੂੰ ਲਾਹੌਰ ਦੀ ਸੂਬੇਦਾਰੀ ਦੇ ਦਿੱਤੀ। ਸ਼ਾਹਜਹਾਂ ਪੰਜਾਬ ਤਾਂ ਨਾ ਆਇਆ। ਉਸ ਨੇ ਆਸਿਫ਼ ਖਾਂ ਦੁਆਰਾ ਕੀਤੀ ਕਾਰਵਾਈ ਨੂੰ ਮਨਜ਼ੂਰੀ ਦੇ ਦਿੱਤੀ। ਇਸ ਤੋਂ ਇਹੀ ਸਾਬਤ ਹੁੰਦਾ ਹੈ ਕਿ ਲਾਹੌਰ ਦੇ ਹਾਕਮ ਹੀ ਬਹੁਤੀ ਹੱਦ ਤੱਕ ਇਸ ਲੜਾਈ ਲਈ ਜ਼ਿੰਮੇਵਾਰ ਸਨ। ਸ਼ਾਹਜਹਾਂ ਦੀ ਸਿਧੀ ਸ਼ਮੂਲੀਅਤ ਇਸ ਵਿਚ ਨਹੀਂ ਸੀ।

ਕੁਲੀਜ਼ ਖਾਨ ਤੇ ਮੁਖਲਿਸ ਖਾਂ ਹੀ ਬਾਜ਼ ਵਾਲੀ ਘਟਨਾ ਕਾਰਨ ਵਿਗੜੇ ਫਿਰਦੇ ਸਨ। ਕਾਜ਼ੀ ਰੁਸਤਮ ਖਾਨ ਨੇ ਵੀ ਬਲਦੀ ਉਤੇ ਤੇਲ ਪਾਇਆ ਸੀ। ਸ਼ਾਹਜਹਾਂ ਦੀ ਕਟੜ ਮਜ਼ਹਬੀ ਨੀਤੀ ਵਾਲੇ ਫੁਰਮਾਨਾਂ ਦੀ ਇਨ੍ਹਾਂ ਨੇ ਓਟ ਲਈ ਸੀ। ਮੁਖਲਿਸ ਖਾਂ ਦੀ ਮਾਨਸਿਕਤਾ ਦਾ ਅਨੁਮਾਨ ਉਸ ਦੀ ਇਸ ਜੰਗ ਵਿਚ ਗੁਰੂ ਸਾਹਿਬ ਨੂੰ ਸਿਧਿਆਂ ਵੰਗਾਰਨ ਤੋਂ ਦੇਖੀ ਜਾ ਸਕਦੀ ਹੈ। ਉਸ ਦੀ ਹੰਕਾਰੀ ਸੋਚ ਪਿਛੇ ਕੰਮ ਕਰ ਰਿਹਾ ਘਟਨਾ ਚੱਕਰ ਉਸ ਦੇ ਗੁਰੂ ਸਾਹਿਬ ਨੂੰ ਵੰਗਾਰਨ ਦੇ ਉਸ ਅੰਦਾਜ਼ ਤੋਂ ਵੀ ਸਪੱਸ਼ਟ ਹੁੰਦਾ ਹੈ ਜਿਸ ਦਾ ਚਿਤ੍ਰਨ ਗੁਰ ਬਿਲਾਸ ਵਿਚ ਪ੍ਰਾਪਤ ਹੈ।

ਗੁਰ ਬਿਲਾਸ ਮੁਤਾਬਿਕ ਮੁਖਲਿਸ ਖਾਨ ਨੇ ਕਿਹਾ : ਦਿੱਲੀ ਦੇ ਤਖ਼ਤ ਦੇ ਮੁਕਾਬਲੇ ਤੁਸੀਂ ਕੀ ਬੱਚਿਆਂ ਵਾਂਗ ਆਪਣਾ ਤਖ਼ਤ ਬਣਾ ਲਿਆ ਹੈ। ਨਾ ਕੋਈ ਰਾਜ ਤੁਹਾਡੇ ਕੋਲ ਹੈ ਤੇ ਨਾ ਮੁਲਕ। ਕਹਾਂਦੇ ਪਾਤਸ਼ਾਹ ਹੋ। ਦਿੱਲੀ ਦਾ ਸ਼ਹਿਨਸ਼ਾਹ ਤਾਂ ਬਾਕਾਇਦਾ ਤਖ਼ਤ ਦਾ ਮਾਲਕ ਹੈ—

ਦਿੱਲੀ ਪਤ ਹੈ ਤਖ਼ਤ ਕਾ ਮਾਲਕ।

ਤੁਮ ਕਹ ਕਰਾ ਤਖਤ ਜਿਮ ਬਾਲਕ।

ਉਤਰ ਵਿਚ ਗੁਰੂ ਸਾਹਿਬ ਨੇ ਕਿਹਾ ਕਿ ਸਾਡਾ ਪਾਤਸ਼ਾਹ ਅਕਾਲ ਪੁਰਖ ਹੈ। ਤੁਹਾਡਾ ਪਾਤਸ਼ਾਹ ਨਾਸਵਾਨ ਹੈ। ਐਵੇਂ ਹੰਕਾਰ ਨਾ ਕਰ। ਅਸੀਂ ਤੁਹਾਡਾ ਤਾਜ ਬਾਜ਼ ਸਭ ਖੋਹ ਕੇ ਸਿੱਖਾਂ ਨੂੰ ਦੇ ਦੇਣੇ ਹਨ—

ਤਾਜ ਬਾਜ਼ ਤੁਮਰੇ ਸਭ ਲੇਨੇ।
ਤਿਨ ਸਿਖਨ ਕੋ ਹਮ ਸਭ ਦੇਨੇ।
ਨਾਸਵੰਤ ਤੁਮਰਾ ਹੈ ਸਾਹ।
ਅਬਨਾਸੀ ਹੈ ਮਮ ਪਾਤਸ਼ਾਹ।

ਇਕ ਪਾਸੇ ਦੁਨਿਆਵੀ ਓਟ ਆਸਰੇ, ਹਕੂਮਤ ਤੇ ਹੰਕਾਰ ਦਾ ਨਸ਼ਾ ਸੀ। ਦੂਜੇ ਪਾਸੇ ਅਕਾਲ ਪੁਰਖ ਦੀ ਓਟ ਆਸਰਾ, ਸਵੈ ਮਾਣ, ਸਚਾਈ ਤੇ ਲੋਕਾਈ ਸੀ। ਇਸ ਵਿਚ ਫਤਹਿ ਸਚਾਈ ਤੇ ਲੋਕਾਈ ਨਾਲ ਜੁੜੀ ਅਕਾਲ ਪੁਰਖ ਦੀ ਫੌਜ ਦੀ ਹੋਈ।

ਅਧਿਆਇ 7

ਹਰਿਗੋਬਿੰਦਪੁਰ : ਦੂਜੀ ਕਰਾਰੀ ਜੰਗ

ਅੰਮ੍ਰਿਤਸਰ ਦੀ ਲੜਾਈ ਵਿਚ ਫਤਹਿਯਾਬ ਹੋਣ ਉਪਰੰਤ ਗੁਰੂ ਸਾਹਿਬ ਸਿੱਧੇ ਝੁਬਾਲ ਪਹੁੰਚੇ। ਬੇਟੀ ਦੀ ਸ਼ਾਦੀ ਉਪਰੰਤ ਆਪ ਤਰਨਤਾਰਨ ਹੁੰਦੇ ਹੋਏ ਗੋਇੰਦਵਾਲ ਆ ਗਏ। ਇਥੇ ਰੋਜ਼ ਸੰਗਤਾਂ ਜੁੜਦੀਆਂ। ਨੌਜਵਾਨ ਸਿੱਖਾਂ ਨੂੰ ਗੂਰ ਸਾਹਿਬ ਦੀ ਲਾਹੌਰ ਮੁਗਲ ਫੌਜਾਂ ਨਾਲ ਟੱਕਰ ਅਤੇ ਵਿਜੇ ਦਾ ਪਤਾ ਲੱਗਾ ਤਾਂ ਉਹ ਜੋਸ਼ ਸ਼ਰਧਾ ਤੇ ਉਤਸ਼ਾਹ ਨਾਲ ਅੱਗੇ ਹੋ ਕੇ ਆਪਣੀ ਜਵਾਨੀ ਗੁਰੂ ਸਾਹਿਬ ਅੱਗੇ ਭੇਟ ਕਰਨ ਲੱਗੇ। ਤੀਜੇ ਪਾਤਸ਼ਾਹ ਗੁਰੂ ਅਮਰਦਾਸ ਜੀ ਦਾ ਕੇਂਦਰ ਸੀ ਇਹ ਨਗਰ। ਉਨ੍ਹਾਂ ਦੀ ਅਲ ਔਲਾਦ ਨੇ ਗੁਰੂ ਪਾਤਸ਼ਾਹ ਨੂੰ ਬੜਾ ਆਦਰ ਦਿੱਤਾ ਅਤੇ ਇਥੇ ਹੀ ਟਿਕੇ ਰਹਿਣ ਲਈ ਬੇਨਤੀ ਕੀਤੀ। ਗੁਰੂ ਸਾਹਿਬ ਨੇ ਕਿਹਾ ਕਿ ਮੁਗਲ ਹਕੂਮਤ ਨਾਲ ਸਬੰਧ ਕੁੜਿਤਣ ਵਾਲੇ ਹੋ ਚੁੱਕੇ ਹਨ। ਉਹ ਕਿਸੇ ਸਮੇਂ ਵੀ ਅੰਮ੍ਰਿਤਸਰ ਉਤੇ ਹਲਾ ਕਰ ਸਕਦੇ ਹਨ ਅਤੇ ਇਥੇ ਵੀ। ਤੁਸੀਂ ਇਥੇ ਦੇ ਗੁਰਧਾਮਾਂ ਦੀ ਸੰਭਾਲ ਕਰ ਰਹੇ ਹੋ ਅਤੇ ਸਿੱਖੀ ਸੰਭਾਲ ਵੀ। ਤੁਸੀਂ ਇਥੇ ਦੀ ਜ਼ਿੰਮੇਵਾਰੀ ਸੰਭਾਲੋ। ਅੰਮ੍ਰਿਤਸਰ ਦੇ ਕੇਂਦਰ ਦੀ ਸੰਭਾਲ ਵੀ ਸਿੱਖ ਸੰਗਤਾਂ ਕਰ ਰਹੀਆਂ ਹਨ। ਸਾਨੂੰ ਆਪਣੀ ਸਾਰੀ ਸ਼ਕਤੀ ਇਕੋ ਕੇਂਦਰ ਤਕ ਸੀਮਿਤ ਨਹੀਂ ਰੱਖਣੀ ਚਾਹੀਦੀ। ਇਹ ਵਿਚਾਰ ਕੇ ਗੁਰੂ ਸਾਹਿਬ ਕਰਤਾਰਪੁਰ ਆ ਟਿਕੇ।

ਗੁਰੂ ਸਾਹਿਬ ਨੇ ਕਰਤਾਰਪੁਰ ਪਹੁੰਚਣ ਤੋਂ ਕੁਝ ਹੀ ਦਿਨ ਪਿਛੋਂ ਬੀਬੀ ਕੌਲਾਂ ਅਕਾਲ ਚਲਾਣਾ ਕਰ ਗਈ। ਪੰਥ ਪ੍ਰਕਾਸ਼ ਦੱਸਦਾ ਹੈ—

ਗੋਇੰਦਵਾਲ ਕੁਟੰਬ ਤਜ ਪਹੁੰਚੇ ਪੁਰ ਕਰਤਾਰ।
ਆਗੇ ਕੌਲਾਂ ਤਿਆਰ ਥੀ ਮਰਨੇ ਹੇਤ ਬੀਮਾਰ।

ਗੁਰੂ ਪਾਤਸ਼ਾਹ ਨੇ ਬੀਬੀ ਦਾ ਸਸਕਾਰ ਕਰਵਾਇਆ। ਭਾਈ ਗੁਰਦਾਸ ਜੀ ਨੇ ਚਿਤਾ ਨੂੰ ਅਗਨੀ ਦਿਖਾਈ। ਸੰਗਤਾਂ ਨੇ ਕਈ ਦਿਨ ਕੀਰਤਨ ਕਰ ਕੇ ਉਸ ਨੂੰ ਯਾਦ ਕੀਤਾ। ਕੁਝ ਸਮੇਂ ਉਪਰੰਤ ਕਰਤਾਰਪੁਰ ਵਿਚ ਜੰਗੀ ਖੇਡਾਂ ਤੇ ਸ਼ਿਕਾਰ ਆਰੰਭ ਹੋ ਗਿਆ। ਉਥੇ ਦੀ ਬੀੜ ਵਿਚ ਸ਼ੇਰ ਚੀਤੇ ਤੇ ਬਘਿਆੜ ਨੇੜੇ ਦੀ ਵਸੋਂ ਲਈ ਖਤਰਾ ਸਨ। ਗੁਰੂ ਸਾਹਿਬ ਨੇ ਇਨ੍ਹਾਂ ਦਾ ਸ਼ਿਕਾਰ ਕਰਕੇ ਲੋਕਾਂ ਦਾ ਸਹਿਮ ਦੂਰ ਕੀਤਾ।

ਸ਼ਾਹ ਜਹਾਨ ਦੇ ਹੁਕਮਾਂ ਦੇ ਬਾਵਜੂਦ ਗੈਰ ਸਿੱਖ ਲੋਕ ਸਿੱਖੀ ਦੇ ਦਾਇਰੇ ਵਿਚ ਆਉਣੇ ਜਾਰੀ ਰਹੇ। ਹਿੰਦੂ ਹੀ ਨਹੀਂ, ਮੁਸਲਮਾਨ ਤੇ ਪਠਾਨ ਵੀ। ਇਨ੍ਹਾਂ ਵਿਚ ਅਮੀਰ ਦੋਸਤ ਨਾਂ ਦਾ ਪ੍ਰਸਿੱਧ ਪਠਾਣ ਸਰਦਾਰ ਵੀ ਸੀ। ਇਸੇ ਦੌਰਾਨ ਹੀ ਗੁਰੂ ਸਾਹਿਬ ਨੇ ਪੈਂਦੇ ਖਾਂ ਦੀ ਸ਼ਾਦੀ ਵੀ ਕਰਵਾਈ।

ਸ਼ਾਹਜਹਾਂ ਪੰਜਾਬ ਤੋਂ ਦੂਰ ਹੋਣ ਕਰਕੇ ਪੰਜਾਬ ਦਾ ਗਵਰਨਰ ਅਨਾਇਤ ਉਲਾ ਖਾਂ ਏਜ਼ਦੀ ਛੇਤੀ ਹੀ ਆਪ ਹੁਦਰਾ ਹੋ ਗਿਆ। ਉਸ ਦੀ ਵੇਖਾ-ਵੇਖੀ ਬਾਕੀ ਪੰਜਾਬ ਵਿਚ ਮੁਗਲ ਸਰਦਾਰ ਲੋਕਾਂ ਉਤੇ ਅਤਿਆਚਾਰ ਕਰਨ ਲਗ ਪਏ ਸਨ। ਆਮ ਆਦਮੀ ਦੀ ਲੁੱਟ ਖਸੁਟ ਅਤੇ ਉਸ ਦੇ ਹਕਾਂ ਉਤੇ ਡਾਕੇ ਪੈਂਦੇ ਵੇਖ ਗੁਰੂ ਸਾਹਿਬ ਨੇ ਅੱਗੇ ਹੋ ਕੇ ਆਪ ਦੋਸ਼ੀਆਂ ਨੂੰ ਸੋਧਣਾ ਸ਼ੁਰੂ ਕੀਤਾ। ਕਈ ਕਰਮਚਾਰੀ ਸੁਧਰ ਕੇ ਸਿੱਖੀ ਦੇ ਮਾਰਗ ਉਤੇ ਤੁਰ ਪਏ। ਸਮਾਜ ਵਿਰੋਧੀ, ਡਾਕੂ ਤੇ ਲੁਟੇਰੇ ਆਪਣੇ ਗੁਨਾਹਾਂ ਤੋਂ ਤੋਬਾ ਕਰ ਕੇ ਗੁਰ ਦੇ ਲੜ ਲੱਗੇ। ਗੁਰੂ ਸਾਹਿਬ ਦੀ ਫੌਜ ਵਿਚ ਸ਼ਾਮਿਲ ਹੋ ਗਏ। ਇਹ ਦੇਖ ਕੇ ਕਈਆਂ ਨੇ ਗੁਰੂ ਸਾਹਿਬ ਬਾਰੇ ਇਹ ਪ੍ਰਚਾਰ ਸ਼ੁਰੂ ਕਰ ਦਿੱਤਾ ਕਿ ਗੁਰੂ ਹਰਿਗੋਬਿੰਦ ਸਾਹਿਬ ਚੋਰਾਂ ਡਾਕੂਆਂ ਲੁਟੇਰਿਆਂ ਅਤੇ ਸਰਕਾਰੀ ਬਾਗੀਆਂ ਨੂੰ ਪਨਾਹ ਦਿੰਦੇ ਹਨ। ਜਿਸ ਕਾਰਜ ਦੀ ਤਾਰੀਫ਼ ਕਰਨੀ ਬਣਦੀ ਸੀ, ਉਸੇ ਲਈ ਗੁਰੂ ਸਾਹਿਬ ਵਿਰੁੱਧ ਜ਼ਬਾਨੀ/ਲਿਖਤੀ ਭੰਡੀ ਪ੍ਰਚਾਰ ਕੀਤਾ ਗਿਆ। ਜਿਨ੍ਹਾਂ ਦਾ ਦਾਲ ਫੁਲਕਾ ਲੁਟ ਖਸੁਟ ਤੇ ਜ਼ੁਲਮ ਆਸਰੇ ਚਲਦਾ ਸੀ, ਉਹ ਸ਼ਾਹਜਹਾਂ ਤੱਕ ਸ਼ਿਕਾਇਤਾਂ ਪਹੁੰਚਾਉਣ ਲੱਗੇ। ਇਕ ਦੋ ਵਾਰ ਤਾਂ ਸ਼ਾਹਜਹਾਂ ਨੇ ਗੁਰੂ ਸਾਹਿਬ ਵਿਰੁੱਧ ਕਾਰਵਾਈ ਦੀ ਵੀ ਸੋਚੀ ਪਰ ਫਿਰ ਗੁਰੂ ਸਾਹਿਬ ਦੇ ਪ੍ਰਸ਼ੰਸਕਾਂ ਤੇ ਹਮਦਰਦਾਂ ਦੇ ਸਮਝਾਏ ਬੁਝਾਏ ਉਹ ਰੁਕ ਗਿਆ।

ਬਰਸਾਤਾਂ ਸ਼ੁਰੂ ਹੋਣ ਉਤੇ ਗੁਰੂ ਸਾਹਿਬ ਕਰਤਾਰਪੁਰ ਛੱਡ ਕੇ ਹਰਿਗਬਿੰਦ ਪੁਰ ਚਲੇ ਗਏ। ਕਰਤਾਰਪੁਰ ਕੁਝ ਨੀਵੀਂ ਥਾਂ ਸੀ। ਹਰਿਗੋਬਿੰਦ ਪੁਰ ਉੱਚਾ ਹੋਣ ਕਾਰਨ ਬਰਸਾਤਾਂ ਦਾ ਮੌਸਮ ਉਥੇ ਗੁਜ਼ਾਰਨਾ ਸੁਖਾਲਾ ਸੀ। ਗੁਰੂ ਸਾਹਿਬ ਨੇ ਇਸ ਕੇਂਦਰ ਨੂੰ ਮਜ਼ਬੂਤ ਕਰਨ ਲਈ ਨਗਰ ਦੁਆਲੇ ਪਕੀ ਫਸੀਲ ਬਣਾਉਣ ਦਾ ਨਿਰਣਾ ਕੀਤਾ। ਇਹ ਨਗਰ ਮਰਹੂਮ ਚੰਦੂ ਦੇ ਇਲਾਕੇ ਵਿਚ ਸੀ। ਚੰਦੂ ਦਾ ਇਕ ਰਿਸ਼ਤੇਦਾਰ ਭਗਵਾਨ ਦਾਸ ਘੇਰੜ ਖਤਰੀ ਸੀ। ਉਹ ਇਸ ਪਰਗਣੇ ਦਾ ਮਾਲਗੁਜ਼ਾਰ ਸੀ। ਜਲੰਧਰ ਦੇ ਸੂਬੇਦਾਰ ਨਾਲ ਉਸ ਦੀ ਯਾਰੀ ਸੀ। ਭਗਵਾਨ ਦਾਸ ਨੇ ਬਦਲੇ ਹੋਏ ਹਾਲਾਤ ਵਿਚ ਗੁਰੂ ਸਾਹਿਬ ਤੋਂ ਹਰਿਗੋਬੰਦਪੁਰ ਖੋਹਣ ਦਾ ਮਨਸੂਬਾ ਬਣਾਇਆ। ਉਸ ਨੂੰ ਪਤਾ ਸੀ ਕਿ ਲਾਹੌਰ ਦੇ ਹਾਕਮ ਹਾਰ ਕਰਕੇ ਦੁਖੀ ਹਨ। ਆਗਰੇ ਬੈਠੇ ਸ਼ਾਹ ਜਹਾਂ ਨਾਲ ਗੁਰੂ ਜੀ ਦੀ ਵਿਗੜੀ ਹੋਈ ਹੈ। ਪੰਜਾਬ ਦੇ ਹਾਕਮ ਗੁਰੂ ਸਾਹਿਬ ਦੀਆਂ ਸਰਗਰਮੀਆਂ ਕਾਰਨ ਦੁਖੀ ਹਨ। ਜਲੰਧਰ ਵਿਚ ਚੰਦੂ ਦਾ ਪੁੱਤਰ ਕਰਮ ਚੰਦ ਤੇ ਭਰਾ ਲਾਲ ਚੰਦ ਸ਼ਾਹੀ ਅਹਿਲਕਾਰ ਸਨ। ਇਸ ਸਾਰੇ ਕੁਝ ਨੂੰ ਵੇਖ ਕੇ ਭਗਵਾਨ ਦਾਸ ਗੁਰੂ ਸਾਹਿਬ ਦੇ ਦਰਬਾਰ ਵਿਚ ਆਇਆ ਅਤੇ ਹਰਿਗੋਬਿੰਦਪੁਰ ਤੋਂ ਕਬਜ਼ਾ ਛੱਡਣ ਲਈ ਆਖਣ ਲੱਗਾ। ਗੁਰੂ ਸਾਹਿਬ ਸ਼ਾਂਤ ਰਹੇ। ਉਹ ਅਬਾ-ਤਬਾ ਬੋਲ ਕੇ ਤੁਰ ਗਿਆ।

ਅਗਲੇ ਦਿਨ ਘੇਰੜ ਫੇਰ ਆਇਆ ਅਤੇ ਹੰਕਾਰ ਨਾਲ ਬੇਅਦਬੀ ਭਰੇ ਬੋਲ ਬੋਲਣ ਲੱਗਾ : ਤੁਸੀਂ ਇਥੋਂ ਡੇਰਾ ਚੁਕੋ। ਨਾਜਾਇਜ਼ ਕਬਜ਼ਾ ਕਰੀ ਬੈਠੇ ਹੋ। ਤੁਹਾਨੂੰ ਆਸਰਾ ਦਿੱਤਾ ਸੀ ਇਲਾਕੇ ਨੇ। ਤੁਸੀਂ ਮਾਲਕ ਬਣ ਬੈਠੇ ਹੋ। ਇੰਨੇ ਢੀਠ ਹੋ ਕਿ ਸੁਣਦੇ ਹੀ ਨਹੀਂ। ਗੁਰੂ ਬਣੀ ਬੈਠੇ ਹੋ। ਮੈਂ ਕੱਲ੍ਹ ਵੀ ਆਇਆ ਸਾਂ। ਜੇ ਸਿਧੀ ਤਰ੍ਹਾਂ ਨਗਰ ਨਾ ਖਾਲੀ ਕੀਤਾ ਤਾਂ ਹੋਰ ਤਰੀਕਾ ਵੀ ਹੈ ਮੇਰੇ ਕੋਲ। ਉਸ ਦੇ ਬੋਲ ਸੁਣ ਕੇ ਸਿੱਖ ਸੰਗਤਾਂ ਭੜਕ

ਉਠੀਆਂ। ਉਨ੍ਹਾਂ ਉਸ ਨੂੰ ਅਦਬ ਨਾਲ ਗੱਲ ਕਰਨ ਲਈ ਕਿਹਾ ਤਾਂ ਉਹ ਆਪਣੇ ਨਾਲ ਲਿਆਂਦੇ ਗੁੰਡਿਆਂ ਨਾਲ ਅਗਾਂਹ ਹੋਇਆ। ਹੁਣ ਸਿੱਖਾਂ ਦੇ ਸਬਰ ਦਾ ਪਿਆਲਾ ਭਰ ਗਿਆ। ਉਨ੍ਹਾਂ ਨੇ ਭਗਵਾਨ ਦਾਸ ਦਾ ਸਿਰ ਕੱਟ ਕੇ ਉਸ ਦੀ ਲਾਸ਼ ਬਿਆਸ ਵਿਚ ਰੋੜ੍ਹ ਦਿੱਤੀ। ਇਸ ਝਗੜੇ ਦਾ ਉਲੇਖ ਪੰਥ ਪ੍ਰਕਾਸ਼ ਵਿਚ ਕੁਝ ਇਸ ਤਰ੍ਹਾਂ ਹੈ—

ਘੇਰੜ ਖਤਰੀ ਇਕ ਭਗਵਾਨਾ।
ਹੋਤ ਚੌਧਰੀ ਬਡੋ ਨਿਦਾਨਾ।...
ਚੰਦੂ ਕਾ ਥਾ ਦੋਸਤ ਸਾਕ।
ਇਸ ਹਿਤ ਸੋ ਰਾਖਤ ਥਾ ਝਾਕ।
ਗੁਰ ਕੀ ਬਿਗਰ ਗਈ ਸ਼ਾਹ ਸੰਗ।
ਇਨ ਕੋ ਕਿਉਂ ਉਠਾਇ ਨਿਸੰਗ।
ਇਹ ਗਿਣਤੀ ਕਰ ਸੋ ਚਲ ਆਇਓ।
ਕਿਹਾ ਉਠੋ ਕਤ ਡੇਰਾ ਲਾਇਓ।
ਬੁਰੀ ਭਲੀ ਜਬ ਬਹੁਤੀ ਕਹੀ।
ਧੀਰ ਧੁਰੰਧਰ ਗੁਰ ਸਭ ਸਹੀ।
ਬਿਧੀ ਚੰਦ ਥਾ ਮਾਰਨ ਲਾਗਾ।
ਬਰਜ ਰਖਿਓ ਗੁਰ ਘੇਰੜ ਆਗਾ।
ਆਇ ਕੁਬੋਲ ਦੂਤੀ ਦਿਨ ਕੀਆ।
ਸਿਖੋਂ ਨੇ ਤਬ ਹਲਾ ਕਿਆ।
ਮਾਰ ਰੁੜਾਇ ਨਦੀ ਮੇਂ ਦੀਆ।
ਸਾਥੀ ਉਸ ਕੇ ਭਾਗ ਗਏ ਸਭ।....
ਰਤਨ ਚੰਦ ਤਿਸ ਕੇ ਬੇਟੇ ਤਬ।
ਜਲੰਧਰ ਕੇ ਸੂਬੇ ਪਾਸ।
ਜਾਇ ਫਰਿਆਦ ਕਰੀ ਬਡਖਾਸ।
ਲਾਲ ਚੰਦ ਚੰਦੂ ਕਾ ਭਾਈ।
ਪੇਸ਼ਕਾਰ ਸੂਬੇ ਅਗਵਾਈ।
ਕਰਮਚੰਦ ਚੰਦੂ ਕਾ ਬੇਟਾ।
ਹੁਤੋ ਮੁਹਾਲਦਾਰ ਦੁਖ ਲੇਟਾ।
ਉਨ ਭੀ ਨਾਜ਼ਮ ਬਹੋ ਭੜਕਾਇਓ।
ਕਹਿਓ ਗੁਰੂ ਅਬ ਕਾਬੂ ਆਇਓ।

ਭਗਵਾਨ ਦਾਸ ਦੇ ਮਾਰੇ ਜਾਣ ਉਤੇ ਉਸ ਦੇ ਸਾਥੀ ਭਜ ਗਏ। ਭਗਵਾਨ ਦਾਸ ਦੇ ਪੁੱਤਰ ਰਤਨ ਚੰਦ ਨੇ ਚੰਦੂ ਦੇ ਪੁੱਤਰ ਕਰਮ ਚੰਦ ਅਤੇ ਭਰਾ ਲਾਲ ਚੰਦ ਨੂੰ ਨਾਲ ਲਿਆ। ਜਲੰਧਰ ਦੇ ਸੂਬੇਦਾਰ ਅਬਦੁਲਾ ਖਾਨ ਨੂੰ ਭੜਕਾਇਆ ਕਿ ਗੁਰੂ ਸਾਹਿਬ ਹੁਣ ਕਾਬੂ ਆਏ ਹਨ। ਉਨ੍ਹਾਂ ਨੇ ਸ਼ਾਹੀ ਮਾਲ ਗੁਜ਼ਾਰ ਭਗਵਾਨ ਦਾਸ ਨੂੰ ਮਾਰ ਮੁਕਾਇਆ

ਹੈ। ਇਹ ਸ਼ਾਹੀ ਹਕੂਮਤ ਨੂੰ ਸਿਧੀ ਵੰਗਾਰ ਹੈ। ਪਹਿਲਾਂ ਉਨ੍ਹਾਂ ਨੇ ਲਾਹੌਰ ਦੇ ਹਾਕਮ ਨੂੰ ਵੰਗਾਰਿਆ ਹੈ। ਹੁਣ ਉਹ ਤੁਹਾਨੂੰ ਵੰਗਾਰ ਰਹੇ ਹਨ। ਇਸ ਲਈ ਗੁਰੂ ਸਾਹਿਬ ਵਿਰੁੱਧ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ।

ਸੂਬੇਦਾਰ ਅਬਦੁਲਾ ਖਾਨ ਪਹਿਲਾਂ ਹੀ ਭਰਿਆ ਪੀਤਾ ਸੀ। ਚੁਕ ਚੁਕਾਈ ਨੇ ਬਲਦੀ ਉਤੇ ਤੇਲ ਪਾਇਆ। ਉਸ ਨੇ ਗੁਰੂ ਜੀ ਉਤੇ ਹਲੇ ਲਈ ਪੰਦਰਾਂ ਹਜ਼ਾਰ ਫੌਜੀ ਭੇਜ ਦਿੱਤੇ। ਇਹੀ ਨਹੀਂ ਉਸ ਨੇ ਆਪਣੇ ਬਾਕੀ ਫੌਜਦਾਰਾਂ ਨੂੰ ਵੀ ਤਿਆਰ ਰਹਿਣ ਦਾ ਹੁਕਮ ਦੇ ਦਿੱਤਾ। ਅਬਦੁਲਾ ਖਾਂ ਦੁਆਰਾ ਰੋਹ ਵਿਚ ਆ ਕੇ ਇੰਜ ਦੀ ਕਾਰਵਾਈ ਕਰਨ ਦਾ ਜ਼ਿਕਰ ਗੁਰ ਬਿਲਾਸ ਪਾ ਛੇਵੀਂ ਵਿਚ ਕੁਝ ਇਸ ਪ੍ਰਕਾਰ ਹੈ—

ਕਹਾਂ ਗੁਰੂ ਹੈ ਹਮੇਂ ਬਤਾਵੋ।
ਹਮੀਂ ਮਾਰ ਤਾਹਿੰ ਘਰ ਆਵੋ।

ਭਟ ਵਹੀਆਂ ਅਨੁਸਾਰ ਇਹ ਜੰਗ ਅੰਮ੍ਰਿਤਸਰ ਦੀ ਲੜਾਈ ਤੋਂ ਪਹਿਲਾਂ ਹੋਈ ਦੱਸੀ ਗਈ ਹੈ। ਇਨ੍ਹਾਂ ਅਨੁਸਾਰ ਭਗਵਾਨ ਦਾਸ ਘੇਰੜ 1621 ਵਿਚ ਮਾਰਿਆ ਗਿਆ। ਬਹੁਤੇ ਇਤਿਹਾਸਕਾਰ ਇਸ ਨੂੰ ਨਹੀਂ ਮੰਨਦੇ। ਉਹ ਅੰਮ੍ਰਿਤਸਰ ਦੀ ਲੜਾਈ ਨੂੰ ਪਹਿਲੀ ਲੜਾਈ ਕਹਿੰਦੇ ਹਨ। ਗੁਰ ਬਿਲਾਸ ਨੇ ਇਸ ਜੰਗ ਬਾਰੇ ਵਿਸਤਾਰ ਨਾਲ ਗੱਲ ਕੀਤੀ ਹੈ। ਇਸ ਅਨੁਸਾਰ ਸ਼ਾਹੀ ਫੌਜ ਦੀ ਚੜ੍ਹਾਈ ਦਾ ਪਤਾ ਲੱਗਣ ਉਤੇ ਗੁਰੂ ਸਾਹਿਬ ਨੇ ਭਾਈ ਜੱਟੂ ਨੂੰ ਬੁਲਾਇਆ ਅਤੇ ਜੰਗ ਦੀ ਵਿਉਂਤ ਸਮਝਾਂਦੇ ਹੋਏ ਉਸ ਨੂੰ ਕਮਾਂਡ ਸੌਂਪੀ। ਉਸ ਨਾਲ ਭਾਈ ਕਲਿਆਣਾ, ਭਾਈ ਕਾਲਾ, ਭਾਈ ਪਰਾਗਾ, ਭਾਈ ਮਥਰਾ, ਭਾਈ ਜਮਨਾ, ਭਾਈ ਜਗਨ ਨਾਥ, ਭਾਈ ਸਕਤੂ, ਭਾਈ ਜਤੀਮਲ, ਭਾਈ ਪਰਸ ਰਾਮ ਤੇ ਭਾਈ ਮਲੂਕਾ ਦੇ ਜਥੇ ਤੋਰੇ। ਭਾਈ ਬਿਧੀ ਚੰਦ ਦੀ ਅਗਵਾਈ ਵਿਚ ਇਕ ਜਥਾ ਰਾਖਵਾਂ ਰੱਖਿਆ ਗਿਆ। ਅਬਦੁਲਾ ਖਾਨ ਨੇ ਬੈਰਮ ਖਾਨ, ਮੁਹੰਮਦ ਖਾਨ, ਬਲਵੰਤ ਖਾਨ, ਇਮਾਮ ਬਖਸ਼, ਨਬੀ ਬਖਸ਼, ਚਰਾਗ ਦੀਨ, ਅਕਬਰ ਖਾਨ ਤੇ ਸ਼ੇਰ ਮੁਹੰਮਦ ਜਹੇ ਸਰਦਾਰ ਜੰਗ ਵਿਚ ਝੋਕੇ।

ਜੰਗ ਦੀ ਸ਼ੁਰੂਆਤ ਤੋਂ ਪਹਿਲਾਂ ਅਬਦੁਲਾ ਖਾਨ ਨੇ ਏਲਚੀ ਹਥ ਗੁਰੂ ਸਾਹਿਬ ਕੋਲ ਸੁਨੇਹਾ ਭੇਜਿਆ ਕਿ ਸ਼ਾਹੀ ਮਾਲ ਗੁਜ਼ਾਰ ਦਾ ਇਲਾਕਾ ਖਾਲੀ ਕਰ ਦਿਓ ਅਤੇ ਈਨ ਮੰਨ ਲਓ। ਗੁਰੂ ਸਾਹਿਬ ਨੇ ਮੋੜਵਾਂ ਉੱਤਰ ਦਿੱਤਾ ਕਿ ਅਸੀਂ ਕਿਸੇ ਇਲਾਕੇ ਉਤੇ ਜਬਰੀ ਕਬਜ਼ਾ ਨਹੀਂ ਕੀਤਾ। ਉਜਾੜ ਥਾਂ ਉਤੇ ਨਗਰ ਵਸਾਇਆ ਹੈ। ਜੇ ਕੋਈ ਹੰਕਾਰ ਨਾਲ ਸਾਡੇ ਉਤੇ ਚੜ੍ਹ ਕੇ ਆਏਗਾ ਅਸੀਂ ਉਸ ਨਾਲ ਲੋਹਾ ਲਵਾਂਗੇ। ਇਹੀ ਗਲਤੀ ਘੇਰੜ ਕਰ ਕੇ, ਉਸ ਦਾ ਇਵਜ਼ਾਨਾ ਭੁਗਤ ਜੰਗ ਹੈ। ਸਾਡੀ ਟਕਰ ਕਿਸੇ ਰਾਜ ਧਨ ਜਾਂ ਇਲਾਕੇ ਲਈ ਨਹੀਂ। ਇਹ ਧਰਮ ਤੇ ਸਵੈਮਾਨ ਦੀ ਮੰਗ ਹੈ। ਉਨ੍ਹਾਂ ਨੇ ਸਿੱਖਾਂ ਨੂੰ ਵੀ ਇਹੀ ਕਿਹਾ ਕਿ ਧਰਮ ਦੀ ਇਸ ਜੰਗ ਵਿਚ ਕੋਈ ਪਿਠ ਨਾ ਵਿਖਾਏ। ਹਰ ਸਰਦਾਰ ਆਪਣੇ ਜਥੇ ਦਾ ਧਿਆਨ ਰੱਖੇ। ਭਜੇ ਜਾ ਰਹੇ ਦੁਸ਼ਮਣ ਨੂੰ ਕੁਝ ਨਹੀਂ ਕਹਿਣਾ। ਸ਼ਰਨ ਆਏ ਉਤੇ ਵਾਰ ਨਹੀਂ ਕਰਨਾ।

ਭਾਈ ਜੱਟੂ ਨੇ ਸੂਰਮਿਆਂ ਵਾਂਗ ਲੜਾਈ ਲੜੀ। ਉਸ ਦੀ ਚੁਸਤੀ ਦੀ ਤਾਰੀਫ਼

ਦੁਸ਼ਮਣ ਨੇ ਵੀ ਕੀਤੀ। ਉਸ ਨੇ ਸਿੱਧਾ ਮੁਹੰਮਦ ਖਾਨ ਨੂੰ ਵੰਗਾਰਿਆ ਜਿਸ ਦੇ ਤੀਰ ਨਾਲ ਭਾਈ ਜਟੂ ਦਾ ਘੋੜਾ ਮਾਰਿਆ ਗਿਆ ਸੀ। ਭਾਈ ਜਟੂ ਨੇ ਬੰਦੂਕ ਦਾ ਵਾਰ ਕੀਤਾ ਅਤੇ ਮੁਹੰਮਦ ਖਾਨ ਨੇ ਤੀਰਾਂ ਦੀ ਵਾਛੜ ਕੀਤੀ। ਆਹਮੋਂ ਸਾਹਮਣੀ ਲੜਾਈ ਵਿਚ ਦੋਵੇਂ ਸੂਰਮੇ ਹੀ ਮੌਤ ਦੀ ਗੋਦ ਵਿਚ ਜਾ ਸੁਤੇ।

ਹੁਣ ਅਬਦੁਲਾ ਖਾਨ ਵੱਲੋਂ ਬੈਰਮ ਖਾਨ ਨੂੰ ਅਤੇ ਗੁਰੂ ਸਾਹਿਬ ਵੱਲੋਂ ਭਾਈ ਮਥਰਾ ਜੀ ਨੂੰ ਅੱਗੇ ਕੀਤਾ ਗਿਆ। ਭਾਈ ਮਥਰਾ ਨੇ ਬੈਰਮ ਖਾਨ ਨੂੰ ਘੋੜੇ ਤੋਂ ਸੁੱਟਿਆ ਅਤੇ ਦੋਵੇਂ ਯੋਧੇ ਗੁਥਮ ਗੁਥਾ ਹੋ ਗਏ। ਬੈਰਮ ਖਾਂ ਨੇ ਸਿਰ ਤੋਂ ਪੈਰ ਤਕ ਜ਼ਰਾ ਬਕਤਰ ਪਹਿਣ ਰੱਖਿਆ ਸੀ। ਉਸ ਨੇ ਗੁੱਸੇ ਨਾਲ ਲਲਕਾਰਾ ਮਾਰਨ ਲਈ ਮੂੰਹ ਅੱਡਿਆ ਤਾਂ ਭਾਈ ਮਥਰਾ ਨੇ ਮੂੰਹ ਵਿਚ ਹੀ ਕਟਾਰ ਠੋਕ ਕੇ ਉਸ ਨੂੰ ਡੇਗ ਲਿਆ ਅਤੇ ਖਤਮ ਕਰ ਦਿੱਤਾ। ਭਾਈ ਮਥਰਾ ਮੀਨਾਰ ਵਾਂਗ ਕਾਇਮ ਸੀ। ਅਬਦੁਲਾ ਖਾਨ ਨੇ ਇਮਾਮ ਬਖਸ਼ ਅਤੇ ਅਲੀ ਬਖਸ਼ ਨੂੰ ਅੱਗੇ ਕੀਤਾ। ਦੋਹਾਂ ਨੇ ਤੀਰਾਂ ਦਾ ਮੀਂਹ ਵਰਸਾ ਦਿੱਤਾ। ਭਾਈ ਮਥਰਾ ਨੇ ਢਾਲ ਨਾਲ ਬਚਾ ਕਰਦੇ ਹੋਏ, ਇਮਾਮ ਬਖਸ਼ ਦਾ ਘੋੜਾ ਮਾਰ ਦਿੱਤਾ। ਭਾਈ ਕਲਿਆਣਾ ਨੇ ਬੰਦੂਕ ਨਾਲ ਬਲਵੰਤ ਖਾਂ ਨੂੰ ਮਾਰ ਮੁਕਾਇਆ। ਬਲਵੰਤ ਖਾਂ ਨੂੰ ਡਿਗਦੇ ਵੇਖ ਅਲੀ ਬਖਸ਼ ਨੇ ਭਾਈ ਕਲਿਆਣਾ ਉਤੇ ਹਲਾ ਕੀਤਾ। ਉਸ ਨੇ ਆਪਣੇ ਸਾਥੀਆਂ ਨਾਲ ਭਾਈ ਸਾਹਿਬ ਨੂੰ ਘੇਰ ਲਿਆ। ਭਾਈ ਸਾਹਿਬ ਇਸੇ ਘੇਰੇ ਵਿਚ ਬਹਾਦਰੀ ਨਾਲ ਲੜਦੇ ਲੜਦੇ ਸ਼ਹੀਦ ਹੋ ਗਏ।

ਅਲੀ ਬਖਸ਼ ਹੁਣ ਗੁਰੂ ਹਰਿਗੋਬਿੰਦ ਸਾਹਿਬ ਵਲ ਵਧਿਆ। ਇਹ ਵੇਖ ਕੇ ਭਾਈ ਨਾਨੂ ਅੱਗੇ ਹੋਇਆ। ਅਲੀ ਬਖਸ਼ ਨੇ ਭਾਈ ਸਾਹਿਬ ਨੂੰ ਗੋਲੀ ਨਾਲ ਮਾਰਨ ਦਾ ਯਤਨ ਜ਼ਰੂਰ ਕੀਤਾ ਪਰ ਸਫਲ ਨਾ ਹੋਇਆ ਅਤੇ ਭਾਈ ਸਾਹਿਬ ਹੱਥੋਂ ਮਾਰਿਆ ਗਿਆ। ਅਲੀ ਬਖਸ਼ ਦੇ ਡਿੱਗਣ ਪਿਛੋਂ ਇਮਾਮ ਬਖਸ਼ ਅੱਗੇ ਹੋਇਆ। ਭਾਈ ਨਾਨੂੰ ਨੇ ਆਪਣੇ ਖੰਡੇ ਨਾਲ ਉਸ ਦੀ ਬਾਂਹ ਵਢ ਦਿੱਤੀ। ਉਸ ਨੇ ਜ਼ਖ਼ਮੀ ਸ਼ੇਰ ਵਾਂਗ ਵਾਰ ਕਰਕੇ ਭਾਈ ਨਾਨੂੰ ਜੀ ਨੂੰ ਸ਼ਹੀਦ ਕਰ ਦਿੱਤਾ।

ਹੁਣ ਗੁਰੂ ਜੀ ਵੱਲੋਂ ਭਾਈ ਬਿਧੀ ਚੰਦ, ਭਾਈ ਪਰਾਗਾ ਅਤੇ ਭਾਈ ਕਿਸ਼ਨਾ ਤਿੰਨੇ ਸਾਂਝੇ ਰੂਪ ਵਿਚ ਸਾਥੀਆਂ ਸਮੇਤ ਅੱਗੇ ਹੋਏ। ਭਾਈ ਪਰਾਗਾ ਦੇ ਵਾਰ ਨਾਲ ਇਮਾਮ ਬਖਸ਼ ਮਾਰਿਆ ਗਿਆ। ਇੰਨੇ ਨੂੰ ਡੂੰਘੀ ਸ਼ਾਮ ਉਤਰ ਆਈ। ਹਨੇਰਾ ਹੋ ਗਿਆ ਅਤੇ ਫੌਜਾਂ ਆਪੋ ਆਪਣੇ ਖੇਮਿਆਂ ਵਿਚ ਪਰਤ ਗਈਆਂ।

ਅਗਲੀ ਸਵੇਰ ਗੁਰੂ ਸਾਹਿਬ ਨੇ ਪਹਿਲੇ ਦਿਨ ਸ਼ਹੀਦ ਹੋਏ ਭਾਈ ਜਟੂ, ਭਾਈ ਮਥਰਾ, ਭਾਈ ਕਲਿਆਣਾ ਤੇ ਭਾਈ ਨਾਨੂੰ ਜਹੇ ਉਨ੍ਹਾਂ ਸਾਰੇ ਸਿੱਖਾਂ ਦੀ ਪ੍ਰਸ਼ੰਸਾ ਕੀਤੀ ਜੋ ਲੜਾਈ ਵਿਚ ਪਹਿਲੇ ਦਿਨ ਬਹਾਦਰੀ ਨਾਲ ਲੜਦੇ ਹੋਏ ਸ਼ਹੀਦੀਆਂ ਪਾ ਗਏ ਸਨ। ਪਹਿਲੇ ਦਿਨ ਭਾਰੀ ਜਾਨੀ ਨੁਕਸਾਨ ਉਠਾਣ ਉਪਰੰਤ ਮੁਗਲ ਫੌਜਾਂ ਆਪਣੀ ਥਾਂ ਰੋਹ ਵਿਚ ਸਨ। ਦੂਜੇ ਦਿਨ ਦੀ ਲੜਾਈ ਦੀ ਕਮਾਨ ਅਬਦੁਲਾ ਖਾਨ ਨੇ ਆਪ ਸੰਭਾਲੀ। ਸਿੱਖਾਂ ਨੇ ਬਹਾਦਰੀ ਨਾਲ ਉਸ ਦਾ ਮੁਕਾਬਲਾ ਕੀਤਾ। ਉਨ੍ਹਾਂ ਦੀ ਵਾਰ ਕਰਨ ਤੇ ਰੋਕਣ ਦੀ ਯੋਗਤਾ ਤੇ ਨਿਡਰਤਾ ਵੇਖ ਕੇ ਅਬਦੁਲਾ ਖਾਂ ਨੂੰ ਕਹਿਣਾ ਪਿਆ ਕਿ ਅਸੀਂ

ਤਾਂ ਇਨ੍ਹਾਂ ਨੀਚ ਜਾਤਾਂ ਦੇ ਗਏ ਗੁਜ਼ਰੇ ਲੋਕਾਂ ਨੂੰ ਅਣ ਸਿੱਖਿਅਤ ਸਮੂਹ ਹੀ ਸਮਝਦੇ ਸਾਂ ਪਰ ਇਹ ਤਾਂ ਸਚਮੁੱਚ ਹੀ ਯੋਧਿਆਂ ਦੀ ਸੈਨਾ ਹੈ।

ਅਬਦੁਲਾ ਖਾਂ ਨੇ ਇਕ ਪਾਸੇ ਚੰਦੂ ਦੇ ਪੁੱਤਰਕਰਮ ਚੰਦ ਨੂੰ ਅੱਗੇ ਹੋਣ ਲਈ ਕਿਹਾ ਅਤੇ ਦੂਜੇ ਪਾਸੇ ਆਪਣੇ ਪੁੱਤਰ ਨਬੀ ਬਖਸ਼ ਨੂੰ। ਕਰਮ ਚੰਦ ਨੇ ਭਾਈ ਬਿਧੀ ਚੰਦ ਉਤੇ ਤੀਰਾਂ ਨਾਲ ਹਲਾ ਕੀਤਾ। ਭਾਈ ਸਾਹਿਬ ਨੇ ਮੋੜਵੇਂ ਹਲੇ ਨਾਲ ਕਰਮ ਚੰਦ ਦਾ ਘੋੜਾ ਮਾਰ ਦਿੱਤਾ। ਡਿੱਗੇ ਹੋਏ ਕਰਮ ਚੰਦ ਨੂੰ ਧੂਹ ਕੇ ਗੁਰੂ ਸਾਹਿਬ ਕੋਲ ਲਿਆ ਸੁਟਿਆ ਅਤੇ ਉਸ ਨੂੰ ਜਾਨੋ ਮਾਰਨ ਦੀ ਆਗਿਆ ਮੰਗੀ। ਗੁਰੂ ਸਾਹਿਬ ਨੇ ਉਸ ਨੂੰ ਨਿਹਥਾ ਕਹਿ ਕੇ ਮਾਰਨ ਤੋਂ ਵਰਜ ਦਿੱਤਾ। ਕਰਮ ਚੰਦ ਉਠਿਆ ਤੇ ਵਾਪਸ ਅਬਦੁਲਾ ਖਾਂ ਨੂੰ ਕਹਿਣ ਲੱਗਾ ਕਿ ਗੁਰੂ ਸਾਹਿਬ ਕੋਲ ਹੁਣ ਬਹੁਤੇ ਸਾਥੀ ਨਹੀਂ ਰਹਿ ਗਏ। ਤਕੜਾ ਹਲਾ ਕਰੋ। ਅਬਦੁਲਾ ਖਾਨ ਦਾ ਪੁੱਤਰ ਨਬੀ ਬਖਸ਼ ਇਹ ਸੁਣ ਕੇ ਸਿੱਖ ਫੌਜਾਂ ਵਿਚ ਜਾ ਘੁੱਸਿਆ। ਭਾਈ ਪਰਸ ਰਾਮ ਨੇ ਉਸ ਨੂੰ ਮਾਰਨ ਦਾ ਯਤਨ ਕੀਤਾ ਪਰ ਉਸ ਨੇ ਭਾਈ ਪਰਸ ਰਾਮ ਨੂੰ ਬੁਰੀ ਤਰ੍ਹਾਂ ਜ਼ਖ਼ਮੀ ਕਰ ਕੇ ਸੁੱਟ ਲਿਆ। ਡਿਗਦੇ ਡਿਗਦੇ ਭਾਈ ਪਰਸ ਰਾਮ ਨੇ ਨਬੀ ਬਖਸ਼ ਨੂੰ ਮਾਰ ਮੁਕਾਇਆ। ਆਪਣੇ ਸਰਦਾਰ ਨੂੰ ਮਰਦਾ ਵੇਖ ਕੇ ਉਸ ਦੇ ਸਾਥੀਆਂ ਨੇ ਭਾਈ ਪਰਸ ਰਾਮ ਤੇ ਭਾਈ ਸਕਤੂ ਨੂੰ ਸ਼ਹੀਦੀ ਜਾਮ ਪਿਆ ਦਿੱਤਾ।

ਇਕ ਪੁੱਤਰ ਦੀ ਮੌਤ ਵੇਖ ਕੇ ਅਬਦੁਲਾ ਖਾਂ ਤੜਪ ਉਠਿਆ। ਉਸ ਦਾ ਦੂਜਾ ਪੁੱਤਰ ਕਰੀਮ ਬਖਸ਼ ਗੁਸੇ ਨਾਲ ਅੱਗੇ ਹੋਇਆ। ਭਾਈ ਬਿਧੀ ਚੰਦ ਨੇ ਉਸ ਨੂੰ ਰੋਕ ਲਿਆ। ਦੋਵਾਂ ਯੋਧਿਆਂ ਦੀ ਆਹਮੋ-ਸਾਹਮਣੀ ਟੱਕਰ ਹੋਈ। ਕਰੀਮ ਬਖਸ਼ ਦਾ ਪਹਿਲਾ ਵਾਰ ਖਾਲੀ ਗਿਆ ਪਰ ਦੂਜੇ ਨਾਲ ਬਿਧੀ ਚੰਦ ਦੀ ਤਲਵਾਰ ਟੁੱਟ ਗਈ। ਭਾਈ ਸਾਹਿਬ ਨੇ ਸਾਥੀ ਦੀ ਤਲਵਾਰ ਨਾਲ ਹੀ ਕਰਮ ਬਖਸ਼ ਨੂੰ ਬੁਰੀ ਤਰ੍ਹਾਂ ਜ਼ਖ਼ਮੀ ਕਰ ਕੇ ਸੁੱਟ ਲਿਆ।

ਅਬਦੁਲਾ ਖਾਨ ਨੂੰ ਲੱਗਾ ਕਿ ਇਕਾ ਦੁਕਾ ਤੇ ਖਿੰਡੇ-ਪੁੰਡੇ ਹੱਲਿਆਂ ਨਾਲ ਗੱਲ ਨਹੀਂ ਬਣਨੀ। ਉਸ ਨੇ ਸਾਰੀ ਬਚੀ ਖੁਚੀ ਤਾਕਤ ਨਾਲ ਭਰਵਾਂ ਹੱਲਾ ਕੀਤਾ। ਰੋਹ ਤੇ ਗਮ ਨਾਲ ਭਰਿਆ ਉਹ ਸਾਥੀਆਂ ਸਮੇਤ ਗੁਰੂ ਸਾਹਿਬ ਦੇ ਸੁਰੱਖਿਆ ਘੇਰੇ ਨੂੰ ਚੀਰਦਾ ਅੱਗੇ ਵਧਿਆ। ਗੁਰੂ ਸਾਹਿਬ ਕੋਲ ਉਸ ਸਮੇਂ ਲਖਾ ਨਗਾਰਚੀ, ਤੀਰਾਂ ਨਾਲ ਲਦੀ ਖਚਰ ਅਤੇ ਦੋ ਸਿੱਖ ਸਨ। ਉਸ ਨੇ ਪਹੁੰਚਦੇ ਸਾਰ ਅੰਧਾ ਧੁੰਦ ਵਾਰ ਗੁਰੂ ਸਾਹਿਬ ਉਤੇ ਸ਼ੁਰੂ ਕਰ ਦਿੱਤੇ। ਕਰਮ ਚੰਦ ਤੇ ਰਤਨ ਚੰਦ ਵੀ ਇਸ ਹਮਲੇ ਦੀ ਸਿਖਰ ਵੇਖਣ ਲਈ ਖੁਸ਼ਾਮਦੀਆਂ ਵਾਂਗ ਨਾਲ ਸਨ। ਦੋਹਾਂ ਨੇ ਅਬਦੁਲਾ ਖਾਂ ਦੇ ਨਾਲ ਗੁਰੂ ਸਾਹਿਬ ਉਤੇ ਤੀਰਾਂ ਦੀ ਵਾਛੜ ਕੀਤੀ। ਗੁਰੂ ਸਾਹਿਬ ਨੇ ਤਿੰਨਾਂ ਦੇ ਵਾਰ ਢਾਲ ਨਾਲ ਰੋਕੇ ਅਤੇ ਪਰਤਵੇਂ ਰੂਪ ਵਿਚ ਤਿੰਨਾਂ ਵਲ ਤੀਰਾਂ ਦਾ ਮੀਂਹ ਵਸਾ ਦਿੱਤਾ। ਇਸ ਸਿੱਧੀ ਲੜਾਈ ਵਿਚ ਅਬਦੁਲਾ ਖਾਂ, ਰਤਨ ਚੰਦ ਅਤੇ ਕਰਮ ਚੰਦ ਦੇ ਘੋੜੇ ਵੀ ਮਾਰੇ ਗਏ ਅਤੇ ਗੁਰੂ ਸਾਹਿਬ ਦਾ ਘੋੜਾ ਵੀ। ਕਰਮ ਚੰਦ ਅਤੇ ਰਤਨ ਚੰਦ ਦੋਹਾਂ ਨੂੰ ਗੁਰੂ ਸਾਹਿਬ ਨੇ ਮਾਰ ਮੁਕਾਇਆ। ਇਸੇ ਸਿਧੀ ਟਕਰ ਵਿਚ ਅਬਦੁਲਾ ਖਾਂ ਵੀ ਮਾਰਿਆ ਗਿਆ।

ਅਬਦੁਲਾ ਖਾਂ ਤੇ ਗੁਰੂ ਜੀ ਦੀ ਸਿਖਰਲੀ ਟੱਕਰ ਦਾ ਬਿਰਤਾਂਤ ਗੁਰ ਬਿਲਾਸ ਵਿਚ

ਵੇਰਵੇ ਸਹਿਤ ਪ੍ਰਾਪਤ ਹੈ। ਦੋਹਾਂ ਦੇ ਘੋੜੇ ਨਕਾਰਾ ਹੋਣ ਉਪਰੰਤ ਖਾਨ ਨੇ ਜ਼ਮੀਨ ਉਤੇ ਪੈਰ ਧਰਦੇ ਧਰਦੇ ਗੁਰੂ ਜੀ ਨੂੰ ਲਲਕਾਰਿਆ ਕਿ ਸੰਭਲੋ। ਹੁਣ ਮੈਂ ਅਜਿਹਾ ਵਾਰ ਕਰਾਂਗਾ ਕਿ ਸਾਰੇ ਬਦਲੇ ਲੈ ਲਵਾਂਗਾ। ਤੁਹਾਨੂੰ ਹੁਣ ਮੈਂ ਜੀਉਂਦੇ ਨਹੀਂ ਜਾਣ ਦੇਣਾ—

ਆਜ ਸਭਨ ਕਾ ਬਦਲਾ ਲੇਵੋਂ।
ਜੀਵਿਤ ਤੋਹੇ ਜਾਨ ਨਾ ਦੇਵੋਂ।

ਖਾਨ ਵਾਰ ਉਤੇ ਵਾਰ ਕਰੀ ਜਾ ਰਿਹਾ ਸੀ। ਉਸ ਦਾ ਤੀਰਾਂ ਦਾ ਭਥਾ ਸਾਰਾ ਖਾਲੀ ਹੋ ਗਿਆ। ਗੁਰੂ ਜੀ ਹਰ ਵਾਰ ਤੋਂ ਬਚਦੇ ਰਹੇ। ਆਪ ਨੇ ਉਸ ਨੂੰ ਵੰਗਾਰਿਆ ਕਿ ਤੂੰ ਤਲਵਾਰ ਵੀ ਅਜ਼ਮਾ ਲੈ। ਤੇਰੀ ਕੋਈ ਰੀਝ ਨਾ ਰਹਿ ਜਾਵੇ। ਤਲਵਾਰ ਦੇ ਵਾਰ ਵੀ ਗੁਰੂ ਸਾਹਿਬ ਢਾਲ ਜਾਂ ਤਲਵਾਰ ਨਾਲ ਹੀ ਰੋਕੀ ਗਏ। ਖਾਨ ਬੁਰੀ ਤਰ੍ਹਾਂ ਹੰਭ ਗਿਆ। ਹੁਣ ਗੁਰੂ ਸਾਹਿਬ ਨੇ ਕਿਹਾ : ਹੁਣ ਮੈਂ ਵਾਰ ਕਰਾਂਗਾ। ਸੁਚੇਤ ਹੋ ਕੇ ਕਲਮਾਂ ਪੜ੍ਹ ਲੈ। ਮੌਤ ਆ ਰਹੀ ਹੈ ਤੇਰੀ। ਗੁਰੂ ਬਿਲਾਸ ਅਨੁਸਾਰ—

ਤਬ ਪ੍ਰਭ ਐਸ ਉਚਾਰਿਓ, ਅਬ ਕਰੂੰ ਮੈਂ ਵਾਰ।
ਹੋਇ ਸੁਚੇਤ ਕਲਮਾ ਪੜ੍ਹੋ, ਕਰੋਂ ਤੋਹਿ ਸੰਘਾਰ।

ਇਹ ਆਖ ਕੇ ਗੁਰੂ ਪਾਤਸ਼ਾਹ ਨੇ ਅਜਿਹਾ ਵਾਰ ਕੀਤਾ ਕਿ ਖਾਨ ਚੀਕ ਮਾਰ ਕੇ ਕਟੇ ਹੋਏ ਰੁਖ ਵਾਂਗ ਜ਼ਮੀਨ ਉਤੇ ਡਿਗ ਪਿਆ। ਸਿਪਾਹ ਸਾਲਾਰ ਦੇ ਮਰਨ ਉਪਰੰਤ ਫੌਜ ਭਜ ਨਿਕਲੀ। ਮੈਦਾਨ ਗੁਰੂ ਜੀ ਦੇ ਹੱਥ ਰਿਹਾ।

ਰਾਤ ਹੋ ਗਈ। ਗੁਰੂ ਸਾਹਿਬ ਹਨੇਰੇ ਵਿਚ ਜ਼ਖ਼ਮੀ ਸਿੰਘਾਂ ਦੀ ਸੰਭਾਲ ਕਰਨ ਵਿਚ ਰੁਝ ਗਏ। ਸਿੱਖ ਜਦੋਂ ਵਾਪਸ ਟਿਕਾਣੇ ਉਤੇ ਪਹੁੰਚੇ ਤਾਂ ਗੁਰੂ ਸਾਹਿਬ ਉਨ੍ਹਾਂ ਨੂੰ ਨਜ਼ਰ ਨਾ ਆਏ। ਉਹ ਚਿੰਤਿਤ ਹੋ ਗਏ। ਸ਼ੀਹੇਂ ਚੌਧਰੀ ਦੀ ਮਦਦ ਨਾਲ ਮਿਸ਼ਾਲਾਂ ਲੈ ਕੇ ਜੰਗ ਦੇ ਮੈਦਾਨ ਵਿਚ ਗੁਰੂ ਸਾਹਿਬ ਨੂੰ ਲੱਭਣ ਤੁਰੇ ਸਿੱਖਾਂ ਨੂੰ ਗੁਰੂ ਸਾਹਿਬ ਮਿਲ ਗਏ। ਅਗਲੀ ਸਵੇਰ ਸ਼ਹੀਦ ਸਿੱਖਾਂ ਦਾ ਸਸਕਾਰ ਕੀਤਾ ਗਿਆ। ਮਾਰੇ ਗਏ ਮੁਸਲਮਾਨ ਦਫ਼ਨ ਕੀਤੇ ਗਏ। ਅਬਦੁਲਾਂ ਖਾਂ ਅਤੇ ਉਸ ਦੇ ਪੁੱਤਰ ਇਕੋ ਕਬਰ ਵਿਚ ਦਫਨਾਏ ਗਏ।

ਸ਼ਾਹਜਹਾਂ ਨੂੰ ਜਲੰਧਰ ਦੇ ਸੂਬੇਦਾਰ ਦੀ ਗੁਰੂ ਸਾਹਿਬ ਹੱਥੋਂ ਹੋਈ ਇਸ ਹਾਰ ਦਾ ਪਤਾ ਲੱਗਾ ਤਾਂ ਉਸ ਨੂੰ ਬਹੁਤ ਬੁਰਾ ਲੱਗਾ। ਉਸ ਨੇ ਅਬਦੁਲਾ ਖਾਨ ਦੀ ਸਾਰੀ ਜਾਇਦਾਦ ਜ਼ਬਤ ਕਰਨ ਦਾ ਹੁਕਮ ਦਿੱਤਾ। ਵਜ਼ੀਰ ਖਾਂ ਨੇ ਉੱਚਿਤ ਅਵਸਰ ਜਾਣ ਕੇ ਬਾਦਸ਼ਾਹ ਨੂੰ ਸਮਝਾਇਆ ਕਿ ਗੁਰੂ ਸਾਹਿਬ ਹਿੰਦੂ-ਮੁਸਲਮਾਨ ਵਿਚ ਭੇਦ ਨਹੀਂ ਕਰਦੇ। ਉਨ੍ਹਾਂ ਦੀ ਫੌਜ ਵਿਚ ਮੁਸਲਮਾਨ ਵੀ ਹਨ। ਖਾਨ ਨੇ ਤਾਂ ਚੰਦੂ ਦੇ ਰਿਸ਼ਤੇਦਾਰਾਂ ਅਤੇ ਲਾਹੌਰ ਦੇ ਮੌਲਾਨਿਆਂ ਦੀ ਚੁੱਕ ਵਿਚ ਆ ਕੇ ਗੁਰੂ ਸਾਹਿਬ ਨੂੰ ਬੇਮਤਲਬ ਪਰੇਸ਼ਾਨ ਕੀਤਾ ਹੈ। ਲੜਾਈ ਗੁਰੂ ਸਾਹਿਬ ਨੇ ਨਹੀਂ ਕੀਤੀ। ਇਹ ਉਨ੍ਹਾਂ ਉਤੇ ਥੋਪੀ ਗਈ ਹੈ। ਇਸ ਬੇਵਕੂਫ਼ੀ ਕਾਰਨ ਖਾਨ ਅਤੇ ਉਸ ਦੇ ਪੁੱਤਰ ਵੀ ਮਾਰੇ ਗਏ ਹਨ। ਚੰਦੂ ਦੇ ਰਿਸ਼ਤੇਦਾਰ ਵੀ ਮਰੇ ਹਨ ਪਰ ਨਾਲ ਹੀ ਚੌਦਾਂ ਸੌ ਮੁਗਲ ਸੈਨਿਕ ਬੇਮਤਲਬ ਮੌਤ ਦੇ ਮੂੰਹ ਪਏ ਹਨ।

ਭਾਈ ਸੰਤੋਖ ਸਿੰਘ ਨੇ ਸੂਰਜ ਪ੍ਰਕਾਸ਼ ਦੀ ਛੇਵੀਂ ਰਾਸ ਦੇ ਅਧਿਆਇ (ਅੰਸ਼ੂ) ਸਤਾਈ ਤੋਂ ਚੁਤਾਲੀ ਤਕ ਭਗਵਾਨ ਦਾਸ ਹੇਰੜ ਤੋਂ ਲੈ ਕੇ ਹਰਿਗੋਬਿੰਦਪੁਰ ਦੇ ਯੁੱਧ ਵਿਚ ਅਬਦੁਲਾ ਖਾਨ ਦੇ ਪੁੱਤਰਾਂ ਸਮੇਤ ਮਾਰੇ ਜਾਣ ਦਾ ਵਿਸਤ੍ਰਿਤ ਬਿਰਤਾਂਤ ਪੇਸ਼ ਕੀਤਾ ਹੈ। ਗੁਰੂ ਸਾਹਿਬ ਵੱਲੋਂ ਲੜਨ ਵਾਲੇ ਉਪਰੋਕਤ ਵਰਣਿਤ ਸਾਰੇ ਸਿੱਖ ਯੋਧਿਆਂ ਦੀ ਅਬਦੁਲਾ ਖਾਨ ਦੇ ਯੋਧਿਆਂ ਨਾਲ ਲੜਾਈ ਅਤੇ ਸ਼ਹਾਦਤ ਦੇ ਵੇਰਵੇ ਵੀ ਦਿੱਤੇ ਹਨ। ਅਬਦੁਲਾਂ ਖਾਨ ਦੀ ਗੁਰੂ ਜੀ ਨਾਲ ਟੱਕਰ ਅਤੇ ਰਤਨ ਚੰਦ ਤੇ ਕਰਮ ਚੰਦ ਦਾ ਰੋਲ ਵੀ ਅੰਕਿਤ ਕੀਤਾ ਹੈ। ਅਬਦੁਲਾ ਖਾਨ, ਕਰਮ ਚੰਦ ਤੇ ਰਤਨ ਚੰਦ ਦੀ ਮੌਤ, ਸਿੱਖ ਸ਼ਹੀਦਾਂ ਤੇ ਮੁਗਲ ਸੈਨਿਕਾਂ ਦੀਆਂ ਦੇਹਾਂ ਦੀ ਸੰਭਾਲ ਜਹੇ ਵੇਰਵੇ ਦਿੱਤੇ ਹਨ। ਉਪਰੋਕਤ ਬਿਰਤਾਂਤ ਇਨ੍ਹਾਂ ਲੀਹਾਂ ਉਤੇ ਹੀ ਸਿਰਜਿਆ ਗਿਆ ਹੈ।

ਅਬਦੁੱਲਾ ਖਾਨ ਦੇ ਮਾਰੇ ਜਾਣ ਨਾਲ ਜਲੰਧਰ ਦੁਆਬੇ ਵਿਚੋਂ ਅਨਿਆਂ ਅਤੇ ਜਬਰ ਜ਼ੁਲਮ ਨੂੰ ਠੱਲ ਪਈ। ਸਿੱਖਾਂ ਵਿਚ ਸਵੈ ਵਿਸ਼ਵਾਸ ਅਤੇ ਉਤਸ਼ਾਹ ਦਾ ਸੰਚਾਰ ਹੋਇਆ। ਉਨ੍ਹਾਂ ਨੂੰ ਪਤਾ ਲੱਗ ਗਿਆ ਕਿ ਗੁਰੂ ਸਾਹਿਬ ਦੀ ਅਗਵਾਈ ਵਿਚ ਸੰਗਠਿਤ ਹੋ ਕੇ ਉਹ ਵੱਡੇ ਤੋਂ ਵੱਡੇ ਦੁਸ਼ਮਣ ਨਾਲ ਟੱਕਰ ਲੈ ਕੇ ਜਿੱਤ ਸਕਦੇ ਹਨ।

ਜੰਗ ਦੀ ਸਮਾਪਤੀ ਉਪਰੰਤ ਗੁਰੂ ਸਾਹਿਬ ਨੇ ਪੁਆੜੇ ਦੀ ਜੜ ਭਗਵਾਨ ਦਾਸ ਘੇਰੜ ਦੀ ਹਵੇਲੀ ਢਾਹ ਦਿੱਤੀ। ਉਸ ਦੀ ਥਾਂ ਇਕ ਨਵੀਂ ਮਸੀਤ ਉਸਾਰੀ। ਨਗਰ ਵਿਚ ਇਕ ਮਸੀਤ ਪਹਿਲਾਂ ਵੀ ਸੀ। ਇਸ ਕਦਮ ਨਾਲ ਇਲਾਕੇ ਦੇ ਮੁਸਲਮਾਨ ਬੜੇ ਖੁਸ਼ ਹੋਏ। ਗੁਰੂ ਸਾਹਿਬ ਨੇ ਹਰਿਗੋਬਿੰਦਪੁਰ ਨੂੰ ਸਿੱਖੀ ਦਾ ਮਜ਼ਬੂਤ ਕੇਂਦਰ ਬਣਾਉਣ ਦੀ ਨੀਤੀ ਅਧੀਨ ਇਸ ਨਗਰ ਦੀ ਫਸੀਲ ਬਣਾਉਣ ਦਾ ਕਾਰਜ ਜਿਸ ਤੋਂ ਲੜਾਈ ਸ਼ੁਰੂ ਹੋਈ ਸੀ, ਹੁਣ ਪੂਰੀ ਸ਼ਾਨ ਨਾਲ ਨੇਪਰੇ ਚੜ੍ਹਵਾਇਆ। ਬਾਹਰਲੀ ਦੀਵਾਰ ਵਿਚ ਪੰਜ ਦਰਵਾਜ਼ੇ ਰੱਖੇ ਗਏ। ਨਗਰ ਦੇ ਵਿਕਾਸ ਲਈ ਬਾਜ਼ਾਰਾਂ ਦੀ ਵਿਵਸਥਾ ਕੀਤੀ ਗਈ। ਕੁਝ ਸਿੱਖ ਇਸ ਸਾਰੇ ਹਾਲਾਤ ਦੀ ਖੁਸ਼ਖ਼ਬਰੀ ਦੇਣ ਅੰਮ੍ਰਿਤਸਰ ਗਏ। ਉਥੇ ਬਾਬਾ ਬੁਢਾ ਜੀ ਤੇ ਭਾਈ ਗੁਰਦਾਸ ਜੀ ਸਮੇਤ ਸਿੱਖ ਸੰਗਤਾਂ ਬੜੀਆਂ ਖੁਸ਼ ਹੋਈਆਂ। ਭਾਈ ਗੁਰਦਾਸ ਤੇ ਬਾਬਾ ਜੀ ਅੰਮ੍ਰਿਤਸਰੋਂ ਵਿਸ਼ੇਸ਼ ਰੂਪ ਵਿਚ ਸੰਗਤਾਂ ਸਮੇਤ ਹਰਿਗੋਬਿੰਦ ਪੁਰ ਆਏ। ਉਨ੍ਹਾਂ ਨਾਲ ਭਾਈ ਅਜਿਤਾ, ਭਾਈ ਜੋਧਾ, ਭਾਈ ਜੀਵਾ ਅਤੇ ਹੋਰ ਸਿੱਖ ਸਨ। ਹਰਿਗੋਬਿੰਦਪੁਰ ਪੁੱਜੇ ਤਾਂ ਉਸ ਸਮੇਂ ਯੁੱਧ ਵਿਚ ਫਤਹਿ ਉਪਰੰਤ ਹੋਰ ਕਾਰਜ ਨਿਰਵਿਘਨ ਸਮਾਪਤ ਹੋਣ ਦੀ ਖੁਸ਼ੀ ਵਿਚ ਦੀਵਾਨ ਸਜ ਰਹੇ ਸਨ। ਬਾਬਾ ਜੀ ਅਤੇ ਭਾਈ ਗੁਰਦਾਸ ਜੀ ਦੇ ਪਹੁੰਚਣ ਨਾਲ ਇਹ ਇਕੱਠ ਵੱਡੇ ਜੋੜ ਮੇਲੇ ਵਿਚ ਬਦਲ ਗਿਆ।

ਗੁਰੂ ਸਾਹਿਬ ਨੇ ਬਾਬਾ ਬੁਢਾ ਨੂੰ ਪ੍ਰੇਮ ਨਾਲ ਆਪਣੇ ਆਸਨ ਉਤੇ ਬਿਠਾਇਆ। ਇਸੇ ਦੌਰਾਨ ਇਕ ਦਿਨ ਭਾਈ ਸੁਭਾਗ ਜੀ ਨੇ ਗੁਰੂ ਜੀ ਨੂੰ ਪੰਜ ਅਤਿ ਕੀਮਤੀ ਈਰਾਕੀ ਘੋੜੇ ਭੇਟ ਕੀਤੇ। ਗੁਰੂ ਸਾਹਿਬ ਨੇ ਇਕ ਘੋੜਾ ਬਾਬਾ ਗੁਰਦਿੱਤਾ ਜੀ ਨੂੰ, ਇਕ ਭਾਈ ਬਿਧੀ ਚੰਦ ਨੂੰ ਅਤੇ ਇਕ ਪੈਂਦੇ ਖਾਨ ਨੂੰ ਬਖਸ਼ ਦਿੱਤਾ।

ਹਰਿਗੋਬਿੰਦਪੁਰ ਦੀ ਇਸ ਦੂਜੀ ਜੰਗ ਦੇ ਸਮੇਂ ਬਾਰੇ ਇਤਿਹਾਸਕਾਰਾਂ ਵਿਚ ਇਕ ਰਾਏ ਨਹੀਂ। ਕੁਝ ਇਸ ਨੂੰ ਪਹਿਲੀ ਜੰਗ ਆਖਦੇ ਹਨ ਅਤੇ ਕੁਝ ਦੂਜੀ। ਸਮੇਂ ਬਾਰੇ ਵੀ

ਮਤਭੇਦ ਹਨ। ਜਹਾਂਗੀਰ ਅਤੇ ਸ਼ਾਹਜਹਾਨ ਨਾਲ ਗੁਰੂ ਸਾਹਿਬ ਦੇ ਸਬੰਧਾਂ ਅਨੁਸਾਰ ਅਨੁਮਾਨ ਕਰਦੇ ਹੋਏ ਗੁਰੂ ਸਾਹਿਬ ਦੀਆਂ ਇਹ ਦੋਵੇਂ ਜੰਗਾਂ ਸ਼ਾਹਜਹਾਨ ਦੇ ਸਮੇਂ ਨਾਲ ਜੋੜੀਆਂ ਜਾਂਦੀਆਂ ਹਨ। ਇਸ ਅਨੁਸਾਰ ਇਹ ਜੰਗ ਸਤੰਬਰ 1629 ਵਿਚ ਹੋਈ। ਭਟ ਵਹੀਆਂ ਇਸ ਨੂੰ 1621 ਵਿਚ ਹੋਈ ਦੱਸਦੀਆਂ ਹਨ। ਭਟਵਹੀ ਮੁਲਤਾਨੀ ਸਿੰਧੀ ਦੀ ਟੂਕ ਇਸ ਪ੍ਰਕਾਰ ਹੈ–

"ਮਾਡਨ ਬੇਟਾ ਉਦੇ ਕਾ... ਬਿਹਾਰੀ ਬੇਟਾ ਮਾਡਨ ਕਾ... ਧੂੜਾ ਬੇਟਾ ਗੋਦੜੀਏ ਕਾ... ਗਰਾਮ ਰੁਹੀਲਾ, ਪਰਗਨਾ ਬਟਾਲਾ, ਭਗਵਾਨਾ ਬੇਟਾ ਕਾਹਨੇ ਕਾ, ਘੇਰੜ ਗੋਤਰ ਖਤਰੀ ਕੇ ਸਾਥ ਜੂਝ ਕਰ ਘਾਇਲ ਹੂਏ। ਸੋਲਾਂ ਸੈ ਅਠਤਰਾ (ਸਨ 1621) ਅਸੂ ਪ੍ਰਵਿਸ਼ਟੇ, ਅਠਾਈ ਕੋ ਭੁਗਵਾਨਾ ਘੇਰੜ ਮਾਰਾ। ਇਸ ਕਾ ਬੇਟਾ ਰਤਨ ਚੰਦ ਘਾਇਲ ਹੂਆ।"

ਇੰਜ ਹੀ ਇਸੇ ਵਹੀ ਦੇ 'ਖਤਾ ਬੰਝਰਾਉਤੋਂ ਕਾ' ਸਿਰਲੇਖ ਅਧੀਨ ਇਕ ਹੋਰ ਟੂਕ ਪ੍ਰਾਪਤ ਹੈ ਜੋ ਇਉਂ ਹੈ–

"ਨਾਨੂੰ ਬੇਟਾ ਮੂਲੇ ਕਾ... ਸਾਲ ਸੋਲਾਂ ਸੈ ਅਠੱਤਰਾ (1621 ਈਸਵੀ) ਕਤਕ ਪ੍ਰਵਿਸ਼ਟੇ, ਤੀਜ ਕੇ ਦਿਹੁੰ, ਗਰਾਮ ਰੁਹੀਲਾ, ਪਰਗਣਾ ਬਟਾਲਾ ਕੇ ਮਲਾਹਨ, ਗੁਰੂ ਕਾ ਬਚਨ ਪਾਇ, ਰਤਨਾ ਬੇਟਾ ਭਗਵਾਨੇ ਕਾ, ਕਰਮਾ ਬੇਟਾ ਚੰਦੂ ਕਾ, ਬਾਸੀ ਕਲਾਨੌਰ ਕੋ ਮਾਰ ਕੇ ਮਰਾ। ਗੈਲੋਂ ਮਥਰਾ ਬੇਟਾ ਭਿਖੇ ਕਾ... ਪਰਾਗਾ ਬੇਟਾ ਗੌਤਮ ਕਾ, ਹੋਰ ਰਣ ਜੂਝੰਤੇ, ਸਾਹਮੇ ਮਾਥੇ ਰਣ ਮੇਂ ਜੂਝ ਕਰ ਮਰੇ।"

ਜੰਗ ਦੇ ਸਮੇਂ ਬਾਰੇ ਮਤਭੇਦ ਦੇ ਬਾਵਜੂਦ ਇਹ ਸਾਰੇ ਸੋਮੇਂ, ਚੰਦੂ ਦੇ ਪੁੱਤਰ ਕਰਮ ਚੰਦ, ਭਗਵਨ ਦਾਸ ਘੇਰੜ ਤੇ ਉਸ ਦੇ ਪੁੱਤਰ ਰਤਨ ਚੰਦ ਦੇ ਇਸ ਜੰਗ ਵਿਚ ਲੜਨ ਮਰਨ ਦੀ ਪੁਸ਼ਟੀ ਕਰਦੇ ਹਨ। ਇਸ ਲੜਾਈ ਵਿਚ ਭਾਈ ਮਥਰਾ, ਭਾਈ ਨਾਨੂੰ ਤੇ ਭਾਈ ਪਰਾਗਾ ਦੀ ਸ਼ਹਾਦਤ ਦੀ ਗਵਾਹੀ ਵੀ ਭਟ ਵਹੀਆਂ ਦਿੰਦੀਆਂ ਹਨ। ਬਾਕੀ ਸ਼ਹੀਦਾਂ ਬਾਰੇ ਸੂਰਜ ਪ੍ਰਕਾਸ਼ ਵਿਚ ਪੂਰੇ ਵੇਰਵੇ ਪ੍ਰਾਪਤ ਹਨ। ਗੁਰ ਬਿਲਾਸ ਪਾਤਸ਼ਾਹੀ ਛੇਵੀਂ ਵਿਚ ਵੀ ਇਸ ਯੁਧ ਦਾ ਵਿਸਤ੍ਰਿਤ ਬਿਰਤਾਂਤ ਪ੍ਰਾਪਤ ਹੈ। ਕੁਝ ਦ੍ਰਿਸ਼ ਗੁਰ ਬਿਲਾਸ ਵਿਚ ਇਸ ਪ੍ਰਕਾਰ ਅੰਕਿਤ ਹਨ–

ਭਯੋ ਜੁਧ ਭਾਰੀ। ਸਕੇ ਨਾ ਨਿਹਾਰੀ।
ਗਏ ਭਾਜ ਮੂਜੀ। ਜਿਨੇ ਥੋਰ ਪੂੰਜੀ।
ਕਰਾ ਜੁਧ ਭਿਆਨਾ। ਸੋ ਨਾਨੋ ਹਿਤਾਨਾ।

ਗੁ. ਬਿ. ਪਾ. 6 (1972) ਪੰਨਾ 508

ਸੈਨ ਮਲੇਛੀ ਦਈ ਸੰਘਾਰਾ।
ਗਏ ਭਾਜ ਤਹ ਕਰੀ ਪੁਕਾਰਾ।

–ਉਹੀ–, ਪੰਨਾ 508

ਪੁਤਰ ਮਿਤਰ ਹਤ ਦੇਖ ਕਰ, ਕੀਨ ਖਾਨ ਮਨ ਰੋਸ।
ਆਪ ਚੜ੍ਹਤ ਭਯੋ ਜੋਰ ਦਲ, ਬਢਾ ਸੂਰ ਮਨ ਰੋਸ।

-ਉਹੀ- ਪੰਨਾ. 510

ਹਰਿਗੋਬਿੰਦਪੁਰ ਨਗਰ ਨੂੰ ਪਕੇ ਪੈਰਾਂ ਉਤੇ ਖੜ੍ਹਾ ਕਰਨ ਵਾਸਤੇ ਯੁੱਧ ਉਪਰੰਤ ਗੁਰੂ ਸਾਹਿਬ ਇਥੇ ਕਈ ਮਹੀਨੇ ਟਿਕੇ ਰਹੇ। ਇਸ ਸਮੇਂ ਦੀ ਇਕ ਭਾਵ ਪੂਰਤ ਘਟਨਾ ਦਾ ਜ਼ਿਕਰ ਸੂਰਜ ਪ੍ਰਕਾਸ਼ ਗ੍ਰੰਥ ਵਿਚ ਪ੍ਰਾਪਤ ਹੈ। ਇਸ ਦਾ ਸਬੰਧ ਬਾਣੀ ਦੇ ਸ਼ੁੱਧ ਅਤੇ ਸਚੇ ਮਨ ਨਾਲ ਕੀਤੇ ਪਾਠ ਨਾਲ ਹੈ। ਭਾਈ ਸੰਤੋਖ ਸਿੰਘ ਅਨੁਸਾਰ ਇਕ ਦਿਨ ਗੁਰੂ ਸਾਹਿਬ ਕੀਰਤਨ ਉਪਰੰਤ ਸੰਗਤ ਨੂੰ ਉਪਦੇਸ਼ ਕਰ ਰਹੇ ਸਨ ਕਿ ਇਕ ਮਨ ਇਕ ਚਿਤ ਨਾਲ ਕੀਤਾ ਬਾਣੀ ਦਾ ਸ਼ੁੱਧ ਪਾਠ ਹਿਰਦੇ ਨੂੰ ਸ਼ੁੱਧ ਕਰਦਾ ਹੈ। ਨਿਸ਼ਕਾਮ ਹੋ ਕੇ ਬਾਣੀ ਪੜ੍ਹਣ ਨਾਲ ਸ਼ਾਂਤੀ ਤੇ ਖੁਸ਼ੀ ਮਿਲਦੀ ਹੈ। ਭਟਕਣ ਮਿਟਦੀ ਹੈ। ਇਹ ਕਹਿੰਦੇ ਹੋਏ ਆਪ ਨੇ ਸਹਿਜ ਸੁਭਾਅ ਕਿਹਾ- ਹੈ ਕੋਈ ਅਜਿਹਾ ਪ੍ਰੇਮੀ ਸਿੱਖ ਜੋ ਨਿਸ਼ਕਾਮ ਹੋ ਕੇ ਮਨ ਜੋੜ ਕੇ ਜਪੁਜੀ ਸਾਹਿਬ ਦਾ ਪਾਠ ਪ੍ਰੇਮ ਸਹਿਤ ਮੈਨੂੰ ਇਥੇ ਸੁਣਾਵੇ। ਇਹ ਸੁਣ ਕੇ ਭਾਈ ਗੁਪਾਲਾ ਜੀ ਉਠੇ ਤੇ ਬੇਨਤੀ ਕੀਤੀ ਕਿ ਆਪ ਦੀ ਕਿਰਪਾ ਨਾਲ ਮੈਂ ਇਹ ਸੇਵਾ ਕਰਨੀ ਚਾਹੁੰਦਾ ਹਾਂ। ਉਨ੍ਹਾਂ ਨੇ ਬੜੇ ਪਰੇਮ ਤੇ ਇਕਾਗਰਤਾ ਨਾਲ ਬਾਣੀ ਦਾ ਪਾਠ ਸ਼ੁਰੂ ਕਰ ਦਿੱਤਾ। ਸੰਗਤਾਂ ਰਸ ਤੇ ਸ਼ਾਂਤੀ ਨਾਲ ਝੂਮਣ ਲੱਗੀਆਂ। ਗੁਰੂ ਪਾਤਸ਼ਾਹ ਪਾਠ ਸੁਣਦੇ ਸੁਣਦੇ ਆਸਣ ਤੋਂ ਰਤਾ ਸਰਕੇ ਅਤੇ ਫਿਰ ਟਿਕ ਕੇ ਬਹਿ ਗਏ।

ਭਾਈ ਗੁਪਾਲਾ ਨੇ ਪਾਠ ਸਮਾਪਤ ਕਰ ਕੇ ਸੀਸ ਝੁਕਾਇਆ। ਗੁਰੂ ਸਾਹਿਬ ਨੇ ਹੁਕਮ ਦਿੱਤਾ ਕਿ ਭਾਈ ਸੁਭਾਗ ਦੁਆਰਾ ਭੇਟ ਕੀਤੇ ਗਏ ਬੇਸ਼ ਕੀਮਤੀ ਇਰਾਕੀ ਘੋੜਿਆਂ ਵਿਚੋਂ ਇਕ ਕਾਠੀ ਪਾ ਕੇ ਭਾਈ ਸਾਹਿਬ ਨੂੰ ਭੇਟ ਕੀਤਾ ਜਾਵੇ। ਇਹ ਹੁਕਮ ਦੇਣ ਉਪਰੰਤ ਪਾਤਸ਼ਾਹ ਨੇ ਭਾਈ ਸਾਹਿਬ ਨੂੰ ਕਿਹਾ— ਭਾਈ ਤੇਰੀ ਇੱਛਾ ਅਨੁਸਾਰ ਤੈਨੂੰ ਇਹ ਘੋੜਾ ਦਿੱਤਾ ਜਾ ਰਿਹਾ ਹੈ। ਜਿਸ ਪ੍ਰਕਾਰ ਤੁਸੀਂ ਪ੍ਰੇਮ ਨਾਲ ਨਿਸ਼ਕਾਮ ਹੋ ਕੇ ਸਾਨੂੰ ਪਾਠ ਸ੍ਰਵਣ ਕਰਵਾ ਰਹੇ ਸੀ, ਮੈਂ ਤਾਂ ਇਹ ਸੋਚ ਰਿਹਾ ਸਾਂ ਕਿ ਮੈਂ ਗੁਰਗਦੀ ਦਾ ਆਸਣ ਤੁਹਾਡੇ ਲਈ ਖਾਲੀ ਕਰ ਦੇਵਾਂ। ਮੈਂ ਇੰਜ ਕਰਨ ਲਗਾ ਸਾਂ ਕਿ ਤੁਹਾਡਾ ਮਨ ਥਿੜਕ ਗਿਆ। ਤੁਹਾਡੇ ਮਨ ਵਿਚ ਪਤਾ ਨਹੀਂ ਕਿਉਂ ਭਾਈ ਸੁਭਾਗ ਦੁਆਰਾ ਭੇਟ ਕੀਤਾ ਘੋੜਾ ਪ੍ਰਾਪਤ ਹੋਣ ਦੀ ਇੱਛਾ ਜਾਗ ਪਈ। ਇਕ ਅਕਾਲ ਪੁਰਖ ਦੇ ਨਾਮ ਨਾਲ ਜੁੜੀਏ ਤਾਂ ਸੰਸਾਰਕ ਪਦਾਰਥ ਤੇ ਸੁਖ ਆਪਣੇ ਆਪ ਹੀ ਪ੍ਰਾਪਤ ਹੋ ਜਾਂਦੇ ਹਨ। ਬਾਣੀ ਨਾਲ ਜਿਸ ਵੀ ਭਾਵਨਾ ਕਰਕੇ ਕੋਈ ਜੁੜਦਾ ਹੈ, ਉਸ ਨੂੰ ਉਸੇ ਦੀ ਪ੍ਰਾਪਤੀ ਹੋ ਜਾਂਦੀ ਹੈ। ਉਪਰੋਕਤ ਸਾਖੀ ਗੁਰੂ ਸਾਹਿਬ ਦੇ ਭਗਤੀ ਤੇ ਸ਼ਕਤੀ ਦੋਹਾਂ ਪ੍ਰਤੀ ਬਰਾਬਰ ਦੇ ਮੋਹ ਪਿਆਰ ਦੀ ਗਵਾਹ ਹੈ। ਆਪ ਯੋਧਿਆਂ ਨੂੰ ਵੀ ਆਦਰ ਦਿੰਦੇ ਸਨ ਅਤੇ ਨਾਮ ਬਾਣੀ ਦੇ ਪ੍ਰੇਮੀਆਂ ਨੂੰ ਵੀ ਪਿਆਰ ਦਿੰਦੇ ਸਨ।

ਹਰਿਗੋਬਿੰਦਪੁਰ ਨਗਰ ਵਿਚ ਗੁਰੂ ਸਾਹਿਬ ਨੇ ਦੋ ਮਸੀਤਾਂ ਆਪ ਬਣਵਾਈਆਂ ਸਨ। ਇਕ ਯੁੱਧ ਤੋਂ ਪਹਿਲਾਂ ਹੀ ਸੀ। ਦੂਜੀ ਯੁੱਧ ਸਮਾਪਤ ਹੋਣ ਉਪਰੰਤ ਬਣਵਾਈ ਸੀ। ਇਸ ਨਾਲ ਮੁਸਲਮਾਨਾਂ ਵਿਚ ਆਪ ਦਾ ਆਦਰ ਹੋਰ ਵਧਿਆ। ਸ਼ਾਹਜਹਾਂ ਦੇ ਇਸ ਫ਼ੁਰਮਾਨ ਦੇ ਬਾਵਜੂਦ ਕਿ ਕੋਈ ਮੁਸਲਮਾਨ ਇਸਲਾਮ ਛੱਡ ਕੇ ਦੂਜਾ ਧਰਮ ਨਹੀਂ ਅਪਣਾ ਸਕਦਾ, ਕਈ ਮੁਸਲਮਾਨ ਸਿੱਖੀ ਦੇ ਧਾਰਨੀ ਬਣੇ। ਸੂਰਜ ਪ੍ਰਕਾਸ਼ ਦੇ ਕਰਤਾ

ਨੇ ਅਨਵਰ ਖਾਨ, ਖਵਾਜਾ ਰੋਸ਼ਨ ਅਤੇ ਜਾਨੀ ਸ਼ਾਹ ਦਾ ਉਲੇਖ ਵਿਸ਼ੇਸ਼ ਰੂਪ ਵਿਚ ਇਸ ਸਿਲਸਿਲੇ ਵਿਚ ਕੀਤਾ ਹੈ।

ਖੁਆਬਾ ਰੋਸ਼ਨ ਨੇ ਗੁਰੂ ਜੀ ਦੀ ਕੀਰਤੀ ਸੁਣੀ ਅਤੇ ਆਪ ਦੀ ਸੇਵਾ ਵਿਚ ਹਾਜ਼ਰ ਹੋ ਗਿਆ। ਉਹ ਗੁਰੂ ਸਾਹਿਬ ਦੇ ਘੋੜਿਆਂ ਦੀ ਸੇਵਾ ਕਰਦਾ। ਇਕ ਦਿਨ ਗੁਰੂ ਸਾਹਿਬ ਘੋੜੇ ਉਤੇ ਸਵਾਰੀ ਕਰ ਕੇ ਜਾਣ ਲੱਗੇ ਤਾਂ ਪਤਾ ਨਹੀਂ ਕਿਵੇਂ ਉਸ ਦੇ ਮਨ ਵਿਚ ਇਹ ਆਇਆ ਕਿ ਗੁਰੂ ਜੀ ਮੇਰੇ ਤੋਂ ਦੂਰ ਚਲੇ ਜਾਣਗੇ। ਇਹ ਸੋਚ ਕੇ ਉਹ ਘੋੜੇ ਦੇ ਪਿੱਛੇ ਦੌੜਨ ਲੱਗਾ। ਕਈ ਕੋਹ ਘੋੜੇ ਦੇ ਪਿੱਛੇ ਉਹ ਇੰਜ ਹੀ ਦੌੜੀ ਗਿਆ। ਜਦੋਂ ਗੁਰੂ ਸਾਹਿਬ ਨੇ ਵੇਖਿਆ ਤਾਂ ਘੋੜਾ ਰੋਕ ਕੇ ਉਸ ਦੀ ਮਨੋਵਸਥਾ ਵੇਖ ਕੇ ਉਸ ਨੂੰ ਗੱਲ ਨਾਲ ਲਾ ਲਿਆ। ਉਸ ਨੂੰ ਅਸ਼ੀਰਵਾਦ ਦਿੱਤਾ ਕਿ ਤੇਰੀ ਘਾਲ ਥਾਂ ਪਈ ਹੈ। ਉਨ੍ਹਾਂ ਨੇ ਖਵਾਜੇ ਨੂੰ ਦੁਆਬੇ ਵਿਚ ਸਿੱਖੀ ਪ੍ਰਚਾਰ ਦੀ ਜ਼ਿੰਮੇਵਾਰੀ ਬਖਸ਼ੀ। ਉਸ ਨੇ ਥਾਂ-ਥਾਂ ਫਿਰ ਕੇ ਸਿੱਖੀ ਪ੍ਰਚਾਰ ਕੀਤਾ। ਉਸ ਨੇ ਆਪਣਾ ਟਿਕਾਣਾ ਮਊ (ਪਿੰਡ) ਵਿਚ ਬਣਾਇਆ। ਇਸੇ ਪਿੰਡ ਵਿਚ ਉਸ ਦਾ ਦੇਹਾਂਤ ਹੋਇਆ ਅਤੇ ਇਥੇ ਹੀ ਉਸ ਦੀ ਕਬਰ ਵੀ ਹੈ।

ਖਵਾਜਾ ਰੋਸ਼ਨ ਦੁਆਰਾ ਸਿੱਖੀ ਨਾਲ ਜੋੜੇ ਗਏ ਮੁਸਲਮਾਨਾਂ ਵਿਚੋਂ ਇਕ ਹੈ ਸੱਯਦ ਜਾਨੀ। ਉਹ ਹਜ਼ਰਤ ਮੁਹੰਮਦ ਦੀ ਸੰਤਾਨ ਵਿਚੋਂ ਸੀ। ਉਹ ਸਕੂਨ ਤੇ ਸ਼ਾਂਤੀ ਦੀ ਤਲਾਸ਼ ਵਿਚ ਥਾਂ-ਥਾਂ ਭਟਕ ਰਿਹਾ ਸੀ। ਫਿਰਦਾ ਫਿਰਾਂਦਾ ਉਹ ਖਵਾਜਾ ਰੌਸ਼ਨ ਕੋਲ ਪਹੁੰਚਿਆ। ਖੁਆਜਾ ਨੇ ਕਿਹਾ ਕਿ ਜਾਨੀ, ਤੈਨੂੰ ਜਾਨੀ ਨਹੀਂ ਮਿਲਿਆ। ਤੈਨੂੰ ਉਦੋਂ ਹੀ ਸਕੂਨ ਮਿਲੇਗਾ ਜਦੋਂ ਜਾਨੀ ਨੂੰ ਜਾਨੀ ਮਿਲੇਗਾ। ਗੁਰੂ ਹਰਿਗੋਬਿੰਦ ਸਾਹਿਬ ਹੀ ਤੈਨੂੰ ਜਾਨੀ ਨਾਲ ਮਿਲਾ ਸਕਦੇ ਹਨ। ਬਸ ਤੂੰ ਉਨ੍ਹਾਂ ਦਾ ਪੱਲਾ ਫੜ। ਭਾਵੇਂ ਉਹ ਧਕਾ ਦੇਣ ਅਤੇ ਭਾਵੇਂ ਧੀਰਜ। ਉਨ੍ਹਾਂ ਕੋਲ ਹੀ ਤੇਰੀ ਭਟਕਣ ਦਾ ਇਲਾਜ ਹੈ। ਉਹ ਜਾਨੀ ਕੋ ਜਾਨੀ ਮਿਲਾ ਦੋ ਦੀ ਤਸਬੀ ਫੇਰਦਾ ਗੁਰੂ ਸਾਹਿਬ ਕੋਲ ਪਹੁੰਚ ਗਿਆ। ਦਰਬਾਰ ਦੇ ਬਾਹਰ ਬੈਠਾ ਗੁਰੂ ਸਾਹਿਬ ਨੂੰ ਆਉਂਦੇ ਜਾਂਦੇ ਵੇਖਦਾ ਇਹੀ ਰਟ ਲਾਈ ਰੱਖਦਾ। ਗੁਰੂ ਸਾਹਿਬ ਜਾਣ ਬੁਝ ਕੇ ਉਸ ਵਲ ਧਿਆਨ ਨਾ ਦਿੰਦੇ। ਉਨ੍ਹਾਂ ਨੇ ਉਸ ਨੂੰ ਆਪਣੀ ਨਜ਼ਰ ਤੋਂ ਦੂਰ ਰੱਖਣ ਲਈ, ਉਸ ਅੱਗੇ ਇਕ ਦੀਵਾਰ ਬਣਵਾਉਣ ਦਾ ਹੁਕਮ ਦਿੱਤਾ। ਉਸ ਨੇ ਫਿਰ ਵੀ ਉਥੇ ਹੀ ਬੈਠੇ ਜਾਨੀ ਕੋ ਜਾਨੀ ਮਿਲਾ ਦੋ ਦਾ ਅਲਾਪ ਬੰਦ ਨਾ ਕੀਤਾ। ਜਿਹੜਾ ਸਿੱਖ ਉਸ ਅੱਗੋਂ ਲੰਘਦਾ ਉਸ ਨੂੰ ਕਹਿੰਦਾ ਕਿ ਗੁਰੂ ਸਾਹਿਬ ਨੂੰ ਕਹੋ ਕਿ ਜਾਨੀ ਨੂੰ ਜਾਨੀ ਮਿਲਾ ਦੇਣ।

ਗੁਰੂ ਸਾਹਿਬ ਨੇ ਉਸ ਦੇ ਸਿਰੜ ਦੀ ਪਰਖ ਵਾਸਤੇ ਰੁਪਈਆਂ ਦੀ ਇਕ ਥੈਲੀ ਉਸ ਕੋਲ ਭੇਜੀ। ਉਸ ਨੇ ਥੈਲੀ ਨਾ ਸਵੀਕਾਰੀ ਅਤੇ ਫਿਰ ਇਹੀ ਕਿਹਾ-ਜਾਨੀ ਕੋ ਜਾਨੀ ਮਿਲਾ ਦੋ। ਗੁਰੂ ਸਾਹਿਬ ਨੇ ਕਿਹਾ : ਉਸ ਨੂੰ ਇਨੀ ਹੀ ਜਲਦੀ ਹੈ ਜਾਨੀ ਨੂੰ ਮਿਲਣ ਦੀ ਤਾਂ ਦਰਿਆ ਵਿਚ ਛਾਲ ਮਾਰ ਦੇਵੇ। ਇਹ ਸੁਨੇਹਾ ਸੁਣ ਕੇ ਜਾਨੀ ਦਰਿਆ ਵਲ ਭਜ ਤੁਰਿਆ। ਉਸ ਦੇ ਸਿਰੜ ਤੇ ਦ੍ਰਿੜਤਾ ਨੂੰ ਵੇਖ ਕੇ ਗੁਰੂ ਪਾਤਸ਼ਾਹ ਪ੍ਰਸੰਨ ਹੋਏ। ਉਸੇ ਵੇਲੇ ਘੋੜ ਸਵਾਰ ਮਗਰ ਦੌੜਾ ਕੇ ਉਸ ਨੂੰ ਆਪਣੇ ਕੋਲ ਬੁਲਾਇਆ। ਪਿਆਰ ਦਿੱਤਾ ਅਤੇ ਬਖਸ਼ਿਸ਼ਾਂ ਨਾਲ ਮਾਲਾ ਮਾਲ ਕੀਤਾ। ਉਸ ਦੀ ਭਟਕਣ ਦੂਰ ਹੋ ਗਈ।

ਗੁਰੂ ਸਾਹਿਬ ਨੇ ਉਸ ਨੂੰ ਵੀ ਸਿੱਖੀ ਪ੍ਰਚਾਰ ਦੀ ਸੇਵਾ ਬਖਸ਼ੀ।

ਹਰਿਗੋਬਿੰਦਪੁਰ ਵਿਚ ਹੀ ਗੁਰੂ ਸਾਹਿਬ ਨੇ ਭਾਈ ਗੜ੍ਹੀਆ ਨੂੰ ਸਿੱਖੀ ਪ੍ਰਚਾਰ ਲਈ ਦੂਰ ਦਰਾਜ਼ ਦੀਆਂ ਜ਼ਿੰਮੇਵਾਰੀਆਂ ਨਿਭਾਣ ਦਾ ਕੰਮ ਸੌਂਪਿਆ। ਗੁਰੂ ਸਾਹਿਬ ਉਸ ਦੀ ਸੇਵਾ ਸੁਹਿਰਦਤਾ ਉਤੇ ਪਹਿਲਾਂ ਹੀ ਮਿਹਰਬਾਨ ਸਨ। ਭਾਈ ਗੜ੍ਹੀਆ ਨੇ ਉਦਾਰਤਾ, ਪਰਉਪਕਾਰ ਤੇ ਨਿਮਰਤਾ ਨਾਲ ਗੁਰੂ ਸਾਹਿਬ ਦਾ ਮਨ ਜਿਤ ਲਿਆ ਸੀ। ਜੰਗ ਉਪਰੰਤ ਉਹ ਪ੍ਰਚਾਰ ਨੂੰ ਨਿਕਲਿਆ ਤਾਂ ਉਸ ਨੇ ਸ਼ਾਹ ਦਉਲਾ ਨੂੰ ਗੁਰੂ ਸਾਹਿਬ ਦੀਆਂ ਜੰਗਾਂ ਦੇ ਬਿਰਤਾਂਤ ਵਿਸਤਾਰ ਨਾਲ ਦੱਸੇ। ਸ਼ਾਹ ਦਉਲੇ ਨੇ ਇਹ ਸੁਣ ਕੇ ਕਈ ਸ਼ੰਕੇ ਵੀ ਪ੍ਰਗਟ ਕੀਤੇ। ਭਾਈ ਗੜ੍ਹੀਏ ਨੇ ਇਹ ਸ਼ੰਕੇ ਜਿਵੇਂ ਦੂਰ ਕੀਤੇ ਉਸ ਨਾਲ ਸ਼ਾਹ ਦਉਲਾ ਬੜਾ ਪ੍ਰਭਾਵਿਤ ਹੋਇਆ। ਭਾਈ ਸਾਹਿਬ ਦੀ ਕਥਨੀ ਕਰਨੀ ਦਾ ਉਸ ਉਤੇ ਇੰਨਾ ਅਸਰ ਹੋਇਆ ਕਿ ਉਸ ਨੇ ਢੇਰ ਸਾਰੀ ਮਾਇਆ ਇਕੱਠੀ ਕਰ ਕੇ ਗੁਰੂ ਸਾਹਿਬ ਨੂੰ ਭੇਟ ਕਰਨ ਲਈ ਦਿੱਤੀ। ਭਾਈ ਸਾਹਿਬ ਨੇ ਇਕ ਪੈਸਾ ਵੀ ਆਪਣੇ ਲਈ ਨਾ ਰੱਖਿਆ ਅਤੇ ਸਾਰੀ ਮਾਇਆ ਗੁਰੂ ਜੀ ਨੂੰ ਭੇਜ ਦਿੱਤੀ। ਭਾਈ ਸਾਹਿਬ ਦੇ ਬਸਤਰ ਵੀ ਫਟੇ ਹੋਏ ਸਨ। ਆਪ ਨੇ ਨਵੇਂ ਬਸਤਰਾਂ ਲਈ ਵੀ ਕੋਈ ਪੈਸਾ ਨਾ ਰੱਖਿਆ। ਇਹ ਵੇਖ ਕੇ ਸ਼ਾਹ ਦਉਲਾ ਨੇ ਆਪ ਨੂੰ ਆਪਣੇ ਵੱਲੋਂ ਨਵੇਂ ਬਸਤਰ ਭੇਟ ਕੀਤੇ। ਅਚਾਨਕ ਉਥੇ ਕੋਈ ਗਰੀਬ ਆ ਗਿਆ ਜਿਸ ਦੇ ਬਸਤਰ ਫਟੇ ਹੋਏ ਸਨ। ਭਾਈ ਸਾਹਿਬ ਦੇ ਸ਼ਾਹ ਦਉਲੇ ਵੱਲੋਂ ਭੇਟ ਬਸਤਰ ਉਸ ਨੂੰ ਦੇ ਦਿੱਤੇ। ਸ਼ਾਹ ਦਉਲਾ ਨੇ ਖਿਝ ਕੇ ਕਿਹਾ–ਦਿਖਾਵਾ ਕਰਨਾ ਠੀਕ ਨਹੀਂ। ਭਾਈ ਗੜ੍ਹੀਆ ਨੇ ਕਿਹਾ ਕਿ ਦਿਖਾਵੇ ਦੀ ਕੋਈ ਗੱਲ ਨਹੀਂ। ਮੈਨੂੰ ਤਾਂ ਤੁਹਾਡੇ ਵਰਗਾ ਕੋਈ ਹੋਰ ਬਸਤਰ ਦੇ ਦੇਵੇਗਾ ਪਰ ਇਸ ਗਰੀਬ ਨੂੰ ਕੌਣ ਦੇਵੇਗਾ। ਸ਼ਾਹ ਦਉਲਾ ਦੀ ਤਸੱਲੀ ਹੋ ਗਈ।

ਬਟਾਲੇ ਦੇ ਇਕ ਹੰਕਾਰੀ ਪੰਡਿਤ ਨਿਤਾਨੰਦ ਦੀ ਵਾਰਤਾ ਵੀ ਭਾਈ ਸੰਤੋਖ ਸਿੰਘ ਨੇ ਲਿਖੀ ਹੈ। ਪ੍ਰੋ. ਸਤਿਬੀਰ ਸਿੰਘ ਨੇ ਵੀ ਇਸ ਦਾ ਉਲੇਖ ਕੀਤਾਹੈ। ਨਿਤਾਨੰਦ ਨੇ ਗੁਰੂ ਸਾਹਿਬ ਦੇ ਸਿੱਖਾਂ ਨੂੰ ਪ੍ਰਭਾਵਿਤ ਕਰਨ ਲਈ ਗੁਰੁੜ ਪੁਰਾਣ ਦੀ ਕਥਾ ਛੇੜ ਲਈ। ਉਸ ਨੇ ਕਿਹਾ ਕਿ ਪੁਰਾਣਾਂ ਅਨੁਸਾਰ ਮਰਨ ਉਪਰੰਤ ਜੀਵਾਤਮਾ ਨੂੰ ਤਿੰਨ ਸੌ ਸੱਠ ਦਿਨ ਦਾ ਲੰਬਾ ਸਫ਼ਰ ਕਰਕੇ ਮੁਕਤੀ ਮਿਲਦੀ ਹੈ। ਇਹ ਸੁਣ ਕੇ ਇਕ ਸਿੱਖ ਭਾਈ ਸੁੰਦਰ ਨੇ ਕਿਹਾ—ਗੁਰੂ ਦੀ ਕਿਰਪਾ ਨਾਲ ਮੈਂ ਇਹ ਸਫਰ ਬਾਰਾਂ ਘੰਟੇ ਵਿਚ ਕਰ ਸਕਦਾ ਹਾਂ। ਭਾਈ ਲਾਲ ਨੇ ਕਿਹਾ ਮੈਂ ਇਹ ਪੈਂਡਾ ਤਿੰਨ ਘੰਟੇ ਵਿਚ ਕਰ ਸਕਦਾ ਹਾਂ। ਭਾਈ ਨਿਹਾਲਾ ਨੇ ਕਿਹਾ –ਗੁਰੂ ਕੇ ਸਿੱਖੋ। ਸਿਖ ਤਾਂ ਗੁਰੂ ਕਿਰਪਾ ਨਾਲ ਤੁਰੰਤ ਹੀ ਵਾਹਿਗੁਰੂ ਕੋਲ ਪੁਜ ਸਕਦੇ ਹਨ।

ਨਿਤਾਨੰਦ ਨੂੰ ਲੱਗਾ ਕਿ ਸਿੱਖ ਮੇਰਾ ਮਜ਼ਾਕ ਉਡਾ ਰਹੇ ਹਨ। ਪੁਰਾਣਾਂ ਤੇ ਸ਼ਾਸਤਰਾਂ ਦੀ ਵੀ ਅਵੱਗਿਆ ਕਰ ਰਹੇ ਹਨ। ਉਸ ਨੇ ਗੁਰੂ ਸਾਹਿਬ ਕੋਲ ਸ਼ਿਕਾਇਤ ਕੀਤੀ। ਗੁਰੂ ਸਾਹਿਬ ਨੇ ਕਿਹਾ ਕਿ ਗੁਰਮਤਿ ਵਿਚ ਇਨ੍ਹਾਂ ਪੌਰਾਣਿਕ ਧਾਰਨਾਵਾਂ ਲਈ ਕੋਈ ਥਾਂ ਨਹੀਂ। ਸ਼ਬਦ ਗੁਰੂ ਦਾ ਸਹਾਰਾ ਸਭ ਤੋਂ ਵੱਡਾ ਆਸਰਾ ਹੈ। ਕੋਈ ਵੀ ਪੈਂਡਾ ਉਨੀ ਛੇਤੀ ਮੁਕਦਾ ਹੈ, ਜਿੰਨੀ ਤੇਜ਼ ਸਵਾਰੀ ਹੋਵੇ। ਸ਼ਬਦ ਗੁਰੂ ਨਾਲ ਜੀਵਾਤਮਾ ਦਾ

ਪੈਂਡਾ ਝਟ ਮੁਕ ਜਾਂਦਾ ਹੈ। ਇਹ ਸੁਣ ਕੇ ਨਿਤਾਨੰਦ ਦਾ ਵਿਦਵਤਾ ਅਤੇ ਉਚ ਜਾਤ ਦਾ ਹੰਕਾਰ ਟੁਟ ਗਿਆ। ਉਸ ਨੇ ਸਿੱਖੀ ਧਾਰਨ ਕਰ ਲਈ।

ਗੁਰੂ ਸਾਹਿਬ ਨੂੰ ਮਿਲਣ ਉਪਰੰਤ ਬਾਬਾ ਬੁਢਾ ਜੀ ਅੰਮ੍ਰਿਤਸਰ ਚਲੇ ਗਏ ਸਨ। ਉਨ੍ਹਾਂ ਦੀ ਉਮਰ ਹੁਣ ਸਵਾ ਸੌ ਸਾਲ ਦੇ ਲਗਪਗ ਹੋ ਚੁੱਕੀ ਸੀ। ਪੂਰਨ ਬ੍ਰਹਮ ਗਿਆਨੀ ਬਾਬਾ ਜੀ ਨੂੰ ਆਪਣੇ ਅੰਤਿਮ ਸਮਾਂ ਨੇੜੇ ਹੋਣ ਦਾ ਪੂਰਵ ਆਭਾਸ ਹੋ ਗਿਆ। ਉਨ੍ਹਾਂ ਦੀ ਇੱਛਾ ਹੋਈ ਕਿ ਮੇਰੇ ਸਵਾਸ ਗੁਰੂ ਪਾਤਸ਼ਾਹ ਦੀ ਹਾਜ਼ਰੀ ਵਿਚ ਹੀ ਨਿਕਲਣ। ਬਾਬਾ ਜੀ ਨੇ ਗੁਰੂ ਸਾਹਿਬ ਕੋਲ ਸੁਨੇਹਾ ਭੇਜਿਆ ਕਿ ਆਪ ਦਰਸ਼ਨ ਦਿਓ। ਗੁਰੂ ਪਾਤਸ਼ਾਹ ਸੰਦੇਸ਼ ਮਿਲਣ ਉਤੇ ਬਾਬਾ ਜੀ ਪਾਸ ਪੁਜ ਗਏ ਅਤੇ ਕਹਿਣ ਲੱਗੇ ਬਾਬਾ ਜੀ ਤੁਸੀਂ ਗੁਰੂ ਨਾਨਕ ਤੋਂ ਲੈ ਕੇ ਪਿਤਾ ਗੁਰੂ ਅਰਜਨ ਦੇਵ ਜੀ ਤੱਕ ਪੰਜੇ ਗੁਰੂਆਂ ਦੇ ਦਰਸ਼ਨ ਕੀਤੇ ਹਨ। ਤੁਸੀਂ ਉਨ੍ਹਾਂ ਦੀ ਕੋਈ ਪ੍ਰੇਮ ਭਰੀ ਵਾਰਤਾ ਸੁਣਾਓ ਜੋ ਸਾਡਾ ਮਾਰਗ ਦਰਸ਼ਨ ਕਰੇ। ਬਾਬਾ ਜੀ ਨੇ ਕਿਹਾ ਕਿ ਮਹਾਰਾਜ ਆਪ ਸੂਰਜ ਹੋ। ਮੈਂ ਤਾਂ ਜੁਗਨੂੰ ਹਾਂ। ਆਪ ਮਾਲਕ ਹੋ। ਮੈਂ ਸੇਵਕ ਹਾਂ। ਆਪ ਮੇਰੇ ਉਤੈ ਮਿਹਰ ਭਰੇ ਹਥ ਰੱਖੋ ਅਤੇ ਮੇਰੇ ਪਿਛੋਂ ਭਾਨਾ ਜੀ ਦੇ ਸਿਰ ਉਤੇ ਹੱਥ ਰਖਣਾ। ਗੁਰੂ ਸਾਹਿਬ ਨੇ ਕਿਹਾ ਗੁਰੂ ਅਰਜਨ ਦੇਵ ਜੀ ਦਾ ਮਹਾਂਵਾਕ ਹੈ ਕਿ ਜਿਸ ਜਿਸ ਨੇ ਵੀ ਗੁਰੂ ਨਾਨਕ ਨੂੰ ਸੁਣਿਆ ਪੇਖਿਆ ਉਹ ਫਿਰ ਗਰਭਾਸ ਨਹੀਂ ਪਇਆ। ਤੁਸੀਂ ਗੁਰੂ ਨਾਨਕ ਦੀ ਸੰਗਤ ਮਾਣੀ ਹੈ। ਸੁਭਾਗੇ ਹੋ। ਤੁਹਾਡੀ ਔਲਾਦ ਵੀ ਸੁਭਾਗੀ ਹੈ। ਤੁਹਾਨੂੰ ਜਾਂ ਤੁਹਾਡੀ ਔਲਾਦ ਨੂੰ ਕੋਈ ਸੰਕਟ ਨਹੀਂ ਵਾਪਰ ਸਕਦਾ। ਅਗਲੇ ਦਿਨ ਬਾਬਾ ਜੀ ਨੇ ਸਵਾਸ ਤਿਆਗ ਦਿੱਤੇ। ਗੁਰ ਬਿਲਾਸ ਅਨੁਸਾਰ ਬਾਬਾ ਜੀ ਦਾ ਦਾਹ ਸਸਕਾਰ ਸੇਜਲ ਨੇਤਰਾਂ ਨਾਲ ਗੁਰੂ ਸਾਹਿਬ ਨੇ ਆਪਣੇ ਹੱਥੀਂ ਕੀਤਾ—

ਚਿਖਾ ਉਪਰ ਜਬ ਹੀ ਧਰੀ, ਸਾਹਿਬ ਬੁਢੇ ਦੇਹ।
ਹਰਿਗੋਬਿੰਦ ਕੇ ਨੈਨ ਤੇ, ਚਲਿਓ ਨੀਰ ਸਨੇਹ।

ਇਥੋਂ ਗੁਰੂ ਸਾਹਿਬ ਗੁਰੂ ਨਾਨਕ ਦੇਵ ਜੀ ਦੇ ਯਾਦਗਾਰੀ ਸਥਾਨ ਕਰਤਾਰਪੁਰ (ਪਾਕਿਸਤਾਨ) ਚਲੇ ਗਏ। ਗੁਰੂ ਨਾਨਕ ਦੇ ਪੋਤਿਆਂ ਨੂੰ ਮਿਲੇ। ਵਿਸਾਖੀ ਸਮੇਂ ਗੁਰੂ ਸਾਹਿਬ ਬਾਰਠ ਹੁੰਦੇ ਹੋਏ ਅੰਮ੍ਰਿਤਸਰ ਪਹੁੰਚ ਗਏ। ਹੁਣ ਪਹਿਲਾਂ ਵਾਂਗ ਇਥੇ ਰੌਣਕ ਸ਼ੁਰੂ ਹੋ ਗਈ। ਪੈਂਦੇ ਖਾਂ ਵੀ ਗੁਰੂ ਸਾਹਿਬ ਕੋਲ ਆ ਗਿਆ। ਉਸ ਦੀ ਪਤਨੀ ਤੇ ਧੀ ਵੀ ਨਾਲ ਹੀ ਰਹੇ।

ਵਿਸਾਖੀ ਲੰਘਾ ਕੇ ਗੁਰੂ ਸਾਹਿਬ ਵਡਾਲੀ ਗਏ, ਜਿਥੇ ਉਨ੍ਹਾਂ ਦਾ ਬਚਪਨ ਗੁਜ਼ਰਿਆ ਸੀ। ਪੈਂਦੇ ਖਾਂ ਵੀ ਨਾਲ ਸੀ। ਆਪ ਬੀੜ ਬਾਬਾ ਬੁਢਾ ਜੀ ਵੀ ਗਏ। ਇਕ ਜੰਗਲੀ ਸੂਰ ਨੇ ਰਾਹ ਵਿਚ ਪੈਂਦੇ ਖਾਂ ਉਤੇ ਹਲਾ ਕਰ ਦਿੱਤਾ। ਪੈਂਦੇ ਖਾਂ ਦਾ ਘੋੜਾ ਮਾਰ ਦਿੱਤਾ। ਪੈਂਦੇ ਖਾਂ ਉਤੇ ਵੀ ਉਹ ਝਪਟਿਆ ਪਰੰਤੂ ਗੁਰੂ ਸਾਹਿਬ ਨੇ ਤਲਵਾਰ ਨਾਲ ਉਸ ਨੂੰ ਮਾਰ ਮੁਕਾਇਆ। ਇਕ ਕੌਤਕ ਪੈਂਦੇ ਖਾਂ ਦੇ ਵੱਧ ਰਹੇ ਹੰਕਾਰ ਨੂੰ ਤੋੜਨ ਲਈ ਹੀ ਗੁਰੂ ਜੀ ਨੇ ਕੀਤਾ ਪਰੰਤੂ ਪੈਂਦੇ ਖਾਂ ਦਾ ਹੰਕਾਰ ਦਿਨੋ ਦਿਨ ਵੱਧਦਾ ਜਾ ਰਿਹਾ ਸੀ। ਗੁਰੂ ਪਾਤਸ਼ਾਹ ਜੀ ਬੀੜ ਬਾਬਾ ਬੁਢਾ ਤੋਂ ਝੁਬਾਲ, ਤਰਨਤਾਰਨ ਸਰਹਾਲੀ ਫਿਰਦੇ ਫਿਰਾਂਦੇ

ਛਾਪਰੀ ਕੁਝ ਸਮੇਂ ਲਈ ਰੁਕੇ। ਉਥੇ ਭਾਈ ਹਮੀਦੇ ਨੇ ਗੁਰੂ ਸਾਹਿਬ ਦੀ ਖ਼ੂਬ ਟਹਿਲ ਕੀਤੀ। ਇਥੋਂ ਆਪ ਗੋਇੰਦਵਾਲ ਗਏ।

ਗੋਇੰਦਵਾਲ ਵਿਚ ਭਾਈ ਗੁਰਦਾਸ ਆਪ ਨੂੰ ਯਾਦ ਕਰ ਰਹੇ ਸਨ। ਭਾਈ ਸਾਹਿਬ ਵੀ ਪੂਰਨ ਪੁਰਸ਼ ਸਨ। ਉਨ੍ਹਾਂ ਨੂੰ ਵੀ ਆਪਣੇ ਅੰਤਿਮ ਸਮੇਂ ਦਾ ਪੂਰਵ-ਆਭਾਸ ਹੋ ਗਿਆ ਸੀ। ਉਨ੍ਹਾਂ ਦੀ ਵੀ ਇੱਛਾ ਸੀ ਕਿ ਉਨ੍ਹਾਂ ਦੇ ਪ੍ਰਾਣ ਗੁਰੂ ਪਾਤਸ਼ਾਹ ਦੀ ਹਜ਼ੂਰੀ ਵਿਚ ਨਿਕਲਣ। ਗੁਰੂ ਸਾਹਿਬ ਉਨ੍ਹਾਂ ਦੀ ਮਨੋ-ਕਾਮਨਾ ਪੂਰੀ ਕਰਨ ਲਈ ਸਮੇਂ ਸਿਰ ਗੋਇੰਦਵਾਲ ਆ ਪਹੁੰਚੇ। ਅਗਸਤ 1630 ਦੀ ਇਕ ਸਵੇਰ ਨੂੰ ਸਵੇਰੇ ਆਸਾ ਦੀ ਵਾਰ ਦੇ ਕੀਰਤਨ ਉਪਰੰਤ ਭਾਈ ਸਾਹਿਬ ਨੇ ਸੰਗਤ ਵਿਚ ਫ਼ੁਰਮਾਇਆ : ਹੁਣ ਮੇਰਾ ਅੰਤਿਮ ਸਮਾਂ ਆ ਗਿਆ ਹੈ। ਮੇਰੇ ਪਿਛੋਂ ਗੁਰੂ ਦਾ ਨਾਮ ਜਪਣਾ। ਇਹ ਆਖ ਕੇ ਉਨ੍ਹਾਂ ਨੇ ਸਵਾਸ ਛੱਡ ਦਿੱਤੇ। ਗੁਰੂ ਪਾਤਸ਼ਾਹ ਨੇ ਉਨ੍ਹਾਂ ਦਾ ਦਾਹ ਸਸਕਾਰ ਕਰਵਾਇਆ। ਭੋਗ ਤਕ ਆਪ ਗੋਇੰਦਵਾਲ ਹੀ ਟਿਕੇ ਰਹੇ। ਗੁਰੂ ਸਾਹਿਬ ਦਾ ਬਾਬਾ ਬੁਢਾ ਜੀ ਤੇ ਭਾਈ ਗੁਰਦਾਸ ਨਾਲ ਬਹੁਤ ਪ੍ਰੇਮ ਸੀ। ਇਸ ਲਈ ਦੋਹਾਂ ਦੇ ਅੰਤਿਮ ਸਮੇਂ ਆਪ ਮੌਜੂਦ ਰਹੇ। ਦੋਹਾਂ ਦਾ ਅੰਤਿਮ ਸਸਕਾਰ ਕੀਤਾ। ਇਤਿਹਾਸ ਗਵਾਹ ਹੈ ਕਿ ਭਾਈ ਗੁਰਦਾਸ ਜੀ ਦੇ ਸਰੀਰ ਨੂੰ ਅੰਤਿਮ ਸਮੇਂ ਮੋਢਾ ਦੇਣ ਵਾਲੇ ਭਾਈ ਜੇਠਾ, ਭਾਈ ਬਿਧੀ ਚੰਦ ਤੇ ਭਾਈ ਭਾਨਾ ਨਾਲ ਗੁਰੂ ਪਾਤਸ਼ਾਹ ਆਪ ਸਨ। ਏਕ ਓਰ ਭਾਨਾ ਗੁਰ ਲਾਗੈ ਦੀ ਗਵਾਹੀ ਇਤਿਹਾਸਕ ਸ੍ਰੋਤਾਂ ਵਿਚ ਅੰਕਿਤ ਹੈ। ਗੁਰੂ ਹਰਿਗੋਬਿੰਦ ਸਾਹਿਬ ਭਾਈ ਗੁਰਦਾਸ ਨੂੰ ਕਿੰਨਾ ਆਦਰ ਦਿੰਦੇ ਸਨ, ਇਸ ਦਾ ਪਤਾ ਇਸ ਤੋਂ ਲਗਦਾ ਹੈ ਕਿ ਗੁਰੂ ਸਾਹਿਬ ਜਦੋਂ ਅਕਾਲ ਤਖ਼ਤ ਉਤੇ ਸੁਸ਼ੋਭਿਤ ਹੁੰਦੇ ਤਾਂ ਭਾਈ ਸਾਹਿਬ ਨੂੰ ਬਾਹੋਂ ਫੜ ਕੇ ਨਾਲ ਬਿਠਾਂਦੇ—

ਬੈਠੇ ਤਖ਼ਤ ਅਕਾਲ ਭੁਜਾ ਗਹਿ ਤਾਹਿ ਕੀ।
ਹੋ ਤਾਕੋ ਨਿਕਟ ਬਿਠਾਇ ਧਾਰ ਰੁਚ ਜਾਹਿ ਕਿ।

ਭਾਈ ਗੁਰਦਾਸ ਜੀ ਦੇ ਭੋਗ ਉਪਰੰਤ ਗੁਰੂ ਸਾਹਿਬ ਅੰਮ੍ਰਿਤਸਰ ਆਏ। ਕੁਝ ਸਮੇਂ ਪਿਛੋਂ ਆਪ ਫਿਰ ਬਟਾਲੇ ਤੇ ਘੁਮਾਣ ਪ੍ਰਚਾਰ ਦੌਰੇ ਉਤੇ ਨਿਕਲ ਪਏ। ਪਿੰਡ ਘੁਮਾਣ ਵਿਚ ਬੈਰਾਗੀਆਂ ਦੇ ਚੇਲੇ ਸੋਭਾ ਅਤੇ ਬੰਸੀ ਸਿੱਖੀ ਦੇ ਧਾਰਨੀ ਬਣੇ। ਉਨ੍ਹਾਂ ਦੇ ਬੈਰਾਗ ਮਾਰਗ ਛੱਡਣ ਉਤੇ ਬੈਰਾਗੀ ਮਹੰਤ ਜਲੋ ਬੜਾ ਰੋਹ ਵਿਚ ਆਇਆ। ਉਸ ਨੇ ਬੁਤਾਲੀਏ ਦੇ ਚੌਧਰੀ ਪੱਲੇ ਨੂੰ ਗੁਰੂ ਜੀ ਉਤੇ ਹਲਾ ਕਰਨ ਲਈ ਵੀ ਆਖਿਆ ਪਰ ਚੌਧਰੀ ਨੇ ਉਸ ਦੀ ਗੱਲ ਨਾ ਮੰਨੀ। ਹੁਣ ਜਲੋ ਨੇ ਆਪ ਰਿਧੀਆਂ ਸਿਧੀਆਂ ਨਾਲ ਗੁਰੂ ਸਾਹਿਬ ਨੂੰ ਪ੍ਰਭਾਵਿਤ ਕਰਨ ਦਾ ਯਤਨ ਕੀਤਾ। ਉਸ ਦੀ ਇਸ ਨਾਲ ਵੀ ਕੋਈ ਪੇਸ਼ ਨਾ ਗਈ। ਹਾਰ ਕੇ ਉਹ ਆਪ ਸਿਖੀ ਦਾ ਧਾਰਨੀ ਹੋ ਗਿਆ। ਉਸ ਨੂੰ ਵੇਖ ਕੇ ਚੌਧਰੀ ਪੱਲਾ ਵੀ ਸਿੱਖ ਬਣ ਗਿਆ।

ਘੁਮਾਣ ਤੋਂ ਗੁਰੂ ਸਾਹਿਬ ਭੜਾਣੇ ਪਹੁੰਚੇ। ਇਥੇ ਆਪ ਨੂੰ ਜਲ੍ਹਣ ਜਟ ਮਿਲਿਆ। ਉਹ ਖੁਲ੍ਹੀਆਂ ਡੁਲ੍ਹੀਆਂ ਗੱਲਾਂ ਤੇ ਸਿੱਧੀਆਂ ਸਾਦੀਆਂ ਮਜ਼ਾਹੀਆਂ ਕਵਿਤਾਵਾਂ ਨਾਲ ਲੋਕਾਂ ਨੂੰ ਨੈਤਿਕ ਅਧਿਆਤਮਕ ਸਿੱਖਿਆ ਦਿੰਦਾ ਸੀ। ਉਸ ਨੇ ਆਪ ਨੂੰ ਨਮਸਕਾਰ

ਕੀਤੀ ਤੇ ਕਿਹਾ : ਪਾਤਸ਼ਾਹ ਆਪ ਨੇ ਮਾਇਆ ਕੁਤੀ ਆਪਣੇ ਪਾਵੇ ਨਾਲ ਬੰਨ੍ਹ ਲਈ ਹੈ। ਕੁਤੇ ਵੇਖ ਵੇਖ ਭੌਂਕਦੇ ਹਨ। ਹਕੂਮਤ ਦੇ ਜ਼ਾਲਮ ਕਰਮਚਾਰੀ ਵੀ ਮਾਇਆ ਦੇ ਭੁਖੇ ਕੁਤੇ ਹਨ। ਧਰਮ ਜਾਂ ਰਿਧੀਆਂ ਸਿਧੀਆਂ ਦੇ ਨਾਂ ਉਤੇ ਲੋਕਾਂ ਨੂੰ ਲੁੱਟਣ ਵਾਲੇ। ਤੁਸੀਂ ਇਸ ਨੂੰ ਤਿਆਗ ਹੀ ਦਿਓ। ਗੁਰੂ ਸਾਹਿਬ ਨੇ ਕਿਹਾ : ਜਲ੍ਹਣ ਜੀ। ਕੁਤਿਆਂ ਦੇ ਭੌਂਕਣ ਤੋਂ ਨਾ ਡਰੋ। ਸ਼ੇਰਾਂ ਵਾਂਗ ਡਟੋ। ਗੁਰੂ ਨਾਨਕ ਨੇ ਸੰਸਾਰ ਦੇ ਤਿਆਗ ਦਾ ਰਾਹ ਨਹੀਂ ਦੱਸਿਆ। ਸੰਸਾਰ ਵਿਚ ਰਹਿ ਕੇ ਸਾਰੇ ਕਾਰ ਵਿਹਾਰ ਕਰਦੇ ਹੋਏ ਅਕਾਲ ਪੁਰਖ ਨਾਲ ਜੁੜਣ ਦਾ ਮਾਰਗ ਦੱਸਿਆ ਹੈ। ਭੜਾਣੇ ਤੋਂ ਗੁਰੂ ਸਾਹਿਬ ਰਾਮ ਤੀਰਥ ਗਏ। ਉਥੋਂ ਦੇ ਬੈਰਾਗੀ ਵੀ ਸਿੱਖੀ ਦੇ ਧਾਰਨੀ ਬਣੇ।

ਇਸ ਪ੍ਰਕਾਰ ਗੁਰੂ ਸਾਹਿਬ ਭਗਤੀ ਤੇ ਸ਼ਕਤੀ ਦੋਹਾਂ ਨੂੰ ਨਿਰਤੰਰ ਨਾਲ ਤੋਰੀ ਰੱਖਦੇ। ਸਿੱਖਾਂ ਨੂੰ ਨਿਰੰਤਰ ਸ਼ਸਤਰ, ਸ਼ਿਕਾਰ, ਕਸਰਤ ਤੇ ਘੋੜ ਸਵਾਰੀ ਦਾ ਅਭਿਆਸ ਕਰਵਾਂਦੇ। ਨਾਮ ਬਾਣੀ ਨਾਲ ਜੋੜਦੇ। ਜਬਰ ਜ਼ੁਲਮ ਨਾਲ ਨਿਰਭੈ ਹੋ ਕੇ ਟਕਰਾਣ ਦੀ ਸਿੱਖਿਆ ਦਿੰਦੇ। ਲੋੜ ਪੈਣ ਉਤੇ ਜਬਰ ਜ਼ੁਲਮ ਦੇ ਮੁਕਾਬਲੇ ਲਈ ਤਲਵਾਰ ਚੁਕ ਕੇ ਜੰਗ ਦੇ ਮੈਦਾਨ ਵਿਚ ਉਤਰ ਪੈਂਦੇ। ਵਿਹਲ ਮਿਲਦੀ ਤਾਂ ਦੂਰ ਨੇੜੇ ਗੁਰੂ ਨਾਨਕ ਦੀ ਸਿੱਖੀ ਦਾ ਘੇਰਾ ਵਿਸ਼ਾਲ ਕਰਨ ਲਈ ਪ੍ਰਚਾਰ ਦੌਰਿਆਂ ਉਤੇ ਨਿਕਲ ਜਾਂਦੇ। ਰਿਧੀਆਂ ਸਿਧੀਆਂ ਤੇ ਧਰਮ ਦੇ ਨਾਂ ਤੇ ਪਾਖੰਡ ਦੁਆਰਾ ਆਮ ਆਦਮੀ ਦਾ ਜੀਵਨ ਨਰਕ ਬਣਾਉਣ ਵਾਲਿਆਂ ਦਾ ਭਾਂਡਾ ਭੰਨਦੇ। ਲੋਕਾਂ ਨੂੰ ਸਰਲ, ਸਵੱਛ, ਉਸਾਰੂ ਜੀਵਨ ਜਾਚ ਦਸਦੇ। ਗੁਰਬਾਣੀ ਤੇ ਨਾਮ ਨਾਲ ਜੋੜਦੇ। ਪੰਜਾਬ ਤੋਂ ਬਾਹਰ ਦੂਰ-ਦੂਰ ਤੱਕ ਸਿੱਖੀ ਦਾ ਘੇਰਾ ਫੈਲਾਂਦੇ ਹੋਏ, ਦੂਰ ਦਰਾਜ਼ ਦੀਆਂ ਸੰਗਤਾਂ ਨਾਲ ਨਿਰੰਤਰ ਸੰਪਰਕ ਰੱਖਣ ਦੀਆਂ ਗੁਰੂ ਹਰਿਗੋਬਿੰਦ ਸਾਹਿਬ ਦੀਆਂ ਸਰਗਰਮੀਆਂ ਦੀ ਗਵਾਹੀ ਪੁਰਾਤਨ ਸਿੱਖ ਇਤਿਹਾਸਕ ਗ੍ਰੰਥਾਂ ਵਿਚ ਤਾਂ ਪ੍ਰਾਪਤ ਹੀ ਹੈ। ਇਸ ਦੀ ਪੁਸ਼ਟੀ ਭੱਟ ਵਹੀਆਂ ਦੇ ਇੰਦਰਾਜਾਂ ਤੋਂ ਵੀ ਹੁੰਦੀ ਹੈ ਅਤੇ ਮੁਹਸਿਨ ਫਾਨੀ ਰਚਿਤ ਦਬਸਤਾਨਿ ਮਜ਼ਾਹਬ ਤੋਂ ਵੀ। ਚੇਤੇ ਰਹੇ ਕਿ ਮੁਹਸਿਨ ਫਾਨੀ ਗੁਰੂ ਸਾਹਿਬ ਦਾ ਸਮਕਾਲੀ ਗੈਰ ਸਿੱਖ ਹੈ। ਗੁਰੂ ਸਾਹਿਬ ਦੀ ਉਪਰੋਕਤ ਕਾਰਜ ਸ਼ੈਲੀ ਸਿਖਾਂ ਨੂੰ ਨਿਡਰ ਹੋਕੇ ਹਰ ਸੰਕਟ ਨਾਲ ਟਕਰਾਣ ਵਾਸਤੇ ਤਿਆਰ ਕਰਨ ਵਾਲੀ ਸੀ। ਇਸ ਨਾਲ ਸਿੱਖ ਲਹਿਰ ਮਜ਼ਬੂਤ ਹੋਈ ਅਤੇ ਇਸ ਦਾ ਘੇਰਾ ਵਿਸ਼ਾਲ ਹੋਇਆ।

ਅਧਿਆਇ 8

ਮਾਲਵੇ ਦੀ ਸਾਰ : ਮਰਾੜ ਦੀ ਜੰਗ

ਕਰਤਾਰਪੁਰ, ਡਰੋਲੀ, ਅੰਮ੍ਰਿਤਸਰ, ਗੋਇੰਦਵਾਲ ਹੀ ਨਹੀਂ, ਹਰਿਗੋਬਿੰਦ ਸਾਹਿਬ ਦੀ ਜੰਗ ਉਪਰੰਤ ਗੁਰੂ ਸਾਹਿਬ ਨੇ ਸਿੱਖੀ ਪ੍ਰਚਾਰ ਲਈ ਦੂਰ ਤਕ ਦੌਰੇ ਕੀਤੇ। ਥੋੜ੍ਹੇ ਜਹੇ ਸਮੇਂ ਵਿਚ ਹੀ ਕਈ ਮਹੱਤਵ ਪੂਰਨ ਕੌਤਕ ਵਰਤਾਏ। ਸਾਹਿਬਜ਼ਾਦੇ ਸੂਰਜ ਮਲ ਦੀ ਸ਼ਾਦੀ ਕਰਤਾਰਪੁਰ ਦੇ ਭਾਈ ਪ੍ਰੇਮ ਚੰਦ ਦੀ ਬੇਟੀ ਨਾਲ ਕੀਤੀ। ਇਸੇ ਅਰਸੇ ਦੌਰਾਨ ਹੀ ਭਾਈ ਗੁਰਦਾਸ ਜੀ ਨੂੰ ਆਪ ਨੇ ਗੁਰੂ ਤੇ ਸਿੱਖ ਦੇ ਰਿਸ਼ਤੇ ਦੀਆਂ ਸੂਖਮ ਪਰਤਾਂ ਸਮਝਾਉਣ ਲਈ ਕੌਤਕ ਕੀਤਾ ਸੀ। ਭਾਈ ਸਾਹਿਬ ਨੇ ਗੁਰੂ ਉਪਦੇਸ਼ ਨੂੰ ਦ੍ਰਿੜਤਾ ਨਾਲ ਪਾਲਣ ਦੇ ਪ੍ਰਸੰਗ ਵਿਚ ਇਕ ਦਿਨ ਇਹ ਕਿਹਾ ਸੀ ਕਿ ਜੇ ਗੁਰਸਾਂਗ ਵਰਤਦਾ ਸਿੱਖ ਸਿਦਕ ਨਾ ਹਾਰੇ। ਭਾਵ ਗੁਰੂ ਦੁਆਰਾ ਕੀਤੀ ਪਰਖ ਸਮੇਂ ਸਿੱਖ ਨਹੀਂ ਡੋਲਦਾ। ਗੁਰੂ ਸਾਹਿਬ ਨੇ ਸਮਝਾਇਆ ਕਿ ਸਿੱਖ ਨੂੰ ਡੋਲਣ ਤੋਂ ਬਚਣ ਲਈ ਹਰ ਕਦਮ ਉਤੇ ਗੁਰੂ ਦਾ ਆਸਰਾ ਚਾਹੀਦਾ ਹੈ। ਨਹੀਂ ਤਾਂ ਉਹ ਡੋਲ ਹੀ ਜਾਂਦਾ ਹੈ।

ਭਾਈ ਗੁਰਦਾਸ ਜੀ ਦੇ ਇਸ ਪੱਖੋਂ ਇਹ ਕਹਿਣ ਉਤੇ ਕਿ ਸੱਚਾ ਸਿੱਖ ਕਦੇ ਨਹੀਂ ਡੋਲਦਾ, ਗੁਰੂ ਸਾਹਿਬ ਨੇ ਕੌਤਕ ਰਚਿਆ। ਭਾਈ ਸਾਹਿਬ ਨੂੰ ਕਾਫ਼ੀ ਸਾਰਾ ਧਨ ਦੇ ਕੇ ਘੋੜੇ ਖਰੀਦਣ ਲਈ ਭੇਜਿਆ। ਨਾਲ ਸਾਥੀ ਵੀ ਭੇਜੇ। ਭਾਈ ਸਾਹਿਬ ਨੇ ਕਾਬਲ ਜਾ ਕੇ ਵਧੀਆ ਘੋੜੇ ਖਰੀਦੇ। ਪੈਸੇ ਦੇਣ ਲਈ ਜਦੋਂ ਤੰਬੂ ਵਿਚ ਗਏ ਤਾਂ ਬੋਰੀਆਂ ਵਿਚ ਮੋਹਰਾਂ ਦੀ ਥਾਂ ਠੀਕਰੀਆਂ ਨਜ਼ਰ ਆਈਆਂ। ਭਾਈ ਸਾਹਿਬ ਗੁਰੂ ਦੇ ਇਸ ਕੌਤਕ ਨੂੰ ਸਮਝ ਨਾ ਸਕੇ ਅਤੇ ਡੋਲ ਗਏ। ਉਥੇ ਹੀ ਸਾਰਾ ਕੁਝ ਛੱਡ ਕੇ ਤੰਬੂ ਦੇ ਪਿਛਲੇ ਪਾਸਿਉਂ ਦੌੜ ਗਏ। ਕਾਸ਼ੀ ਜਾ ਪਹੁੰਚੇ। ਉਥੇ ਦੀਆਂ ਸਿੱਖ ਸੰਗਤਾਂ ਨੇ ਮਾਣ ਦਿੱਤਾ। ਆਪ ਦੂਰ ਨੇੜੇ ਸਿੱਖੀ ਪ੍ਰਚਾਰ ਕਰਨ ਲੱਗੇ। ਉਧਰ ਘੋੜਿਆਂ ਦੇ ਸੁਦਾਗਰ ਨੇ ਦੇਖਿਆ ਕਿ ਭਾਈ ਸਾਹਿਬ ਕਾਫ਼ੀ ਦੇਰ ਤੰਬੂ ਵਿਚੋਂ ਘੋੜਿਆਂ ਦਾ ਮੁਲ ਤਾਰਨ ਨਹੀਂ ਆਏ। ਉਸ ਨੇ ਭਾਈ ਸਾਹਿਬ ਦੇ ਸਾਥੀ ਸਿੱਖਾਂ ਨੂੰ ਪੁੱਛਿਆ। ਸਿੱਖ ਤੰਬੂ ਵਿਚ ਗਏ। ਮੋਹਰਾਂ ਦੀਆਂ ਬੋਰੀਆਂ ਖੁੱਲ੍ਹੀਆਂ ਪਈਆਂ ਸਨ। ਭਾਈ ਸਾਹਿਬ ਉਥੇ ਨਹੀਂ ਸਨ। ਸਿੱਖਾਂ ਨੇ ਸੁਦਾਗਰ ਨੂੰ ਮਾਇਆ ਦਿੱਤੀ ਅਤੇ ਗੁਰੂ ਸਾਹਿਬ ਕੋਲ ਆ ਗਏ। ਭਾਈ ਸਾਹਿਬ ਉਥੇ ਵੀ ਨਹੀਂ ਸਨ। ਉਹ ਤਾਂ ਕਾਸ਼ੀ ਵਿਚ ਸਿੱਖੀ ਪ੍ਰਚਾਰ ਕਰ ਰਹੇ ਸਨ। ਕਾਸ਼ੀ ਦੇ ਰਾਜੇ ਨੂੰ ਵੀ ਉਨ੍ਹਾਂ ਸਿੱਖੀ ਦੇ ਲੜ ਲਾਇਆ ਅਤੇ ਹੋਰ ਅਨੇਕਾਂ ਪ੍ਰਾਣੀਆਂ ਨੂੰ ਵੀ। ਉਨ੍ਹਾਂ ਦੀ ਸੋਭਾ ਦੂਰ ਦੂਰ ਤਕ ਹੋਈ।

ਗੁਰੂ ਸਾਹਿਬ ਨੇ ਕਾਸ਼ੀ ਦੇ ਰਾਜੇ ਪਾਸ ਸੁਨੇਹਾ ਭੇਜਿਆ ਕਿ ਗੁਰੂ ਸਾਹਿਬ ਨੂੰ ਭਾਈ

ਗੁਰਦਾਸ ਨਾਂ ਦੇ ਸਿੱਖ ਦੀ ਤਲਾਸ਼ ਹੈ। ਉਸ ਨੂੰ ਗੁਰੂ ਦਰਬਾਰ ਵਿਚ ਦੋਸ਼ੀ ਵਾਂਗ ਪੇਸ਼ ਕਰੋ। ਰਾਜੇ ਲਈ ਬੜੀ ਮੁਸ਼ਕਿਲ ਬਣੀ। ਭਾਈ ਗੁਰਦਾਸ ਤਾਂ ਉਸ ਦੇ ਪੂਜਣ ਯੋਗ ਸਨ। ਗੁਰੂ ਸਾਹਿਬ ਦਾ ਹੁਕਮ ਸੁਣ ਕੇ ਭਾਈ ਸਾਹਿਬ ਆਪ ਹੀ ਦੋਸ਼ੀ ਵਾਂਗ ਗੁਰੂ ਦਰਬਾਰ ਵਿਚ ਹਾਜ਼ਰ ਹੋ ਗਏ। ਗੁਰੂ ਸਾਹਿਬ ਨੇ ਚੇਤਾ ਕਰਵਾਇਆ, ਕਾਬਲ ਦੇ ਸਾਰੇ ਬਿਰਤਾਂਤ ਦਾ ਅਤੇ ਭਾਈ ਸਾਹਿਬ ਦੀ ਉਸ ਟੂਕ ਦਾ ਕਿ ਭਾਈ ਸਾਹਿਬ ਤੁਸੀਂ ਤਾਂ ਆਖਦੇ ਸੀ ਜੇ ਗੁਰੂ ਸਾਂਗ ਵਰਤਦਾ ਸਿੱਖ ਸਿਦਕ ਨਾ ਹਾਰੇ। ਭਾਈ ਸਾਹਿਬ ਨੇ ਆਖਿਆ ਹਜ਼ੂਰ ਸਿੱਖ ਭੁਲਣਹਾਰ ਹੈ। ਜੇ ਗੁਰ ਭਰਮਾਏ ਸਾਂਗ ਕਰ ਕਰੇ ਕਿਆ ਸਿੱਖ ਵਿਚਾਰਾ। ਪਾਤਸ਼ਾਹ ਜੇ ਗੁਰੂ ਹੀ ਮਾਇਆ ਵਰਤਾ ਦੇਵੇ ਤਾਂ ਸਿੱਖ ਕੀ ਕਰ ਸਕਦਾ ਹੈ। ਗੁਰੂ ਸਾਹਿਬ ਨੇ ਪ੍ਰੇਮ ਨਾਲ ਉਨ੍ਹਾਂ ਨੂੰ ਸੀਨੇ ਨਾਲ ਲਾ ਲਿਆ।

ਹਰਿਗੋਬਿੰਦਪੁਰ ਦੇ ਯੁੱਧ ਉਪਰੰਤ ਤਿੰਨ ਕੁ ਸਾਲ ਦੇ ਅਰਸੇ ਵਿਚ ਹੀ ਪਾਤਸ਼ਾਹ ਨੇ ਬੇਟੇ ਤੇਗ ਬਹਾਦਰ (ਜੋ ਬਾਦ ਵਿਚ ਨੌਵੇਂ ਗੁਰੂ ਬਣੇ) ਦੀ ਸ਼ਾਦੀ ਭਾਈ ਲਾਲ ਚੰਦ ਦੀ ਬੇਟੀ ਬੀਬੀ ਗੁਜਰੀ ਨਾਲ ਕੀਤੀ। ਇਸੇ ਦੌਰਾਨ ਹੀ 1630 ਈ. ਵਿਚ ਆਪ ਦੇ ਵੱਡੇ ਬੇਟੇ ਗੁਰਦਿੱਤਾ ਜੀ ਦੇ ਘਰ ਹਰਿ ਰਾਇ (ਜੋ ਬਾਅਦ ਵਿਚ ਸਤਵੇਂ ਗੁਰੂ ਵਜੋਂ ਸਿੱਖਾਂ ਦੇ ਮਾਰਗ ਦਰਸ਼ਕ ਬਣੇ) ਦਾ ਜਨਮ ਹੋਇਆ। ਇਸ ਤੋਂ ਥੋੜ੍ਹੇ ਸਮੇਂ ਬਾਅਦ 1631 ਵਿਚ ਗੁਰੂ ਕੇ ਮਹਿਲ ਮਾਤਾ ਦਾਮੋਦਰੀ ਜੀ ਦਾ ਦੇਹਾਂਤ ਹੋ ਗਿਆ।

ਇਹੀ ਉਹ ਕਾਲ ਖੰਡ ਹੈ ਜਿਸ ਵਿਚ ਬਾਬਾ ਗੁਰਦਿੱਤਾ ਜੀ ਤੋਂ ਕੀਰਤਪੁਰ ਦੀ ਮੋਹੜੀ ਗਡਵਾਈ ਗਈ। ਇਸੇ ਦੌਰਾਨ ਹੀ ਗੁਰੂ ਨਾਨਕ ਦੇ ਵਰੋਸਾਏ ਪੀਰ ਬੁਢਣਸ਼ਾਹ ਦੀ ਸਾਰ ਗੁਰੂ ਪਾਤਸ਼ਾਹ ਨੇ ਲਈ। ਕੀਰਤਪੁਰ ਦੀ ਜੂਹ ਵਿਚ ਕਿਸੇ ਸਮੇਂ ਸਾਈਂ ਬੁਢਣਸ਼ਾਹ ਨੂੰ ਗੁਰੂ ਨਾਨਕ ਨੇ ਦਰਸ਼ਨ ਦਿੱਤੇ ਸਨ ਅਤੇ ਦੁਧ ਪੇਸ਼ ਕੀਤਾ ਸੀ। ਸਿੱਖ ਪਰੰਪਰਾ ਅਨੁਸਾਰ ਗੁਰੂ ਪਾਤਸ਼ਾਹ ਨੇ ਛੇਵੇਂ ਜਾਮੇ ਸਮੇਂ ਮੁੜ ਮਿਲਣ ਦਾ ਵਚਨ ਦਿੱਤਾ ਸੀ। ਭਾਈ ਸੰਤੋਖ ਸਿੰਘ ਅਨੁਸਾਰ ਗੁਰੂ ਹਰਿਗੋਬਿੰਦ ਸਾਹਿਬ ਦੇ ਹੁਕਮ ਨਾਲ ਬਾਬਾ ਗੁਰਦਿੱਤਾ ਜੀ ਸਾਈਂ ਬੁਢਣਸ਼ਾਹ ਨੂੰ ਮਿਲੇ। ਉਨ੍ਹਾਂ ਨੇ ਕੀਰਤਪੁਰ ਦੀ ਮੋੜ੍ਹੀ ਗੱਡਣ ਵੇਲੇ ਵੀ ਥਾਂ ਦੀ ਚੋਣ ਵਾਸਤੇ ਸਾਈਂ ਜੀ ਦੀ ਸਲਾਹ ਲਈ।

ਗੁਰੂ ਸਾਹਿਬ ਲਾਹੌਰ ਤੇ ਅੰਮ੍ਰਿਤਸਰ ਤੋਂ ਦੂਰ ਸਿੱਖੀ ਦੇ ਮਜ਼ਬੂਤ ਕੇਂਦਰ ਵਿਕਸਿਤ ਕਰ ਰਹੇ ਸਨ ਤਾਂ ਜੋ ਲੋੜ ਸਮੇਂ ਮੁਗਲ ਸੈਨਾਵਾਂ ਨਾਲ ਅੰਮ੍ਰਿਤਸਰ ਦੇ ਪਵਿੱਤਰ ਸਥਾਨ ਤੋਂ ਦੂਰ ਰਹਿ ਕੇ ਜੰਗ ਹੋ ਸਕੇ। ਕੀਰਤਪੁਰ ਵੀ ਇਸੇ ਲਈ ਵਸਾਇਆ ਗਿਆ। ਇਸੇ ਸਿਲਸਿਲੇ ਵਿਚ ਗੁਰੂ ਸਾਹਿਬ ਨੇ ਹੁਣ ਮਾਲਵੇ ਵੱਲ ਰੁਖ ਕੀਤਾ। ਡਰੋਲੀ ਤੋਂ ਕਾਂਗੜ ਤੇ ਭਾਈ ਰੂਪਾ ਗਏ। ਭਾਈ ਰੂਪਾ ਵਾਲਾ ਨਗਰ ਉਸ ਸਮੇਂ ਜੰਗਲ ਦਾ ਇਲਾਕਾ ਸੀ। ਇਸ ਵਿਚ ਹੀ ਭਾਈ ਸਾਧੂ ਤੇ ਉਸ ਦਾ ਪੁੱਤਰ ਜੇਠ ਦੇ ਤਪਦੇ ਦਿਨਾਂ ਵਿਚ ਲਕੜਾਂ ਕਟ ਰਹੇ ਸਨ। ਪਾਣੀ ਦੀ ਮਸ਼ਕ ਉਨ੍ਹਾਂ ਰੁਖ ਤੋਂ ਲਟਕਾ ਰੱਖੀ ਸੀ। ਸਿੰਮਿਆ ਪਾਣੀ ਉਡ ਕੇ ਅੰਦਰਲੇ ਪਾਣੀ ਨੂੰ ਠੰਢਾ ਕਰਦਾ ਰਿਹਾ। ਜਦੋਂ ਪਿਉ ਪੁਤਰ ਦੁਪਹਿਰੇ ਪਾਣੀ ਪੀਣ ਆਏ ਤਾਂ ਸੀਤਲ ਜਲ ਵੇਖ ਕੇ ਉਨ੍ਹਾਂ ਦੇ ਮਨ ਵਿਚ ਆਈ ਕਿ ਕਿਆ ਚੰਗਾ ਹੋਵੇ, ਗੁਰੂ ਹਰਿਗੋਬਿੰਦ ਪਾਤਸ਼ਾਹ ਇਹ ਜਲ ਆਪ ਆ ਕੇ ਪੀਣ। ਉਹ ਸਚੇ ਦਿਲੋਂ ਯਾਦ

ਕਰਦੇ, ਪਿਆਸੇ ਬੈਠੇ ਰਹੇ। ਤੀਹ ਕੋਹ ਦਾ ਪੈਂਡਾ ਕਰ ਕੇ ਗੁਰੂ ਹਰਿਗੋਬਿੰਦ ਉਨ੍ਹਾਂ ਪਾਸ ਆਏ। ਜਲ ਪੀਤਾ। ਪਿਓ ਪੁੱਤਰ ਨੂੰ ਅਸ਼ੀਰਵਾਦ ਦਿੱਤਾ। ਉਨ੍ਹਾਂ ਦੀ ਬਖਸ਼ਿਸ਼ ਨਾਲ ਹੀ ਭਾਈ ਰੂਪਾ ਨਗਰ ਦਾ ਨਾਮਕਰਨ ਭਾਈ ਸਾਧੂ ਦੇ ਪੁੱਤਰ ਦੇ ਨਾਮ ਉਤੇ ਹੋਇਆ।

ਗੁਰੂ ਸਾਹਿਬ ਮਾਲਵੇ ਵੱਲ ਨੂੰ ਨਿਕਟ ਭਵਿੱਖ ਵਿਚ ਕਿਸੇ ਯੁਧ ਦੀ ਆਸ਼ੰਕਾ ਕਾਰਨ ਤੁਰੇ ਸਨ। ਅੰਮ੍ਰਿਤਸਰ ਤੋਂ ਵੀ ਆਪ ਡਰੋਲੀ ਇਸੇ ਆਸ਼ੰਕਾ ਕਾਰਨ ਆਏ ਸਨ। ਉਥੋਂ ਤੁਰਦੇ ਸਮੇਂ ਗੁਰੂ ਗ੍ਰੰਥ ਸਾਹਿਬ ਦੀ ਮੂਲ ਬੀੜ ਆਪ ਨਾਲ ਲੈ ਆਏ ਸਨ। ਹੁਣ ਡਰੋਲੀ ਤੋਂ ਅੱਗੇ ਮਾਲਵੇ ਵੱਲ ਜਾਂਦੇ ਸਮੇਂ ਉਨ੍ਹਾਂ ਨੇ ਭਾਈ ਗੁਰਦਿੱਤਾ ਜੀ ਨੂੰ ਇਹ ਬੀੜ ਸੌਂਪੀ ਅਤੇ ਕਰਤਾਰਪੁਰ ਭੇਜ ਦਿੱਤਾ ਤਾਂ ਕਿ ਯੁਧ ਸਮੇਂ ਬੇਅਦਬੀ ਦਾ ਡਰ ਨਾ ਰਹੇ। ਜਾਂਦੇ ਸਮੇਂ ਸ਼ਬਦ ਗੁਰੂ ਦੇ ਸਤਿਕਾਰ ਵਾਸਤੇ ਆਪ ਨੇ ਜੋ ਆਦੇਸ਼ ਦਿੱਤੇ ਉਨ੍ਹਾਂ ਦਾ ਜ਼ਿਕਰ ਜਿਵੇਂ ਭਾਈ ਸੰਤੋਖ ਸਿੰਘ ਨੇ ਕੀਤਾ ਹੈ, ਉਹ ਪੜ੍ਹਣ ਅਤੇ ਧਿਆਨ ਦੇਣ ਯੋਗ ਹੈ:

ਚੰਦਨ ਚਰਚਹੁ ਧੂਪ ਧੁਖਾਵਹੁ।
ਫੂਲਨ ਮਾਲਾ ਗ੍ਰੰਥ ਚਢਾਵਹੁ।
ਘ੍ਰਿਤ ਦੀਪਕ ਕੇ ਨਿੱਸਾ ਜਲਾਵਹੁ।
ਨਿਤ ਪ੍ਰਣਾਮ ਕਰ ਸੀਸ ਨਿਵਾਰਹੁ।
ਸ੍ਰੀ ਨਾਨਕ ਕੇ ਜਾਨ ਸਮਾਨਾ।
ਪੂਜਹੂ ਗੁਰੂ ਗ੍ਰੰਥ ਕੋ ਨਾਨਾ।   (ਰਾਸ : 7-ਅੰਸੂ 22)

ਇੰਜ ਡਰੋਲੀ ਤੋਂ ਪਰਿਵਾਰ ਨੂੰ ਬੀੜ ਸਮੇਤ ਕਰਤਾਰਪੁਰ ਛੱਡ ਕੇ ਗੁਰੂ ਸਾਹਿਬ ਕਾਂਗੜ ਭਾਈ ਰੂਪੇ ਤੇ ਸੁਧਾਰ ਦੇ ਇਲਾਕੇ ਵਿਚ ਆਏ। ਗੁਰੂ ਸਾਹਿਬ ਦੇ ਇਕ ਮਹਿਲ ਮਾਤਾ ਦਮੋਦਰੀ, ਇਕ ਬੇਟੇ ਬਾਬਾ ਅਟਲ ਰਾਏ, ਸਾਲੀ ਰਾਮੋ, ਸਾਂਢੂ ਭਾਈ ਸਾਈਂ ਦਾਸ, ਸਸ, ਸਹੁਰਾ ਬਾਬਾ ਬੁਢਾ ਜੀ ਤੇ ਭਾਈ ਗੁਰਦਾਸ ਸਮੇਤ ਕਿੰਨੇ ਹੀ ਸਾਕ ਸਬੰਧੀ ਅਤੇ ਗੁਰੂ ਘਰ ਦੇ ਅਨਿੰਨ ਸਿੱਖ ਸਦੀਵੀ ਵਿਛੋੜਾ ਦੇ ਚੁੱਕੇ ਸਨ। ਬਾਕੀ ਪਰਿਵਾਰ ਨੂੰ ਕਰਤਾਰਪੁਰ ਛੱਡ ਕੇ ਗੁਰ ਸਾਹਿਬ ਜਬਰ ਜ਼ੁਲਮ ਨਾਲ ਟਕਰ ਲੈਣ ਅਤੇ ਸਿੱਖੀ ਪ੍ਰਚਾਰ ਲਈ ਨਿਕਲ ਤੁਰੇ ਸਨ। ਚੇਤੇ ਰਹੇ ਕਿ ਜੰਗ ਤੋਂ ਬਾਅਦ ਗੁਰੂ ਸਾਹਿਬ ਜਲਦੀ ਜਲਦੀ ਥਾਵਾਂ ਵੀ ਬਦਲਦੇ ਰਹੇ, ਸਿੱਖੀ ਪ੍ਰਚਾਰ ਵੀ ਕਰਦੇ ਰਹੇ। ਸੈਨਿਕ ਤਾਕਤ ਨੂੰ ਵੀ ਮਜ਼ਬੂਤ ਕਰਦੇ ਰਹੇ। ਗੁਰੂ ਨਾਨਕ ਦੇ ਮਾਰਗ ਨਾਲ ਵੀ ਲੋਕਾਂ ਨੂੰ ਨਿਰੰਤਰ ਜੋੜਦੇ ਰਹੇ। ਪਰਿਵਾਰਕ ਜ਼ਿੰਮੇਵਾਰੀਆਂ ਵੀ ਨਿਭਾਂਦੇ ਰਹੇ। ਯਾਦ ਕਰਨ ਵਾਲੀਆਂ ਸਿੱਖ ਸੰਗਤਾਂ ਦੀ ਬਹੁੜੀ ਵੀ ਕਰਦੇ ਰਹੇ। ਇਹ ਸਾਰੇ ਕੰਮ ਆਪ ਨਿਰਭਉ, ਨਿਰਵੈਰ, ਨਿਰਲੇਪ ਪੈਗੰਬਰੀ ਅੰਦਾਜ਼ ਵਿਚ ਕਰਦੇ ਰਹੇ। ਨਿਰੰਤਰ ਦੁਸ਼ਮਣਾਂ ਦੇ ਪਰਛਾਵੇਂ ਹੇਠ, ਇਕ ਕੌਮ ਦੀ ਇਹ ਮਿਸਾਲੀ ਅਗਵਾਈ ਵਡ ਯੋਧੇ ਗੁਰੂ ਹਰਿਗੋਬਿੰਦ ਦਾ ਹੀ ਕਮਾਲ ਸੀ। ਅਜਿਹਾ ਕਮਾਲ ਜਿਸ ਦੀ ਹੋਰ ਮਿਸਾਲ ਨਹੀਂ।

ਇਸੇ ਤਰ੍ਹਾਂ ਫਿਰਦੇ ਫਿਰਾਂਦੇ ਗੁਰੂ ਪਾਤਸ਼ਾਹ ਮਾਲਵੇ ਦੇ ਇਸ ਇਲਾਕੇ ਵਿਚ ਪਹੁੰਚੇ। ਇਥੇ ਦਾ ਚੌਧਰੀ ਰਾਏ ਜੋਧ ਜੋ ਹਰ ਸਮੇਂ ਪੰਜ ਸੌ ਸਵਾਰ ਨਾਲ ਰੱਖਦਾ ਸੀ ਗੁਰੂ ਸਾਹਿਬ

ਦੇ ਚਰਨੀ ਲੱਗਾ। ਗੁਰੂ ਸਾਹਿਬ ਬੜੇ ਘਰ, ਮੱਦੋ, ਲੋਪੋ, ਸਿਧਵਾਂ ਹੁੰਦੇ ਹੋਏ ਕਾਂਗੜ ਪਹੁੰਚੇ। ਇਥੇ ਹੀ ਕਾਬਲ ਦੀਆਂ ਸੰਗਤਾਂ ਨੇ ਆਪ ਦੇ ਦਰਸ਼ਨ ਕੀਤੇ। ਭਾਈ ਤਾਰਾ ਚੰਦ ਤੇ ਭਾਈ ਬਖਤਮਲ ਨਾਮੀ ਕਾਬਲ ਤੋਂ ਆਏ ਮਸੰਦਾਂ ਨੇ ਗੁਰੂ ਸਾਹਿਬ ਨੂੰ ਸੰਗਤਾਂ ਵੱਲੋਂ ਭੇਜੀਆਂ ਭੇਟਾਵਾਂ ਅਰਪਿਤ ਕੀਤੀਆਂ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਭਾਈ ਕਰੋੜੀ ਦੋ ਕੀਮਤੀ ਘੋੜੇ ਦਿਲਬਾਗ ਤੇ ਗੁਲਬਾਗ ਆਪ ਨੂੰ ਭੇਟ ਕਰਨ ਲਈ ਲਿਆ ਰਿਹਾ ਸੀ। ਲਾਹੌਰ ਵਿਚ ਬਕਰੀਦ ਦੀਆਂ ਰੌਣਕਾਂ ਵੇਖਦੇ ਸਮੇਂ ਮੁਗਲ ਨਵਾਬ ਅਨਾਇਤ ਉਲਾ ਨੇ ਉਹ ਘੋੜੇ ਜਬਰਨ ਸਾਡੇ ਤੋਂ ਖੋਹ ਲਏ ਹਨ। ਗੁਰੂ ਪਾਤਸ਼ਾਹ ਨੇ ਹੌਂਸਲਾ ਦਿੱਤਾ ਕਿ ਚਿੰਤਾ ਨਾ ਕਰੋ। ਗੁਰੂ ਦੀ ਭੇਟਾ ਗੁਰੂ ਕੋਲ ਪਹੁੰਚ ਜਾਏਗੀ।

ਇਹ ਆਖ ਕੇ ਗੁਰੂ ਸਾਹਿਬ ਨੇ ਭਾਈ ਬਿਧੀ ਚੰਦ ਨੂੰ ਥਾਪੜਾ ਦਿੱਤਾ ਅਤੇ ਨਵਾਬ ਤੋਂ ਘੋੜੇ ਵਾਪਸ ਲਿਆਣ ਦੀ ਜ਼ਿੰਮੇਵਾਰੀ ਸੌਂਪੀ। ਭਾਈ ਸਾਹਿਬ ਗੁਰੂ ਸਾਹਿਬ ਦੀ ਬਖਸ਼ਿਸ਼ ਲੈ ਕੇ ਲਾਹੌਰ ਜਾ ਪੁੱਜੇ ਅਤੇ ਭਾਈ ਜੀਵਨ ਦੇ ਘਰ ਟਿਕਾਣਾ ਕੀਤਾ। ਬਿਧੀ ਚੰਦ ਨੇ ਘਾਹੀ ਦਾ ਭੇਸ ਧਾਰਿਆ। ਵਧੀਆ ਘਾਹ ਦੀ ਪੰਡ ਲਈ ਤੇ ਲਾਹੌਰ ਦੇ ਕਿਲ੍ਹੇ ਦੇ ਦਰਵਾਜ਼ੇ ਕੋਲ ਜਾ ਬੈਠਾ। ਘੋੜਿਆਂ ਦੇ ਦਰੋਗੇ ਸੋਧੇ ਖਾਨ ਨੇ ਵਧੀਆ ਘਾਹ ਵੇਖਿਆ ਤੇ ਘਾਹ ਖਰੀਦ ਲਿਆ। ਘਾਹ ਦੀ ਪੰਡ ਘੋੜਿਆਂ ਅੱਗੇ ਸੁੱਟਣ ਲਈ ਬਿਧੀ ਚੰਦ ਨਾਲ ਹੀ ਤੁਰ ਪਿਆ। ਘੋੜਿਆਂ ਨੂੰ ਪ੍ਰੇਮ ਨਾਲ ਵਧੀਆ ਘਾਹ ਪਾਨ ਵਾਲਾ ਘਾਹੀ ਮਿਲਿਆ ਤਾਂ ਘੋੜ ਪਰਚ ਗਏ। ਘੋੜਿਆਂ ਲਈ ਰੋਜ਼ ਵਧੀਆ ਘਾਹ ਦੀ ਪੰਡ ਲਿਆ ਕੇ ਪਾਨੀ ਅਤੇ ਪ੍ਰੇਮ ਨਾਲ ਖੁਆਨੀ ਬਿਧੀ ਚੰਦ ਦਾ ਨੇਮ ਬਣ ਗਿਆ। ਘੋੜੇ ਵੀ ਭਾਈ ਸਾਹਿਬ ਦਾ ਹੱਥ ਪਛਾਣਨ ਲੱਗੇ। ਉਨ੍ਹਾਂ ਦਾ ਰੰਗ ਰੂਪ ਨਿਖਰਨ ਲੱਗਾ। ਦਰੋਗੇ ਉਤੇ ਨਵਾਬ ਵੀ ਖੁਸ਼ ਹੋ ਗਿਆ। ਦਰੋਗੇ ਨੇ ਭਾਈ ਬਿੱਧੀ ਚੰਦ ਨੂੰ ਘੋੜਿਆਂ ਦੀ ਸੇਵਾ ਸੰਭਾਲ ਲਈ ਨੌਕਰ ਰੱਖ ਲਿਆ। ਬਿਧੀ ਚੰਦ ਘੋੜਿਆਂ ਦੀ ਸੇਵਾ ਵੀ ਕਰਦਾ ਅਤੇ ਟੋਹ ਵੀ ਰੱਖਦਾ। ਵਿਹਾਰ ਵਿਚ ਉਹ ਭੋਲੀਆਂ ਤੇ ਸਿਧਰੀਆਂ ਗੱਲਾਂ ਕਰਦਾ। ਸਾਰੇ ਉਸ ਉਤੇ ਹਸ ਛਡਦੇ ਪਰ ਉਸ ਦੀ ਸੇਵਾ ਉਤੇ ਖੁਸ਼ ਰਹਿੰਦੇ। ਕੁਝ ਕੁ ਰਾਤਾਂ ਉਸ ਨੇ ਕਿਲ੍ਹੇ ਦੀ ਕੰਧ ਤੋਂ ਇਕ ਵੱਡਾ ਪੱਥਰ ਨਾਲ ਵਗਦੇ ਦਰਿਆ ਵਿਚ ਸੁਟਿਆ। ਇਕ ਦੋ ਰਾਤਾਂ ਕਰਮਚਾਰੀਆਂ ਵਿਚ ਕੁਝ ਹਿਲਜੁਲ ਹੋਈ। ਕੁਝ ਵੀ ਨਾ ਦਿਸਣ ਕਰਕੇ ਉਨ੍ਹਾਂ ਸਮਝਿਆ ਕਿ ਕੋਈ ਵੱਡਾ ਜਾਨਵਰ ਦਰਿਆ ਵਿਚ ਉਛਲਦਾ ਕੁਦਦਾ ਹੈ, ਹੋਰ ਕੋਈ ਗੱਲ ਨਹੀਂ। ਕਈ ਦਿਨ ਲੰਘ ਗਏ। ਬਿਧੀ ਚੰਦ ਆਪਣੀ ਤਨਖਾਹ ਵੀ ਘੋੜਿਆਂ ਉਤੇ ਜਾਂ ਕਿਲੇ ਦੇ ਸਿਪਾਹੀਆਂ ਨੂੰ ਖੁਆਨ ਪਿਆਣ ਉਤੇ ਲਾ ਦਿੰਦਾ। ਫਿਰ ਇਕ ਦਿਨ ਉਸ ਨੇ ਤਨਖਾਹ ਮਿਲਣ ਉਤੇ ਵੱਡੀ ਜ਼ਿਆਫ਼ਤ ਕੀਤੀ। ਸਾਰਿਆਂ ਨੂੰ ਸ਼ਰਾਬ ਨਾਲ ਰਜਾ ਦਿੱਤਾ। ਜਦੋਂ ਉਹ ਸਾਰੇ ਨਸ਼ਈ ਹੋ ਕੇ ਸੌਂ ਗਏ ਤਾਂ ਉਸ ਨੇ ਰਾਤ ਨੂੰ ਕਰਮਚਾਰੀ ਉਥੇ ਹੀ ਕਮਰੇ ਵਿਚ ਬੰਦ ਕਰ ਦਿੱਤੇ। ਘੋੜੇ ਉਤੇ ਕਾਠੀ ਪਾਈ। ਕੰਧ ਤੋਂ ਘੋੜੇ ਸਮੇਤ ਦਰਿਆ ਵਿਚ ਛਾਲ ਮਾਰੀ ਅਤੇ ਗੁਰ ਸਾਹਿਬ ਕੋਲ ਜਾ ਕੇ ਸਾਹ ਲਿਆ।

ਰਾਤ ਸਮੇਂ ਖੜਕੇ ਨੂੰ ਸਭ ਨੇ ਪਹਿਲਾਂ ਵਾਂਗ ਨਜ਼ਰ ਅੰਦਾਜ਼ ਕਰ ਦਿੱਤਾ। ਸਵੇਰੇ ਉਨ੍ਹਾਂ ਨੇ ਆਪਣੇ ਆਪ ਨੂੰ ਕਮਰੇ ਵਿਚ ਬੰਦ ਵੇਖਿਆ। ਘੋੜਾ ਵੀ ਗਾਇਬ ਤੇ ਭੋਲਾ

ਭਾਲਾ ਘਾਹੀ ਵੀ। ਉਹ ਸਮਝ ਗਏ ਉਨ੍ਹਾਂ ਨੂੰ ਬੁਧੂ ਬਣਾ ਕੇ ਘਾਹੀ ਘੋੜਾ ਲੈ ਗਿਆ ਹੈ। ਕੁਝ ਸਮੇਂ ਬਾਅਦ ਭਾਈ ਬਿਧੀ ਚੰਦ ਨੇ ਦੂਜਾ ਘੋੜਾ ਖੋਹਣ ਲਈ ਜੁਗਤ ਬਣਾਈ। ਇਸ ਵਾਰ ਉਹ ਭਾਈ ਬਹੋੜੇ ਦੇ ਟਿਕਿਆ। ਉਸ ਨੇ ਦੱਸਿਆ ਕਿ ਦਰੋਗਾ ਘੋੜਾ ਗੁੰਮ ਜਾਣ ਕਰਕੇ ਪਰੇਸ਼ਾਨ ਹੈ। ਕਦੇ ਕਿਸੇ ਜੋਤਸ਼ੀ ਨੂੰ ਪੁਛਦਾ ਹੈ। ਕਦੇ ਕਿਸੇ ਨਜੂਮੀ ਨੂੰ। ਬਿਧੀ ਚੰਦ ਨੇ ਨਜੂਮੀ ਦਾ ਭੇਸ ਧਾਰਿਆ। ਖੁਲ੍ਹੀ ਸਫੇਦ ਦਾੜ੍ਹੀ। ਵਡਾ ਸਾਰਾ ਪੱਗੜ। ਪੋਥੀ, ਸੰਗਲੀ, ਰਮਲ, ਦੁਪਟਾ। ਸਾਰਾ ਭੇਸ ਉਹੀ। ਜਾ ਬੈਠਾ ਕਿਲ੍ਹੇ ਦੇ ਨੇੜੇ। ਸੌਂਧੇ ਖਾਨ ਨੇੜਿਉਂ ਲੰਘਿਆ ਤਾਂ ਉਸਨੇ ਸੜਕ ਛਾਪ ਨਜੂਮੀਆਂ ਵਾਲੇ ਬੋਲ ਬੋਲ ਕੇ ਉਸ ਨੂੰ ਫਸਾ ਲਿਆ। ਉਸ ਦੇ ਬੈਠਦੇ ਸਾਰ ਬਿਧੀ ਚੰਦ ਨੇ ਦਰੋਗੇ ਨੂੰ ਉਸ ਦੀ ਪ੍ਰੇਸ਼ਾਨੀ ਦਾ ਕਾਰਨ ਘੋੜੇ ਦਾ ਗਵਾਚਨਾ ਦੱਸ ਦਿੱਤਾ। ਘੋੜੇ ਦੇ ਗਵਾਚਨ ਦੇ ਹਾਲਾਤ, ਸ਼ਕਲ ਸੂਰਤ, ਸਮਾਂ ਦੱਸ ਦਿੱਤਾ। ਦਰੋਗੇ ਨੇ ਚੋਰ ਬਾਰੇ ਜਾਣਨਾ ਚਾਹਿਆ। ਬਿਧੀ ਚੰਦ ਨੇ ਕਿਹਾ ਕਿ ਉਹੀ ਹਾਲਾਤ ਪੈਦਾ ਕਰਕੇ ਕੁਝ ਹਿਸਾਬ ਲੱਗ ਸਕੇਗਾ। ਰਾਤ ਨੂੰ ਉਹੀ ਹਾਲਾਤ ਪੈਦਾ ਕੀਤੇ ਗਏ। ਮੌਕਾ ਦੇਖ ਕੇ ਭਾਈ ਬਿਧੀ ਚੰਦ ਨੇ ਘੋੜੇ ਸਮੇਤ ਮੁੜ ਦਰਿਆ ਵਿਚ ਛਾਲ ਮਾਰੀ ਤੇ ਕਿਹਾ : ਪਹਿਲਾਂ ਘੋੜਾ ਵੀ ਮੈਂ ਹੀ ਲੈ ਕੇ ਗਿਆ ਸਾਂ ਤੇ ਹੁਣ ਇਹ ਦੂਜਾ ਵੀ ਲਿਜਾ ਰਿਹਾ ਹਾਂ। ਇਹ ਦੋਵੇਂ ਘੋੜੇ ਗੁਰੂ ਦੀ ਅਮਾਨਤ ਸਨ। ਉਨ੍ਹਾਂ ਕੋਲ ਪਹੁੰਚ ਰਹੇ ਹਨ। ਹਿੰਮਤ ਜੇ ਤਾਂ ਖੋਹ ਲਿਓ। ਗੁਰੂ ਸਾਹਿਬ ਕਾਂਗੜ ਵਿਚ ਹਨ। ਲੁਧਿਆਣੇ ਵਲ ਭਾਈ ਰੂਪੇ ਤੇ ਤਿੰਨ ਕੋਹ ਦੂਰ। ਦੂਜਾ ਘੋੜਾ ਲੈ ਕੇ ਬਿਧੀ ਚੰਦ ਗੁਰੂ ਸਾਹਿਬ ਕੋਲ ਕਾਂਗੜ ਪੁਜਾ ਤਾਂ ਉਨ੍ਹਾਂ ਨੇ ਸੀਨੇ ਨਾਲ ਲਾ ਕੇ ਕਿਹਾ—

ਭਾਈ ਬਿਧੀ ਚੰਦ ਛੀਨਾ
ਗੁਰੂ ਕਾ ਸੀਨਾ।

ਘੋੜੇ ਤਾਂ ਗੁਰੂ ਸਾਹਿਬ ਕੋਲ ਪਹੁੰਚ ਗਏ, ਪਰੰਤੂ ਜਿਵੇਂ ਬਿਧੀ ਚੰਦ ਲਾਹੌਰ ਨੂੰ ਵੰਗਾਰ ਆਇਆ ਸੀ, ਉਸ ਨੂੰ ਦੇਖ ਕੇ ਇਹ ਗੱਲ ਸਪੱਸ਼ਟ ਹੋ ਗਈ ਸੀ ਕਿ ਲਾਹੌਰ ਇਕ ਵਾਰ ਫਿਰ ਗੁਰੂ ਸਾਹਿਬ ਨਾਲ ਟਕਰ ਲਵੇਗਾ। ਇਸ ਲਈ ਆਪ ਨੇ ਤਿਆਰੀ ਸ਼ੁਰੂ ਕੀਤੀ। ਰਾਏ ਜੋਧ ਨੂੰ ਆਪ ਨੇ ਪੁੱਛਿਆ : ਚੌਧਰੀ। ਤੂੰ ਇਸ ਇਲਾਕੇ ਦਾ ਭੇਤੀ ਹੈਂ। ਕੋਈ ਅਜਿਹਾ ਟਿਕਾਣਾ ਦਸ ਜਿਥੇ ਥੋੜ੍ਹੀ ਫੌਜ ਨਾਲ ਵੀ ਦੁਸ਼ਮਣਾਂ ਦੀ ਵੱਡੀ ਗਿਣਤੀ ਨਾਲ ਸੌਖਿਆਂ ਲੋਹਾ ਲਿਆ ਜਾ ਸਕੇ। ਰਾਏ ਜੋਧ ਨੇ ਕਿਹਾ : ਲੜਾਈ ਤੋਂ ਬਚਣਾ, ਟਲਣਾ ਤੇ ਦਾਅ ਲਾ ਕੇ ਹਲਾ ਕਰਨਾ ਠੀਕ ਹੁੰਦਾ ਹੈ। ਦੁਸ਼ਮਣ ਇਥੇ ਆਵੇਗਾ। ਤੁਸੀਂ ਇਥੋਂ ਆਸੇ ਪਾਸੇ ਹੋ ਜਾਓ। ਦੁਸ਼ਮਣ ਤੁਹਾਨੂੰ ਵੇਖ ਕੇ ਮੁੜ ਜਾਵੇਗਾ। ਇਥੋਂ ਵੀਹ ਕੋਹ ਦੂਰ ਟਿਕਾਣਾ ਕਰੋ। ਉਥੇ ਪਾਣੀ ਵੀ ਹੈ। ਜੇ ਚਾਹੋ ਤਾਂ ਮੇਰੇ ਕਿਲੇ ਵਿਚ ਪਨਾਹ ਲੈ ਕੇ ਲੜ ਲਓ। ਸਮਾਨ ਦੀ ਵੀ ਤੋਟ ਨਹੀਂ ਆਉਣ ਦਿੰਦਾ। ਗੁਰੂ ਸਾਹਿਬ ਨੇ ਕਿਹਾ — ਚੌਧਰੀ। ਲੜਾਈ ਤਾਂ ਹੋਣੀ ਹੀ ਹੈ। ਟਲਣ ਦੀ ਗੱਲ ਛੱਡ। ਕਿਲੇ ਵਿਚ ਪਨਾਹ ਲੈ ਕੇ ਲੜਣਾ ਵੀ ਠੀਕ ਨਹੀਂ ਲਗਦਾ।" ਚੌਧਰੀ ਨੇ ਹੁਣ ਨਥਾਣੇ ਦੀ ਪਾਣੀ ਦੀ ਢਾਬ ਦੀ ਦੱਸ ਪਾਈ। ਉਥੇ ਉਚੇ ਨੀਵੇਂ ਟਿੱਬੇ ਤੇ ਖੱਡਾਂ ਮੋਰਚੇ ਬੰਦੀ ਲਈ ਕੰਮ ਆ ਸਕਦੀਆਂ ਸਨ।

ਸਾਂਝੀ ਵਿਚਾਰ ਉਪਰੰਤ ਨਿਥਾਣੇ ਦੀ ਢਾਬ ਵਾਲਾ ਥਾਂ ਚੁਣਿਆ ਗਿਆ। ਆਸ ਪਾਸ ਦੀ ਉਭੜ ਖਾਬੜ ਧਰਤੀ। ਟੋਏ ਟਿੱਬੇ। ਜ਼ਰਾ ਪਰ੍ਹਾਂ ਦੂਰ ਤਕ ਖਿਲਰੇ ਰੁਖਾਂ ਤੇ ਝਾੜੀਆਂ ਦੇ ਝੁੰਡ ਸਰਕੰਡੇ। ਸਾਰਾ ਕੁਝ ਯੁੱਧ ਨੀਤਕ ਪੱਖੋਂ ਲਾਭਦਾਇਕ ਜਾਪਿਆ। ਪਾਣੀ ਸਿਰਫ਼ ਢਾਬ ਤੱਕ ਸੀਮਿਤ ਸੀ। ਇਹ ਕਾਬੂ ਕਰ ਲਈ ਜਾਵੇ ਤਾਂ ਦੂਰ ਦੂਰ ਤਕ ਪਾਣੀ ਨਹੀਂ ਸੀ। ਝਾੜੀਆਂ, ਰੁਖਾਂ ਤੇ ਸਰਕੰਡਿਆਂ ਦੇ ਇਸ ਜਾਲ ਵਿਚ ਰਾਤ ਸਮੇਂ ਤਾਂ ਕੀ ਦਿਨ ਵੇਲੇ ਵੀ ਬੰਦੇ ਨੂੰ ਰਾਹ ਲਭਣਾ ਔਖਾ ਸੀ। ਭੇਤੀ ਬੰਦਾ ਹੀ ਇਥੇ ਕਾਮਯਾਬ ਸੀ। ਇਸ ਲਈ ਜਦੋਂ ਲਾਹੌਰ ਤੋਂ ਭਾਈ ਬਹੋੜੇ ਦਾ ਸੁਨੇਹਾ ਮਿਲਿਆ ਕਿ ਸ਼ਾਹੀ ਲਸ਼ਕਰ ਆਪ ਵੱਲ ਵੱਧ ਰਿਹਾ ਹੈ ਤਾਂ ਆਪ ਨੇ ਪਾਣੀ ਉਤੇ ਕਬਜ਼ਾ ਕਰਦੇ ਹੋਏ ਢਾਬ ਉਤੇ ਹੀ ਮੋਰਚਾਬੰਦੀ ਕੀਤੀ। ਅੰਨ ਦਾਣੇ ਦਾ ਪ੍ਰਬੰਧ। ਵੇਲੇ ਕਵੇਲੇ ਲਈ ਅੱਗ ਅਤੇ ਰੌਸ਼ਨੀ। ਸਾਰੇ ਇਲਾਕੇ ਦੇ ਸ਼ਰਧਾਲੂਆਂ ਨੂੰ ਤੀਰਾਂ, ਨੇਜ਼ਿਆਂ, ਢਾਲਾਂ, ਤਲਵਾਰਾਂ, ਛੁਰੀਆਂ ਨਾਲ ਲੈਸ ਕੀਤਾ। ਇਲਾਕੇ ਦੇ ਚੌਧਰੀ ਬੰਦੂਕਾਂ, ਸ਼ਸਤਰ ਅਤੇ ਗੋਲੀ ਸਿੱਕੇ ਨਾਲ ਗੁਰੂ ਸਾਹਿਬ ਨਾਲ ਆ ਖਲੋਤੇ।

ਲਾਹੌਰ ਤੋਂ ਅਨਾਇਤ ਉਲਾ ਨੇ ਲੱਲਾ ਬੇਗ ਅਤੇ ਉਸ ਦੇ ਭਰਾ ਕਮਰ ਬੇਗ ਨੂੰ ਦਸ ਹਜ਼ਾਰ ਦੀ ਫ਼ੌਜ ਦੇ ਕੇ ਭੇਜਿਆ। ਕਾਸਮ ਬੇਗ ਅਤੇ ਕਾਬਲੀ ਬੇਗ ਵੀ ਨਾਲ ਹੋ ਤੁਰੇ। ਬਹੁਤੀ ਭੌਜ ਯੂਸਫ਼ਜ਼ਈ ਅਤੇ ਗਿਲਜ਼ਈ ਪਠਾਣਾਂ ਦੀ ਸੀ। ਇਹ ਫ਼ੌਜਾਂ ਸਤਿਲੁਜ ਪਾਰ ਕਰਕੇ ਗੁਰੂ ਸਾਹਿਬ ਵਲ ਤੇਜ਼ੀ ਨਾਲ ਵਧੀਆਂ। ਲੰਬੇ ਪੈਂਡੇ ਨੇ ਉਨ੍ਹਾਂ ਨੂੰ ਥਕਾ ਦਿੱਤਾ। ਰਾਹ ਦੇ ਖਾਰੇ ਪਾਣੀਆਂ ਨੇ ਸਿਪਾਹੀਆਂ ਦੇ ਪੇਟ ਖਰਾਬ ਕਰ ਦਿੱਤੇ। ਪੋਹ ਦੀਆਂ ਕੜਕਦੀਆਂ ਠੰਢਾਂ ਨੇ ਉਂਜ ਸਭ ਦੀ ਹਾਲਤ ਪਤਲੀ ਕਰ ਦਿੱਤੀ। ਮਾਲਵੇ ਦੀਆਂ ਉਜਾੜਾਂ ਵਿਚ ਆ ਕੇ ਉਨ੍ਹਾਂ ਨੂੰ ਪਤਾ ਲੱਗਾ ਕਿ ਪੀਣ ਨੂੰ ਪਾਣੀ ਵੀ ਕਿਤੇ ਨਹੀਂ।

ਗੁਰੂ ਪਾਤਸ਼ਾਹ ਦੀ ਫੌਜ ਦੀ ਕਮਾਨ ਰਾਏ ਜੋਧ ਕੋਲ ਸੀ। ਕੁਲ ਤਿੰਨ ਕੁ ਹਜ਼ਾਰ ਸਿਖਿਅਤ ਬੰਦੇ ਸਨ। ਗੁਰੂ ਸਾਹਿਬ ਵੱਲੋਂ ਧਰਮ ਯੁੱਧ ਦੀ ਲਲਕਾਰ ਸੁਣ ਕੇ ਇਲਾਕੇ ਦੇ ਸਾਰੇ ਸਿੱਖ ਸ਼ਰਧਾਲੂ ਆ ਜੁੜੇ। ਡਰੋਲੀ ਸੁਨੇਹਾ ਪੁੱਜ ਚੁੱਕਾ ਸੀ। ਉਥੋਂ ਭਾਈ ਕਲਿਆਣਾ ਦਾ ਪੁੱਤਰ ਭਾਈ ਭਗਤਾ ਆਪਣੇ ਸੂਰਮੇ ਲੈ ਕੇ ਆ ਗਿਆ ਸੀ। ਗੁਰੂ ਸਾਹਿਬ ਦੀਆਂ ਫੌਜਾਂ ਨੂੰ ਰਾਸ਼ਨ ਪਾਣੀ ਪਹੁੰਚਾਉਣ ਦੀ ਜ਼ਿੰਮੇਵਾਰੀ ਭਾਈ ਬਹਿਲੋ, ਭਾਈ ਰੂਪਾ, ਭਾਈ ਸਰਨਾ, ਭਾਈ ਪੰਜਾਬ ਤੇ ਭਾਈ ਭਗਤੂ ਨੇ ਸੰਭਾਲੀ। ਟੇਢੇ ਜੰਗਲੀ ਰਾਹਾਂ ਵਿਚ ਪਾਣੀ ਤੇ ਸਿੱਖ ਫੌਜਾਂ ਦੀ ਟੋਹ ਲੈਣ ਲਈ ਲਲਾ ਬੇਗ ਨੇ ਹਸਨ ਖਾਂ ਨਾਂ ਦੇ ਸੂਹੀਏ ਦੀ ਡਿਊਟੀ ਲਾਈ। ਹਸਨ ਖਾਂ ਸਿੱਖਾਂ ਦੇ ਕਾਬੂ ਆ ਗਿਆ ਅਤੇ ਉਨ੍ਹਾਂ ਨੇ ਉਸ ਨੂੰ ਗੁਰੂ ਸਾਹਿਬ ਕੋਲ ਪੇਸ਼ ਕਰ ਦਿੱਤਾ।

ਗੁਰੂ ਸਾਹਿਬ ਨੇ ਹਸਨ ਬੇਗ ਨਾਲ ਚੰਗਾ ਵਰਤਾਓ ਕੀਤਾ ਤੇ ਕਿਹਾ- ਭਾਈ ਇਸ ਇਲਾਕੇ ਦੇ ਭੇਦ ਛੇਤੀ ਸਮਝ ਆਉਣ ਵਾਲੇ ਨਹੀਂ। ਇਸੇ ਲਈ ਅਸੀਂ ਇਹ ਇਲਾਕਾ ਲੜਾਈ ਲਈ ਚੁਣਿਆ ਹੈ। ਤੂੰ ਸਾਨੂੰ ਹੀ ਪੁੱਛ ਲੈ ਜੋ ਪੁਛਣਾ ਹੈ। ਅਸੀਂ ਫਕੀਰ ਆਦਮੀ ਹਾਂ। ਲੜਾਈ ਤੇਰਾ ਸੂਬੇਦਾਰ ਥੋਪ ਰਿਹਾ ਹੈ। ਉਸ ਲਈ ਇਹ ਪ੍ਰਬੰਧ ਕਰਨੇ ਪਏ ਹਨ। ਆਪ ਅਸੀਂ ਕਿਸੇ ਨੂੰ ਕੁਝ ਕਹਿੰਦੇ ਨਹੀਂ, ਪਰ ਹੁਣ ਲੜਾਈ ਗਲ ਪੈ ਰਹੀ ਹੈ।

ਇਸ ਦਾ ਅਸੀਂ ਮੂੰਹ ਤੋੜ ਜਵਾਬ ਦਿਆਂਗੇ। ਸਾਡੀ ਤਾਂ ਇੱਛਾ ਇਹ ਹੈ ਕਿ ਸਾਰਾ ਪੰਜਾਬ ਨਿਆਂਸ਼ੀਲ ਢੰਗ ਨਾਲ ਹਸੇ ਵਸੇ। ਤੂੰ ਜਾਹ ਤੇ ਆਪਣੇ ਸੂਬੇਦਾਰ ਨੂੰ ਸਾਰਾ ਕੁਝ ਦਸ ਦੇਹ। ਇਹ ਆਖ ਕੇ ਗੁਰੂ ਸਾਹਿਬ ਨੇ ਹਸਨ ਖਾਂ ਨੂੰ ਛੱਡ ਦਿੱਤਾ?

ਗੁਰੂ ਪਾਤਸ਼ਾਹ ਦੀ ਉਦਾਰਤਾ ਦਲੇਰੀ ਤੇ ਫਕੀਰੀ ਸੁਭਾਅ ਨੇ ਹਸਨ ਖਾਨ ਨੂੰ ਬੜਾ ਪ੍ਰਭਾਵਿਤ ਕੀਤਾ। ਉਸ ਨੇ ਵਾਪਸ ਜਾ ਕੇ ਲਲਾ ਬੇਗ ਕੋਲ ਗੁਰੂ ਜੀ ਦੀ ਨੇਕ ਕਰਨੀ, ਦ੍ਰਿੜਤਾ, ਫੌਜੀ ਤਿਆਰੀ, ਰਸਤਿਆਂ ਦੀਆਂ ਭੁਲਭੁਲਈਆਂ ਅਤੇ ਪਾਣੀ ਦੇ ਸੋਮਿਆਂ ਉਤੇ ਕਬਜ਼ੇ ਵਰਗੀ ਰਣਨੀਤੀ ਬਾਰੇ ਵਿਸਤਾਰ ਨਾਲ ਦੱਸਿਆ। ਉਸ ਨੇ ਕਿਹਾ ਕਿ ਜਿਸ ਯੁੱਧ ਨੀਤੀ ਨਾਲ ਇਹ ਮੋਰਚੇਬੰਦੀ ਗੁਰੂ ਸਾਹਿਬ ਨੇ ਕੀਤੀ ਹੈ ਅਤੇ ਜਿਸ ਤਰ੍ਹਾਂ ਦੀ ਤਿਆਰੀ ਉਨ੍ਹਾਂ ਕਰ ਰੱਖੀ ਹੈ, ਉਸ ਨੂੰ ਵੇਖ ਕੇ ਸਾਨੂੰ ਉਨ੍ਹਾਂ ਨਾਲ ਲੜਾਈ ਕਰਨੀ ਮਹਿੰਗੀ ਪਵੇਗੀ। ਅਸੀਂ ਜਿੱਤ ਨਹੀਂ ਸਕਾਂਗੇ। ਲੱਲਾ ਬੇਗ ਤੇ ਕਮਰ ਬੇਗ ਨੇ ਚਾਬਕਾਂ ਨਾਲ ਉਸ ਦੀ ਖੂਬ ਕੁਟਾਈ ਕੀਤੀ। ਬੁਰੀ ਹਾਲਤ ਵਿਚ ਜਾਨ ਬਚਾ ਕੇ ਉਹ ਰੋਂਦਾ ਕੁਰਲਾਂਦਾ ਵਾਪਸ ਗੁਰੂ ਸਾਹਿਬ ਕੋਲ ਪੁੱਜਾ। ਗੁਰੂ ਸਾਹਿਬ ਨੇ ਉਸ ਨੂੰ ਹੌਸਲਾ ਦਿੱਤਾ। ਉਸ ਨੇ ਲਲਾ ਬੇਗ ਦੀ ਮਦਦ ਤਾਂ ਕੀ ਕਰਨੀ ਸੀ, ਉਸ ਦੇ ਸਾਰੇ ਭੇਦ ਗੁਰੂ ਸਾਹਿਬ ਨੂੰ ਆ ਦੱਸੇ।

ਇਸੇ ਸਮੇਂ ਕੁਦਰਤ ਨੇ ਲਲਾ ਬੇਗ ਦੀ ਮੁਸੀਬਤ 'ਚ ਹੋਰ ਵਾਧਾ ਕਰ ਦਿੱਤਾ। ਬਾਰਿਸ਼ ਪੈ ਗਈ। ਸ਼ਾਹੀ ਫੌਜਾਂ ਨੂੰ ਰਸਦ ਪਾਣੀ ਪਹੁੰਚਣਾ ਹੋਰ ਔਖਾ ਹੋ ਗਿਆ। ਗੁਰੂ ਸਾਹਿਬ ਨੇ ਇਸ ਲਈ ਅਗਾਊਂ ਪੱਕੇ ਪ੍ਰਬੰਧ ਕਰ ਰੱਖੇ ਸਨ। ਉਨ੍ਹਾਂ ਨੂੰ ਕੋਈ ਮੁਸ਼ਕਿਲ ਨਾ ਆਈ। ਲਲਾ ਬੇਗ ਨੇ ਵੇਖਿਆ ਕਿ ਪਾਣੀ ਦੀ ਢਾਬ ਉਤੇ ਗੁਰੂ ਦਾ ਕਬਜ਼ਾ ਹੈ। ਉਸ ਦੀਆਂ ਫੌਜਾਂ ਪਾਣੀ ਦੀ ਤਲਾਸ਼ ਵਿਚ ਮਾੜੀ ਵੱਲ ਤੁਰ ਪਈਆਂ। ਕਿਸੇ ਨੇ ਉਸ ਨੂੰ ਦੱਸਿਆ ਸੀ ਕਿ ਉਥੇ ਦੇ ਇਕ ਖੂਹ ਦਾ ਪਾਣੀ ਪੀਣ ਯੋਗ ਹੈ। ਸ਼ਾਹੀ ਫੌਜੀ ਮਾੜੀ ਵੱਲ ਅੱਗੇ ਵੱਧੇ ਤਾਂ ਲੁਕੇ ਬੈਠੇ ਸਿੱਖਾਂ ਨੇ ਟਿਬਿਆਂ ਉਤੇ ਬਣਾਏ ਮੋਰਚਿਆਂ ਵਿਚੋਂ ਉਨ੍ਹਾਂ ਉਤੇ ਗੋਲੀ ਚਲਾ ਦਿੱਤੀ। ਕਾਫ਼ੀ ਜਾਨੀ ਨੁਕਸਾਨ ਕਰਵਾ ਕੇ ਲਲਾ ਬੇਗ ਨੂੰ ਇਥੋਂ ਭਜਣਾ ਪਿਆ।

ਮਾੜੀ ਕੋਲ ਹੋਈ ਭੇੜ ਵਿਚ ਨੁਕਸਾਨ ਕਰਵਾ ਕੇ ਲਲਾ ਬੇਗ ਨੇ ਤਾਹਿਰ ਖਾਨ, ਜ਼ਾਲਮ ਖਾਨ ਤੇ ਮੁਹੰਮਦ ਖਾਨ ਦੀ ਅਗਵਾਈ ਵਿਚ ਨਵੇਂ ਦਸਤੇ ਅੱਗੇ ਕੀਤੇ ਤਾਂ ਕਿ ਗੁਰੂ ਸਾਹਿਬ ਨੂੰ ਢਾਬ ਤੋਂ ਪਰ੍ਹਾ ਹਟਾਇਆ ਜਾ ਸਕੇ। ਭਾਰੀ ਲਸ਼ਕਰ ਦੇ ਦਬਾਅ ਹੇਠ ਭਾਈ ਬਿਧੀਚੰਦ ਅਤੇ ਭਾਈ ਸਲੇਮ ਸ਼ਾਹ ਦੇ ਦਸਤੇ ਨੀਤੀ ਪੂਰਵਕ ਪਿੱਛੇ ਹੱਟਣ ਲੱਗੇ। ਉਹ ਸ਼ਾਹੀ ਫੌਜ ਨੂੰ ਉਥੋਂ ਤੱਕ ਪਿੱਛੇ ਲੈ ਆਏ ਜਿੱਥੇ ਜੋਧ ਸ਼ਾਹ ਦੀਆਂ ਫੌਜਾਂ ਮੋਰਚੇ ਸੰਭਾਲੀ ਬੈਠੀਆਂ ਸਨ। ਉਤੋਂ ਰਾਤ ਉਤਰ ਆਈ। ਭਾਈ ਜੋਧ, ਭਾਈ ਸ਼ੀਹਾਂ, ਭਾਈ ਜੇਠਾ, ਭਾਈ ਬਿਧੀ ਚੰਦ ਤੇ ਸਲੇਮ ਸ਼ਾਹ ਦੇ ਦਸਤਿਆਂ ਨੇ ਸ਼ਾਹੀ ਫੌਜੀਆਂ ਨੂੰ ਚਾਰੇ ਪਾਸਿਉਂ ਘੇਰ ਕੇ ਪਿੱਛੋਂ ਅਗੋਂ ਕੱਟ ਦਿੱਤਾ। ਸ਼ਾਹੀ ਦਸਤੇ ਜਿਧਰ ਵੱਧਦੇ ਉਧਰ ਕੰਡੇ, ਭਖੜਾ, ਟੋਏ, ਟਿਬੇ ਜਾਂ ਸਿੱਖ ਜਥੇ ਅੱਗਾਂ ਸੇਕਦੇ ਦਿੱਸਦੇ। ਲਲਾ ਬੇਗ ਦੇ ਸਾਥੀ ਚਾਨਣਾ ਕਰਦੇ ਤਾਂ ਸਿੱਖ ਉਨ੍ਹਾਂ ਉਤੇ ਟੁਟ ਪੈਂਦੇ। ਹਨੇਰੇ, ਠੰਢ ਅਤੇ ਘੇਰੇ ਦੀ ਮਾਰ

ਵਿਚ ਉਨ੍ਹਾਂ ਦੀ ਬੜੀ ਬੁਰੀ ਹਾਲਤ ਹੋਈ। ਚਾਰੇ ਪਾਸੇ ਬਚਾਓ, ਬਚਾਓ ਦੀਆਂ ਦੁਹਾਈਆਂ ਪੈਣ ਲੱਗੀਆਂ। ਸਿੱਖ ਚਾਹੁੰਦੇ ਤਾਂ ਘਿਰੀਆਂ ਹੋਈਆਂ ਮੁਗਲ ਫੌਜਾਂ ਦਾ ਪੂਰੀ ਤਰ੍ਹਾਂ ਖਾਤਮਾ ਕਰ ਸਕਦੇ ਸਨ। ਗੁਰੂ ਪਾਤਸ਼ਾਹ ਨੇ ਸਿੱਖਾਂ ਨੂੰ ਇਹ ਕਹਿ ਕੇ ਵਰਜ ਦਿੱਤਾ ਕਿ ਡਿਗ ਪਏ, ਹਥਿਆਰ ਵਿਹੂਣੇ, ਬਾਲਕ, ਬਿਰਧ, ਰੋਗੀ, ਸ਼ਰਨਾਗਤ ਤੇ ਇਸਤਰੀ ਉਤੇ ਵਾਰ ਕਰਨ ਵਾਲੇ ਦਾ ਤੇਜ ਪ੍ਰਤਾਪ ਨਸ਼ਟ ਹੋ ਜਾਂਦਾ ਹੈ। ਸਿੱਖੀ ਵਿਚ ਇਸ ਦੀ ਆਗਿਆ ਨਹੀਂ। ਇਸ ਲਈ ਯੁੱਧ ਬੰਦ ਕਰ ਦਿੱਤਾ ਗਿਆ।

ਸਵੇਰ ਹੋਈ। ਲਲਾ ਬੇਗ ਨੇ ਦੇਖਿਆ ਕਿ ਉਸ ਦੀਆਂ ਫੌਜਾਂ ਸਭ ਪਾਸੋਂ ਸਿੱਖਾਂ ਨੇ ਘੇਰ ਰੱਖੀਆਂ ਹਨ। ਵੱਡੀ ਗਿਣਤੀ ਵਿਚ ਉਸ ਦੇ ਸਾਥੀਆਂ ਦੀਆਂ ਲਾਸ਼ਾਂ ਚਾਰੇ ਪਾਸੇ ਵਿਛੀਆਂ ਹੋਈਆਂ ਸਨ। ਗੁਰੂ ਜੀ ਤੇ ਉਨ੍ਹਾਂ ਦੇ ਸਿੱਖ ਉੱਚਿਆਂ ਟਿੱਬਿਆਂ ਉਤੇ ਮੋਰਚੇ, ਮੱਲੀ ਬੈਠੇ ਸਨ। ਬੇਬਸ ਹੋਇਆ ਲਲਾ ਬੇਗ ਦੋ ਕਲਗੀਆਂ ਲਾ ਕੇ ਬੜੇ ਰੋਹ ਨਾਲ ਮੈਦਾਨ ਵਿਚ ਉਤਰਿਆ। ਖੱਬੇ ਪਾਸੇ ਕਮਰ ਬੇਗ ਦੀ ਫੌਜ। ਸੱਜੇ ਪਾਸੇ ਕਾਬਲੀ ਬੇਗ ਦੀ ਫੌਜ। ਲੋਹੇ ਦੇ ਟੋਪ ਤੇ ਸਰੀਰ ਨੂੰ ਸੰਜੋਅ ਨਾਲ ਕਜਿਆ ਉਹ ਅੱਗੇ ਵਧਿਆ। ਦੂਰੋਂ ਗੁਰੂ ਸਾਹਿਬ ਨੇ ਵੇਖਿਆ ਅਤੇ ਇਕੋ ਤੀਰ ਨਾਲ ਉਸ ਦਾ ਤਾਜ ਉਡਾ ਦਿੱਤਾ। ਉਸ ਦੀ ਤੇ ਉਸ ਦੇ ਸਾਥੀਆਂ ਦੀ ਸੁਰਤ ਟਿਕਾਣੇ ਲਿਆ ਦਿੱਤੀ ਗੁਰੂ ਸਾਹਿਬ ਦੇ ਡਰ ਨੇ :

ਧੀਰਜ ਬੁਧ ਬਿਬੇਕ ਬਲ, ਗਤਮਿਤ ਔਸਰ ਬਾਤ।
ਗੁਰੂ ਤ੍ਰਾਸ ਤੇ ਤੁਰਕਨ ਕੋ, ਭੂਲ ਗਈ ਸੁਧ ਸਾਤ।

ਕਾਬਲੀ ਬੇਗ ਨੇ ਆਪਣੇ ਸਰਦਾਰ ਦਾ ਤਾਜ ਉਡਦਾ ਵੇਖ ਕੇ ਗੁਰੂ ਜੀ ਨੂੰ ਸਿਧੀ ਲੜਾਈ ਲਈ ਨੇੜੇ ਜਾ ਕੇ ਲਲਕਾਰਿਆ। ਪਿਛੋਂ ਲਲਾ ਬੇਗ ਨੇ ਵੀ ਆਵਾਜ਼ ਮਾਰੀ : ਦੇਖੀਂ ਬਚ ਕੇ ਨਾ ਜਾਏ। ਗੁਰੂ ਸਾਹਿਬ ਨੇ ਸੁਭਾਅ ਅਨੁਸਾਰ ਕਾਬਲੀ ਖਾਂ ਨੂੰ ਪਹਿਲਾਂ ਵਾਰ ਕਰਨ ਲਈ ਕਿਹਾ। ਪਹਿਲਾ ਵਾਰ ਉਸ ਨੇ ਕੀਤਾ ਤਾਂ ਗੁਰੂ ਸਾਹਿਬ ਨੇ ਢਾਲ ਉਤੇ ਰੋਕ ਲਿਆ। ਦੂਜਾ ਵਾਰ ਗੁਰੂ ਸਾਹਿਬ ਦੀ ਵੱਖੀ ਨੂੰ ਜ਼ਖ਼ਮੀ ਕਰ ਗਿਆ। ਗੁਰੂ ਸਾਹਿਬ ਨੇ ਭਰਵੇਂ ਵਾਰ ਨਾਲ ਕਾਬਲੀ ਬੇਗ ਨੂੰ ਟੋਟੇ ਕਰ ਸੁਟਿਆ। ਉਹ ਇਉਂ ਲਟਕ ਕੇ ਡਿਗਾ ਜਿਵੇਂ ਗਲ ਵਿਚ ਜਨੇਊ ਲਟਕਦਾ ਹੈ—

ਜਿਮ ਹੋਤ ਜਨੇਊ ਪਰਿਓ ਗਲ ਮੈ।
ਤਿਮ ਦੋ ਧਰ ਹੋਏ ਗਿਰਿਓ ਧਰ ਮੈ।

ਕਾਬਲੀ ਖਾਂ ਨੂੰ ਮਰਦਾ ਵੇਖ ਕੇ ਕਮਰ ਬੇਗ ਆਪਣੇ ਪੰਜ ਸੌ ਜਵਾਨਾਂ ਨਾਲ ਅੱਗੇ ਹੋਇਆ। ਉਸ ਦੇ ਸਾਥੀਆਂ ਨੇ ਗੁਰੂ ਸਾਹਿਬ ਉਤੇ ਤੀਰਾਂ ਦਾ ਮੀਂਹ ਵਰ੍ਹਾ ਦਿੱਤਾ। ਗੁਰੂ ਸਾਹਿਬ ਲਹੂ ਲੁਹਾਨ ਹੋ ਗਏ। ਜੋਧੇ ਸ਼ਾਹ ਨੇ ਉਨ੍ਹਾਂ ਦੇ ਜ਼ਖ਼ਮ ਬੰਨ੍ਹੇ ਅਤੇ ਕਮਰ ਬੇਗ ਦੇ ਹੜ੍ਹ ਨੂੰ ਅੱਗੇ ਹੋ ਕੇ ਰੋਕਿਆ। ਕਮਰ ਬੇਗ ਤੇ ਜੋਧੇ ਸ਼ਾਹ ਦੋਹਾਂ ਦੇ ਘੋੜੇ ਇਸ ਭੇੜ ਵਿਚ ਡਿਗ ਪਏ। ਕਮਰ ਬੇਗ ਨੇ ਆਪਣੇ ਅੱਗੇ ਪਿੱਛੇ ਘੁਮੇਰੀਆਂ ਖਾਂਦੇ ਜੋਧੇ ਸ਼ਾਹ ਉਤੇ ਪਿਛਾਂਹ ਨੂੰ ਵਾਰ ਕੀਤਾ। ਜੋਧੇ ਸ਼ਾਹ ਤਾਂ ਛਾਲ ਮਾਰ ਕੇ ਬੱਚ ਗਿਆ ਪਰ ਕਮਰ ਬੇਗ ਦਾ ਆਪਣਾ ਹੀ ਮੋਢਾ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ। ਜ਼ਖ਼ਮੀ ਖਾਨ ਅਜੇ ਸੰਭਲ ਹੀ ਰਿਹਾ ਸੀ ਕਿ ਜੋਧੇ ਸ਼ਾਹ ਨੇ ਉਸ ਨੂੰ ਨੇਜ਼ੇ ਨਾਲ ਮਾਰ ਦਿੱਤਾ ਅਤੇ ਨੇਜ਼ੇ ਨਾਲ ਪ੍ਰੋਤੀ

ਉਸਦੀ ਦੇਹ ਗੁਰੂ ਜੀ ਅੱਗੇ ਸੁੱਟ ਦਿੱਤੀ। ਕਮਰ ਬੇਗ ਦੇ ਪੁਤਰ ਸ਼ਮਸ ਖਾਨ ਨੇ ਬਾਪ ਦੀ ਥਾਂ ਲਈ। ਬਿਧੀ ਚੰਦ ਨੇ ਉਸ ਨੂੰ ਵੰਗਾਰਿਆ ਕਿ ਜਾਹ ਅਜੇ ਮਾਂ ਦਾ ਦੁੱਧ ਚੁੰਘ। ਲੜਾਈ ਤੇਰੇ ਵਸ ਦੀ ਗੱਲ ਨਹੀਂ। ਸ਼ਮਸ ਖਾਨ ਨੇ ਲਲਕਾਰਿਆ ਕਿ ਮੈਂ ਪਿਓ ਦਾ ਬਦਲਾ ਲੈ ਕੇ ਹੀ ਪਿੱਛੇ ਹਟਾਂਗਾ। ਦੋਵੇਂ ਗੁਥਮ ਗੁਥਾ ਹੋ ਗਏ। ਇਸ ਭੇੜ ਵਿਚ ਸ਼ਮਸ ਬੇਗ ਮਾਰਿਆ ਗਿਆ। ਹੁਣ ਉਸ ਦਾ ਭਰਾ ਕਾਸਮ ਬੇਗ ਆ ਨਿਤਰਿਆ। ਭਾਈ ਜੇਠਾ ਉਸ ਦੇ ਮੁਕਾਬਲੇ ਲਈ ਅੱਗੇ ਹੋਏ ਤਾਂ ਉਹ ਚਿਲਾਇਆ : ਜਾ ਓਏ ਬਾਬਾ। ਬੁਢੇ ਵਾਰੇ ਆਰਾਮ ਕਰ। ਭਾਈ ਸਾਹਿਬ ਮੁਸਕਰਾ ਕੇ ਬੋਲੇ : ਮੈਂ ਤਾਂ ਬਥੇਰੇ ਜ਼ਿੰਦਗੀ ਵੇਖ ਲਈ ਹੈ। ਤੂੰ ਆਪਣਾ ਫਿਕਰ ਕਰ। ਬਚ ਸਕਦਾ ਹੈ ਤਾਂ ਬਚ। ਗੁਸੇ ਵਿਚ ਕਾਸਮ ਬੇਗ ਨੇ ਵਾਰ ਕੀਤਾ ਜੋ ਭਾਈ ਜੇਠਾ ਨੇ ਰੋਕ ਲਿਆ। ਪਰਤਵੇਂ ਵਾਰ ਨਾਲ ਉਨ੍ਹਾਂ ਨੇ ਕਾਸਮ ਬੇਗ ਨੂੰ ਮਾਰ ਮੁਕਾਇਆ। ਉਸ ਦੇ ਸਾਥੀ ਫੌਜੀਆਂ ਨੇ ਭਾਈ ਜੇਠਾ ਨੂੰ ਘੇਰ ਕੇ ਸ਼ਹੀਦ ਕਰ ਦਿੱਤਾ।

ਲਲਾ ਬੇਗ ਦੇ ਸਾਰੇ ਵੱਡੇ ਸੂਰਮੇ ਇਕ ਤੋਂ ਬਾਅਦ ਇਕ ਮਾਰੇ ਗਏ ਸਨ। ਉਹ ਆਪ ਮੁੜ ਅੱਗੇ ਵਧਿਆ। ਉਸ ਨੂੰ ਰੋਕਣ ਲਈ ਭਾਈ ਜਾਤੀ ਮਲ ਅੱਗੇ ਹੋਏ, ਪਰ ਖਾਨ ਦੇ ਸਾਥੀਆਂ ਨੇ ਉਨ੍ਹਾਂ ਨੂੰ ਸ਼ਹੀਦ ਕਰ ਦਿੱਤਾ। ਗੁਰੂ ਜੀ ਨੂੰ ਸਾਹਮਣੇ ਵੇਖ ਕੇ ਲਲਾ ਬੇਗ ਨੇ ਤੀਰਾਂ ਦਾ ਮੀਂਹ ਵਰ੍ਹਾ ਦਿੱਤਾ। ਗੁਰੂ ਜੀ ਨੇ ਢਾਲ ਨਾਲ ਸਭ ਤੋਂ ਬਚਦੇ ਹੋਏ ਮੋੜਵੇਂ ਹਲੇ ਨਾਲ ਲਲਾ ਬੇਗ ਨੂੰ ਘੋੜੇ ਤੋਂ ਹੇਠਾਂ ਸੁਟ ਲਿਆ। ਲਲਾ ਬੇਗ ਨੇ ਗੁਰੂ ਸਾਹਿਬ ਨੂੰ ਦਵੰਦ ਯੁੱਧ ਲਈ ਲਲਕਾਰਿਆ। ਸੁਭਾਅ ਅਨੁਸਾਰ ਗੁਰੂ ਸਾਹਿਬ ਨੇ ਉਸ ਨੂੰ ਪਹਿਲਾਂ ਵਾਰ ਕਰਨ ਲਈ ਮੌਕਾ ਦਿੱਤਾ। ਉਸ ਦੇ ਸਾਰੇ ਵਾਰ ਗੁਰੂ ਪਾਤਸ਼ਾਹ ਰੋਕਦੇ ਗਏ। ਜਦੋਂ ਉਸ ਦੇ ਵਾਰ ਨਾਲ ਗੁਰੂ ਸਾਹਿਬ ਦੇ ਪੱਟ ਉਤੇ ਜ਼ਖ਼ਮ ਹੋਇਆ ਤਾਂ ਆਪ ਨੇ ਭਰਵੇਂ ਵਾਰ ਨਾਲ ਲਲਾ ਬੇਗ ਦੇ ਟੋਟੇ ਕਰ ਦਿੱਤੇ। ਭਾਈ ਬਿਧੀ ਚੰਦ ਤੇ ਉਸ ਦੇ ਸਾਥੀਆਂ ਨੇ ਬਹਿਲੋਲ ਖਾਨ, ਇਸਮਾਈਲ ਖਾਨ ਤੇ ਗੁਲ ਬੇਗ ਜਹੇ ਖਾਨ ਦੇ ਸਾਥੀ ਸੂਰਮੇ ਮਾਰ ਮੁਕਾਏ। ਇੰਜ ਸਾਰੇ ਵੱਡੇ ਸੂਰਮਿਆਂ ਦੇ ਮਰਨ ਉਤੇ ਸ਼ਾਹੀ ਫੌਜਾਂ ਮੈਦਾਨ ਛੱਡ ਕੇ ਭਜ ਤੁਰੀਆਂ।

ਗੁਰੂ ਸਾਹਿਬ ਨੇ ਮ੍ਰਿਤਕ ਸਿੱਖਾਂ ਦੀਆਂ ਦੇਹਾਂ ਨੂੰ ਸਤਿਕਾਰ ਸਹਿਤ ਅਗਨ ਭੇਟ ਕੀਤਾ। ਦੁਸ਼ਮਣ ਸਿਪਾਹੀਆਂ ਤੇ ਸੂਰਮਿਆਂ ਨੂੰ ਯੋਗ ਢੰਗ ਨਾਲ ਦਫ਼ਨ ਕੀਤਾ। ਜ਼ਖ਼ਮੀਆਂ ਦੀ ਸੇਵਾ ਸੰਭਾਲ ਕੀਤੀ। ਭਟ ਵਹੀ ਮੁਲਤਾਨੀ ਸਿੰਧੀ ਇਸ ਜੰਗ ਦੇ ਸਮੇਂ ਸਥਾਨ ਬਾਰੇ ਇਹ ਦਸਦੀ ਹੈ—

ਸੁਖਾ ਬੇਟਾ ਮਾਂਡਨ ਕਾ.... ਸਾਲ ਸੋਲਾਂ ਸੈ ਇਕਾਨਵੇਂ (1634 ਈਸਵੀ)— ਪੋਖ ਪ੍ਰਵਿਸ਼ਟੇ ਸਤਾਰਾਂ, ਮੰਗਲਵਾਰ ਕੇ ਦਿਹੁੰ ਮਰਾਝ ਕੇ ਮਲਾਨ੍ਹ, ਗੁਰੂ ਕੇ ਹੁਕਮ ਗੈਲ ਸਾਹਮੇ ਮਾਥੇ ਜੂਝ ਕਰ ਮਰਾ।"

ਭਾਈ ਸੁਖਾ ਦੀ ਸ਼ਹਾਦਤ ਬਾਰੇ ਉਕਤ ਟੂਕ ਸਿੱਖ ਸੂਰਮਿਆਂ ਦੇ ਗੁਰੂ ਜੀ ਦੇ ਹੁਕਮ ਅਨੁਸਾਰ ਸਾਹਮਣੇ ਹੋ ਕੇ ਲੜਨ ਮਰਨ ਦੀ ਗਵਾਹ ਹੈ। ਭਾਈ ਸੰਤੋਖ ਸਿੰਘ ਨੇ ਸੂਰਜ ਪ੍ਰਕਾਸ਼ ਗ੍ਰੰਥ ਦੀ ਸਤਵੀਂ ਰਾਸ ਦੇ ਅਧਿਆਇ (ਅੰਸ਼ੂ) ਅਠਤੀ ਤੋਂ ਚੁਰੰਜਾ ਤਕ ਇਸ

ਜੰਗ ਦਾ ਵਿਸਤ੍ਰਿਤ ਵਰਣਨ ਕੀਤਾ ਹੈ। ਕਾਸਮ ਬੇਗ, ਕਮਰ ਬੇਗ, ਸ਼ਮਸ ਬੇਗ, ਕਾਬਲ ਬੇਗ, ਲਲਾ ਬੇਗ ਆਦਿ ਵੱਡੇ ਯੋਧਿਆਂ ਦੇ ਲੜਨ ਮਰਨ ਦੇ ਵੇਰਵੇ ਦੇਣ ਲਈ, ਹਰ ਇਕ ਲਈ ਇਕ ਪੂਰਾ ਅਧਿਆਇ ਅਰਪਿਤ ਕੀਤਾ ਹੈ। ਭਾਈ ਸਾਹਿਬ ਅਨੁਸਾਰ ਇਸ ਯੁੱਧ ਵਿਚ ਬਾਰਾਂ ਸੌ ਸਿੱਖ ਸੂਰਮੇ ਸ਼ਹੀਦ ਹੋਏ। ਯੁੱਧ ਦੇ ਖਾਤਮੇ ਉਪਰੰਤ ਜੋਧ ਸ਼ਾਹ ਦੀ ਬੇਨਤੀ ਉਤੇ ਗੁਰੂ ਪਾਤਸ਼ਾਹ 'ਕਾਂਗੜ' ਵਿਚ ਕੁਝ ਸਮੇਂ ਲਈ ਵਾਪਸ ਆ ਬਿਰਾਜੇ।

ਸ਼ਾਹ ਜਹਾਨ ਤੱਕ ਵੀ ਇਸ ਜੰਗ ਵਿਚ ਲਾਹੌਰ ਦੀ ਹਾਰ ਦੀਆਂ ਖਬਰਾਂ ਪਹੁੰਚੀਆਂ। ਨਿੰਦਕਾਂ ਨੇ ਇਹ ਕਿਹਾ ਕਿ ਗੁਰੂ ਸਾਹਿਬ ਦੀ ਤਾਕਤ ਵੱਧ ਰਹੀ ਹੈ। ਉਨ੍ਹਾਂ ਨੂੰ ਖ਼ਤਮ ਕਰਨ ਲਈ ਵੱਡਾ ਹਲਾ ਕੀਤਾ ਜਾਵੇ। ਲਲਾ ਬੇਗ ਦੇ ਕਢੇ ਹਸਨ ਖਾਂ ਅਤੇ ਗੁਰੂ ਪਾਤਸ਼ਾਹ ਦੇ ਸ਼ਰਧਾਲੂ ਵਜ਼ੀਰ ਖਾਨ ਨੇ ਸ਼ਾਹਜਹਾਨ ਨੂੰ ਅਨਾਇਤ ਉਲਾ ਖਾਨ ਵੱਲੋਂ ਗੁਰੂ ਸਾਹਿਬ ਦੀ ਅਮਾਨਤ ਦੇ ਘੋੜੇ ਖੋਹੇ ਜਾਣ ਦਾ ਸਾਰਾ ਬਿਰਤਾਂਤ ਦੱਸਿਆ। ਉਨ੍ਹਾਂ ਇਹ ਵੀ ਦੱਸਿਆ ਕਿ ਜਿਨ੍ਹਾਂ ਘੋੜਿਆਂ ਪਿਛੇ ਇਹ ਜੰਗ ਲਾਹੌਰ ਨੇ ਕੀਤੀ ਹੈ, ਉਨ੍ਹਾਂ ਵਿਚੋਂ ਇਕ ਤਾਂ ਜੰਗ ਵਿਚ ਹੀ ਮਾਰਿਆ ਗਿਆ ਹੈ। ਸ਼ਾਹਜਹਾਨ ਨੇ ਸਾਰੀ ਸਥਿਤੀ ਨੂੰ ਆਪ ਜਾਣਨ ਸਮਝਣ ਲਈ ਪੰਜਾਬ ਦੌਰੇ ਦਾ ਪ੍ਰੋਗਰਾਮ ਬਣਾਇਆ।

ਕਾਂਗੜ ਤੇ ਭਾਈ ਰੂਪਾ ਵਿਚ ਜੋਧ ਸ਼ਾਹ ਤੇ ਭਾਈ ਰੂਪਾ ਨੇ ਗੁਰੂ ਪਾਤਸ਼ਾਹ ਨਾਲ ਬਹੁਤ ਪ੍ਰੇਮ ਜਤਾਇਆ। ਭਾਈ ਰੂਪਾ ਅਤੇ ਭਾਈ ਸਾਧੂ ਨੇ ਤਾਂ ਆਪ ਨਾਲ ਤੁਰਨ ਤੇ ਆਪ ਦੀ ਫੌਜ ਵਿਚ ਸ਼ਾਮਲ ਹੋਣ ਲਈ ਬੇਨਤੀ ਕੀਤੀ। ਗੁਰੂ ਪਾਤਸ਼ਾਹ ਨੇ ਦੋਹਾਂ ਨੂੰ ਤੇਗ ਨਹੀਂ ਦੇਗ ਚਲਾਉਣ ਦੀ ਸੇਵਾ ਦਿੱਤੀ ਅਤੇ ਕਿਹਾ ਤੇਗ ਤੁਹਾਡੇ ਲਈ ਨਹੀਂ—

ਕਹਿਓ ਗੁਰੂ ਤੁਮ ਕਰੋ ਦੇਗ ਕੋ।
ਸਭ ਕੋ ਦਿਉ ਅਸਨ ਬਰਤ ਇਹੈ।
ਦੇਗ ਚਲਾਇ ਗੁਰੂ ਗੁਣ ਗਾਇ
ਵਸ ਰਾਖੋ ਜਿਹਵਾ ਗੁਣ ਗਾਇ।

ਜੋਧ ਸ਼ਾਹ ਨੇ ਵੀ ਨਾਲ ਤੁਰਨ ਦੀ ਬੇਨਤੀ ਕੀਤੀ। ਉਸ ਨੂੰ ਵੀ ਆਪ ਨੇ ਘਰ ਰਹਿ ਕੇ ਸਿੱਖੀ ਕਮਾਣ ਲਈ ਆਖਿਆ ਅਤੇ ਕਿਹਾ ਕਿ ਲੋੜ ਪੈਣ ਤੇ ਤੁਹਾਨੂੰ ਸਦ ਲਵਾਂਗੇ।

ਗੁਰੂ ਸਾਹਿਬ ਦੀ ਇਸ ਜੰਗ ਨੂੰ ਮਾਲਵੇ ਦੀ ਜੰਗ ਆਖਣਾ ਵਧੇਰੇ ਉਚਿਤ ਲਗਦਾ ਹੈ। ਮਰਾੜ, ਕਾਂਗੜ, ਨਥਾਵਾਂ, ਲਹਿਰਾ, ਮਾੜੀ ਸਭ ਥਾਈਂ ਟਕਰਾਂ ਹੋਈਆਂ। ਜੰਗ ਮਰਾੜ ਦੇ ਕਿਸੇ ਚਿੱਠੇ ਵੀ ਬਥੇਰੇ ਲਿਖੇ ਗਏ ਹਨ। ਭਾਈ ਸੰਤੋਖ ਸਿੰਘ ਸੂਰਜ ਪ੍ਰਕਾਸ਼ ਦੀ ਸਤਵੀਂ ਰਾਸ ਦੇ ਅੰਤਿਮ ਭਾਵ ਇਕਾਹਠਵੇਂ ਅਧਿਆਇ ਉਤੇ ਲਿਖਦੇ ਹਨ : ਲਲਾ ਬੇਗ ਕਾ ਯੁਧ ਭਾਈ ਰੂਪੇ ਹੋਆ। ਸ੍ਰੀ ਸਤਿਗੁਰ ਕੀ ਜੀਤ ਭਈ। ਗਿਆਨੀ ਗਿਆਨ ਸਿੰਘ ਤਵਾਰੀਖ ਗੁਰੂ ਖਾਲਸਾ ਵਿਚ ਇਉਂ ਲਿਖਦਾ ਹੈ.... ਏਧਰ ਕਾਂਗੜ, ਧੌਲੇ ਦੇਸ ਮਾਲਵੇ ਦੇ ਸਭ ਬਹਾਦਰ ਸਿਖ ਗੁਰੂ ਸਾਹਿਬ ਵੱਲ ਆ ਗਏ। ਰਾਇ ਜੋਧ, ਸਲੇਮ (ਦੋਵੇਂ ਭਾਈ), ਭਲਣ, ਰੂਪਾ, ਸੂਰਾ, ਕਰਮਾ ਫੱਤਾ, ਆਕਲ, ਬੀਰਾ, ਸਾਗਰ, ਤਖਤਾ, ਕਾਲਾ ਦੂਲਟ, ਕਾਲਾ ਕਰਮਚੰਦ ਆਦਿ ਸਭ ਢੋਲ ਵਜਾਂਦੇ ਹੋਏ ਆਪਣੇ ਨਾਲ ਬਹੁਤ ਬਹੁਤ ਆਦਮੀ

ਲੈ ਕੇ ਆ ਗਏ। ਗੁਰੂ ਸਾਹਿਬ ਨੇ ਇਨ੍ਹਾਂ ਨੂੰ ਨਾਲ ਲੈ ਕੇ ਬੜੇ ਭਾਰੀ ਜੰਗਲ ਵਿਚ ਜਿੱਥੇ ਹੁਣ ਲਹਿਰਾ ਪਿੰਡ ਤੇ ਗੁਰੂ ਸਰ ਤਲਾਉ ਹੈ-ਦੀ ਢਾਬ ਦੇ ਕਿਨਾਰੇ ਮੋਰਚਾ ਬੰਨ੍ਹ ਕੇ ਲੜਾਈ ਸ਼ੁਰੂ ਕਰ ਦਿੱਤੀ। ਭਟ ਵਹੀਆਂ ਮਰਾਝ ਦੀ ਟੱਕਰ ਦੀ ਗਵਾਹੀ ਵੀ ਦਿੰਦੀਆਂ ਹਨ। ਸੋ ਇਹ ਮਾਲਵੇ ਦਾ ਯੁੱਧ ਸੀ ਜਿਸ ਵਿਚ ਥਾਂ-ਥਾਂ ਲੜਾਈ ਹੋਈ।

ਮਾਲਵੇ ਦੇ ਇਸ ਯੁੱਧ ਉਪਰੰਤ ਗੁਰੂ ਸਾਹਿਬ ਨੇ ਭਾਈ ਜੋਧ, ਭਾਈ ਸਾਧੂ ਤੇ ਭਾਈ ਰੂਪਾ ਜਹੇ ਪ੍ਰੇਮੀਆਂ ਤੋਂ ਵਿਦਾ ਹੋ ਕੇ ਕਰਤਾਰਪੁਰ ਜਾਣ ਦਾ ਮਨ ਬਣਾਇਆ। ਇਸ ਯਾਤਰਾ ਦੌਰਾਨ ਆਪ ਨੇ ਛਪਾਰ, ਤਖਤੂਪੁਰਾ, ਹਠੂਰ, ਪਖੋਕੇ ਤੇ ਗੁਜਰਵਾਲ ਦੀਆਂ ਸੰਗਤਾਂ ਨੂੰ ਦਰਸ਼ਨ ਦਿੱਤੇ। ਗੁਜਰਵਾਲ ਦੇ ਚੌਧਰੀ ਫਤੂਹੀ ਦਾ ਜ਼ਿਕਰ ਭਾਈ ਸੰਤੋਖ ਸਿੰਘ ਤੇ ਪ੍ਰੋ. ਸਤਬੀਰ ਸਿੰਘ ਦੋਹਾਂ ਨੇ ਕੀਤਾ ਹੈ। ਚੌਧਰੀ ਫਤੂਹੀ ਨੇ ਗੁਰੂ ਪਾਤਸ਼ਾਹ ਦੀ ਬਹੁਤ ਸੇਵਾ ਕੀਤੀ ਪਰ ਉਸ ਨੂੰ ਇਸ ਦਾ ਹੰਕਾਰ ਹੋ ਗਿਆ। ਇਸ ਲਈ ਇਕ ਦਿਨ ਉਸ ਨੇ ਕਿਹਾ, ਮੇਰੇ ਵਰਗੀ ਸੇਵਾ ਕਿਸ ਨੇ ਕਰਨੀ ਹੈ। ਮੈਂ ਤਾਂ ਤਨ ਮਨ ਧਨ ਹੀ ਆਪ ਨੂੰ ਅਰਪਿਤ ਕਰ ਰੱਖਿਆ ਹੈ। ਗੁਰੂ ਸਾਹਿਬ ਨੇ ਅਗਲੇ ਦਿਨ ਸ਼ਿਕਾਰ ਸਮੇਂ ਉਸ ਤੋਂ ਉਸ ਦਾ ਪਿਆਰਾ ਬਾਜ਼ ਮੰਗ ਲਿਆ। ਉਹ ਟਾਲ ਮਟੋਲ ਕਰਦੇ ਹੋਏ ਆਖਣ ਲੱਗਾ ਕਿ ਇਹ ਮੇਰੇ ਹਥ ਚੜ੍ਹਿਆ ਹੋਇਆ ਹੈ। ਤੁਹਾਡੇ ਕੋਲ ਨਹੀਂ ਰਹਿ ਸਕਨਾ। ਗੁਰੂ ਸਾਹਿਬ ਨੇ ਕਿਹਾ : ਤੂੰ ਤਾਂ ਕਲ ਕਹਿ ਰਿਹਾ ਸੈਂ ਕਿ ਮੈਂ ਆਪਣਾ ਤਨ, ਮਨ, ਧਨ ਸਭ ਕੁਝ ਗੁਰੂ ਨੂੰ ਅਰਪਿਤ ਕਰ ਦਿੱਤਾ ਹੈ। ਅੱਜ ਇਕ ਬਾਜ਼ ਦੇਣ ਤੋਂ ਹੀ ਸੰਕੋਚ ਕਰ ਰਿਹਾ ਹੈਂ। ਬਾਦ ਵਿਚ ਬਾਜ਼ ਰੇਸ਼ਮ ਦੀ ਡੋਰੀ ਨਿਗਲ ਕੇ ਮਰਨ ਵਾਲਾ ਹੋ ਗਿਆ ਤਾਂ ਚੌਧਰੀ ਨੂੰ ਆਪਣੀ ਭੁਲ ਤੇ ਹੰਕਾਰ ਦਾ ਅਹਿਸਾਸ ਹੋਇਆ। ਉਸ ਨੇ ਖਿਮਾਂ ਮੰਗੀ ਤੇ ਗੁਰੂ ਸਾਹਿਬ ਨੇ ਉਸ ਨੂੰ ਕਿਹਾ, ਸਰਦਾਰੀ ਤੇ ਸੇਵਾ ਸਿਦਕ ਦੀ ਹੈ। ਜਦ ਤੱਕ ਸਿਦਕ ਰਖੋਗੇ, ਸਰਦਾਰੀ ਪੈਰ ਚੁੰਮੇਗੀ।

ਇਸੇ ਪ੍ਰਕਾਰ ਸੰਗਤਾਂ ਨੂੰ ਨਿਹਾਲ ਕਰਦੇ ਹੋਏ ਗੁਰੂ ਪਾਤਸ਼ਾਹ ਈਸਲੂ, ਇਕਲਾਹਾ ਤੇ ਸੌਟੀ ਪਿੰਡ ਪਹੁੰਚੇ। ਇਥੋਂ ਦੇ ਲੋਕਾਂ ਨੂੰ ਮੜ੍ਹੀਆਂ ਦੀ ਪੂਜਾ ਤੋਂ ਵਰਜ ਕੇ ਗੁਰਮਤਿ ਨਾਲ ਜੋੜਿਆ। ਸੌਟੀ ਵਿਚ ਹੀ ਗੁਰੂ ਸਾਹਿਬ ਦਾ ਸ਼ਿਕਾਰੀ ਕੁਤਾ ਜੰਗਲੀ ਸੂਰਾਂ ਨਾਲ ਲੜਦਾ ਮਾਰਿਆ ਗਿਆ। ਗੁਰੂ ਪਾਤਸ਼ਾਹ ਨੇ ਉਸ ਨੂੰ ਪ੍ਰੇਮ ਨਾਲ ਦਬਾਇਆ। ਇਸੇ ਤਰ੍ਹਾਂ ਪੜਾਅ ਕਰਦੇ ਕਰਦੇ ਆਪ ਕਰਤਾਰਪੁਰ ਆ ਪਹੁੰਚੇ।

ਅਧਿਆਇ 9
ਪੈਂਦੇ ਖਾਨ : ਕਰਤਾਰਪੁਰ ਦੀ ਜੰਗ

ਮਾਲਵੇ ਵਿਚ ਲਾਹੌਰ ਦੀਆਂ ਫੌਜਾਂ ਨਾਲ ਵੱਡੀ ਜੰਗ ਉਪਰੰਤ ਗੁਰੂ ਹਰਿਗੋਬੰਦ ਪਾਤਸ਼ਾਹ ਸਿੱਧੇ ਕਰਤਾਰਪੁਰ ਗਏ ਜਾਂ ਕੀਰਤਪੁਰ ਹੋ ਕੇ ਕਰਤਾਰਪੁਰ ਗਏ। ਇਸ ਬਾਰੇ ਨਿਸ਼ਚੇ ਨਾਲ ਕੁਝ ਕਹਿਣਾ ਕਠਿਨ ਹੈ। ਇੰਨਾ ਜ਼ਰੂਰ ਹੈ ਕਿ ਜੇ ਉਹ ਕੀਰਤਪੁਰ ਹੋ ਕੇ ਗਏ ਤਾਂ ਉਹ ਕੀਰਤਪੁਰ ਬਹੁਤਾ ਸਮਾਂ ਨਹੀਂ ਠਹਿਰੇ। ਆਪ ਨੇ ਮਾਲਵੇ ਤੋਂ ਸਿੱਧੇ ਜਾਂ ਕੀਰਤਪੁਰ ਹੋ ਕੇ ਕਰਤਾਰਪੁਰ ਜਾਂਦਿਆਂ ਥਾਂ ਥਾਂ ਸਿੱਖ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਫਿਰ ਕਰਤਾਰਪੁਰ ਜਾ ਬਿਰਾਜੇ। ਉਥੇ ਹੀ ਸਾਰਾ ਪਰਿਵਾਰ ਛੱਡ ਕੇ ਆਪ ਮਾਲਵੇ ਨੂੰ ਨਿਕਲੇ ਸਨ। ਕਰਤਾਰਪੁਰ ਪਹੁੰਚਣ ਉਤੇ ਸੰਗਤਾਂ ਹੁਮ ਹੁਮਾ ਕੇ ਹਾਜ਼ਰ ਹੋਈਆਂ। ਖੁਸ਼ੀ ਨਾਲ ਕਈ ਅੱਖਾਂ ਛਲਕ ਪਈਆਂ। ਪੈਂਦੇ ਖਾਨ ਅੱਗੋਂ ਹੋ ਕੇ ਮਿਲਿਆ। ਭਾਈ ਬਿਧੀ ਚੰਦ ਨੇ ਸੁਆਦ ਲਾ ਲਾ ਕੇ ਲਾਹੌਰ ਤੋਂ ਦਿਲਬਾਗ ਤੇ ਗੁਲਬਾਗ ਘੋੜੇ ਲਿਆਣ ਦੀ ਵਾਰਤਾ ਸੁਣਾਈ। ਘਾਹੀ ਦੇ ਰੂਪ ਵਿਚ ਮਚਲਾ ਬਣ ਕੇ ਵਿਚਰਨ ਅਤੇ ਨਜੂਮੀ ਬਣ ਕੇ ਸਭ ਦੀਆਂ ਅੱਖਾਂ ਵਿਚ ਘੱਟਾ ਪਾਣ ਦੇ ਨਾਟਕੀ ਬਿਰਤਾਂਤ ਸੁਣਾਏ। ਜੰਗ ਮਰਾਝ ਵਿਚ ਸਿੱਖ ਸੂਰਮਿਆਂ ਦੀ ਬਹਾਦਰੀ ਦੀ ਵਿਥਿਆ ਦਸੀ।

ਭਾਈ ਬਿਧੀ ਚੰਦ ਤੋਂ ਜੰਗ ਮਰਾਝ ਵਿਚ ਭਾਈ ਜੇਠਾ, ਭਾਈ ਜਤੀ ਮਲ, ਭਾਈ ਸੁਖਾ ਵਰਗੇ ਪ੍ਰਮੁੱਖ ਸਿੱਖਾਂ ਸਮੇਤ ਬਾਰਾਂ ਸੌ ਸਿੱਖਾਂ ਦੀ ਸ਼ਹਾਦਤ ਬਾਰੇ ਸੁਣ ਕੇ ਪੈਂਦੇ ਖਾਨ ਨੇ ਹੰਕਾਰ ਵਿਚ ਕਿਹਾ, ਮੈਂ ਹੁੰਦਾ ਤਾਂ ਇੰਨੇ ਸਿੱਖ ਸ਼ਹੀਦ ਨਹੀਂ ਸਨ ਹੁੰਦੇ। ਭਾਈ ਜੇਠਾ ਜੀ ਨੂੰ ਵੀ ਮੈਂ ਬਚਾ ਲੈਣਾ ਸੀ। ਭਾਈ ਬਿਧੀ ਚੰਦ ਨੇ ਕਿਹਾ, ਪੈਂਦੇ ਖਾਨ। ਸਭ ਗੁਰੂ ਦੇ ਹੁਕਮ ਦੀ ਖੇਡ ਹੈ। ਜਿਵੇਂ ਗੁਰੂ ਪਾਤਸ਼ਾਹ ਚਾਹੁਣ ਉਵੇਂ ਹੀ ਹੁੰਦਾ ਹੈ। ਉਨ੍ਹਾਂ ਨੂੰ ਉਥੇ ਤੇਰੀ ਸੇਵਾ ਲੈਣੀ ਮਨਜ਼ੂਰ ਨਹੀਂ ਸੀ। ਪੈਂਦੇ ਖਾਨ ਦੇ ਹੰਕਾਰ ਬਾਰੇ ਬਿਧੀ ਚੰਦ ਨੇ ਗੁਰੂ ਸਾਹਿਬ ਕੋਲ ਗੱਲ ਕੀਤੀ ਤਾਂ ਆਪ ਨੇ ਮੁਸਕਰਾ ਕੇ ਕਿਹਾ ਚਿੰਤਾ ਨਾ ਕਰੋ। ਅਕਾਲ ਪੁਰਖ ਭਲੀ ਕਰਨਗੇ। ਕੁਝ ਦਿਨ ਉਪਰੰਤ ਪੈਂਦੇ ਖਾਨ ਦੇ ਘਰ ਪੁੱਤਰ ਦਾ ਜਨਮ ਹੋਇਆ। ਉਸ ਦੇ ਘਰ ਪਹਿਲਾਂ ਬੇਟੀ ਸੀ। ਹੁਣ ਬੇਟਾ ਹੋਣ ਦੀ ਖੁਸ਼ਖਬਰੀ ਦੇਣ ਉਹ ਆਪ ਗੁਰੂ ਦਰਬਾਰ ਵਿਚ ਹਾਜ਼ਰ ਹੋਇਆ। ਉਸ ਨੇ ਬੇਟੇ ਦਾ ਨਾਮ ਰੱਖਣ ਲਈ ਗੁਰੂ ਪਾਤਸ਼ਾਹ ਨੂੰ ਬੇਨਤੀ ਕੀਤੀ। ਗੁਰੂ ਸਾਹਿਬ ਨੇ ਉਸ ਨੂੰ ਸੈਦੇ ਖਾਨ ਨਾਮ ਦੀ ਬਖਸ਼ਿਸ਼ ਕੀਤੀ।

ਕੁਝ ਹੀ ਸਮਾਂ ਹੋਰ ਲੰਘਿਆ ਤਾਂ ਪੈਂਦੇ ਖਾਨ ਦੀ ਜਵਾਨ ਬੇਟੀ ਦੀ ਸ਼ਾਦੀ ਦਾ ਅਵਸਰ ਬਣ ਗਿਆ। ਛੋਟੇ ਮੀਰ ਪਿੰਡ ਦੇ ਪਠਾਣ ਉਸਮਾਨ ਖਾਨ ਨਾਲ ਰਿਸ਼ਤਾ ਤੈਅ

ਹੋਇਆ। ਉਸਮਾਨ ਸ਼ਾਹੀ ਫੌਜਾਂ ਵਿਚ ਨੌਕਰ ਸੀ। ਗੁਰੂ ਸਾਹਿਬ ਨੇ ਪੁੱਤਰਾਂ ਵਾਂਗ ਲਾਡ ਨਾਲ ਪਾਲੇ ਪੈਂਦੇ ਖਾਨ ਦੀ ਧੀ ਦਾ ਨਿਕਾਹ ਉਸ ਖਾਨ ਨਾਲ ਕਰਵਾਇਆ। ਹਰ ਤਰ੍ਹਾਂ ਦੀ ਸੁਖ ਸੁਵਿਧਾ ਦੇ ਪ੍ਰਬੰਧ ਇਸ ਸ਼ਾਦੀ ਲਈ ਗੁਰੂ ਸਾਹਿਬ ਨੇ ਆਪ ਕਰਵਾਏ। ਧੂਮ ਧਾਮ ਨਾਲ ਨਿਕਾਹ ਹੋਇਆ। ਪੈਂਦੇ ਖਾਨ ਦਾ ਪੁੱਤਰ ਅਤਿ ਛੋਟਾ ਸੀ। ਇਸ ਲਈ ਉਸ ਨੇ ਜਵਾਈ ਨੂੰ ਪੁੱਤਰਾਂ ਵਾਲਾ ਮਾਣ ਤਾਣ ਦਿੱਤਾ।

ਪੈਂਦੇ ਖਾਨ ਦੀ ਬੇਟੀ ਦੀ ਸ਼ਾਦੀ ਦੀਆਂ ਖੁਸ਼ੀਆਂ ਦੇ ਸਮਾਗਮ ਅਜੇ ਗੁਰੂ ਦਰਬਾਰ ਵਿਚ ਚੱਲ ਹੀ ਰਹੇ ਸਨ ਕਿ ਇਕ ਦਿਨ ਭਾਈ ਲਾਲ ਚੰਦ ਜੀ ਨੇ ਗੁਰੂ ਪਾਤਸ਼ਾਹ ਕੋਲ ਬੇਨਤੀ ਕੀਤੀ ਕਿ ਜੇ ਆਪ ਕਿਰਪਾ ਕਰੋ ਤਾਂ ਬੇਟੇ ਤਿਆਗ ਮੱਲ (ਜੋ ਬਾਦ ਵਿਚ ਗੁਰੂ ਤੇਗ ਬਹਾਦੁਰ ਵਜੋਂ ਵਿਖਿਆਤ ਹੋਏ) ਦੀ ਸ਼ਾਦੀ ਮੇਰੀ ਬੇਟੀ ਬੀਬੀ ਗੁਜਰੀ ਜੀ ਨਾਲ ਕਰਨੀ ਪ੍ਰਵਾਨ ਹੋਵੇ। ਗੁਰੂ ਸਾਹਿਬ ਨੇ ਇਹ ਪ੍ਰਸਤਾਵ ਪ੍ਰਵਾਨ ਕਰ ਲਿਆ। ਮਾਘ ਦੇ ਮਹੀਨੇ ਇਹ ਪ੍ਰਸਤਾਵ ਪੇਸ਼ ਹੋਇਆ ਅਤੇ ਫਗਨ ਵਿਚ ਹੀ ਇਹ ਸ਼ਾਦੀ ਕਰ ਦਿੱਤੀ ਗਈ। ਦੂਰੋਂ ਨੇੜਿਉਂ ਮੁਖੀ ਸਿੱਖ ਇਸ ਅਵਸਰ ਉਤੇ ਪਹੁੰਚੇ। ਮਾਲਵੇ ਤੋਂ ਭਾਈ ਜੋਧ, ਭਾਈ ਸਾਧੂ ਤੇ ਭਾਈ ਰੂਪਾ ਉਚੇਚੇ ਤੌਰ 'ਤੇ ਆਏ। ਬੀਬੀ ਵੀਰੋ ਵੀ ਪਰਿਵਾਰ ਸਹਿਤ ਆਈ। ਗੁਰੂ ਅਮਰਦਾਸ ਜੀ ਅਤੇ ਗੁਰੂ ਅੰਗਦ ਦੇਵ ਜੀ ਦੇ ਪਰਿਵਾਰਾਂ ਦੀ ਇਸ ਸਮਾਗਮ ਵਿਚ ਸ਼ਮੂਲੀਅਤ ਬਾਰੇ ਵੀ ਜ਼ਿਕਰ ਭਾਈ ਸੰਤੋਖ ਸਿੰਘ ਨੇ ਕੀਤਾ ਹੈ। ਗੁਰੂ ਮਹਿਲ ਮਾਤਾ ਨਾਨਕੀ ਜੋ (ਗੁਰੂ) ਤੇਗ ਬਹਾਦਰ ਜੀ ਦੇ ਮਾਤਾ ਸਨ, ਉਨ੍ਹਾਂ ਦੀ ਖੁਸ਼ੀ ਦਾ ਕੋਈ ਅੰਤ ਨਹੀਂ ਸੀ। ਪੂਰਬ, ਪੱਛਮ, ਉਤਰ ਦੱਖਣ ਚਾਰੇ ਦਿਸ਼ਾਵਾਂ ਤੋਂ ਦੂਰ ਦੂਰ ਦੀਆਂ ਸਿੱਖ ਸੰਗਤਾਂ ਇਕ ਤੋਂ ਇਕ ਕੀਮਤੀ ਤੇ ਵਚਿੱਤਰ ਉਪਹਾਰ ਲੈ ਕੇ ਇਸ ਖੁਸ਼ੀ ਸਮੇਂ ਲੰਬੇ ਅਰਸੇ ਤੱਕ ਗੁਰੂ ਦਰਬਾਰ ਵਿਚ ਭੇਟ ਕਰਨ ਆਉਂਦੀਆਂ ਰਹੀਆਂ।

ਵਿਆਹ ਉਪਰੰਤ ਵਿਸਾਖੀ ਆ ਗਈ। ਕਰਤਾਰਪੁਰ ਵਿਚ ਭਾਰੀ ਦੀਵਾਨ ਸਜਿਆ। ਭਰਿਆ ਪੂਰਾ ਪਰਿਵਾਰ ਅਤੇ ਸਿੱਖ ਯੋਧੇ ਸਜ ਰਹੇ ਸਨ। ਇਸ ਦੀਵਾਨ ਵਿਚ ਇਕ ਅਮੀਰ ਵਪਾਰੀ ਨੇ ਸੋਲਾਂ ਲੱਖ ਦਾ ਕੀਮਤੀ ਘੋੜਾ, ਇਕ ਚਿਟਾ ਬਾਜ਼, ਜ਼ਰੀਦਾਰ ਬਸਤਰ, ਕੀਮਤੀ ਢਾਲ ਅਤੇ ਜੜਾਊ ਮੁੱਠੇ ਵਾਲੀ ਤਲਵਾਰ ਆਦਿ ਕੀਮਤੀ ਸੁਗਾਤਾਂ ਗੁਰੂ ਦਰਬਾਰ ਵਿਚ ਭੇਟ ਕੀਤੀਆਂ। ਪ੍ਰਿੰ. ਸਤਬੀਰ ਸਿੰਘ ਨੇ ਵਪਾਰੀ ਦਾ ਨਾਮ ਕਾਬਲੀ ਮਲ ਦੱਸਿਆ ਹੈ। ਗੁਰੂ ਬਿਲਾਸ ਅਨੁਸਾਰ ਵਪਾਰੀ ਦਾ ਨਾਮ ਚਤੁਰ ਸੇਨ ਸੀ। ਭਾਈ ਸੰਤੋਖ ਸਿੰਘ ਨੇ ਬਦਖਸ਼ਾਂ ਦਾ ਅਮੀਰ ਸੁਦਾਗਰ ਹੀ ਕਿਹਾ ਹੈ। ਨਾਮ ਨਹੀਂ ਦਿੱਤਾ। ਕੀਮਤੀ ਭੇਟਾਵਾਂ ਉਸ ਨੇ ਦਸਵੰਧ ਵਿਚੋਂ ਦਰਬਾਰ ਅੱਗੇ ਅਰਪਿਤ ਕੀਤੀਆਂ।

ਗੁਰੂ ਪਾਤਸ਼ਾਹ ਨੇ ਸੁੰਦਰ ਬਸਤਰ ਸਭ ਤੋਂ ਪਹਿਲਾਂ ਪੈਂਦੇ ਖਾਨ ਨੂੰ ਬਖਸ਼ ਦਿੱਤੇ ਅਤੇ ਕਿਹਾ ਕਿ ਅੱਗੇ ਤੋਂ ਦਰਬਾਰ ਵਿਚ ਇਹੀ ਬਸਤਰ ਪਹਿਨ ਕੇ ਆਇਆ ਕਰੋ। ਬਾਜ਼ ਆਪ ਨੇ ਬਾਬਾ ਗੁਰਦਿੱਤਾ ਜੀ ਨੂੰ ਬਖਸ਼ ਦਿੱਤਾ ਅਤੇ ਕਿਹਾ ਸ਼ਿਕਾਰ ਖੇਡਣ ਸਮੇਂ ਇਸ ਨੂੰ ਨਾਲ ਲੈ ਜਾਇਆ ਕਰਨਾ। ਖੰਡਾ ਤਲਵਾਰ ਤੇ ਘੋੜਾ ਵੀ ਗੁਰੂ ਸਾਹਿਬ ਨੇ ਪੈਂਦੇ ਖਾਨ ਨੂੰ ਹੀ ਬਖਸ਼ ਦਿੱਤੇ। ਪੈਂਦੇ ਖਾਨ ਨੂੰ ਗੁਰੂ ਸਾਹਿਬ ਵੱਲੋਂ ਇੰਨੀਆਂ ਬਖਸ਼ਿਸ਼ਾਂ ਹੋਈਆਂ ਕਿ ਉਸ ਨੂੰ ਹੰਕਾਰ ਹੋ ਗਿਆ। ਉਸ ਨੇ ਸੋਚਿਆ ਕਿ ਮੈਂ ਸਭ ਤੋਂ ਵੱਡਾ ਯੋਧਾ

ਹਾਂ। ਘੋੜਾ, ਸ਼ਸਤਰ, ਪੌਸ਼ਾਕ-ਸਾਰਾ ਕੁਝ ਇਸੇ ਲਈ ਮੈਨੂੰ ਦਿੱਤਾ ਗਿਆ ਹੈ। ਪੁੱਤਰਾਂ ਨਾਲੋਂ ਵੀ ਵੱਧ ਮੈਨੂੰ ਹੀ ਮਾਣ ਮਿਲਿਆ ਹੈ। ਸੂਰਜ ਪ੍ਰਕਾਸ਼ ਅਨੁਸਾਰ—

ਗੁਰੂ ਕ੍ਰਿਪਾ ਲਹਿ ਗਰਬ ਵਧਾਇਓ।
ਮੋ ਸਮ ਜਗ ਮੈ ਅਵਰ ਨਾ ਜਾਇਓ।...
ਸੁਤ ਆਦਿਕ ਸਭਹੁਨ ਕੋ ਤਿਆਗ।
ਮੈ ਪਰ ਕਰਹਿਂ ਅਧਿਕ ਅਨੁਰਾਗ।...
ਜੋ ਸਿੱਖ ਲਿਆਵਤ ਵਸਤੁਨ ਆਛੇ।
ਸੋ ਮੁਝ ਕੋ ਦੇਵਤ ਬਿਨ ਬਾਂਛੇ। (ਰਾਸ 8 ਅੰਸੂ 8)

ਹੰਕਾਰ ਨਾਲ ਭਰਿਆ, ਘੋੜੇ ਤੇ ਸਵਾਰ ਇਹ ਸੁਗਾਤਾਂ ਲੈ ਕੇ ਪੈਂਦੇ ਖਾਂ ਘਰ ਪਹੁੰਚਿਆ। ਜਵਾਈ ਉਸਮਾਨ ਖਾਨ ਨੇ ਪੁੱਛਿਆ ਕਿ ਕਿਥੋਂ ਲਿਆਂਦਾ ਹੈ ਇਹ ਸਾਰਾ ਕੁਝ। ਪੈਂਦੇ ਖਾਨ ਨੇ ਦੱਸਿਆ ਕਿ ਇਹ ਲੱਖਾਂ ਰੁਪਏ ਦੇ ਕੀਮਤੀ ਤੋਹਫ਼ੇ ਕਿਸੇ ਪ੍ਰੇਮੀ ਨੇ ਗੁਰੂ ਸਾਹਿਬ ਨੂੰ ਭੇਟ ਕੀਤੇ ਸਨ। ਗੁਰੂ ਸਾਹਿਬ ਨੇ ਮੈਨੂੰ ਬਖਸ਼ ਦਿੱਤੇ ਹਨ। ਜਵਾਈ ਨੇ ਕਿਹਾ : ਇਹ ਪੁਸ਼ਾਕ ਤੇ ਘੋੜਾ ਮੈਨੂੰ ਦੇ ਦੇਹ। ਪੈਂਦੇ ਖਾਨ ਨੇ ਉਸ ਨੂੰ ਸਮਝਾਇਆ ਕਿ ਗੁਰੂ ਸਾਹਿਬ ਨੇ ਮੈਨੂੰ ਇਹ ਪੁਸ਼ਾਕ ਪਾ ਕੇ ਦਰਬਾਰ ਵਿਚ ਆਉਣ ਦੇ ਹੁਕਮ ਦਿੱਤੇ ਹਨ। ਜੇ ਉਪਹਾਰ ਤੂੰ ਲੈ ਲਏ ਤਾਂ ਗੁਰੂ ਸਾਹਿਬ ਨਾਰਾਜ਼ ਹੋਣਗੇ। ਉਸਮਾਨ ਖਾਨ ਨੇ ਜ਼ਿਦ ਫੜ ਲਈ। ਭਾਂਤ-ਭਾਂਤ ਦੇ ਡਰਾਵੇ ਤੇ ਨਾਰਾਜ਼ਗੀ ਦੱਸਣ ਲੱਗਾ। ਉਸ ਦੀ ਸਸ ਨੇ ਵਿਚ ਪੈ ਕੇ ਜਵਾਈ ਦੇ ਹੱਠ ਅੱਗੇ ਹਾਰ ਮੰਨ ਲਈ। ਪੈਂਦੇ ਖਾਨ ਤੋਂ ਸਾਰਾ ਕੁਝ ਜਵਾਈ ਨੂੰ ਦਿਵਾ ਦਿੱਤਾ। ਗੁਰੂ ਸਾਹਿਬ ਦੀ ਅਮਾਨਤ ਵਿਚ ਖਿਆਨਤ ਕਰ ਕੇ ਪੈਂਦੇ ਖਾਂ ਗੁਰੂ ਸਾਹਿਬ ਨੂੰ ਮੂੰਹ ਦਿਖਾਣ ਜੋਗਾ ਨਾ ਰਿਹਾ। ਉਹ ਚਾਰ ਪੰਜ ਦਿਨ ਦਰਬਾਰ ਵਿਚ ਹੀ ਨਾ ਗਿਆ।

ਇਸੇ ਦੌਰਾਨ ਉਸਮਾਨ ਖਾਨ ਬਣ ਫੱਬ ਕੇ ਸਾਥੀਆਂ ਨਾਲ ਸ਼ਿਕਾਰ ਨੂੰ ਨਿਕਲ ਤੁਰਿਆ। ਉਸੇ ਸਮੇਂ ਬਾਬਾ ਗੁਰਦਿੱਤਾ ਜੀ ਵੀ ਸ਼ਿਕਾਰ ਉਤੇ ਚੜ੍ਹੇ ਹੋਏ ਸਨ। ਉਨ੍ਹਾਂ ਦਾ ਸਫੇਦ ਬਾਜ਼ ਬੜਾ ਤਿੱਖਾ ਨਿਕਲਿਆ। ਜਿਸ ਸ਼ਿਕਾਰ ਉਤੇ ਝਪਟਦਾ ਉਸ ਨੂੰ ਕਾਬੂ ਕਰ ਲੈਂਦਾ। ਉਸ ਦੀ ਚੁਸਤੀ ਫੁਰਤੀ ਵੇਖਣ ਵਾਲੇ ਦਾ ਮਨ ਮੋਹ ਲੈਂਦੀ। ਇਕ ਸੁਰਖਾਬ ਨੂੰ ਮਜ਼ੇ ਨਾਲ ਖਾਂਦੇ ਵੇਖ, ਉਸਮਾਨ ਖਾਨ ਨੇ ਅਡੋਲ ਉਸ ਨੂੰ ਫੜ ਲਿਆ ਅਤੇ ਘਰ ਜਾ ਵੜਿਆ। ਬਾਬਾ ਗੁਰਦਿੱਤਾ ਜੀ ਨੇ ਇਧਰ ਉਧਰ ਬਾਜ਼ ਲਭਿਆ ਪਰ ਬਾਜ਼ ਨਾ ਮਿਲਿਆ। ਪੁਛਦੇ ਪੁਛਾਂਦੇ ਇਹ ਪਤਾ ਲੱਗਾ ਕਿ ਬਾਜ਼ ਪੈਂਦੇ ਖਾਨ ਦੇ ਜਵਾਈ ਨੇ ਚੁਰਾਇਆ ਹੈ। ਬਾਬਾ ਗੁਰਦਿੱਤਾ ਜੀ ਨੇ ਆਪ ਕੋਈ ਗੱਲ ਪੈਂਦੇ ਖਾਨ ਨਾਲ ਕਰਨ ਦੀ ਥਾਂ ਪੂਰੀ ਵਾਰਤਾ ਗੁਰੂ ਜੀ ਨੂੰ ਦੱਸੀ।

ਗੁਰੂ ਸਾਹਿਬ ਨੇ ਕਿਹਾ ਕਿ ਪੈਂਦੇ ਖਾਨ ਉਂਜ ਵੀ ਚਾਰ ਪੰਜ ਦਿਨ ਦਾ ਨਹੀਂ ਆਇਆ। ਬੁਲਾ ਕੇ ਲਿਆਓ। ਗੁਰੂ ਜੀ ਦੇ ਸੱਦਣ ਉਤੇ ਪੈਂਦੇ ਖਾਨ ਨੇ ਬਾਜ਼, ਪੁਸ਼ਾਕ ਤੇ ਸ਼ਸਤਰ ਜਵਾਈ ਤੋਂ ਮੰਗੇ ਤਾਂ ਕਿ ਹਾਜ਼ਰ ਹੋ ਕੇ ਖਿਮਾਂ ਮੰਗ ਸਕੇ। ਜਵਾਈ ਨੇ ਤੋੜ ਕੇ ਜੁਆਬ ਦੇ ਦਿੱਤਾ। ਆਖਣ ਲੱਗਾ ਕਿ ਤੁਸੀਂ ਚੰਗੇ ਪੁਠਾਣ ਦੇ ਪੁੱਤਰ ਹੋ। ਮੁਸਲਮਾਨ

ਹੋ ਕੇ ਕਾਫ਼ਰਾਂ ਦੇ ਪੀਰ ਦੀ ਪੂਜਾ ਕਰਦੇ ਹੋ। ਉਸ ਦੀ ਗੁਲਾਮੀ ਕਰਦਿਆਂ ਸ਼ਰਮ ਨਹੀਂ ਆਉਂਦੀ। ਖਾਨ ਸਿਰ ਸੁਟ ਕੇ ਚੁਪ ਕਰ ਗਿਆ। ਬਿਨਾਂ ਅਸਤਰ ਸ਼ਸਤਰ ਤੇ ਪੁਸ਼ਾਕ ਦੇ ਸ਼ਰਮਿੰਦਾ ਹੋ ਕੇ ਉਹ ਗੁਰੂ ਦਰਬਾਰ ਵਿਚ ਪੁੱਜਾ। ਗੁਰੂ ਸਾਹਿਬ ਨੇ ਪੁਛਿਆ ਕਿ ਉਹ ਸ਼ਸਤਰ, ਪੁਸ਼ਾਕ ਤੇ ਘੋੜਾ ਕਿਥੇ ਹਨ। ਤੂੰ ਉਨ੍ਹਾਂ ਨਾਲ ਕਿਉਂ ਨਹੀਂ ਆਇਆ। ਪੈਂਦੇ ਖਾਨ ਨੇ ਗੱਲ ਟਾਲਣ ਲਈ ਝੂਠ ਦਾ ਸਹਾਰਾ ਲਿਆ ਅਤੇ ਆਖਿਆ : ਮਹਾਰਾਜ, ਆਪ ਦਾ ਹੁਕਮ ਸੁਣ ਕੇ ਜਿਵੇਂ ਬੈਠਾ ਸਾਂ, ਉਵੇਂ ਹੀ ਤੁਰਤ ਆ ਗਿਆ ਹਾਂ।

ਗੁਰੂ ਸਾਹਿਬ ਨੇ ਬਾਜ਼ ਬਾਰੇ ਪੁਛਿਆ ਤਾਂ ਉਹ ਮੁਕਰ ਗਿਆ। ਉਸ ਨੇ ਕਿਹਾ ਗੁਰਦਿੱਤਾ ਜੀ ਨੂੰ ਭੁਲੇਖਾ ਲੱਗਾ ਹੈ। ਉਨ੍ਹਾਂ ਨੂੰ ਕਿਸੇ ਨੇ ਗਲਤ ਕਿਹਾ ਹੈ। ਕੱਲ੍ਹ ਵੀ ਕੁਝ ਬੰਦੇ ਪੁੱਛ ਕੇ ਗਏ ਸਨ। ਬਾਜ਼ ਮੇਰੇ ਜਵਾਈ ਕੋਲ ਨਹੀਂ। ਸਾਨੂੰ ਬਾਜ਼ ਚੁਰਾਣ ਦੀ ਕੀ ਲੋੜ ਸੀ ? ਜਿਨ੍ਹਾਂ ਸਿੱਖਾਂ ਨੇ ਉਸਮਾਨ ਖਾਨ ਨੂੰ ਬਾਜ਼ ਚੁਰਾਂਦੇ ਤੱਕਿਆ ਸੀ, ਉਨ੍ਹਾਂ ਨੇ ਮੂੰਹ ਪਾੜ ਕੇ ਕਹਿ ਦਿੱਤਾ ਕਿ ਅਸੀਂ ਆਪ ਉਸਮਾਨ ਖਾਨ ਨੂੰ ਬਾਜ਼ ਫੜ ਕੇ ਘਰ ਜਾਂਦੇ ਵੇਖਿਆ ਹੈ। ਉਸ ਨੇ ਉਹੀ ਸ਼ਸਤਰ ਬਸਤਰ ਧਾਰਨ ਕਰ ਰੱਖੇ ਸਨ ਜੋ ਆਪ ਨੇ ਪੈਂਦੇ ਖਾਨ ਨੂੰ ਬਖਸ਼ੇ ਸਨ। ਉਹ ਉਸੇ ਘੋੜੇ 'ਤੇ ਸਵਾਰ ਸੀ ਜੋ ਆਪ ਨੇ ਪੈਂਦੇ ਖਾਨ ਨੂੰ ਦਿੱਤਾ ਸੀ। ਪੈਂਦੇ ਖਾਨ ਝੂਠ ਤੇ ਝੂਠ ਬੋਲੀ ਗਿਆ। ਪਰਾਂ 'ਤੇ ਪਾਣੀ ਨਾ ਪੈਣ ਦਿੱਤਾ। ਗੁਰੂ ਸਾਹਿਬ ਨੇ ਸਮਝਾਇਆ ਕਿ ਗੱਲ ਵਧਾਣੀ ਠੀਕ ਨਹੀਂ। ਗੁਰੂ ਘਰ ਵਿਚ ਝੂਠ ਨਹੀਂ ਬੋਲੀਦਾ। ਸ਼ਸਤਰ, ਬਸਤਰ ਤੇ ਘੋੜਾ ਤੇਰੇ ਲਈ ਹਨ। ਤੇਰੇ ਜਵਾਈ ਲਈ ਨਹੀਂ। ਉਸ ਨੂੰ ਲੋੜ ਹੈ ਤਾਂ ਉਸ ਨੂੰ ਹੋਰ ਦੇ ਦਿਆਂਗੇ। ਬਾਜ਼ ਬਾਬਾ ਗੁਰਦਿੱਤਾ ਨੂੰ ਦਿੱਤਾ ਸੀ। ਤੂੰ ਬਾਜ਼ ਮੋੜ ਦੇ। ਜੇ ਬਾਜ਼ ਤੈਨੂੰ ਜਾਂ ਤੇਰੇ ਜਵਾਈ ਨੂੰ ਚਾਹੀਦਾ ਹੈ ਤਾਂ ਉਹ ਹੋਰ ਦੇ ਦਿਆਂਗੇ।

ਪੈਂਦੇ ਖਾਨ ਨੇ ਗੁਰਗਦੀ ਵੱਲ ਹੱਥ ਕਰ ਕੇ ਸਹੁੰ ਖਾਧੀ ਅਤੇ ਕਿਹਾ ਕਿ ਮੈਂ ਸੱਚ ਬੋਲ ਰਿਹਾ ਹਾਂ। ਜੇ ਮੈਂ ਝੂਠ ਕਿਹਾ ਹੋਵੇ ਤਾਂ ਮੈਨੂੰ ਇਸ ਗਦੀ ਦੀ ਮਾਰ ਵੱਗੇ। ਗੁਰੂ ਸਾਹਿਬ ਨੇ ਮੁੜ ਆਖਿਆ ਕਿ ਪੈਂਦੇ ਖਾਨ ਗੁਰੂ ਦੀ ਝੂਠੀ ਸੌਂਹ ਖਾ ਕੇ ਅੱਗਾ ਖਰਾਬ ਨਾ ਕਰ। ਪੈਂਦੇ ਖਾਨ ਫਿਰ ਵੀ ਨਾ ਟਲਿਆ। ਗੁਰੂ ਸਾਹਿਬ ਦੇ ਇਸ਼ਾਰੇ ਨਾਲ ਭਾਈ ਬਿਧੀ ਚੰਦ ਪੈਂਦੇ ਖਾਂ ਦੇ ਘਰ ਸੁਤੇ ਉਸ ਦੇ ਜਵਾਈ ਤੋਂ ਬਾਜ਼ ਸਮੇਤ ਸਾਰਾ ਕੁਝ ਖੋਹ ਲਿਆਇਆ। ਉਸ ਦੇ ਆਉਣ ਤੋਂ ਪਹਿਲਾਂ ਪੈਂਦੇ ਖਾਂ ਝੂਠੀ ਸੌਂਹ ਕੇ ਇਹੀ ਕਹਿੰਦਾ ਰਿਹਾ ਕਿ ਮੈਂ ਤਾਂ ਬਾਜ਼ ਦੀ ਛਾਂ ਤਕ ਨਹੀਂ ਵੇਖੀ। ਭਾਈ ਬਿਧੀ ਚੰਦ ਨੇ ਜਦ ਸਭ ਵਸਤਾਂ ਸਾਹਮਣੇ ਲਿਆ ਰਖੀਆਂ ਤਾਂ ਗੁਰੂ ਸਾਹਿਬ ਨੇ ਪੈਂਦੇ ਖਾਂ ਨੂੰ ਪੁੱਛਿਆ : ਪਾਪੀਆ, ਇਹ ਸਾਰਾ ਕੁਝ ਹੁਣ ਕਿਥੋਂ ਆਇਆ ਹੈ ?' ਪੈਂਦੇ ਖਾਂ ਨੇ ਝੂਠ ਤੇ ਢੀਠਤਾ ਦੀ ਹੱਦ ਕਰ ਦਿੱਤੀ। ਕਹਿਣ ਲੱਗਾ ਬਾਜ਼ ਆਪਣੇ ਘਰ ਸੀ। ਹੁਣ ਬਿਧੀ ਚੰਦ ਨੂੰ ਆਖ ਕੇ ਘਰੋਂ ਮੰਗਵਾ ਲਿਆ ਹੈ। ਗੁਰੂ ਸਾਹਿਬ ਨੇ ਗੁਰਗਦੀ ਦੀ ਝੂਠੀ ਕਸਮ ਖਾਣ ਵਾਲੇ ਪੈਂਦੇ ਖਾਨ ਨੂੰ ਦਰਬਾਰ ਵਿਚੋਂ ਬੇਇਜ਼ਤ ਕਰਕੇ ਕੱਢ ਦਿੱਤਾ ਅਤੇ ਕਿਹਾ ਇਸ ਝੂਠੀ ਕਸਮ ਦੀ ਮਾਰ ਤੈਨੂੰ ਪਏਗੀ। ਹੰਕਾਰੀ ਫਿਟਕਾਰਿਆ ਹੋਇਆ ਪੈਂਦੇ ਖਾਨ ਆਖਣ ਲੱਗਾ ਕਿ ਜਿਵੇਂ ਤੁਸੀਂ ਮੇਰੇ ਨਾਲ ਕੀਤੀ ਹੈ, ਇਹਦਾ ਫਲ ਤੁਹਾਨੂੰ ਵੀ ਜ਼ਰੂਰ ਮਿਲੇਗਾ।

ਮੈਂ ਸ਼ਾਹਜਹਾਂ ਨੂੰ ਸਾਰੀ ਗੱਲ ਦਸਾਂਗਾ। ਉਹ ਫੌਜਾਂ ਲੈ ਕੇ ਆਵੇਗਾ। ਫਿਰ ਤੁਹਾਨੂੰ ਮੇਰੀ ਹੀ ਲੋੜ ਪੈਣੀ ਹੈ। ਗੁਰੂ ਕੇ ਸਿੱਖਾਂ ਨੇ ਪੈਂਦੇ ਖਾਨ ਦੀ ਬਦਕਲਾਮੀ ਵੇਖ ਕੇ ਉਸ ਨੂੰ ਮਾਰ ਕੁਟ ਕੇ ਭਜਾ ਦਿੱਤਾ। ਰੋਂਦਾ ਪਿਟਦਾ ਉਹ ਛੋਟੇ ਮੀਰ ਪੁੱਜਾ। ਜਵਾਈ ਨੂੰ ਸਾਰੀ ਗੱਲ ਦੱਸੀ ਕਿ ਤੇਰੇ ਪਿੱਛੇ, ਤੇਰੀ ਜ਼ਿਦ ਤੇ ਚੋਰੀ ਪਿੱਛੇ ਮੈਨੂੰ ਗੁਰੂ ਦਰਬਾਰ ਵਿਚੋਂ ਬੇਇਜ਼ਤ ਹੋ ਕੇ ਨਿਕਲਣਾ ਪਿਆ ਹੈ। ਜਵਾਈ ਨੇ ਹੌਂਸਲਾ ਦਿੱਤਾ—

ਕਹਿ ਦਾਮਾਦ, ਨਹਿੰ ਚਿੰਤਾ ਧਰੀਅਹਿ।
ਤੁਝ ਬਲ ਜਾਨਤ ਜਗ ਵਿਖਿਆਤ।
ਸ਼ਾਹ ਜਹਾਂ ਕੈ ਸੰਗ ਮਿਲਾਵੌਂ
ਅਧਿਕ ਜੀਵਿਕਾ ਦੇ ਹੈ ਦਾਤ।
ਲਸ਼ਕਰ ਸੰਗ ਹਜ਼ਾਰਹੁੰ ਲੇ ਕੇ
ਪੁਨ ਆਵਹਿੰ ਹਮ ਚੜ੍ਹ ਕਰ ਘਾਤ
ਕਿਧੋਂ ਪਕਰ ਕਰ ਲੇ ਗੁਰ ਚਲ ਹੈਂ
ਸ਼ਾਹ ਜਹਾਂ ਢਿਗ ਤੋ ਸ਼ੁਭ ਬਾਤ। (ਰਾਸ ਅੱਠ : ਅੰਸੂ 11)

ਪੈਂਦੇ ਖਾਨ ਨੇ ਦੂਰ ਨੇੜੇ ਦੇ ਸਭ ਪਠਾਣਾਂ ਨੂੰ ਆਪਣੇ ਨਾਲ ਰਲਣ ਲਈ ਕਿਹਾ ਤਾਂ ਕਿ ਹਿੰਦੂਆਂ ਦੇ ਪੀਰ ਨੂੰ ਖ਼ਤਮ ਕਰ ਕੇ ਉਸ ਦਾ ਧਨ ਦੌਲਤ ਲੁਟਿਆ ਜਾਵੇ। ਕਈ ਉਸ ਦੇ ਝਾਂਸੇ ਵਿਚ ਆ ਗਏ। ਕਈਆਂ ਨੇ ਕਿਹਾ ਗੁਰੂ ਨੇ ਇਸ ਨਮਕ ਹਰਾਮ ਨੂੰ ਪੁੱਤਰਾਂ ਵਾਂਗ ਪਾਲਿਆ ਹੈ। ਇਹੋ ਜਿਹੇ ਦੁਸ਼ਟ ਦਾ ਸਾਥ ਨਹੀਂ ਦੇਣਾ ਚਾਹੀਦਾ। ਪੈਂਦੇ ਖਾਂ ਨੇ ਜਵਾਈ ਨੂੰ ਕਿਹਾ, ਹੁਣ ਛੇਤੀ ਕਰ। ਮੇਰਾ ਚਾਚੇ ਦਾ ਪੁੱਤ ਕੁਤਬ ਖਾਂ ਜਲੰਧਰ ਦੇ ਸੂਬੇਦਾਰ ਕੋਲ ਨੌਕਰ ਹੈ। ਚਲ ਉਸ ਨੂੰ ਲੈ ਕੇ ਜਲੰਧਰ ਦੇ ਹਾਕਮ ਕੋਲ ਚਲੀਏ। ਪੰਜ ਸੌ ਪਠਾਣ ਲੈ ਕੇ ਇਹ ਜਲੰਧਰ ਜਾ ਵੜੇ। ਕੁਤਬ ਖਾਂ ਨੂੰ ਕਿਹਾ ਕਿ ਸ਼ਾਹੀ ਫੌਜਾਂ ਤਿੰਨ ਜੰਗਾਂ ਵਿਚ ਗੁਰੂ ਸਾਹਿਬ ਤੋਂ ਹਾਰ ਖਾ ਚੁੱਕੀਆਂ ਹਨ। ਸ਼ਾਹ ਜਹਾਂ ਇਸ ਤੋਂ ਦੁਖੀ ਹੈ। ਹੁਣ ਮੈਂ ਸਾਰੇ ਭੇਤ ਵੀ ਜਾਣਦਾ ਹਾਂ ਤੇ ਬਹਾਦਰ ਪਠਾਣਾਂ ਦਾ ਲਸ਼ਕਰ ਮੇਰੇ ਨਾਲ ਹੈ। ਹੁਣ ਮੈਂ ਗੁਰੂ ਸਾਹਿਬ ਨੂੰ ਜਿਉਂਦਾ ਫੜ ਲਿਆਵਾਂਗਾ। ਤੂੰ ਵੀ ਮੇਰੀ ਮਦਦ ਕਰ। ਝੂਠ ਸਚ ਬੋਲ ਕੇ ਉਨ੍ਹਾਂ ਕੁਤਬ ਖਾਨ ਨੂੰ ਵੀ ਨਾਲ ਰਲਾ ਲਿਆ। ਲਾਹੌਰ ਜਾ ਕੇ ਫਰਿਆਦ ਕੀਤੀ। ਜੋ ਝੂਠ ਤੂਫ਼ਾਨ ਹੋ ਸਕਦਾ ਸੀ, ਉਥੇ ਵੀ ਬੋਲਿਆ। ਆਖ਼ਰ ਮੁਖਲਸ ਖਾਂ ਦੇ ਭਰਾ ਕਾਲੇ ਖਾਨ ਨੂੰ ਪੰਜਾਹ ਹਜ਼ਾਰ ਦੀ ਸੈਨਾ ਨਾਲ ਗੁਰੂ ਸਾਹਿਬ ਉਤੇ ਹੱਲਾ ਕਰਨ ਲਈ ਹੁਕਮ ਦਿਵਾ ਦਿੱਤਾ। ਕਾਲੇ ਖਾਨ ਉਸ ਸਮੇਂ ਪਸ਼ੌਰ ਦਾ ਸੂਬੇਦਾਰ ਸੀ। ਇਨ੍ਹਾਂ ਨੇ ਅਨਵਰ ਖੋਜਾ ਅਤੇ ਅਬਦੁਲ ਖਾਨ ਨੂੰ ਵੀ ਆਪਣੇ ਦਸਤਿਆਂ ਸਮੇਤ ਨਾਲ ਚੱਲਣ ਲਈ ਤੋਰ ਲਿਆ। ਕੁਲ ਮਿਲਾ ਕੇ ਪਝੰਤਰ ਹਜ਼ਾਰ ਦਾ ਟਿਡੀ ਦਲ ਕਰਤਾਰ ਪੁਰ ਦੀ ਜੰਗ ਲਈ ਝੋਕ ਦਿੱਤਾ ਗਿਆ। ਗੁਰੂ ਸਾਹਿਬ ਵੀ ਸਿਦਕੀ ਸਿੱਖਾਂ ਸਮੇਤ ਮੈਦਾਨ ਵਿਚ ਉਤਰ ਪਏ। ਮੁਹਸਿਨ ਫਾਨੀ ਨੇ ਇਸ ਜੰਗ ਦੇ ਅਖੀਂ ਡਿਠੇ ਵੇਰਵੇ ਆਪਣੀ ਦਬਿਸਤਾਨ ਵਿਚ ਅੰਕਿਤ ਕੀਤੇ ਹਨ। ਭਟ ਵਹੀਆਂ ਨੇ ਇਸ ਜੰਗ ਵਿਚ ਸ਼ਹੀਦ ਹੋਏ ਸੂਰਮਿਆਂ ਦੀ ਗੱਲ ਕਰਦੇ ਹੋਏ ਇਸ ਦੀ ਤਰੀਕ ਉਨਤੀ ਤੀਹ ਤੇ ਇਕਤੀ ਵਿਸਾਖ 1692 ਬਿਕਰਮੀ

ਭਾਵ 1635 ਈ. ਦਿੱਤੀ ਹੈ।

ਪੈਂਦੇ ਖਾਨ ਨੂੰ ਗੁਰੂ ਸਾਹਿਬ ਦੇ ਟਿਕਾਣਿਆਂ ਦਾ ਪਤਾ ਸੀ। ਜੰਗ ਤੋਂ ਪਹਿਲਾਂ ਮੌਕਾ ਤਾੜ ਕੇ ਇਕ ਦਿਨ ਉਸ ਨੇ ਛਿਪ ਕੇ ਸ਼ਿਕਾਰ ਕਰਦੇ ਗੁਰੂ ਸਾਹਿਬ ਉਤੇ ਹੱਲਾ ਬੋਲਣ ਦੀ ਸੋਚੀ। ਭਾਈ ਬਿਧੀ ਚੰਦ, ਭਾਈ ਭੁੱਲਣ ਅਤੇ ਭਾਈ ਪਰਤਾਪਾ ਨੇ ਉਸ ਨੂੰ ਫੜ ਲਿਆ। ਉਹ ਉਸ ਨੂੰ ਮਾਰਨ ਨੂੰ ਤਿਆਰ ਸਨ ਕਿ ਗੁਰੂ ਸਾਹਿਬ ਨੇ ਛੁਡਾ ਦਿੱਤਾ ਅਤੇ ਕਿਹਾ ਕਿ ਸੂਰਮਿਆਂ ਵਾਂਗ ਮੈਦਾਨ ਵਿਚ ਉਤਰਨ ਦਿਓ ਇਸ ਨੂੰ।

ਅਗਲੇ ਦਿਨ ਗੁਰੂ ਸਾਹਿਬ ਅੰਮ੍ਰਿਤ ਵੇਲੇ ਦੇ ਨਿਤਨੇਮ ਤੋਂ ਵਿਹਲੇ ਹੀ ਹੋਏ ਸਨ ਕਿ ਰਾਏ ਜੋਧ ਨੇ ਖਬਰ ਦਿੱਤੀ ਕਿ ਸ਼ਾਹੀ ਲਸ਼ਕਰ ਟਿਡੀ ਦੱਲ ਵਾਂਗ ਕਰਤਾਰਪੁਰ ਉਤੇ ਚੜ੍ਹਿਆ ਆਉਂਦਾ ਹੈ। ਗੁਰ ਸਾਹਿਬ ਨੇ ਕਿਹਾ ਕਿ ਤੁਸੀਂ ਭਾਈ ਲੱਖੂ ਤੇ ਭਾਈ ਜਤੀ ਮਲ ਨਾਲ ਜਥੇ ਲੈ ਕੇ ਨਿਕਲੋ। ਆਉਂਦੇ ਲਸ਼ਕਰ ਨੂੰ ਰੋਕੋ। ਅੰਮ੍ਰਿਤ ਵੇਲੇ ਹੀ ਕਟ ਵੱਢ ਸ਼ੁਰੂ ਹੋ ਗਈ। ਕਾਲੇ ਖਾਨ ਨੂੰ ਭਈ ਲਖੂ ਮਲ ਨੇ ਰੋਕਿਆ। ਪੈਂਦੇ ਖਾਂ ਅਤੇ ਉਸ ਦੇ ਜਵਾਈ ਨੂੰ ਜਤੀ ਮਲ ਨੇ ਰੋਕਿਆ। ਕੁਤਬ ਖਾਨ ਵੱਲ ਭਾਈ ਬਿਧੀ ਚੰਦ ਹੋਏ। ਸਾਹਿਬਜ਼ਾਦਾ ਤਿਆਗ ਮਲ ਜੀ, ਜਿਨ੍ਹਾਂ ਨੂੰ ਇਸ ਜੰਗ ਵਿਚ ਤੇਗ ਦੇ ਜੌਹਰ ਵਿਖਾਣ ਕਰਕੇ ਗੁਰੂ ਪਾਤਸ਼ਾਹ ਨੇ ਤੇਗ ਬਹਾਦਰ ਦਾ ਨਾਮ ਦਿੱਤਾ ਸੀ, ਆਪ ਤੇਗ ਲੈ ਕੇ ਮੈਦਾਨ ਵਿਚ ਉਤਰੇ। ਬਾਬਾ ਗੁਰਦਿੱਤਾ ਅਤੇ ਭਾਈ ਮਿਹਰ ਚੰਦ ਵੀ ਸਾਥੀਆਂ ਸਮੇਤ ਜੰਗ ਵਿਚ ਸ਼ਾਮਿਲ ਹੋਏ। ਸਾਰਾ ਦਿਨ ਸੂਰਮੇ ਲੜਦੇ ਮਰਦੇ ਰਹੇ। ਇਸ ਲੜਾਈ ਵਿਚ ਭਾਈ ਫੱਤਾ ਅਤੇ ਭਾਈ ਅਮੀਆ ਜੀ ਬਹਾਦਰੀ ਨਾਲ ਲੜਦੇ ਹੋਏ ਸ਼ਹੀਦ ਹੋਏ। ਮੁਗਲਾਂ ਦੇ ਵੀ ਕਈ ਵਡੇ ਥੰਮ੍ਹ ਡਿੱਗੇ। ਲੜਾਈ ਦੇ ਰਾਤ ਨੂੰ ਵੀ ਬੰਦ ਨਾ ਹੋਣ ਦੀ ਗੱਲ ਸੂਰਜ ਪ੍ਰਕਾਸ਼ ਦੇ ਰਚੇਤਾ ਨੇ ਕੀਤੀ ਹੈ।

ਦੂਜੇ ਦਿਨ ਅਨਵਰ ਖਾਨ ਨੇ ਭਾਈ ਬਿਧੀ ਚੰਦ ਨੂੰ ਵੰਗਾਰਿਆ ਕਿ ਬੰਦੇ ਮਰਵਾਣ ਦਾ ਕੀ ਲਾਭ। ਕਿਉਂ ਨਾ ਯੋਧੇ ਸਿੱਧੇ ਭਿੜ ਕੇ ਫੈਸਲਾ ਕਰ ਲੈਣ। ਚੈਲੰਜ ਮਨਜ਼ੂਰ ਕਰਦੇ ਹੋਏ ਭਾਈ ਸਾਹਿਬ ਨੇ ਖਾਨ ਨੂੰ ਪਹਿਲਾਂ ਵਾਰ ਕਰਨ ਲਈ ਕਿਹਾ ਜਿਵੇਂ ਕਿ ਗੁਰੂ ਸਾਹਿਬ ਦੀ ਪਰੰਪਰਾ ਰਹੀ ਹੈ। ਖਾਨ ਦਾ ਤੀਰ ਭਾਈ ਸਾਹਿਬ ਦਾ ਮੱਥਾ ਜ਼ਖ਼ਮੀ ਕਰ ਗਿਆ। ਖੂਨ ਨਾਲ ਲਥ ਪੱਥ ਭਾਈ ਸਾਹਿਬ ਨੇ ਖਾਨ ਨੂੰ ਮਾਰ ਮੁਕਾਇਆ। ਉਸ ਦੇ ਸਾਥੀ ਹੜ੍ਹ ਵਾਂਗ ਅੱਗੇ ਵੱਧੇ। ਉਨ੍ਹਾਂ ਦੀ ਅਗਵਾਈ ਕੁਤਬ ਖਾਨ ਕਰ ਰਿਹਾ ਸੀ। ਗੁਰੂ ਜੀ ਦੇ ਤੀਰਾਂ ਦੀ ਓਟ ਲੈ ਕੇ ਭਾਈ ਕਿਸ਼ਨਾ ਤੇ ਭਾਈ ਲੱਖਾ ਸਾਥੀਆਂ ਸਮੇਤ ਅੱਗੇ ਵਧੇ। ਕੁਤਬ ਖਾਨ ਦੇ ਹੜ੍ਹ ਨਾਲ ਲੜਦੇ ਇਹ ਦੋਵੇਂ ਸੂਰਮੇ ਕਈਆਂ ਨੂੰ ਮਾਰ ਕੇ ਸ਼ਹੀਦ ਹੋ ਗਏ। ਸੈਦ ਖਾਨ ਤੇ ਅਬਦੁਲ ਖਾਂ ਜਹੇ ਸੂਰਮੇ ਇਸ ਦੂਜੇ ਦਿਨ ਦੀ ਲੜਾਈ ਵਿਚ ਮਾਰੇ ਗਏ।

ਤੀਜੇ ਦਿਨ ਸ਼ਾਹੀ ਸੈਨਾ ਇਕ ਵਾਰ ਫਿਰ ਫੈਸਲਾ ਕੁੰਨ ਟੱਕਰ ਲਈ ਮੈਦਾਨ ਵਿਚ ਉਤਰੀ। ਗਹਿ ਗਚ ਲੜਾਈ ਵਿਚ ਭਾਈ ਮਾਧੋ ਜੀ ਸ਼ਹੀਦ ਹੋ ਗਏ। ਪੈਂਦੇ ਖਾਨ ਤੇ ਕਾਲੇ ਖਾਨ ਨੇ ਹੁਣ ਸਾਰਾ ਲਸ਼ਕਰ ਗੁਰੂ ਜੀ ਵਲ ਤੋਰਿਆ। ਉਨ੍ਹਾਂ ਨੇ ਸਾਥੀਆਂ ਨੂੰ ਕਿਹਾ ਕਿ ਗੁਰੂ ਜੀ ਨੂੰ ਕਾਬੂ ਕਰ ਲਿਆ ਤਾਂ ਜੰਗ ਆਪੇ ਖਤਮ ਹੋ ਜਾਵੇਗੀ। ਭਾਈ

ਸੰਤੋਖ ਸਿੰਘ ਨੇ ਅੱਠਵੀਂ ਰਾਸ ਦੇ ਸਤਾਈਵੇਂ ਅਧਿਆਇ ਵਿਚ ਪੈਂਦੇ ਖਾਂ ਦੀ ਗੁਰੂ ਸਾਹਿਬ ਨਾਲ ਸਿਧੀ ਟੱਕਰ ਦੇ ਵੇਰਵੇ ਦਿੱਤੇ ਹਨ। ਉਸ ਟੱਕਰ ਵਿਚ ਭਾਈ ਨਠੀਆ ਬੁਰੀ ਤਰ੍ਹਾਂ ਜ਼ਖ਼ਮੀ ਹੋਏ। ਹੁਣ ਪੈਂਦੇ ਖਾਂ ਸਿੱਧਾ ਗੁਰੂ ਸਾਹਿਬ ਦੇ ਸਨਮੁੱਖ ਹੋਇਆ। ਪੁੱਤਰਾਂ ਵਾਂਗ ਪਾਲਿਆ ਸਿਖਾਇਆ ਇਹ ਯੋਧਾ ਅਕ੍ਰਿਤਘਣ ਤੇ ਝੂਠਾ ਹੋ ਕੇ ਬੇਮੁੱਖ ਹੋ ਚੁੱਕਾ ਸੀ। ਗੁਰੂ ਪਾਤਸ਼ਾਹ ਅਜੇ ਵੀ ਇਸ ਵੱਲ ਕ੍ਰਿਪਾਲੂ ਦ੍ਰਿਸ਼ਟੀ ਨਾਲ ਹੀ ਤਕਦੇ ਸਨ। ਸਾਹਮਣੇ ਹੋਇਆ ਤਾਂ ਆਪ ਨੇ ਕਿਹਾ, ਬਰਖ਼ਰਦਾਰ, ਦਿਲ ਦੀਆਂ ਦਿਲ ਵਿਚ ਨਾ ਰਹਿ ਜਾਣ। ਪਹਿਲਾਂ ਤੂੰ ਹੀ ਵਾਰ ਕਰ ਲੈ। ਉਹ ਗੁਰੂ ਸਾਹਿਬ ਦੀ ਪੱਕੀ ਤੇ ਤੂਫ਼ਾਨੀ ਤੀਰ ਅੰਦਾਜ਼ੀ ਤੋਂ ਵਾਕਿਫ਼ ਸੀ। ਆਖਣ ਲੱਗਾ ਦੂਰੋਂ ਤੀਰ ਚਲਾਣ ਦਾ ਕੀ ਮਜ਼ਾ। ਤਲਵਾਰ ਦਾ ਦਵੰਦ ਯੁੱਧ ਹੋ ਜਾਵੇ। ਗੁਰੂ ਪਾਤਸ਼ਾਹ ਨੇ ਕਮਾਨ ਮੋਢੇ ਉਤੇ ਧਰੀ ਤੇ ਢਾਲ ਤਲਵਾਰ ਸੰਭਾਲ ਕੇ ਮੁੜ ਪਹਿਲੇ ਵਾਰ ਦਾ ਸੱਦਾ ਦਿੱਤਾ। ਗੁਰੂ ਸਾਹਿਬ ਉਤੇ ਉਸ ਨੇ ਵਾਰ ਕੀਤਾ। ਗੁਰੂ ਸਾਹਿਬ ਨੇ ਆਪਣੀਆਂ ਮਜ਼ਬੂਤ ਰਕਾਬਾਂ ਨਾਲ ਵਾਰ ਬਚਾ ਲਿਆ। ਉਸ ਨੇ ਮੁੜ ਵਾਰ ਕੀਤਾ ਤਾਂ ਗੁਰੂ ਸਾਹਿਬ ਨੇ ਢਾਲ ਨਾਲ ਰੋਕ ਲਿਆ। ਤੀਜੇ ਵਾਰ ਵੇਲੇ ਗੁਰੂ ਸਾਹਿਬ ਨੇ ਆਪਣੀ ਭਾਰੀ ਸ਼ਮਸ਼ੀਰ ਅੱਗੇ ਕੀਤੀ ਤਾਂ ਪੈਂਦੇ ਖਾਂ ਦੀ ਤਲਵਾਰ ਦੇ ਦੋ ਟੋਟੇ ਹੋ ਗਏ।

ਨਿਹਥਾ ਹੋ ਕੇ ਪੈਂਦੇ ਖਾਨ ਨੇ ਗੁਰੂ ਸਾਹਿਬ ਨੂੰ ਘੋੜੇ ਸਮੇਤ ਉਲਟਾ ਕੇ ਸੁੱਟਣ ਦੀ ਸੋਚੀ। ਉਹ ਵੱਡੇ ਵੱਡੇ ਯੋਧਿਆਂ ਨਾਲ ਇਹ ਦਾਅ ਖੇਡਦਾ ਰਿਹਾ ਸੀ। ਇਸ ਲਈ ਉਹ ਚੁਸਤੀ ਨਾਲ ਘੋੜੇ ਹੇਠ ਵੜਿਆ। ਮਜ਼ਬੂਤ ਕਲਾਵੇ ਵਿਚ ਘੋੜੇ ਨੂੰ ਲੈ ਕੇ ਚੁੱਕਣ ਦਾ ਯਤਨ ਕੀਤਾ। ਗੁਰੂ ਸਾਹਿਬ ਦੇ ਭਾਰੀ ਸਰੀਰ ਅੱਗੇ ਉਸ ਦੀ ਪੇਸ਼ ਨਾ ਗਈ। ਘੋੜਾ ਚੁਕਿਆ ਤਾਂ ਨਾ ਗਿਆ, ਪਰ ਉਹ ਉਸ ਨੇ ਜਕੜ ਜ਼ਰੂਰ ਲਿਆ। ਇਹ ਹੁਣ ਅੱਗੇ ਪਿੱਛੇ ਹਿੱਲਣ ਜੋਗਾ ਨਾ ਰਿਹਾ। ਘੋੜੇ ਦੇ ਹੇਠਾਂ ਹੋਣ ਕਰਕੇ ਗੁਰੂ ਸਾਹਿਬ ਦੀ ਤਲਵਾਰ ਦਾ ਸਿੱਧਾ ਵਾਰ ਉਸ ਉਤੇ ਸੰਭਵ ਨਹੀਂ ਸੀ। ਗੁਰੂ ਸਾਹਿਬ ਨੇ ਰਤਾ ਟੇਢੇ ਹੋ ਕੇ ਜ਼ੋਰ ਨਾਲ ਢਾਲ ਉਸ ਦੇ ਸਿਰ ਵਿਚ ਮਾਰੀ। ਉਹ ਉਥੇ ਹੀ ਅੱਧ ਮੋਇਆ ਹੋ ਕੇ ਡਿੱਗ ਪਿਆ। ਲੰਬੇ ਸਾਹ ਲੈਣ ਲੱਗਾ। ਗੁਰੂ ਸਾਹਿਬ ਘੋੜੇ ਤੋਂ ਉਤਰੇ। ਆਪਣੀ ਢਾਲ ਨਾਲ ਉਸ ਦੇ ਸਿਰ ਉਤੇ ਪੈਂਦੀ ਧੁੱਪ ਤੋਂ ਉਸ ਨੂੰ ਬਚਾਂਦੇ ਹੋਏ ਕਹਿਣ ਲੱਗੇ : ਪੈਂਦੇ ਖਾਨ। ਆਖ਼ਰੀ ਸਮਾਂ ਹੈ। ਕਲਮਾ ਪੜ੍ਹ ਲੈ। ਖ਼ੁਦਾ ਨੂੰ ਯਾਦ ਕਰ ਲੈ।" ਮੈਂ ਗਲਤੀ ਖਾ ਗਿਆ ਸਾਂ, ਸਤਿਗੁਰ। ਹੁਣ ਤਾਂ ਤੁਹਾਡੀ ਤਲਵਾਰ ਦਾ ਵਾਰ ਹੀ ਕਲਮਾ ਹੈ। ਇਹ ਆਖ ਕੇ ਉਹ ਦਮ ਤੋੜ ਗਿਆ। ਗੁਰ ਬਿਲਾਸ ਵਿਚ ਉਸ ਦੇ ਅੰਤਮ ਸਮੇਂ ਦਾ ਚਿੱਤਰ ਕੁਝ ਇਸ ਪ੍ਰਕਾਰ ਅੰਕਿਤ ਹੈ—

ਕਹਾ ਗੁਰੂ ਕਲਮਾ ਪੜ੍ਹੋ, ਪੈਂਦਾ ਗਿਰਤ ਅਲਾਇ।
ਹੇ ਗੁਰ ਮਿਲੀ ਜੋ ਤੇਗ ਤੁਮ, ਕਲਮਾ ਰੂਪ ਸਹਾਇ।
ਐਸ ਸੁਨਤ ਮਨ ਮੋਹ ਉਪ ਜਾਯੋ। ਸ੍ਰੀ ਗੁਰੂ ਨੈਨ ਨੀਰ ਬਹਿ ਆਯੋ।
ਛਾਯਾ ਕਰੀ ਢਾਲ ਕੇ ਸਾਥ, ਗੁਰ ਸਮ ਕੋਇ ਨਾ ਦੀਨਾ ਨਾਥ।

ਪੈਂਦੇ ਖਾਨ ਦੇ ਮਰਨ ਉਪਰੰਤ ਉਸ ਦਾ ਜਵਾਈ ਉਸਮਾਨ ਖਾਨ ਬਾਬਾ ਗੁਰਦਿੱਤਾ

ਜੀ ਨਾਲ ਟਕਰਾਇਆ। ਬਾਬਾ ਜੀ ਨਾਲ ਭਾਈ ਨਠੀਆ ਤੇ ਭਾਈ ਮਾਧੋ ਵੀ ਸਨ। ਉਸਮਾਨ ਖਾਨ ਮਾਰਿਆ ਗਿਆ। ਸਹੁਰਾ ਜਵਾਈ ਦੋਵੇਂ ਮਾਰੇ ਗਏ ਵੇਖ ਕਾਲੇ ਖਾਂ ਤੇ ਕੁਤਬ ਖਾਂ ਦਾ ਦਿਲ ਟੁਟ ਗਿਆ। ਗੁਰੂ ਸਾਹਿਬ ਨੂੰ ਮਾਰਨ, ਫੜਾਣ ਜਾਂ ਹਰਾਣ ਦੀਆਂ ਉਨ੍ਹਾਂ ਦੀਆਂ ਆਸ਼ਾਵਾਂ ਮਿਟੀ ਵਿਚ ਮਿਲ ਗਈਆਂ। ਉਹ ਸੋਚਣ ਲਗੇ ਕਿ ਹੁਣ ਲਾਹੌਰ ਕਿਸ ਮੂੰਹ ਨਾਲ ਜਾਵਾਂਗੇ। ਪੂਰਾ ਜ਼ੋਰ ਲਾ ਕੇ ਉਨ੍ਹਾਂ ਹੱਲਾ ਕੀਤਾ। ਪਹਿਲਾਂ ਕੁਤਬ ਖਾਨ ਤੇ ਫਿਰ ਕਾਲੇ ਖਾਨ ਅੱਗੇ ਹੋਇਆ। ਉਸ ਨੇ ਤੀਰ ਦੀ ਸ਼ਿਸਤ ਗੁਰੂ ਸਾਹਿਬ ਵੱਲ ਬੰਨ੍ਹੀ ਤੇ ਕਹਿਣ ਲੱਗਾ : ਲਓ ਫਿਰ ਇਹ ਤੁਹਾਡੀ ਮੌਤ ਦਾ ਪੈਗਾਮ ਜੇ। ਗੁਰੂ ਸਾਹਿਬ ਨੇ ਕਿਹਾ, ਤੂੰ ਵੀ ਲਾਹ ਲੈ ਆਪਣੀਆਂ ਰੀਝਾਂ। ਉਸ ਦਾ ਵਾਰ ਗੁਰੂ ਸਾਹਿਬ ਦੇ ਮਥੇ ਨੂੰ ਝਰੀਟ ਗਿਆ। ਗੁਰੂ ਸਾਹਿਬ ਨੇ ਝਟ ਹੀ ਉਸ ਦਾ ਘੋੜਾ ਮਾਰ ਮੁਕਾਇਆ। ਗੁਰੂ ਸਾਹਿਬ ਵੀ ਘੋੜੇ ਤੋਂ ਉਤਰ ਆਏ। ਦੋਵੇਂ ਹੁਣ ਤਲਵਾਰ ਦੇ ਦਵੰਦ ਯੁੱਧ ਵਿਚ ਜੁਟੇ। ਕਾਲੇ ਖਾਨ ਨੇ ਦੋ ਵਾਰ ਕੀਤੇ। ਦੋਵੇਂ ਬੇਕਾਰ ਗਏ। ਇਹ ਵੇਖ ਗੁਰੂ ਸਾਹਿਬ ਨੇ ਮੁਸਕਰਾਂਦੇ ਹੋਏ ਕਿਹਾ : ਚੁਨੀ ਨਮੀਂ ਜਨੰਦ, ਜੱਦਨ ਈਂ ਅਸਤ ਖਾਨ ਵਾਰ ਇੰਜ ਨਹੀਂ ਕਰੀਦਾ। ਇੰਜ ਕਰੀਦਾ ਹੈ। ਇਹ ਆਖ ਕੇ ਗੁਰੂ ਪਾਤਸ਼ਾਹ ਨੇ ਇਕੋ ਵਾਰ ਨਾਲ ਖਾਨ ਨੂੰ ਮਾਰ ਮੁਕਾਇਆ।

ਦੁਸ਼ਮਣ ਦੇ ਸਾਰੇ ਵੱਡੇ ਜੋਧੇ ਮਾਰੇ ਗਏ। ਸਿੱਖਾਂ ਨੇ ਜਿੱਤ ਦੇ ਜੈਕਾਰੇ ਲਾ ਦਿੱਤੇ। ਇਸ ਦੌਰਾਨ ਕਾਸਮ ਖਾਨ ਨੇ ਗੁਰੂ ਸਾਹਿਬ ਉਤੇ ਲੁਕ ਕੇ ਵਾਰ ਕਰਨ ਦਾ ਯਤਨ ਕੀਤਾ। ਉਹ ਆਪਣੀ ਕੋਸ਼ਿਸ਼ ਵਿਚ ਸਫਲ ਨਾ ਹੋਇਆ ਅਤੇ ਮਾਰਿਆ ਗਿਆ। ਸ਼ਾਹੀ ਫੌਜਾਂ ਮੈਦਾਨ ਛੱਡ ਕੇ ਦੌੜ ਨਿਕਲੀਆਂ। ਭਟ ਵਹੀ ਮੁਲਤਾਨੀ ਸਿੰਧੀ ਦੇ ਖਾਤਾ ਰਮਾਨਾ, ਖਾਤਾ ਹਜਾਵਤਾਂ ਅਤੇ ਖਾਤਾ ਬੰਝਰਾਉਤ ਜਲਾਹਨਾਂ ਵਿਚ ਕਰਤਾਰਪੁਰ ਦੀ ਜੰਗ ਦੇ ਸ਼ਹੀਦਾਂ ਦਾ ਉਲੇਖ ਇਸ ਜੰਗ ਦੇ ਸਮੇਂ ਸਥਾਨ ਅਤੇ ਸਿੱਖ ਸੂਰਮਿਆਂ ਦੀ ਯਾਦ ਦਿਵਾਂਦਾ ਹੈ। ਇਹ ਵੇਰਵੇ ਇਥੇ ਅੰਕਿਤ ਕਰਨੇ ਉਚਿਤ ਪ੍ਰਤੀਤ ਹੁੰਦੇ ਹਨ—

1. ....ਫੱਤਾ ਬੇਟਾ ਧਰਮਾ ਕਾ, ਅਮੀਆ ਬੇਟਾ ਧਰਮਾ ਕਾ... ਗੁਰੂ ਕਾ ਹੁਕਮ ਪਾਇ ਕਰਤਾਰਪੁਰ ਕੇ ਮਲਾਹਣ, ਪਰਗਣਾ ਜਲੰਧਰ, ਸਾਲ ਸੋਲਾਂ ਸੈ ਬਾਨਵੇਂ (1635 ਈ.) ਵੈਸਾਖ ਪ੍ਰਵਿਸ਼ਟੇ ਉਨਤੀ, ਐਤਵਾਰ ਕੇ ਦਿਹੁੰ, ਰਣ ਜੂਝੰਤੇ ਸੂਰਿਉਂ ਗੈਲ, ਸਾਹਵੇਂ ਮਾਥੇ ਜੂਝ ਕਰ ਸੁਆਸ ਦੀਏ।(ਖਾਤਾ ਰਮਾਨੋਂ ਕਾ)

2. ਕ੍ਰਿਸ਼ਨਾ ਬੇਟਾ ਕਉਲੇ ਕਾ... ਸੋਲਾ ਸੈ ਬਾਂਨਵੇਂ (1635 ਈ.), ਵੈਸਾਖ ਪ੍ਰਵਿਸ਼ਟੇ ਤੀਸ, ਸੋਮਵਾਰ ਕੇ ਦਿਹੁੰ, ਗੁਰੂ ਕਾ ਹੁਕਮ ਪਾਏ, ਕਰਤਾਰਪੁਰ ਕੇ ਮਲਾਹਣ, ਪਰਗਣਾ ਜਲੰਧਰ, ਸਾਹਮੇ ਮਾਥੈ ਜੂਝ ਕਰ ਮਰਾ। (ਖਾਤਾ ਹਜਾਵਤੋਂ ਕਾ)

3. ਨਠੀਆ ਬੱਲੂ ਕਾ, ਮਾਧੋ ਬੱਲੂ ਕਾ..., ਸਾਲ ਸੋਲਾਂ ਸੈ ਬਾਨਵੇਂ (1635 ਈ.), ਵੈਸਾਖ ਪ੍ਰਵਿਸ਼ਟੇ ਇਕੱਤੀਸ, ਮੰਗਲਵਾਰ ਕੇ ਦਿਹੁੰ, ਕਰਤਪਾਰ ਕੇ ਮਲਾਹਨ, ਪਰਗਣਾ ਜਲੰਧਰ, ਗੁਰੂ ਕਾ ਹੁਕਮ ਪਾਇ ਉਸਮਾਨ ਖਾਨ ਝਾਂਗੜੀ ਗੈਲ ਭਿੜੇ। ਤੀਨ ਪਹਿਰ ਘੋਰ ਯੁੱਧ ਹੂਆ। ਗੁਰੂ ਕੇ ਪਾਲਿਤ ਪੈਂਦੇ ਖਾਨ ਨੇ ਗੁਰੂ ਤੇ ਵਾਰ ਕੀਆ ਜੋ ਖਾਲੀ ਗਿਆ। ਗੁਰੂ ਜੀ ਦੇ ਪਰਤਵੇਂ ਵਾਰ ਸੇ ਪੈਂਦੇ ਖਾਨ ਮਾਰਾ ਗਿਆ। ਜੀਤ ਗੁਰੂ ਜੀ ਕੀ

ਹੂਈ। ਭਾਈ ਮਾਧੋ ਰਣ ਭੂਮੀ ਮੇਂ ਸਾਹਵੇਂ ਮਾਥੇ ਜੂਝ ਕਰ ਮਰਾ। ਨਠੀਆ ਗੁਰੂ ਕਾ ਜੋਧਾ ਕਈ ਰਣ ਜੂਝੰਤੇ ਸੂਰਿਉਂ ਗੈਲ ਲੜਕੇ ਘਾਇਲ ਹੂਆ।

(ਖਾਤਾ ਬੰਝਰਾਉਤ ਜਲਾਹਨੋਂ ਕਾ)

ਭਟ ਵਹੀਆਂ ਕੁਝ ਮਹਤਵਪੂਰਨ ਤਥਾਂ ਉਤੇ ਮੋਹਰ ਲਾਂਦੀਆਂ ਹਨ। ਪਹਿਲੀ, ਕਰਤਾਰਪੁਰ ਦੀ ਜੰਗ 1635 ਈਸਵੀ ਵਿਚ ਹੋਈ। ਦੂਜੀ, ਇਹ ਜੰਗ ਤਿੰਨ ਦਿਨ ਨਿਰੰਤਰ ਹੁੰਦੀ ਰਹੀ। ਮਹੀਨਾ ਸੀ ਵਿਸਾਖ ਦਾ। ਤਰੀਕਾਂ ਸਨ ਉਂਨਤੀ, ਤੀਹ ਅਤੇ ਇਕੱਤੀ। ਦਿਨ ਸਨ ਐਤਵਾਰ, ਸੋਮਵਾਰ ਅਤੇ ਮੰਗਲਵਾਰ। ਤੀਜੀ, ਸਿੱਖ ਸੂਰਮੇ ਗੁਰੂ ਜੀ ਦੇ ਹੁਕਮ ਨੂੰ ਸਿਰ ਝੁਕਾ ਕੇ ਰਣ ਤਤੇ ਵਿਚ ਸੂਰਮਿਆਂ ਵਾਂਗ ਲੜੇ। ਉਹ ਕਈਆਂ ਨੂੰ ਮਾਰ ਕੇ, ਛਾਤੀ ਤਾਣ ਕੇ ਲੜੇ ਮਰੇ। ਚੌਥੀ, ਪੈਂਦੇ ਖਾਨ ਜੋ ਗੁਰੂ ਜੀ ਨੇ ਲਾਡਾਂ ਪਿਆਰਾਂ ਨਾਲ ਪਾਲਿਆ ਸੀ, ਉਹ ਗੁਰੂ ਪਾਤਸ਼ਾਹ ਨਾਲ ਸਿੱਧੀ ਲੜਾਈ ਲਈ ਅੱਗੇ ਹੋਇਆ। ਪੰਜਵੀਂ, ਗੁਰੂ ਪਾਤਸ਼ਾਹ ਨੇ ਪੈਂਦੇ ਖਾਨ ਉਤੇ ਵਾਰ ਕਰਨ ਦੀ ਪਹਿਲ ਨਹੀਂ ਕੀਤੀ। ਪਹਿਲਾਂ ਵਾਰ ਪੈਂਦੇ ਖਾਨ ਹੀ ਕਰਦਾ ਰਿਹਾ। ਗੁਰੂ ਪਾਤਸ਼ਾਹ ਦੇ ਪਰਤਵੇਂ ਵਾਰ ਨਾਲ ਪੈਂਦੇ ਖਾਨ ਮਾਰਿਆ ਗਿਆ। ਛੇਵੀਂ, ਕਰਤਾਰਪੁਰ ਦੀ ਜੰਗ ਵਿਚ ਗੁਰੂ ਹਰਿਗੋਬਿੰਦ ਸਾਹਿਬ ਦੀ ਫ਼ੈਸਲਾਕੁੰਨ ਅਤੇ ਸਪਸ਼ਟ ਵਿਜੇ ਹੋਈ।

ਗੁਰੂ ਪਾਤਸ਼ਾਹ ਦੇ ਸਮਕਾਲੀ ਮੁਹਸਿਨ ਫਾਨੀ ਨੇ ਕਾਲੇ ਖਾਂ ਦੇ ਮਾਰੇ ਜਾਣ ਦਾ ਬਿਰਤਾਂਤ ਬੜੇ ਸਜੀਵ ਰੂਪ ਵਿਚ ਆਪਣੀ ਦਬਿਸਤਾਨ-ਏ-ਮਜ਼ਾਹਬ ਵਿਚ ਕੀਤਾ ਹੈ। ਉਹ ਵੀ ਦੱਸਦਾ ਹੈ ਕਿ ਗੁਰੂ ਸਾਹਿਬ ਉਤੇ ਪਹਿਲੇ ਵਾਰ ਕਾਲੇ ਖਾਨ ਨੇ ਹੀ ਵੰਗਾਰਕੇ ਕੀਤੇ। ਇਕ ਨਹੀਂ, ਦੋ ਨਹੀਂ, ਪੂਰੇ ਤਿੰਨ ਵਾਰ ਉਸ ਨੇ ਕੀਤੇ ਅਤੇ ਇਹ ਤਿੰਨੇ ਹੀ ਬੇਕਾਰ ਗਏ। ਇਸ ਦੇ ਉਤਰ ਵਿਚ ਗੁਰੂ ਸਾਹਿਬ ਨੇ ਆਪ ਇਕੋ ਭਰਵੇਂ ਵਾਰ ਨਾਲ ਕਾਲੇ ਖਾਨ ਨੂੰ ਇਹ ਕਹਿੰਦੇ ਹੋਏ ਮਾਰ ਮੁਕਾਇਆ, ਖਾਨ ਵਾਰ ਇੰਜ ਨਹੀਂ ਇੰਜ ਕਰੀਦਾ ਹੈ। ਮੁਹਸਿਨ ਫਾਨੀ ਨੇ ਜਿਸ ਬਾਰੀਕੀ ਨਾਲ ਗੁਰੂ ਸਾਹਿਬ ਨੂੰ ਜੰਗ ਕਰਦੇ ਵੇਖਿਆ ਚਿਤਰਿਆ ਹੈ, ਉਹ ਕਮਾਲ ਹੈ। ਉਸ ਨੇ ਗੁਰੂ ਸਾਹਿਬ ਦੇ ਚਿਹਰੇ ਅਤੇ ਮਥੇ ਤੱਕ ਦੀ ਹਾਲਤ ਦਸੀ ਹੈ। ਉਹ ਕਹਿੰਦਾ ਹੈ ਕਿ ਮੈਂ ਗੁਰੂ ਪਾਤਸ਼ਾਹ ਦੇ ਮਥੇ ਉਤੇ ਕਦੇ ਤਿਊੜੀ ਨਹੀਂ ਵੇਖੀ। ਉਹ ਗੁਰੂ ਸਾਹਿਬ ਦੇ ਕਾਲੇ ਖਾਨ ਪ੍ਰਤਿ ਵਿਹਾਰ ਦੀ ਵਿਆਖਿਆ ਵੀ ਕਰਦਾ ਹੈ। ਉਹ ਕਹਿੰਦਾ ਹੈ ਕਿ ਗੁਰੂ ਸ਼ਬਦ ਦੇ ਅਰਥ ਹਨ ਉਸਤਾਦ। ਜਿਵੇਂ ਉਸਤਾਦ ਕਲਮ ਘੜ ਕੇ ਬੱਚੇ ਨੂੰ ਸਿਖਾਂਦਾ ਹੈ ਕਿ ਇਵੇਂ ਘੜਣੀ ਹੈ, ਉਸੇ ਤਰ੍ਹਾਂ ਗੁਰੂ ਸਾਹਿਬ ਤਲਵਾਰ ਦਾ ਵਾਰ ਕਰਕੇ ਦੁਸ਼ਮਣ ਨੂੰ ਵੀ ਸਿਖਾਂਦੇ ਹਨ ਕਿ ਤਲਵਾਰ ਇਵੇਂ ਚਲਾਣੀ ਹੈ। ਗੁਰੂ ਸਾਹਿਬ ਗੁਸੇ ਵਿਚ ਵਾਰ ਨਹੀਂ ਕਰਦੇ।

ਕਰਤਾਰਪੁਰ ਦੇ ਸ਼ਹੀਦਾਂ ਦਾ ਸਸਕਾਰ ਕੀਤਾ ਗਿਆ। ਦੁਸ਼ਮਣ ਸੂਰਮਿਆਂ ਦੀਆਂ ਦੇਹਾਂ ਦਾ ਕਫਨ ਦਫਨ ਕਰਵਾਇਆ। ਜੰਗ ਦੇ ਛੇਤੀ ਪਿਛੋਂ ਪਹਿਲੀਆਂ ਜੰਗਾਂ ਵਾਂਗ ਹੀ ਇਕ ਵਾਰ ਮੁੜ ਗੁਰੂ ਪਾਤਸ਼ਾਹ ਨੇ ਸਥਾਨ ਬਦਲੀ ਕਰਨ ਦਾ ਫੈਸਲਾ ਕੀਤਾ। ਇਸ ਵਾਰ ਆਪ ਨੇ ਫਗਵਾੜਾ ਹੁੰਦੇ ਹੋਏ ਕੀਰਤਪੁਰ ਜਾਣ ਦਾ ਨਿਰਣਾ ਕੀਤਾ। ਭਾਈ ਸੰਤੋਖ ਸਿੰਘ ਤਾਂ ਇਹ ਕਹਿੰਦੇ ਹਨ ਕਿ ਜੰਗ ਦੇ ਖੂਨ ਖਰਾਬੇ ਤੋਂ ਬਾਅਦ ਪੈਦਾ ਹੋਈ

ਬਦਬੂ ਤੇ ਗਿਲਾਨੀ ਕਰਤਾਰਪੁਰ ਛੱਡਣ ਦੇ ਕਾਰਨਾਂ ਵਿਚੋਂ ਇਕ ਸੀ। ਦੂਜਾ ਕਾਰਨ ਸੀ ਪੀਰ ਬੁਢਣ ਸ਼ਾਹ ਦਾ ਗੁਰੂ ਸਾਹਿਬ ਨੂੰ ਚੇਤੇ ਕਰਨਾ—

ਕਈ ਮਾਸ ਲੌ ਮਾਸ ਰਹੇ ਹੈ।
ਅਸਥੀ ਬ੍ਰਿੰਦ ਪਰੇ ਦ੍ਰਿਸ਼ਟੇ ਹੈਂ।
ਮਨ ਸਤਿਗੁਰ ਕੈ ਭਈ ਗਿਲਾਨ।
ਬਹੁ ਬਦਬੋਇ ਪ੍ਰਾਪਤਿ ਲੌ ਠਾਨਿ।
ਰਹਯੋ ਨਾ ਜਾਇ ਨਗਰ ਕੇ ਮਾਂਹੀ।
ਕੁਛ ਉਪਾਇ ਇਸ ਕੋ ਹੋਇ ਨਾਹੀਂ।
ਇਕ ਤੋ ਇਹ ਕਾਰਨ ਮਨ ਜਾਨਾ।
ਦੁਤੀਏ ਬੁਢਣ ਸ਼ਾਹ ਪਛਾਣਾ।
ਅੰਤ ਸਮਾਂ ਪਹੁੰਚਿਓ ਤਿਸ ਆਈ।
ਦਰਸ਼ਨ ਚਾਹਤ ਬੈਸ ਬਿਤਾਈ। (ਅਧਿਆਇ 32, ਰਾਸ ਅੱਠ)

ਕਾਰਨ ਕੁਝ ਵੀ ਹੋਵੇ ਜੰਗ ਤੋਂ ਛੇਤੀ ਪਿਛੋਂ ਗੁਰੂ ਸਾਹਿਬ ਫਗਵਾੜੇ ਵੱਲੋਂ ਹੁੰਦੇ ਹੋਏ ਕਰਤਾਰਪੁਰ ਨੂੰ ਤੁਰ ਪਏ। ਆਪ ਅਜੇ ਪਲਾਹੀ ਪਿੰਡ ਕੋਲ ਹੀ ਪੁੱਜੇ ਸਨ ਕਿ ਸ਼ਾਹੀ ਫੌਜ ਦੀ ਇਕ ਟੁਕੜੀ ਪਿੱਛਾ ਕਰਦੀ ਆ ਗਈ। ਇਹ ਗੱਲ ਸਪਸ਼ਟ ਕਰਦੀ ਹੈ ਕਿ ਗੁਰੂ ਸਾਹਿਬ ਜੰਗ ਵਿਚ ਜੇਤੂ ਹੋ ਕੇ ਕਿਉਂ ਛੇਤੀ ਸਥਾਨ ਬਦਲਣਾ ਉਚਿਤ ਸਮਝਦੇ ਸਨ। ਉਹ ਜਾਣਦੇ ਸਨ ਕਿ ਹਾਰਿਆ ਦੁਸ਼ਮਣ ਮੁੜ ਇਧਰੋਂ ਉਧਰੋਂ ਫੌਜ ਲੈ ਕੇ ਸ਼ਰਾਰਤ ਕਰਦਾ ਹੈ। ਬਦਲਾ ਲੈਣ ਲਈ ਯਤਨ ਕਰਦਾ ਹੈ। ਇਸ ਲਈ ਉਹ ਥਾਂ ਛੱਡਣਾ ਯੁੱਧ ਨੀਤਕ ਪੱਖੋਂ ਸਭ ਤੋਂ ਵਧੀਆ ਫ਼ੈਸਲਾ ਹੈ। ਇਸ ਨਾਲ ਦੁਸ਼ਮਣ ਨੂੰ ਨਿਰਾਸ਼ਾ ਹੁੰਦੀ ਹੈ। ਨਵੀਂ ਥਾਂ ਲੱਭਣ ਦੀ ਖੱਜਲ ਖੁਆਰੀ ਵਿਚ ਦੁਸ਼ਮਣ ਦਾ ਸਮਾਂ, ਸ਼ਕਤੀ ਦੋਵੇਂ ਬੇਕਾਰ ਨਸ਼ਟ ਹੁੰਦੇ ਹਨ। ਉਸ ਦੀਆਂ ਫੌਜਾਂ ਦਾ ਮਾਨਸਿਕ ਬਲ ਵੀ ਡਿਗਦਾ ਹੈ। .... ਖ਼ੈਰ ਪਲਾਹੀ ਕੋਲ ਜਿਸ ਟੁਕੜੀ ਨੇ ਗੁਰੂ ਸਾਹਿਬ ਨਾਲ ਟਕਰ ਲਈ ਉਸ ਦੀ ਅਗਵਾਈ ਅਬਦੁਲਾ ਖਾਂ ਦਾ ਪੁੱਤਰ ਅਹਿਮਦ ਖਾਂ ਕਰ ਰਿਹਾ ਸੀ। ਬੱਸੀ ਸ਼ੇਖਾਂ ਦੇ ਰਈਸ ਜਮਾਲ, ਫਤਹਿ ਖਾਨ, ਅਲਾਵਲਪੁਰ ਦਾ ਜਾਫ਼ਤ ਖਾਂ ਤੇ ਹੋਰ ਕਈ ਨੇੜੇ ਤੇੜੇ ਦੇ ਪਠਾਣ ਉਨ੍ਹਾਂ ਨਾਲ ਸ਼ਾਮਿਲ ਸਨ। ਸਿੱਖਾਂ ਨੇ ਉਨ੍ਹਾਂ ਦਾ ਮੁਕਾਬਲਾ ਕੀਤਾ। ਫਤਹਿ ਖਾਂ ਤੇ ਅਹਿਮਦ ਖਾਂ ਮਾਰੇ ਗਏ ਤੇ ਉਨ੍ਹਾਂ ਦੇ ਸਾਥੀ ਨਸ ਗਏ। ਗੁਰੂ ਪਾਤਸ਼ਾਹ ਪਰਿਵਾਰ ਅਤੇ ਸਿੱਖ ਸੰਗਤਾਂ ਸਹਿਤ ਆਰਾਮ ਨਾਲ ਕਰਤਾਰਪੁਰ ਜਾ ਪਹੁੰਚੇ। ਇੰਨੀ ਸਾਵਧਾਨੀ ਗੁਰੂ ਸਾਹਿਬ ਨੇ ਹੋਰ ਵਰਤੀ ਕਿ ਕੁਝ ਪਰਿਵਾਰ ਨੂੰ ਕਰਤਾਰਪੁਰ ਛੱਡ ਦਿੱਤਾ। ਕੁਝ ਨੂੰ ਬਾਬੇ ਬਕਾਲੇ ਭੇਜ ਦਿੱਤਾ ਅਤੇ ਕੁਝ ਨੂੰ ਨਾਲ ਰੱਖਿਆ। ਨਾਲ ਰਖੇ ਪਰਿਵਾਰ ਨੂੰ ਸੱਜੇ ਪਾਸੇ ਰੱਖਿਆ ਅਤੇ ਆਪ ਖੱਬੇ ਪਾਸਿਉਂ ਗਏ। ਦੋਹਾਂ ਰਾਹਾਂ ਵਿਚ ਖਾਸੀ ਵਿਥ ਰੱਖੀ ਗਈ। ਕੀਰਤਪੁਰ ਸਾਹਿਬ ਵਿਚ ਪਾਤਸ਼ਾਹ ਸਭ ਤੋਂ ਪਹਿਲਾਂ ਪੀਰ ਬੁਢਣ ਸ਼ਾਹ ਨੂੰ ਦਰਸ਼ਨ ਦੇਣ ਪਹੁੰਚੇ।

ਅਧਿਆਇ 10
ਕੀਰਤਪੁਰ ਸਾਹਿਬ : ਜੋਤੀ ਜੋਤ ਸਮਾਣਾ

ਕਰਤਾਰਪੁਰ ਦੀ ਜੰਗ ਮੁਕੀ। ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਛੋਟੇ ਸਾਹਿਬਜ਼ਾਦੇ ਤੇਗ ਬਹਾਦਰ ਜੀ ਨੂੰ ਮਾਤਾ ਨਾਨਕੀ ਜੀ ਸਮੇਤ ਆਪਣੇ ਨਾਨਕੇ ਬਾਬਾ ਬਕਾਲੇ ਭੇਜ ਦਿੱਤਾ। ਵੱਡੇ ਸਾਹਿਬਜ਼ਾਦੇ ਬਾਬਾ ਗੁਰਦਿੱਤਾ ਦਾ ਪਰਿਵਾਰ ਕਰਤਾਰਪੁਰ ਛੱਡ ਦਿੱਤਾ। ਉਨ੍ਹਾਂ ਦੇ ਬੇਟੇ ਧੀਰਮਲ ਨੂੰ ਵੀ ਉਥੇ ਹੀ ਰਹਿਣ ਦਿੱਤਾ। ਗੁਰੂ ਗ੍ਰੰਥ ਸਾਹਿਬ ਦੀ ਬੀੜ ਜੋ ਕੁਝ ਸਮਾਂ ਪਹਿਲਾਂ ਝਬਾਲ ਭੇਜੀ ਸੀ ਹੁਣ ਕਰਤਾਰਪੁਰ ਮੰਗਾ ਕੇ ਉਸ ਦੀ ਸੇਵਾ ਸੰਭਾਲ ਬਾਬਾ ਧੀਰਮਲ ਨੂੰ ਸੌਂਪ ਦਿੱਤੀ। ਬਾਬਾ ਗੁਰਦਿੱਤਾ ਜੀ ਤੇ ਹਰਿਰਾਇ ਜੀ ਨੂੰ ਕੀਰਤਪੁਰ ਜਾਣ ਲਈ ਨਾਲ ਲੈ ਲਿਆ। ਬਾਬਾ ਗੁਰਦਿੱਤਾ ਜੀ ਬਾਬਾ ਸ੍ਰੀ ਚੰਦ ਜੀ ਦੇ ਆਸ਼ੀਰਵਾਦ ਨਾਲ ਹੁਣ ਗ੍ਰਿਹਸਤ ਵਿਚ ਉਦਾਸੀ ਵੀ ਸਨ ਅਤੇ ਸੰਤ ਸਿਪਾਹੀ ਵੀ। ਕੀਰਤਪੁਰ ਜਾਂਦਿਆਂ ਪਲਾਹੀ ਕੋਲ ਮੁਗਲ ਫੌਜਾਂ ਨੇ ਸ਼ਰਾਰਤ ਕੀਤੀ ਜਿਸ ਦਾ ਗੁਰੂ ਸਾਹਿਬ ਨੇ ਮੂੰਹ ਤੋੜ ਉੱਤਰ ਦਿੱਤਾ। ਬਾਰ ਬਾਰ ਮੁਗਲ ਫੌਜਾਂ ਨੂੰ ਜਿਵੇਂ ਗੁਰੂ ਸਾਹਿਬ ਉਤੇ ਹਲਿਆਂ ਵਿਚ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਸੀ, ਉਸ ਕਾਰਨ ਹੁਣ ਲਗਦਾ ਸੀ ਕਿ ਉਹ ਕੋਈ ਵੱਡੀ ਟੱਕਰ ਤੋਂ ਗੁਰੇਜ਼ ਹੀ ਕਰਨਗੇ। ਗੁਰੂ ਸਾਹਿਬ ਨੇ ਪਹਾੜੀ ਤੇ ਜੰਗਲੀ ਇਲਾਕੇ ਵਿਚ ਵਸਾਏ ਨਵੇਂ ਨਗਰ ਕੀਰਤਪੁਰ ਸਾਹਿਬ ਨੂੰ ਮਜ਼ਬੂਤੀ ਨਾਲ ਵਿਸਤਾਰ ਦੇਣ ਲਈ ਹੁਣ ਇਥੇ ਹੀ ਟਿਕਣ ਦਾ ਨਿਰਣਾ ਕੀਤਾ।

ਸ਼ਾਹ ਜਹਾਨ ਪੰਜਾਬ ਦੇ ਨਿਤ ਦੇ ਬਖੇੜੇ ਤੋਂ ਬੜਾ ਪ੍ਰੇਸ਼ਾਨ ਸੀ। ਉਹ ਦੋ ਢਾਈ ਮਹੀਨੇ ਲਾਹੌਰ ਕੱਟ ਕੇ ਸੋਲਾਂ ਜਨਵਰੀ, 1635 ਈ. ਨੂੰ ਆਗਰੇ ਗਿਆ ਸੀ। ਉਸ ਦੇ ਜਾਣ ਤੋਂ ਤਿੰਨ ਕੁ ਮਹੀਨੇ ਪਿਛੋਂ ਲਾਹੌਰ ਦਰਬਾਰ ਮੁੜ ਗੁਰੂ ਸਾਹਿਬ ਨਾਲ ਭਿੜ ਗਿਆ ਸੀ। ਜਲੰਧਰ ਦਾ ਹੁਕਮਰਾਨ ਵੀ ਇਸ ਭੇੜ ਵਿਚ ਉਲਝ ਗਿਆ ਸੀ ਅਤੇ ਕਾਬਲ ਦਾ ਵੀ। ਸਾਰੇ ਰਲ ਕੇ ਕੁਝ ਨਹੀਂ ਸਨ ਕਰ ਸਕੇ। ਉਨ੍ਹਾਂ ਮੁਗਲ ਦਰਬਾਰ ਲਈ ਨਮੋਸ਼ੀ ਖੱਟੀ ਸੀ। ਸ਼ਾਹ ਜਹਾਨ ਨੂੰ ਇਹ ਗੱਲ ਹੁਣ ਤੱਕ ਸਪੱਸ਼ਟ ਹੋ ਗਈ ਸੀ ਕਿ ਚਾਰ ਵਾਰ ਮੁਗਲ ਸੂਬੇਦਾਰਾਂ ਨੂੰ ਹਰਾਣ ਦੇ ਬਾਵਜੂਦ ਗੁਰੂ ਸਾਹਿਬ ਨੇ ਕੋਈ ਰਾਜਸੀ ਮੱਲ ਨਹੀਂ ਸੀ ਮਾਰੀ। ਕਿਸੇ ਵੀ ਸੂਬੇਦਾਰ ਦੇ ਇਲਾਕੇ ਉਤੇ ਕੋਈ ਕਬਜ਼ਾ ਨਹੀਂ ਸੀ ਕੀਤਾ। ਨਾ ਕਿਸੇ ਮੁਸਲਮਾਨ ਫੌਜੀ ਨੂੰ ਬੰਦੀ ਬਣਾਇਆ ਸੀ। ਹਰ ਵਾਰ ਮੁਗਲ ਫੌਜ ਆਪਣੇ ਵੱਡੇ ਵੱਡੇ ਸੂਰਮੇ ਮਰਵਾਂਦੀ ਰਹੀ। ਵੱਡੀ ਗਿਣਤੀ ਵਿਚ ਸੈਨਿਕ ਮਰਵਾਂਦੀ ਰਹੀ। ਭਾਰੀ ਮਾਲੀ ਨੁਕਸਾਨ ਕਰਵਾਂਦੀ ਰਹੀ। ਗੁਰੂ ਸਾਹਿਬ ਪਹਿਲਾਂ ਵਾਂਗ ਨਿਰੰਤਰ ਸੰਤ ਸਿਪਾਹੀ ਵਾਂਗ ਵਿਚਰਦੇ ਰਹੇ। ਉਨ੍ਹਾਂ ਦੇ ਪ੍ਰਭਾਵ ਇਜ਼ਤ ਮਾਨ, ਅਨੁਯਾਈਆਂ ਅਤੇ ਪ੍ਰਸਿੱਧੀ ਵਿਚ

ਕਮੀ ਤਾਂ ਕੀ ਹੋਣੀ ਸੀ, ਵਾਧਾ ਹੀ ਹੋਇਆ। ਸਿੱਖੀ ਦਾ ਦਾਇਰਾ ਨਿਰੰਤਰ ਫੈਲਿਆ। ਸਿੱਖ ਤੇ ਉਨ੍ਹਾਂ ਦਾ ਗੁਰੂ ਨਿਰਭਉ ਨਿਰਵੈਰ ਹੋ ਕੇ ਵਿਚਰਦੇ ਪ੍ਰਤੀਤ ਹੋਏ। ਮਜਬੂਰ ਹੋ ਕੇ ਉਸ ਨੇ ਪੰਜਾਬ ਪ੍ਰਤਿ ਉਦਾਰਤਾ ਵਾਲੀ ਪਹੁੰਚ ਅਪਣਾਉਣ ਦਾ ਫੈਸਲਾ ਕੀਤਾ। ਉਸ ਨੇ ਆਪਣੇ ਸੁਲਾਹਕੁਲ ਅਤੇ ਧਾਰਮਿਕ ਬਿਰਤੀ ਵਾਲੇ ਪੁੱਤਰ ਦਾਰਾ ਸ਼ਿਕੋਹ ਨੂੰ ਪੰਜਾਬ ਦਾ ਗਵਰਨਰ ਬਣਾਇਆ।

ਦਾਰਾ ਸ਼ਿਕੋਹ ਹਰ ਧਰਮ ਦੇ ਮਹਾਂ ਪੁਰਖ ਨੂੰ ਖੁੱਲ੍ਹ ਦਿੱਲੀ ਅਤੇ ਖੁਲੂਸ ਨਾਲ ਮਿਲਦਾ ਸੀ। ਹੋਰ ਧਰਮਾਂ ਦੇ ਗ੍ਰੰਥਾਂ ਨੂੰ ਪੜ੍ਹਨਾ ਅਤੇ ਉਨ੍ਹਾਂ ਦੇ ਪੀਰਾਂ ਫਕੀਰਾਂ ਅਤੇ ਵਿਦਵਾਨਾਂ ਨਾਲ ਸੰਵਾਦ ਰਚਾਣਾ ਉਸ ਨੂੰ ਚੰਗਾ ਲੱਗਦਾ ਸੀ। ਇਸ ਨਾਲ ਪੰਜਾਬ ਵਿਚ ਸ਼ਾਂਤੀ ਪਰਤਨ ਦੀ ਉਮੀਦ ਜਾਗੀ। ਇਹ ਮਾਹੌਲ ਕੀਰਤਪੁਰ ਸਾਹਿਬ ਦੇ ਨਵੇਂ ਸਿੱਖ ਕੇਂਦਰ ਨੂੰ ਵਿਕਸਿਤ ਤੇ ਮਜ਼ਬੂਤ ਕਰਨ ਲਈ ਸਾਜ਼ਗਾਰ ਸੀ ਅਤੇ ਗੁਰੂ ਪਾਤਸ਼ਾਹ ਨੇ ਇਸ ਦਾ ਪੂਰਾ ਲਾਭ ਉਠਾਇਆ।

ਕੀਰਤਪੁਰ ਸਾਹਿਬ ਵਿਚ ਗੁਰੂ ਸਾਹਿਬ ਨੇ ਸਭ ਤੋਂ ਪਹਿਲਾਂ ਪੀਰ ਬੁੱਢਣਸ਼ਾਹ ਨੂੰ ਦਰਸ਼ਨ ਦਿੱਤੇ। ਉਹ ਸਰੀਰ ਤਿਆਗਨ ਤੋਂ ਪਹਿਲਾਂ ਆਪ ਦੇ ਦਰਸ਼ਨਾਂ ਦੀ ਅਭਿਲਾਸ਼ਾ ਵਿਚ ਸਮਾਧੀ ਲਾਈ ਬੈਠਾ ਸੀ। ਪਾਤਸ਼ਾਹ ਉਸ ਕੋਲ ਪੁੱਜੇ ਤੇ ਕਿਹਾ ਪੀਰ ਜੀ, ਅੱਖਾਂ ਖੋਲ੍ਹੋ। ਮੈਂ (ਗੁਰੂ) ਹਰਿਗੋਬਿੰਦ ਆਇਆ ਹਾਂ। ਮਿਠੇ ਬੋਲ ਸੁਣ ਕੇ ਉਸ ਨੇ ਅੱਖਾਂ ਖੋਲ੍ਹੀਆਂ। ਨਮਸਕਾਰ ਕੀਤੀ। ਇੰਨੇ ਨੂੰ ਗੁਰਦਿੱਤਾ ਜੀ ਵੀ ਆ ਗਏ। ਗੁਰੂ ਸਾਹਿਬ ਨੇ ਕਿਹਾ, ਪੀਰ ਜੀ ਹੁਣ ਗੁਰਦਿੱਤਾ ਜੀ ਤੁਹਾਡੇ ਕੋਲ ਠਹਿਰਣਗੇ। ਮੈਂ ਡੇਰੇ ਉਤੇ ਚਲਿਆ ਹਾਂ। ਜਾਤੀ ਮਲਕ, ਬਾਬਕ ਰਬਾਬੀ, ਭਾਈ ਬਿਧੀ ਚੰਦ ਆਦਿ ਆਪ ਦੇ ਨਾਲ ਸਨ। ਡੇਰੇ ਤੇ ਜਾ ਕੇ ਕਮਰਕਸਾ ਖੋਲ੍ਹਿਆ। ਸਿੰਘਾਂ ਨੇ ਆਪ ਦੇ ਸਰੀਰ ਉਤੇ ਬਹਤਰ ਜ਼ਖ਼ਮਾਂ ਦੇ ਨਿਸ਼ਾਨ ਵੇਖੇ। ਉਧਰ ਬਾਬਾ ਗੁਰਦਿੱਤਾ ਜੀ ਨੇ ਪੀਰ ਨਾਲ ਗਿਆਨ ਚਰਚਾ ਕੀਤੀ। ਪੀਰ ਨੂੰ ਹਰ ਪ੍ਰਕਾਰ ਨਾਲ ਹੌਂਸਲਾ ਦਿੱਤਾ ਕਿ ਤੁਹਾਡਾ ਸਰੀਰ ਛੁੱਟਣ ਸਮੇਂ ਗੁਰੂ ਪਾਤਸ਼ਾਹ ਆਪ ਮੁੜ ਪਹੁੰਚਣਗੇ।

ਇੰਜ ਹੀ ਹੋਇਆ। ਗੁਰੂ ਪਾਤਸ਼ਾਹ ਆ ਪਹੁੰਚੇ। ਪੀਰ ਜੀ ਨੂੰ ਪੁਛਿਆ ਕਿ ਜੇ ਹੋਰ ਜੀਣਾ ਚਾਹੁੰਦੇ ਹੋ ਤਾਂ ਵੀ ਦੱਸੋ। ਜੇ ਕੋਈ ਹੋਰ ਇੱਛਾ ਹੈ ਤਾਂ ਉਹ ਦੱਸੋ। ਪੀਰ ਜੀ ਨੇ ਕਿਹਾ ਕਿ ਗੁਰੂ ਪਾਤਸ਼ਾਹ ਆਪ ਦੇ ਦਰਸ਼ਨਾਂ ਨਾਲ ਨਿਹਾਲ ਹੋ ਗਿਆ ਹਾਂ। ਜੀਵਨ ਮਰਨ ਦੇ ਗੇੜ ਤੋਂ ਮੁਕਤ ਕਰੋ। ਬਹੁਤ ਜੀ ਲਿਆ ਹੈ। ਇਹ ਆਖ ਕੇ ਉਸ ਨੇ ਗੁਰ ਚਰਨਾਂ ਵਿਚ ਸਵਾਸ ਛੱਡ ਦਿੱਤੇ। ਗੁਰੂ ਪਾਤਸ਼ਾਹ ਨੇ ਭਾਈ ਬਾਬਕ ਤੋਂ ਆਸਾ ਦੀ ਵਾਰ ਦਾ ਕੀਰਤਨ ਕਰਵਾਇਆ। ਪੀਰ ਜੀ ਨੂੰ ਬਾਬਾ ਗੁਰਦਿੱਤਾ, ਭਾਈ ਬਿਧੀ ਚੰਦ ਤੇ ਹੋਰ ਸਿੱਖਾਂ ਦੀ ਮਦਦ ਨਾਲ ਦਫਨ ਕਰਵਾਇਆ।

ਕੀਰਤਪੁਰ ਸਾਹਿਬ ਵਿਚ ਹੁਣ ਗੁਰੂ ਪਾਤਸ਼ਾਹ ਦੇ ਦਰਬਾਰ ਸਜਦੇ। ਬਾਬਕ ਕੀਰਤਨ ਕਰਦਾ। ਸ਼ਾਮ ਨੂੰ ਗੁਰੂ ਜੀ ਸ਼ਿਕਾਰ ਨੂੰ ਨਿਕਲਦੇ। ਬਾਬਾ ਗੁਰਦਿੱਤਾ ਜੀ ਵੀ ਸ਼ਿਕਾਰ ਖੇਡਦੇ। ਕਦੇ ਇਕੱਲੇ। ਕਦੇ ਗੁਰੂ ਸਾਹਿਬ ਨਾਲ। ਕਦੇ-ਕਦੇ ਗੁਰੂ ਸਾਹਿਬ ਭਾਈ ਬਿਧੀ ਚੰਦ ਨੂੰ ਸਿੱਖੀ ਦੇ ਪ੍ਰਚਾਰ ਪ੍ਰਸਾਰ ਲਈ ਦੂਰ ਨੇੜੇ ਦੇ ਥਾਵਾਂ ਉਤੇ ਵੀ ਭੇਜ ਦਿੰਦੇ।

ਇਕ ਦਿਨ ਸ਼ਿਕਾਰ ਦੌਰਾਨ ਭੁਲੇਖੇ ਨਾਲ ਬਾਬਾ ਗੁਰਦਿੱਤਾ ਤੋਂ ਜੰਗਲ ਵਿਚ ਕਿਸੇ ਦੀ ਗਾਂ ਮਾਰੀ ਗਈ। ਉਸ ਦੇ ਮਾਲਕ ਨੇ ਵਾਵੇਲਾ ਕੀਤਾ ਤਾਂ ਬਾਬਾ ਜੀ ਨੇ ਉਸ ਦੀ ਮੋਈ ਗਾਂ ਕਰਾਮਾਤ ਨਾਲ ਜਿਊਂਦੀ ਕਰ ਦਿੱਤੀ। ਗੁਰੂ ਪਾਤਸ਼ਾਹ ਨੇ ਕਿਹਾ ਰੋਜ਼ ਅਨੇਕਾਂ ਮਰਦੇ ਹਨ। ਅਕਾਲ ਪੁਰਖ ਦੇ ਹੁਕਮ ਦੀ ਖ਼ੇਡ ਹੈ ਇਹ ਜੀਣਾ ਮਰਨਾ। ਇਸ ਵਿਚ ਤੁਹਾਡਾ ਇਹ ਦਖਲ ਉੱਚਿਤ ਨਹੀਂ। ਕਰਾਮਾਤ ਗੁਰੂ ਘਰ ਵਿਚ ਪ੍ਰਵਾਨ ਨਹੀਂ। ਬਾਬਾ ਜੀ ਨੇ ਭੁੱਲ ਮੰਨੀ ਅਤੇ ਇਕਾਂਤ ਥਾਂ ਜਾ ਕੇ ਆਪ ਵੀ ਸਵਾਸ ਤਿਆਗ ਦਿੱਤੇ। ਇੰਜ ਆਪ ਨੇ ਬਾਬਾ ਅਟਲ ਦੀ ਭੁੱਲੀ ਵਿਸਰੀ ਯਾਦ ਤਾਜ਼ਾ ਕਰ ਦਿੱਤੀ। ਉਨ੍ਹਾਂ ਨੇ ਵੀ ਤਾਂ ਆਪਣੇ ਬਾਲ ਸਖਾਈ ਮੋਹਨ ਨੂੰ ਸੱਪ ਦੇ ਕੱਟਣ ਉਪਰੰਤ ਮਰੇ ਨੂੰ ਕਰਾਮਾਤ ਨਾਲ ਹੀ ਜਿਉਂਦਾ ਕੀਤਾ ਸੀ। ਗੁਰੂ ਸਾਹਿਬ ਨੇ ਉਸ ਨੂੰ ਵੀ ਇਹੀ ਸਮਝਾਇਆ ਸੀ। ਬਾਬਾ ਅਟਲ ਜੀ ਨੇ ਵੀ ਇੰਜ ਹੀ ਗੁਰੂ ਦੀ ਸਿੱਖਿਆ ਦੀ ਅਵਗਿਆ ਉਤੇ ਪਸ਼ਚਾਤਾਪ ਵਜੋਂ ਸਵਾਸ ਤਿਆਗ ਦਿੱਤੇ ਸਨ। ਉਨ੍ਹਾਂ ਦੀ ਯਾਦ ਵਿਚ ਬਾਬਾ ਅਟਲ ਨਾਂ ਦਾ ਗੁਰਦੁਆਰਾ ਅੱਜ ਵੀ ਸਿੱਖੀ ਦੀ ਕਰਾਮਾਤ ਪ੍ਰਤਿ ਦ੍ਰਿਸ਼ਟੀ ਨੂੰ ਚੇਤੇ ਕਰਵਾਂਦਾ ਹੈ। ਭਾਈ ਸੰਤੋਖ ਸਿੰਘ ਅਨੁਸਾਰ ਇਸ ਪ੍ਰਕਾਰ ਬਾਬਾ ਗੁਰਦਿੱਤਾ ਜੀ ਦੇ ਸਰੀਰ ਤਿਆਗਨ ਉਤੇ ਧੀਰਮਲ ਨੇ ਬੁਰਾ ਮਨਾਇਆ। ਉਹ ਗੁਰੂ ਸਾਹਿਬ ਪਾਸ ਕਰਤਾਰਪੁਰ ਵੀ ਨਾ ਗਿਆ। ਉਸ ਨੇ ਗੁਰੂ ਪਾਤਸ਼ਾਹ ਪ੍ਰਤਿ ਜੋ ਕੁਝ ਕਿਹਾ ਅਤੇ ਜਿਸ ਤਰ੍ਹਾਂ ਦਾ ਵਿਹਾਰ ਕੀਤਾ, ਉਸ ਨੂੰ ਵੇਖ ਕੇ ਗੁਰੂ ਪਾਤਸ਼ਾਹ ਨੇ ਕਿਹਾ, ਧੀਰਮਲ ਦੂਜਾ ਪ੍ਰਿਥੀਆ ਹੈ। ਗੁਰੂ ਪਾਤਸ਼ਾਹ ਨੇ ਉਸ ਦੀ ਥਾਂ ਗੁਰਦਿੱਤਾ ਜੀ ਦੇ ਛੋਟੇ ਪੁੱਤਰ ਹਰਿ ਰਾਇ ਜੀ ਨੂੰ ਦਸਤਾਰ ਬੰਨ੍ਹਾ ਦਿੱਤੀ। ਧੀਰਮਲ ਨੇ ਇਸ ਉਤੇ ਹੋਰ ਵਧੇਰੇ ਗੁੱਸਾ ਕੀਤਾ ਪਰੰਤੂ ਗੁਰੂ ਸਾਹਿਬ ਨੇ ਉਸ ਵੱਲ ਕੋਈ ਧਿਆਨ ਨਾ ਦਿੱਤਾ।

ਕੀਰਤਪੁਰ ਸਾਹਿਬ ਦੇ ਨੇੜੇ ਹੀ ਇਕ ਮਹਾਤਮਾ ਸੁੰਦਰ ਸ਼ਾਹ ਸੀ। ਇਹ ਵੇਦਾਂਤ ਤੇ ਸੂਫੀ ਵਿਚਾਰਧਾਰਾ ਦੋਹਾਂ ਦਾ ਗਿਆਤਾ ਸੀ। ਇਸ ਦਾ ਕਿਤਾਬੀ ਗਿਆਨ ਇਸ ਨੂੰ ਸੰਤੁਸ਼ਟ ਨਹੀਂ ਸੀ ਕਰ ਸਕਿਆ। ਵੇਦਾਂਤ ਦਾ ਖੁਸ਼ਕ ਗਿਆਨ ਅਤੇ ਸੂਫੀਆਂ ਦੀ ਮਸਤੀ ਦੋਵੇਂ ਅਧੂਰੇ ਸਨ। ਗੁਰਮਤਿ ਮਾਰਗ ਨੇ ਉਸ ਨੂੰ ਗ੍ਰਹਿਸਤ ਵਿਚ ਰਹਿ ਕੇ ਬੇਪ੍ਰਵਾਹੀ, ਨਿਰਲੇਪਤਾ ਅਤੇ ਮਾਰਫਤ ਦਾ ਜੋ ਆਨੰਦ ਦਿੱਤਾ ਉਸ ਨੇ ਉਸ ਦਾ ਮਨ ਮੋਹ ਲਿਆ ਅਤੇ ਉਹ ਗੁਰਮਤਿ ਦਾ ਧਾਰਨੀ ਬਣ ਗਿਆ।

ਇੰਜ ਹੀ ਸਮਾਂ ਲੰਘਦਾ ਗਿਆ ਅਤੇ ਸੂਰਜ ਗ੍ਰਹਿਣ ਦਾ ਮੇਲਾ ਆ ਗਿਆ। ਇਸ ਸਮੇਂ ਕੁਰਕਸ਼ੇਤਰ ਵਿਚ ਵੱਡਾ ਇਕੱਠ ਹੁੰਦਾ ਹੈ। ਗੁਰੂ ਸਾਹਿਬ ਨੇ ਇਸ ਸਮੇਂ ਇਕੱਤਰ ਹੋਏ ਲੋਕਾਂ ਨੂੰ ਗੁਰਮਤਿ ਦਾ ਚਾਨਣ ਵੰਡਣ ਦਾ ਫ਼ੈਸਲਾ ਕੀਤਾ। ਮੇਲੇ ਵਿਚ ਇਕੱਠੇ ਹੋਏ ਯੋਗੀ, ਵੈਰਾਗੀ ਅਤੇ ਸਨਿਆਸੀ ਆਪ ਦੇ ਵਿਚਾਰਾਂ ਤੋਂ ਬੜੇ ਪ੍ਰਭਾਵਿਤ ਹੋਏ। ਕੁਝ ਪੰਡਿਤਾਂ ਨੇ ਪ੍ਰਸ਼ਨ ਕੀਤਾ ਕਿ ਦਾਨ ਲੈਣਾ ਬ੍ਰਾਹਮਣਾਂ ਦਾ ਅਧਿਕਾਰ ਹੈ। ਆਪ ਸ਼ਸਤਰ ਧਾਰੀ ਖਤਰੀ ਹੋ। ਸ਼ਾਸਤਰਾਂ ਅਨੁਸਾਰ ਆਪ ਕਿਸੇ ਪ੍ਰਕਾਰ ਦੀ ਭੇਟਾ ਦੇ ਅਧਿਕਾਰੀ ਨਹੀਂ। ਗੁਰੂ ਪਾਤਸ਼ਾਹ ਨੇ ਕਿਹਾ ਕਿ ਪੂਜਾ ਦਾ ਧਾਨ ਖਾਣਾ ਕਿਸੇ ਲਈ ਵੀ ਉਚਿਤ ਨਹੀਂ। ਗੁਰੂ ਘਰ ਵਿਚ ਸੰਗਤ ਦੀ ਭੇਟਾ ਸਰਬਤ ਦੇ ਭਲੇ ਲਈ ਵਰਤੀ ਜਾਂਦੀ ਹੈ। ਕਿਸੇ

ਵਿਅਕਤੀ ਵਿਸ਼ੇਸ਼ ਦੇ ਨਿੱਜ ਖਾਤਰ ਨਹੀਂ। ਸਿੱਖ ਧਰਮ ਵਿਚ ਕੋਈ ਵੀ ਜਾਤੀ ਜਾਂ ਵਰਗ ਵਿਸ਼ੇਸ਼, ਆਪਣੀ ਜਾਤ ਜਾਂ ਵਰਗ ਦੇ ਆਧਾਰ ਉਤੇ ਸੰਗਤ ਦੀ ਭੇਟਾ ਦਾਨ/ਪੁੰਨ ਦੇ ਨਾਂ ਉਤੇ ਸਵੀਕਾਰ ਨਹੀਂ ਕਰ ਸਕਦਾ। ਇਥੇ ਤਾਂ ਜੋ ਵੀ ਗੁਰਮਤਿ ਸੰਦੇਸ਼ ਅਤੇ ਸਰਬਤ ਦੇ ਭਲੇ ਲਈ ਪ੍ਰਚਾਰ/ਸੇਵਾ ਦਾ ਕਾਰਜ ਕਰਦਾ ਹੋਵੇ, ਉਹ ਸੰਗਤ ਦੀ ਭੇਟਾ ਸਵੀਕਾਰ ਕਰ ਸਕਦਾ ਹੈ। ਪੰਡਿਤਾਂ ਨੂੰ ਆਪ ਨੇ ਸਮਝਾਇਆ ਕਿ ਤੁਸੀਂ ਲੋਕ ਦਾਨ ਭੇਟਾ ਨੂੰ ਆਪਣੀ ਨਿਜੀ ਸ਼ੈਅ ਸਮਝ ਕੇ ਮੌਜਾਂ ਲੁਟਦੇ ਹੋ। ਦੀਨ ਦੁਖੀਆਂ ਤੇ ਗਰੀਬਾਂ ਦੀ ਸਾਰ ਨਹੀਂ ਲੈਂਦੇ। ਉਨ੍ਹਾਂ ਦੀ ਸੇਵਾ ਸੰਭਾਲ ਤੁਹਾਨੂੰ ਚੰਗੀ ਨਹੀਂ ਲਗਦੀ। ਜ਼ਾਲਮ ਤੇ ਅਨਿਆਈ ਹਾਕਮ ਲੋਕਾਂ ਦਾ ਲਹੂ ਪੀਵੀ ਜਾ ਰਹੇ ਹਨ। ਤੁਸੀਂ ਪੂਜਾ ਦਾ ਧਾਨ ਖਾ ਕੇ ਸਮਾਜ ਤੋਂ ਅਟੰਕ ਲੁਕ ਛਿਪ ਕੇ ਦਿਨ ਕਟੀ ਕਰ ਕੇ ਉਨ੍ਹਾਂ ਲਈ ਲੜਣ ਮਰਨ ਦੀ ਥਾਂ, ਉਨ੍ਹਾਂ ਨੂੰ ਇਹੀ ਆਖੀ ਜਾਂਦੇ ਹੋ ਕਿ ਤੁਹਾਡਾ ਕੀਤਾ ਦਾਨ ਪੁੰਨ ਅਗਲੇ ਜਨਮ ਵਿਚ ਕੰਮ ਆਵੇਗਾ। ਤੁਸੀਂ ਤਾਂ ਇਸ ਜਨਮ ਵਿਚ ਵੀ ਆਮ ਆਦਮੀ ਨੂੰ ਪਾਖੰਡ ਕਰ ਕੇ ਲੁੱਟ ਰਹੇ ਹੋ। ਅਗਲੇ ਜਨਮ ਵਿਚ ਉਨ੍ਹਾਂ ਦਾ ਤੁਸੀਂ ਕੀ ਸਵਾਰਨਾ ਹੈ। ਗੁਰੂ ਸਾਹਿਬ ਦੀਆਂ ਖਰੀਆਂ ਖਰੀਆਂ ਸੁਣ ਕੇ ਪੰਡਿਤ ਸ਼ਰਮਿੰਦੇ ਹੋ ਗਏ।

ਕੁਰਕਸ਼ੇਤਰ ਵਿਚ ਪੰਦਰਾਂ ਕੁ ਦਿਨ ਰਹਿ ਕੇ ਗੁਰੂ ਸਾਹਿਬ ਵਾਪਸ ਕੀਰਤਪੁਰ ਨੂੰ ਮੁੜ ਰਹੇ ਸਨ ਕਿ ਨੰਗਲ ਗੁਜਰਾਂ ਕੋਲ ਨਵਾਬ ਰੋਪੜ ਨੇ ਆਪਣੇ ਫੌਜੀਆਂ ਨਾਲ ਗੁਰੂ ਸਾਹਿਬ ਉਤੇ ਹਲਾ ਬੋਲ ਦਿੱਤਾ। ਗੁਰੂ ਸਾਹਿਬ ਨਾਲ ਗਿਣਤੀ ਦੇ ਸਾਥੀ ਹੋਣ ਕਰ ਕੇ ਉਸ ਨੇ ਸੋਚਿਆ ਸੀ ਕਿ ਅਸੀਂ ਅਚਾਨਕ ਹਲਾ ਕਰਕੇ ਗੁਰੂ ਸਾਹਿਬ ਨੂੰ ਕਾਬੂ ਕਰਕੇ ਸ਼ਾਹ ਜਹਾਂ ਦੀਆਂ ਨਜ਼ਰਾਂ ਵਿਚ ਲਾਹੌਰ, ਜਲੰਧਰ ਤੇ ਕਾਬਲ ਦੇ ਹਾਕਮਾਂ ਨਾਲੋਂ ਵੀ ਬਾਜ਼ੀ ਮਾਰ ਜਾਵਾਂਗੇ। ਅਸੀਂ ਅਖਾਂਗੇ ਕਿ ਜੋ ਕੰਮ ਤੇਰੇ ਵੱਡੇ ਵੱਡੇ ਸੂਬੇਦਾਰ ਭਾਰੀ ਜਾਨੀ ਮਾਲੀ ਨੁਕਸਾਨ ਕਰਾ ਕੇ ਚਾਰ ਜੰਗਾਂ ਵਿਚ ਵੀ ਨਹੀਂ ਕਰ ਸਕੇ, ਉਹ ਅਸੀਂ ਗਿਣਤੀ ਦੇ ਫੌਜੀਆਂ ਨਾਲ ਕਰ ਦਿੱਤਾ ਹੈ। ਰੋਪੜ ਦੇ ਨਵਾਬ ਨੇ ਆਪਣੇ ਨਾਲ ਸੰਘੋਲ, ਬਹਿਲੋਲਪੁਰ ਅਤੇ ਬੱਸੀ ਆਦਿ ਦੇ ਨੇੜੇ ਤੇੜੇ ਦੇ ਪਿੰਡਾਂ ਦੇ ਪਠਾਣਾਂ ਨੂੰ ਇਕੱਠਾ ਕਰ ਲਿਆ ਸੀ। ਕੁਲ ਮਿਲਾਕੇ ਉਸ ਕੋਲ ਛੇ ਹਜ਼ਾਰ ਬੰਦੇ ਸਨ। ਉਸ ਦਾ ਖਿਆਲ ਸੀ ਕਿ ਗੁਰੂ ਸਾਹਿਬ ਇਸ ਅਚਾਨਕ ਪਏ ਟਿਡੀ ਦਲ ਅੱਗੇ ਹਥਿਆਰ ਸੁਟ ਦੇਣਗੇ।

ਗੁਰੂ ਸਾਹਿਬ ਨੇ ਇਸ ਵੰਗਾਰ ਦਾ ਬਹਾਦਰੀ ਨਾਲ ਮੁਕਾਬਲਾ ਕੀਤਾ। ਆਪ ਨੇ ਸਿੱਖਾਂ ਨੂੰ ਹੁਕਮ ਦਿੱਤਾ ਕਿ ਦ੍ਰਿੜ੍ਹਤਾ ਤੇ ਦਲੇਰੀ ਨਾਲ ਦੁਸ਼ਮਣ ਉਤੇ ਟੁੱਟ ਪਓ। ਹਾਰ ਅਤੇ ਨਮੋਸ਼ੀ ਨਾਲੋਂ ਮੌਤ ਚੰਗੀ ਹੈ। ਇਸ ਲਈ ਸਿੱਖ ਗੁਰੂ ਦੇ ਸਨਮੁੱਖ ਬਹਾਦਰੀ ਨਾਲ ਲੜੇ ਮਰੇ। ਪਠਾਣਾਂ ਦੀ ਗਿਣਤੀ ਵਧੇਰੇ ਹੋਣ ਕਰਕੇ ਸਿੱਖਾਂ ਨੇ ਬ੍ਰਾਹਮਣ ਮਾਜਰੇ ਦੀ ਗੜ੍ਹੀ ਦੀ ਓਟ ਲਈ। ਭਾਵੇਂ ਇਸ ਗੜ੍ਹੀ ਦੇ ਦਰਵਾਜ਼ੇ ਨਹੀਂ ਸਨ ਪਰ ਬਹਾਦਰਾਂ ਵਾਸਤੇ ਮਾੜਾ ਮੋਟਾ ਆਸਰਾ ਹੀ ਬਥੇਰਾ ਸੀ। ਗੁਰੂ ਸਾਹਿਬ ਨੇ ਇਸ ਦੇ ਚੁਬਾਰੇ ਉਤੇ ਚੜ੍ਹ ਕੇ ਅਜਿਹੇ ਤੀਰ ਛੱਡੇ ਕਿ ਪਠਾਣਾਂ ਦੇ ਦੰਦ ਖੱਟੇ ਹੋ ਗਏ। ਸ਼ਾਮ ਤੱਕ ਟੱਕਰ ਚੱਲਦੀ ਰਹੀ। ਗੁਰੂ ਸਾਹਿਬ ਨੇ ਪਠਾਣਾਂ ਨੂੰ ਗੜ੍ਹੀ ਦੇ ਨੇੜੇ ਨਾ ਲੱਗਣ ਦਿੱਤਾ। ਰਾਤ ਨੂੰ ਟੱਕਰ ਬੰਦ ਹੋ

ਗਈ। ਅਗਲੀ ਸਵੇਰ ਭਾਈ ਬਿਧੀ ਚੰਦ ਅਤੇ ਭਾਈ ਭਾਰੂ ਹਜ਼ਾਰ ਬਾਰਾਂ ਸੌ ਸਿੱਖ ਸੂਰਮਿਆਂ ਨੂੰ ਲੈ ਕੇ ਆ ਪਹੁੰਚੇ। ਇਨ੍ਹਾਂ ਨੇ ਪਠਾਣਾਂ ਉਤੇ ਐਸਾ ਹਲਾ ਕੀਤਾ ਕਿ ਉਹ ਇਕ ਦੂਜੇ ਤੋਂ ਅੱਗੇ ਹੋ ਕੇ ਦੌੜੇ। ਭਾਈ ਬਿਧੀ ਚੰਦ ਨੇ ਰੋਪੜ ਦੇ ਅੰਦਰ ਤਕ ਉਨ੍ਹਾਂ ਨੂੰ ਖਦੇੜਿਆ। ਅਸਲ ਵਿਚ ਇਹ ਰੋਪੜੀਏ ਪਠਾਣ ਇਲਾਕੇ ਦੇ ਗਰੀਬ ਲੋਕਾਂ ਨੂੰ ਬਕੀਰਿਆਂ ਵਾਂਗ ਕੋਹ ਕੋਹ ਖਾਂਦੇ ਸਨ। ਦਿੱਲੀ ਦੀ ਬਾਦਸ਼ਾਹੀ ਤੋਂ ਸਿਵਾ ਇਹ ਕਿਸੇ ਤੋਂ ਡਰਦੇ ਨਹੀਂ ਸਨ। ਉਥੇ ਇਨ੍ਹਾਂ ਦਾ ਰਸੂਖ ਚੰਗਾ ਸੀ। ਇਸ ਲਈ ਇਹ ਮਨ ਆਈਆਂ ਕਰਦੇ ਸਨ। ਗੁਰੂ ਸਾਹਿਬ ਇਨ੍ਹਾਂ ਦਾ ਘਮੰਡ ਤੋੜ ਕੇ, ਇਲਾਕੇ ਦੇ ਲੋਕਾਂ ਨੂੰ ਇਨ੍ਹਾਂ ਦੇ ਜ਼ੁਲਮ ਤੋਂ ਨਿਜਾਤ ਦਵਾ ਕੇ ਸਹੀ ਸਲਾਮਤ ਕੀਰਤਪੁਰ ਆ ਗਏ।

ਕੀਰਤਪੁਰ ਵਿਚ ਗੁਜ਼ਰੇ ਸਮੇਂ ਦੀ ਗੁਰੂ ਸਾਹਿਬ ਦੀ ਇਕ ਵੱਡੀ ਪ੍ਰਾਪਤੀ ਇਹ ਹੈ ਕਿ ਆਪ ਨੇ ਇਸ ਦੇ ਦੂਰ ਨੇੜੇ ਦੇ ਪਹਾੜੀ ਰਾਜਿਆਂ ਰਜਵਾੜਿਆਂ ਨੂੰ ਸੁਰਖਿਆ ਦਿੱਤੀ। ਉਨ੍ਹਾਂ ਦੇ ਕਿੰਨੇ ਹੀ ਪਿੰਡ ਮੁਗਲ ਹਾਕਮਾਂ ਨੇ ਖੋਹ ਰੱਖੇ ਸਨ। ਗੁਰੂ ਸਾਹਿਬ ਨੇ ਇਹ ਖੋਹੇ ਹੋਏ ਇਲਾਕੇ ਇਨ੍ਹਾਂ ਨੂੰ ਵਾਪਸ ਮੁੜਵਾਏ। ਗੁਰੂ ਸਾਹਿਬ ਨੇ ਇਲਾਕੇ ਵਿਚ ਪੀਣ ਵਾਲੇ ਪਾਣੀ ਦੀ ਕਮੀ ਦੂਰ ਕਰਨ ਲਈ ਥਾਂ ਥਾਂ ਖੂਹ ਲਵਾਏ। ਆਪ ਨੇ ਭਾਈ ਬਿਧੀ ਚੰਦ ਨੂੰ ਦੂਰ ਅਯੋਧਿਆ ਤਕ ਗੁਰਮਤਿ ਪ੍ਰਚਾਰ ਲਈ ਭੇਜਿਆ। ਭਾਈ ਸਾਹਿਬ ਨੇ ਆਪਣੀ ਉਮਰ ਦੇ ਅੰਤਿਮ ਵਰ੍ਹੇ ਉਧਰ ਹੀ ਬਿਤਾਏ ਅਤੇ 1640 ਈ. ਵਿਚ ਅਯੋਧਿਆ ਨੇੜੇ ਹੀ ਸਰੀਰ ਤਿਆਗਿਆ।

ਸਮਾਂ ਇੰਜ ਹੀ ਆਪਣੀ ਚਾਲੇ ਬੀਤਦਾ ਗਿਆ। ਧੀਰ ਮਲ ਦਿਨੋ ਦਿਨ ਗੁਰੂ ਸਾਹਿਬ ਤੋਂ ਦੂਰ ਹੋਈ ਗਿਆ। ਉਸ ਨੇ ਕਰਤਾਰਪੁਰੀ ਬੀੜ ਆਸਰੇ ਆਪਣਾ ਪੱਕਾ ਟਿਕਾਣਾ ਕਰਤਾਰਪੁਰ ਹੀ ਬਣਾ ਲਿਆ। ਇਹ ਇਕ ਪ੍ਰਕਾਰ ਨਾਲ ਪ੍ਰਿਥੀ ਚੰਦ ਤੇ ਉਸ ਦੀ ਸੰਤਾਨ ਵਰਗੀ ਵੱਖਰੀ ਗੱਦੀ ਦਾ ਦਾਅਵਾ ਹੀ ਸੀ ਜੋ ਗੁਰੂ ਸਾਹਿਬ ਨੂੰ ਪ੍ਰਵਾਨ ਨਹ੍ਹੀਂ ਸੀ। ਜਦੋਂ ਦੀ ਗੁਰੂ ਸਾਹਿਬ ਨੇ ਬਾਬਾ ਗੁਰਦਿੱਤਾ ਜੀ ਦੇ ਅਕਾਲ ਚਲਾਣੇ ਉਪਰੰਤ ਹਰਿ ਰਾਏ ਜੀ ਨੂੰ ਪੱਗ ਬਖਸ਼ੀ ਸੀ ਉਹ ਇਹ ਸਮਝਣ ਲੱਗਾ ਸੀ ਕਿ ਗੁਰੂ ਸਾਹਿਬ ਆਪਣੇ ਵੱਡੇ ਪੁੱਤਰ ਦੀ ਸੰਤਾਨ ਵਜੋਂ ਗਦੀ ਹਰਿ ਰਾਇ ਜੀ ਨੂੰ ਬਖਸ਼ਣਗੇ। ਸਿੱਖ ਪਰੰਪਰਾ ਵਿਚ ਇਹ ਵੀ ਮੰਨਿਆ ਜਾਂਦਾ ਹੈ ਕਿ ਗੁਰੂ ਸਾਹਿਬ ਦੇ ਤੀਸਰੇ ਸਾਹਿਬਜ਼ਾਦੇ ਬਾਬਾ ਸੂਰਜਮਲ ਨੇ ਵੀ ਗੁਰਗਦੀ ਉਤੇ ਆਪਣੇ ਹੱਕ ਵਲ ਸੰਕੇਤ ਕੀਤਾ। ਗੁਰੂ ਸਾਹਿਬ ਨੇ ਉਸ ਨੂੰ ਇਹ ਆਖ ਕੇ ਚੁੱਪ ਕਰਵਾ ਦਿੱਤਾ ਕਿ ਇਸ ਬਾਰੇ ਸਮਾਂ ਆਉਣ ਉਤੇ ਆਪੇ ਫੈਸਲਾ ਹੋ ਜਾਵੇਗਾ। ਗੁਰਗੱਦੀ ਉਤੇ ਕਿਸੇ ਦਾ ਪਿਤਾ ਪੁਰਖੀ ਹੱਕ ਨਹੀਂ ਹੁੰਦਾ। ਚੌਥੇ ਸਾਹਿਬਜ਼ਾਦੇ ਤੇਗ ਬਹਾਦਰ ਜੀ ਆਪਣੇ ਨਾਮ ਤਿਆਗ ਮਲ ਦੇ ਅਨੁਰੂਪ ਤਿਆਗ ਵੈਰਾਗ ਵਾਲੇ ਸੰਤ ਸਿਪਾਹੀ ਸਨ ਜੋ ਚੁੱਪ ਕਰ ਕੇ ਨਾਮ ਸਿਮਰਨ ਵਿਚ ਲੱਗੇ ਰਹਿੰਦੇ ਸਨ। ਵੇਲਾ ਆਉਣ ਉਤੇ ਸਾਹਮਣੇ ਆ ਕੇ ਗੁਰੂ ਹੁਕਮਾਂ ਦਾ ਪਾਲਣ ਕਰ ਦਿੰਦੇ ਸਨ। ਉਨ੍ਹਾਂ ਗੁਰਗਦੀ ਬਾਰੇ ਕਦੇ ਕੋਈ ਗੱਲ ਨਾ ਸੋਚੀ, ਨਾ ਕੀਤੀ। ਪੰਜਵੇਂ ਸਾਹਿਬਜ਼ਾਦੇ ਅਣੀ ਰਾਏ ਜੀ ਸ਼ਿਕਾਰ ਤੇ ਖੇਡਾਂ ਵਿਚ ਮਸਤ ਰਹਿੰਦੇ। ਉਹ ਛੋਟੀ ਉਮਰ ਵਿਚ ਹੀ ਸਰੀਰ ਤਿਆਗ ਗਏ ਸਨ। ਬਾਬਾ ਅਟਲ ਰਾਏ ਵੀ ਪਹਿਲਾਂ ਹੀ ਪ੍ਰਾਣ

ਤਿਆਗ ਚੁੱਕੇ ਸਨ। ਇਸ ਲਈ ਹੁਣ ਗੁਰੂ ਪਾਤਸ਼ਾਹ ਦਾ ਬਹੁਤਾ ਧਿਆਨ ਹਰਿ ਰਾਏ ਜੀ ਵੱਲ ਗਿਆ, ਜੋ ਉਨ੍ਹਾਂ ਨੂੰ ਤਿਆਗ ਤੇ ਤਪੱਸਿਆ ਦੋਹਾਂ ਪੱਖਾਂ ਤੋਂ ਸੰਪੂਰਨ ਪ੍ਰਤੀਤ ਹੋਏ। ਉਹ ਆਪਣਾ ਸਾਰਾ ਸਮਾਂ ਸੇਵਾ ਅਤੇ ਸਿਮਰਨ ਵਿਚ ਹੀ ਗੁਜ਼ਾਰਦੇ ਸਨ। ਗੁਰੂ ਪਾਤਸ਼ਾਹ ਨੇ ਉਨ੍ਹਾਂ ਨੂੰ ਸੰਤ ਸਿਪਾਹੀ ਬਣਾਉਣ ਲਈ ਆਪ ਸ਼ਸਤਰ ਵਿਦਿਆ ਸਿਖਾਈ।

ਸੂਰਜ ਪ੍ਰਕਾਸ਼ ਗੁਰੂ ਪਾਤਸ਼ਾਹ ਦੇ ਸੰਤਾਨ ਦੇ ਸੁਭਾਅ ਤੇ ਵਿਹਾਰ ਬਾਰੇ ਇਉਂ ਟਿਪਣੀ ਕਰਦਾ ਹੈ—

-ਸ੍ਰੀ ਹਰਿ ਰਾਏ ਸੰਗ ਬਹੁ ਨੇਹੂ।
ਮ੍ਰਿਦੁਲ ਬਾਕ ਤੇ ਕਰਤਿ ਅਛੇਹੂ।

-ਸੂਰਜ ਮਲ ਬੈਠੇ ਬਹੁ ਪਾਸ।
ਨਹੀਂ ਤਾਂ ਆਪਣੇ ਬਸੈਂ ਆਵਾਸ।

-ਕਬਿ ਕਬਿ ਆਵਹਿਂ ਤੇਗ ਬਹਾਦਰ।
ਕਰਹਿ ਸਭਨ ਤੇ ਇਹ ਬਹੁ ਆਦਰ।
ਨਹਿ ਬੋਲਹਿਂ ਬਹੁ ਧਾਰਹਿਂ ਮੋਨ
ਜਗ ਬਿਵਹਾਰ ਨਾ ਜਾਨਹਿਂ ਕੌਨ
ਘਰ ਮਹਿ ਬੈਠ ਇਕਾਂਕੀ ਰਹੈ।
ਕਿਹ ਮਸੰਦ ਸੌ ਮੇਲ ਨਾ ਲਹੈ।

-ਸੋ (ਗੁਰਦਿੱਤਾ) ਪਰਲੋਕ ਗਏ ਅਬਿ ਪਾਛੈ।
ਸੂਰਜ ਮਲ ਜਾਨਤ ਮਤਿ ਆਛੈ।
ਘਰ ਕੀ ਕਾਰ ਕਰਤਿ ਸਭ ਭਾਵਤਿ।
ਅਪਨਿ ਪਿਤਾ ਕੋ ਭਲੇ ਰਿਝਾਵਤਿ।

-ਅਣੀ ਰਾਏ ਕੀ ਬਾਤ ਕਹਾਂ ਹੈ।
ਜਨਮਤ ਹੀ ਜੋ ਮਸਤ ਮਹਾਂ ਹੈ।

-ਧੀਰਮਲ ਤਬ ਸੁਨਤ ਬਖਾਣੀ।
ਗੁਰ ਕੀ ਮਤਿ ਮੈਂ ਪੂਰਬ ਜਾਨੀ।
ਸੁਤ ਪੋਤ੍ਰਨ ਕੋ ਮੋਹ ਨਾ ਲੇਸ਼।
ਜਯੋਂ ਮਨ ਭਾਵਤ ਕਰਤ ਅਸ਼ੇਸ਼।
-ਅਟਲ ਰਾਇ ਕੋ ਕਿਮ ਤਨ ਤਿਆਗਾ।

ਨਹਿ ਅਨੁਰਾਗ ਬਿਲੰਬ ਨਾ ਲਾਗਾ।

–ਜਿਨਹੂੰ (ਜਿਸ ਗੁਰੂ ਨੇ) ਬਾਕ ਕਹਿ ਮਮ ਪਿਤ ਹਤਿਓ।
ਮੋ ਸੰਗ ਕਹਾਂ ਭਲਾ ਅਬ ਚਿਤਿਓ।

ਗੁਰੂ ਹਰਿਗੋਬਿੰਦ ਸਾਹਿਬ ਨਾਲ ਹਰਿ ਰਾਇ ਜੀ ਦਾ ਸਨੇਹ ਤੇ ਸਾਥ ਦਿਨੋ ਦਿਨ ਵੱਧਦਾ ਗਿਆ। ਘਰ ਬਾਹਰ ਹਰ ਸਮੇਂ ਉਹ ਆਪ ਦੇ ਨਾਲ ਰਹਿੰਦੇ। ਸੈਰ ਵੇਲੇ ਵੀ। ਸ਼ਿਕਾਰ ਵੇਲੇ ਵੀ। ਹਰਿ ਰਾਇ ਜੀ ਗੁਰੂ ਪਿਤਾ ਨੂੰ ਆਪ ਘੋੜੇ ਉਤੇ ਚੜ੍ਹਾਂਦੇ। ਸੰਗਤ ਦੀ ਸੇਵਾ ਕਰਦੇ। ਉਨ੍ਹਾਂ ਦੇ ਹਿਰਦੇ ਦੀ ਕੋਮਲਤਾ ਪਵਿਤਰਤਾ ਤੇ ਨਿਰਮਲਤਾ ਹਰ ਇਕ ਨੂੰ ਪ੍ਰਭਾਵਿਤ ਕਰਦੀ। ਗੁਰੂ ਦੀ ਨਿਕੀ ਤੋਂ ਨਿਕੀ ਸਿੱਖਿਆ ਨੂੰ ਜਿਵੇਂ ਉਹ ਉਮਰ ਭਰ ਲਈ ਪੱਲੇ ਬੰਨ੍ਹ ਲੈਂਦੇ ਸਨ, ਉਸ ਦਾ ਪ੍ਰਮਾਣ ਸੂਰਜ ਪ੍ਰਕਾਸ਼ ਦੀ ਅੱਠਵੀਂ ਰਾਸ ਦੇ ਅੰਸ਼ੂ 45 ਵਿਚ ਅੰਕਿਤ ਇਕ ਘਟਨਾ ਹੈ।

ਘਟਨਾ ਇਉਂ ਹੈ ਕਿ ਹਰਿ ਰਾਏ ਜੀ ਕੀਰਤਪੁਰ ਬਾਗ ਵਿਚ ਸੈਰ ਕਰ ਰਹੇ ਸਨ। ਗੁਰੂ ਹਰਿਗੋਬਿੰਦ ਸਾਹਿਬ ਅੱਗੇ ਅੱਗੇ ਸਨ। ਉਨ੍ਹਾਂ ਨਾਲ ਰਲਣ ਲਈ ਤੇਜ਼ੀ ਨਾਲ ਪਿੱਛੇ ਆ ਰਹੇ ਹਰਿ ਰਾਏ ਜੀ ਦੇ ਜਾਮੇ ਨਾਲ ਅੜ ਕੇ ਖਿੜੇ ਹੋਏ ਇਕ ਦੋ ਫੁਲ ਡਿੱਗ ਪਏ। ਅਸਲ ਵਿਚ ਗੁਰੂ ਮਹਾਰਾਜ ਕੁਝ ਅੱਗੇ ਨਿਕਲ ਗਏ ਸਨ। ਹਰਿ ਰਾਏ ਜੀ ਨੂੰ ਇਹ ਲੱਗਾ ਕਿ ਗੁਰੂ ਪਾਤਸ਼ਾਹ ਸੋਚਣਗੇ ਕਿ ਚਲੇ ਤਾਂ ਇਕੱਠੇ ਸਾਂ। ਹਰਿ ਰਾਏ ਜੀ ਕਿਥੇ ਰਹਿ ਗਏ। ਉਹ ਤੇਜ਼ ਤੇਜ਼ ਤੁਰੇ। ਹਵਾ ਵੀ ਤੇਜ਼ ਵਗ ਰਹੀ ਸੀ। ਹਰਿ ਰਾਏ ਜੀ ਦਾ ਜਾਮਾ ਵੀ ਖੁੱਲ੍ਹਾ ਸੀ। ਉਹ ਉਡ ਕੇ ਫੁੱਲਾਂ ਨਾਲ ਜਾ ਅੜਿਆ ਤੇ ਫੁੱਲ ਟੁੱਟ ਗਏ। ਵਾਪਸੀ ਸਮੇਂ ਗੁਰੂ ਪਾਤਸ਼ਾਹ ਨੇ ਵੇਖਿਆ ਕਿ ਜਾਂਦੇ ਸਮੇਂ ਜੋ ਫੁੱਲ ਉਨ੍ਹਾਂ ਵੇਖੇ ਸਨ, ਹੁਣ ਨਹੀਂ ਹਨ। ਉਨ੍ਹਾਂ ਨੇ ਕਾਰਨ ਪੁੱਛਿਆ ਕਿ ਕਿਸ ਨੇ ਤੋੜੇ ਹਨ–

ਜਬਹਿ ਬਿਲੋਕਯੋ ਟੂਟੋ ਪਰਿਯੋ।
ਸਤਿਗੁਰ ਬਾਕ ਉਚਾਰਨ ਕਰਯੋ।
ਸ਼ਾਖਾ ਲਗਿਓ ਹੁਤੋ ਹਮ ਹੇਰਾ।
ਅਬ ਇਹ ਤੋਰਿਓ ਛਿਤ ਗੇਰਾ।

ਇਕ ਸਿੱਖ ਸੇਵਕ ਨੇ ਦੱਸਿਆ ਕਿ ਇਹ ਫੁੱਲ ਹਰਿ ਰਾਏ ਜੀ ਦੇ ਜਾਮੇ ਨਾਲ ਅੜ ਕੇ ਟੁੱਟੇ ਹਨ। ਗੁਰੂ ਪਾਤਸ਼ਾਹ ਨੇ ਹਰਿ ਰਾਏ ਜੀ ਵੱਲ ਵੇਖ ਕੇ ਕਿਹਾ ਕਿ ਜੇ ਜਾਮਾ ਵੱਡਾ ਹੋਵੇ ਤਾਂ ਸੰਕੋਚ ਕੇ ਤੁਰਨਾ ਚਾਹੀਦਾ ਹੈ। ਹਰਿ ਰਾਏ ਜੀ ਨੇ ਇਹ ਸਿੱਖਿਆ ਉਮਰ ਭਰ ਨਾ ਵਿਸਾਰੀ। ਸਾਰੀ ਉਮਰ ਆਪ ਜਾਮਾ ਸੰਕੋਚ ਕੇ ਸਾਵਧਾਨੀ ਨਾਲ ਤੁਰਦੇ ਰਹੇ–

ਤਬ ਤੇ ਮਾਨਿਉਂ ਬਚਨ ਭਲੇ ਹੈਂ।
ਜਬ ਲੋ ਜੀਏ ਨਾ ਛੋਹ ਚਲੇ ਹੈਂ।
ਸਤ ਪਾਲਨ ਕੋ ਜਾਮਾ ਪਾਵੈਂ।
ਚਲਣ ਸਮੇਂ ਕਰ ਤੇ ਸੁਕਚਾਵੈਂ।
ਸੀਖ ਪਿਤਾਮਾ ਕੀ ਨਾ ਬਿਸਾਰੀ।

ਸ੍ਰੀ ਹਰਿ ਰਾਇ ਪ੍ਰਤਿਗਿਆ ਧਾਰੀ।

ਇਸੇ ਪ੍ਰਕਾਰ ਦਿਨ ਬੀਤਦੇ ਰਹੇ। ਇਕ ਦਿਨ ਗੁਰੂ ਪਾਤਸ਼ਾਹ ਨੇ ਭਾਈ ਗੜ੍ਹੀਆ ਹਥ ਗੋਇੰਦਵਾਲ ਸਾਹਿਬ ਗੁਰੂ ਅਮਰਦਾਸ ਜੀ ਦੇ ਵੰਸ਼ 'ਚੋਂ ਆਨੰਦ ਜੀ ਨੂੰ ਮਿਲਣ ਲਈ ਸੁਨੇਹਾ ਭੇਜਿਆ। ਸੰਦੇਸ਼ ਮਿਲਣ ਤੇ ਉਹ ਬੜੇ ਪ੍ਰਸੰਨ ਹੋਏ ਅਤੇ ਗੁਰੂ ਸਾਹਿਬ ਨੂੰ ਮਿਲਣ ਪਹੁੰਚੇ। ਗੁਰੂ ਸਾਹਿਬ ਨੇ ਆਪ ਅੱਗੇ ਹੋ ਕੇ ਉਨ੍ਹਾਂ ਦਾ ਸਵਾਗਤ ਕੀਤਾ। ਇਥੇ ਹੀ ਇਕ ਦਿਨ ਰਬਾਬੀ ਭਾਈ ਬਾਬਕ ਜੀ ਨੇ ਗੁਰੂ ਚਰਨਾਂ ਵਿਚ ਪ੍ਰਾਣ ਤਿਆਗੇ। ਉਸ ਦੇ ਕਫਨ ਦਫ਼ਨ ਦਾ ਪ੍ਰਬੰਧ ਗੁਰੂ ਪਾਤਸ਼ਾਹ ਨੇ ਆਪ ਕੀਤਾ। ਕੁਝ ਸਮੇਂ ਉਪਰੰਤ ਜਾਤੀ ਮਲਕ ਵੀ ਚਲਾਣਾ ਕਰ ਗਿਆ। ਉਸ ਨੂੰ ਵੀ ਅੰਤਿਮ ਸਮੇਂ ਸਤਿਗੁਰੂ ਨੇ ਅਸ਼ੀਰਵਾਦ ਦਿੱਤਾ। ਕੀਰਤਪੁਰ ਵਿਚ ਜਿਥੇ ਪੁਰਾਣੇ ਸੰਗੀ ਸਾਥੀ ਤੇ ਸ਼ਰਧਾਲੂ ਗੁਰੂ ਪਾਤਸ਼ਾਹ ਤੋਂ ਇਕ ਇਕ ਕਰ ਕੇ ਸਦਾ ਲਈ ਵਿਛੜਦੇ ਰਹੇ, ਦੂਰ ਨੇੜੇ ਦੀਆਂ ਸੰਗਤਾਂ ਤੇ ਪ੍ਰੇਮੀ ਵੀ ਵੱਡੀ ਗਿਣਤੀ ਵਿਚ ਜੁੜਦੇ ਰਹੇ। ਪਰਮਾਰਥ ਦੇ ਜਗਿਆਸੂ ਮਜ਼ਹਬਾਂ ਦੀਆਂ ਵੰਡਾਂ ਉਲੰਘ ਕੇ ਆਪ ਦੇ ਦਰਸ਼ਨਾਂ ਨੂੰ ਆਉਂਦੇ। ਇਨ੍ਹਾਂ ਵਿਚੋਂ ਪੀਰ ਫਜ਼ਲ ਈਰਾਨੀ ਅਤੇ ਪੀਰ ਹਸਨ ਅਲੀ ਅਰਬੀ ਉਰਫ਼ ਪੀਰ ਕੈਵਾਨੀ ਉਲੇਖ ਯੋਗ ਹਨ। ਇਹ 1641 ਈਸਵੀ ਵਿਚ ਗੁਰੂ ਦਰਸ਼ਨਾਂ ਲਈ ਆਏ। ਇਨ੍ਹਾਂ ਨੇ ਪੁੱਛਿਆ ਕਿ ਖੁਦਾ ਤਕ ਰਸਾਈ ਕਿਵੇਂ ਸੌਖੀ ਹੋ ਸਕਦੀ ਹੈ। ਗੁਰੂ ਸਾਹਿਬ ਨੇ ਮੁਸਕਰਾਂਦੇ ਹੋਏ ਸਹਿਜ ਸੁਭਾਅ ਕਿਹਾ-ਆਪ ਜਹੇ ਮਹਾਂਪੁਰਖਾਂ ਦੀ ਸੰਗਤ ਨਾਲ। ਪੀਰ ਸਾਹਿਬਾਨ ਗੁਰੂ ਸਾਹਿਬ ਦੇ ਮੁਰੀਦ ਹੋ ਗਏ। ਇਹੀ ਪੀਰ ਜਦੋਂ ਪੰਜਾਬ ਦੇ ਗਵਰਨਰ ਦਾਰਾ ਸ਼ਿਕੋਹ ਨੂੰ ਮਿਲੇ ਤਾਂ ਇਨ੍ਹਾਂ ਨੇ ਗੁਰੂ ਜੀ ਦੀ ਬੜੀ ਤਾਰੀਫ਼ ਕੀਤੀ ਅਤੇ ਕਿਹਾ ਕਿ ਆਪ ਜਹੇ ਨੇਕ ਬੰਦੇ ਨੂੰ ਗੁਰੂ ਹਰਿਗੋਬਿੰਦ ਸਾਹਿਬ ਜਹੀ ਪੈਗੰਬਰੀ ਸ਼ਖਸੀਅਤ ਦੇ ਦੀਦਾਰ ਜ਼ਰੂਰ ਕਰਨੇ ਚਾਹੀਦੇ ਹਨ। ਸਾਡੀ ਜਾਚੇ ਖੁਦਾ ਦੀ ਦਰਗਾਹ ਵਿਚ ਉਨ੍ਹਾਂ ਦਾ ਰੁਤਬਾ ਬੜਾ ਬੁਲੰਦ ਹੈ। ਹਿੰਦੁਸਤਾਨ ਵਿਚ ਸਹੀ ਮਾਹਨਿਆਂ ਵਿਚ ਤੌਹੀਦ ਅਤੇ ਵਹਿਦਤ ਦੇ ਉਹੀ ਅਲੰਬਰਦਾਰ ਹਨ। ਦਾਰਾ ਸ਼ਿਕੋਹ ਉਨ੍ਹਾਂ ਤੋਂ ਬੜਾ ਮੁਤਾਸਰ ਹੋਇਆ।

ਦੋ ਕੁ ਸਾਲ ਬਾਅਦ ਕਸ਼ਮੀਰ ਤੋਂ ਵਾਪਸੀ ਸਮੇਂ ਪਹਾੜੀ ਰਾਜਿਆਂ ਤੋਂ ਨਜ਼ਰਾਨੇ ਉਗਰਾਂਹਦਾ ਹੋਇਆ ਦਾਰਾ ਸ਼ਿਕੋਹ ਨੰਗਲ ਦੇ ਪਤਨ ਤੋਂ ਸਤਲੁਜ ਲੰਘ ਕੇ ਅਕਤੂਬਰ 1643 ਈ. ਵਿਚ ਕੀਰਤਪੁਰ ਸਾਹਿਬ ਵਿਚ ਗੁਰੂ ਪਾਤਸ਼ਾਹ ਦੇ ਦੀਦਾਰ ਕਰਨ ਪੁੱਜਾ। ਬਾਬਰੀ ਜਲਾਲ ਨੂੰ ਗੁਰੂ ਨਾਨਕ ਦੇ ਖੁਦਾਈ ਨੂਰ ਦੀ ਛੋਹ ਨੇ ਮੁੜ ਪਾਵਨ ਕੀਤਾ। ਦਾਰਾ ਸ਼ਿਕੋਹ ਨੇ ਬੜੇ ਬੜੇ ਵਿਦਵਾਨਾਂ ਅਤੇ ਪੀਰਾਂ ਫਕੀਰਾਂ ਦੀ ਸੰਗਤ ਕੀਤੀ ਸੀ, ਪਰ ਉਸ ਨੂੰ ਰੂਹਾਨੀ ਸਕੂਨ ਦੇ ਰਹਸ ਗੁਰੂ ਸਾਹਿਬ ਦੇ ਦਰਸ਼ਨਾਂ ਨਾਲ ਹੀ ਸਮਝ ਆਏ। ਉਨ੍ਹਾਂ ਨੇ ਉਸ ਦੇ ਗੂੜੇ ਸ਼ੰਕਿਆਂ ਨੂੰ ਆਪਣੇ ਸਹਿਜ ਉਤਰਾਂ ਨਾਲ ਨਵਿਰਤ ਕਰ ਦਿੱਤਾ। ਤਵਾਰੀਖ ਗੁਰੂ ਖਾਲਸਾ ਅਨੁਸਾਰ ਦਾਰਾ ਸ਼ਿਕੋਹ ਨੇ ਗੁਰੂ ਸਾਹਿਬ ਨੂੰ ਜਗੀਰ ਦੀ ਪੇਸ਼ਕਸ਼ ਵੀ ਕੀਤੀ ਪਰੰਤੂ ਆਪ ਨੇ ਪ੍ਰਵਾਨ ਨਾ ਕੀਤੀ।

ਇਸੇ ਦੌਰਾਨ ਕਰਤਾਰਪੁਰ ਤੋਂ ਆਏ ਮਸੰਦਾਂ ਨੇ ਗੁਰੂ ਪਾਤਸ਼ਾਹ ਨੂੰ ਦੱਸਿਆ ਕਿ ਧੀਰਮਲ ਦੀ ਗੁਸਤਾਖੀ ਬਹੁਤ ਵੱਧ ਗਈ ਹੈ। ਉਹ ਆਪ ਗਦੀ ਲਾ ਕੇ ਬੈਠਣ ਲੱਗ

ਪਿਆ ਹੈ। ਮੁਗਲ ਸ਼ਹਿਨਸ਼ਾਹ ਨਾਲ ਸੰਬੰਧ ਬਣਾ ਕੇ ਆਪ ਵਿਰੁੱਧ ਵੀ ਚੁਗਲੀ ਕਰਦਾ ਹੈ। ਸੂਰਜ ਪ੍ਰਕਾਸ਼ ਵਿਚ ਇਸ ਦੇ ਕੁਝ ਵੇਰਵੇ ਇਉਂ ਅੰਕਿਤ ਹਨ—

ਧੀਰਮਲ ਮੰਜੀ ਕੋ ਲਾਇ।
ਗੁਰਿਆਈ ਕੋ ਤੋਰ ਬਣਾਇ।
ਬੈਠ ਪ੍ਰਾਤਿ ਤੇ ਬੀਚ ਬਜ਼ਾਰ।
ਪੁਜਵਾਯੋ, ਧਨ ਚਢਿਯੋ ਉਦਾਰ।....
ਸਿਆਣੇ ਸਿੱਖ ਮਸੰਦ ਜੇ ਸਿਆਣੇ।
ਸੋ ਨਹਿੰ ਗਏ ਹਾਸ ਕੋ ਠਾਨੇ।
ਤੀਨੋ ਪੁੱਤਰ ਸੁ ਪੋਤਰੇ ਦੋਏ।
ਜਿਸ ਗੁਰਥਾਪੇ ਸੋ ਗੁਰ ਹੋਇ।
ਬਿਨ ਥਾਪੇ ਹਮ ਮਾਨੇ ਨਾਹੀਂ।
ਨਹਿੰ ਪਹੁੰਚੇ ਇਮ ਲਖ ਮਨ ਮਾਹੀਂ।
ਸੁਣ ਸਤਿਗੁਰ ਕੋ ਹੋਇਓ ਛੋਭ।
ਜਾਨਿਓ ਧੀਰਮਲ ਬਡ ਲੋਭ।...
ਨਿਕਟ ਦਾਸ ਕੋ ਕਹਿਓ ਸੁਣਾਇ।
ਅਬ ਕੇ ਜੇ ਬੈਠਹਿ ਕਿਸ ਥਾਇ।
ਕਰਾਹੁ ਨਿਰਾਦਰ ਦੇ ਉਠਾਇ।
ਪੁਰ (ਸ਼ਹਿਰ) ਤੇ ਬਾਹਰ ਕਰੋ ਸਹਸਾਇ।

ਹੁਕਮ ਮੰਨ ਕੇ ਕਰਤਾਰਪੁਰ ਦੀਆਂ ਸੰਗਤਾਂ ਨੇ ਧੀਰਮਲ ਦੀ ਖ਼ੂਬ ਦੁਰਗਤ ਕੀਤੀ। ਗੁਰੂ ਪਾਤਸ਼ਾਹ ਸਮਝ ਗਏ ਕਿ ਧੀਰਮਲ ਬਿਖੇੜੇ ਪੈਦਾ ਕਰੇਗਾ। ਸਮੇਂ ਦੀ ਨਜ਼ਾਕਤ ਨੂੰ ਪਛਾਣਦੇ ਹੋਏ ਗੁਰੂ ਸਾਹਿਬ ਨੇ ਗੁਰੂ ਨਾਨਕ ਪਾਤਸ਼ਾਹ ਦੀ ਚਲਾਈ ਪਰਪਾਟੀ ਸਹਿ ਟਿਕਾ ਦਿਤੋਸ ਜੀਵਦੇ, ਅਨੁਸਾਰ, ਆਪਣੇ ਜੀਉਂਦੇ ਜੀਅ ਯੋਗ ਉਤਰਾਧਿਕਾਰੀ ਨੂੰ ਗੁਰਿਆਈ ਸੌਂਪਣ ਦਾ ਨਿਰਣਾ ਕੀਤਾ। ਇਸ ਜ਼ਿੰਮੇਵਾਰੀ ਲਈ ਆਪ ਨੇ ਹਰਿ ਰਾਏ ਜੀ ਦੀ ਚੋਣ ਕੀਤੀ। ਹਰਿਰਾਇ ਜੀ ਦੀ ਸ਼ਾਦੀ ਵੀ ਚਾਰ ਕੁ ਵਰ੍ਹੇ ਪਹਿਲਾਂ 1640 ਈ. ਵਿਚ ਹੋ ਚੁੱਕੀ ਸੀ। ਉਨ੍ਹਾਂ ਦਾ ਮੁਕਲਾਵਾ ਵੀ ਦੋ ਸਾਲ ਪਹਿਲਾਂ 1642 ਵਿਚ ਆ ਗਿਆ ਸੀ। 1644 ਦੇ ਆਰੰਭ ਵਿਚ ਹੋਲੀ ਦਾ ਤਿਉਹਾਰ ਕੀਰਤਪੁਰ ਵਿਖੇ ਸਭ ਸੰਗਤਾਂ ਤੇ ਗੁਰ ਪਰਿਵਾਰ ਨੇ ਧੂਮ ਧਾਮ ਨਾਲ ਮਨਾਇਆ।

ਫਗਣ ਬੀਤ ਗਿਆ। ਚੇਤਰ ਚੜ੍ਹ ਆਇਆ। ਭਾਈ ਭਾਨਾ ਜੀ ਤੇ ਹੋਰ ਸੰਗਤਾਂ ਰੋਜ਼ ਗੁਰੂ ਪਾਤਸ਼ਾਹ ਕੋਲ ਜੁੜ ਕੇ ਬੈਠਦੀਆਂ। ਦਿਨ ਰਾਤ ਕਥਾ ਕੀਰਤਨ ਤੇ ਗੁਰਮਤਿ ਦਾ ਪ੍ਰਵਾਹ ਚਲਦਾ। ਚੇਤ ਸੁਦੀ ਚਾਰ ਨੂੰ ਗੁਰੂ ਪਾਤਸ਼ਾਹ ਨੇ ਪਹਿਰ ਰਾਤ ਰਹਿੰਦੇ ਉਠ ਕੇ ਇਸ਼ਨਾਨ ਕੀਤਾ। ਜਪੁਜੀ ਸਾਹਿਬ ਦਾ ਪਾਠ ਕੀਤਾ। ਸਮਾਧੀ ਸਥਿਤ ਹੋ ਕੇ ਬੈਠ ਗਏ। ਭਾਈ ਭਾਨਾ ਤੇ ਹੋਰ ਸਿੱਖ ਆਪ ਨੂੰ ਨਿਹਾਰ ਰਹੇ ਸਨ। ਗੁਰੂ ਪਾਤਸ਼ਾਹ ਨੇ ਇਨ੍ਹਾਂ ਦਿਨਾਂ ਵਿਚ ਆਪਣਾ ਡੇਰਾ ਬਦਲ ਕੇ ਸਤਿਲੁਜ ਦਰਿਆ ਦੇ ਨੇੜੇ ਕਰ ਰੱਖਿਆ ਸੀ।

ਗੁਰੂ ਬਿਲਾਸ ਇਸ ਅਵਸਰ ਦਾ ਚਿਤ੍ਰਨ ਇੰਜ ਕਰਦਾ ਹੈ—

ਸੁਦੀ ਚੌਥ ਚਰਚਾ ਕਰਤ, ਰਹੇ ਤੀਨ ਨਿਸ ਜਾਮ।
ਭਾਨੇ ਆਦਿਲ ਬੈਠ ਸਭ, ਗੁਰ ਢਿਗ ਹੀਏ ਅਕਾਮ
ਰਹੀ ਜਾਮ ਨਿਸ ਜਾਨ ਕਰ, ਸ੍ਰੀ ਗੁਰ ਕੀਨ ਸਨਾਨ।
ਜਪੁਜੀ ਪੜ੍ਹ ਗੁਰ ਮੰਤ੍ਰ ਕੋ, ਗੁਰ ਨਾਨਕ ਕਰ ਧਿਆਨ।
ਮਜਨ ਕਰ ਬੈਠੇ ਸਭੀ, ਮੌਨ ਨਿਰੰਤਰ ਧਾਰ।
ਜਪਤ ਜਾਪ ਅਜਾਪ ਮੁਖ, ਮੂਰਤ ਪ੍ਰਭੂ ਨਿਹਾਰ।

ਗੁਰੂ ਪਾਤਸ਼ਾਹ ਨੇ ਨੈਣ ਖੋਲ੍ਹੇ। ਗੁਰੂ ਸਾਹਿਬ ਦੇ ਦਰਬਾਰ ਵਿਚ ਭਾਈ ਜੋਧ, ਭਾਈ ਭਾਨਾ, ਗੁਰੂ ਸਾਹਿਬ ਦੇ ਨਿਕਟ ਸਬੰਧੀ ਤੇ ਸਿੱਖ ਸੰਗਤਾਂ ਪੁਜੀਆਂ ਹੋਈਆਂ ਸਨ। ਗੁਰੂ ਹੁਕਮ ਅਨੁਸਾਰ ਭਾਈ ਭਾਨਾ ਜੀ ਨੇ ਨਾਰੀਅਲ, ਪੰਜ ਪੈਸੇ, ਕੇਸਰ, ਚੰਦਨ ਤੇ ਕਲਗੀ ਮੰਗਵਾਈ। ਹਰਿ ਰਾਏ ਜੀ ਨੂੰ ਗੱਦੀ ਉਤੇ ਬਿਠਾ ਕੇ ਤਿੰਨ ਵਾਰ ਪਰਿਕਰਮਾ ਕੀਤੀ ਅਤੇ ਹੱਥ ਜੋੜ ਕੇ ਬੰਦਨਾ ਕੀਤੀ। ਭਾਈ ਭਾਨਾ ਜੀ ਨੇ ਗੁਰੂ ਹੁਕਮ ਦੀ ਪਾਲਣਾ ਕਰਦੇ ਹੋਏ ਗੁਰਿਆਈ ਦਾ ਟਿਕਾ ਲਾ ਦਿੱਤਾ। ਇਸ ਦ੍ਰਿਸ਼ ਨੂੰ ਸੂਰਜ ਪ੍ਰਕਾਸ਼ ਵਿਚ ਇਉਂ ਪੇਸ਼ ਕੀਤਾ ਗਿਆ ਹੈ—

ਪੈਸੇ ਪੰਚ ਨਲੀਏਰ ਏਕ।
ਕਹਿ ਮੰਗਵਾਯੋ ਜਲਧਿ ਬਿਬੇਕ।...
ਕੇਸਰ ਚੰਦਨ ਕੋ ਘਿਸਵਾਇ।
ਕਲਗੀ ਜਿਗਾ ਲਈ ਮੰਗਵਾਇ।
ਸ੍ਰੀ ਹਰਿਗੋਬਿੰਦ ਦੇਖ ਬਖਾਨਾ।
ਉਠੋ ਪ੍ਰਥਮ ਅਬ ਸਾਹਿਬ ਭਾਨਾ।
ਇਮ ਕਹਿ ਆਪ ਉਠੇ ਗੁਰ ਪੂਰੇ।
ਪੌਤਰ ਬਿਲੋਕਤ ਸ੍ਰੀ ਮੁਖ ਰੂਰੇ।
ਤੀਨ ਪ੍ਰਦਖਨਾ ਫਿਰ ਕਰ ਦੀਨ।
ਪੈਸੇ ਪੰਚ ਨਲੀਏਰ ਲੀਨ।
ਖਰੇ ਹੋਏ ਧਰ ਭੇਟ ਅਗਾਰੀ।
ਹਾਥ ਜੋਰ ਕਰ ਬੰਦਨ ਧਾਰੀ।
ਪੁਨ ਸਾਹਿਬ ਭਾਨੇ ਕੀਆ ਟੀਕਾ।
ਕੀਨਸ ਕੁਲ ਸੋਢੀ ਮਹਿ ਨੀਕਾ।
ਪੁਨ ਸਭ ਕੋ ਗੁਰ ਕਹੀ ਸੁਨਾਇ।
ਮਮ ਸਮ ਅਬ ਜਾਨਹੁ ਹਰਿ ਰਾਇ।

ਸਿੱਖ ਸੰਗਤਾਂ ਨੇ ਗੁਰੂ ਥਾਪੇ ਗਏ ਗੁਰੂ ਹਰਿ ਰਾਏ ਪਾਤਸ਼ਾਹ ਅੱਗੇ ਭੇਟਾਵਾਂ ਅਰਪਿਤ ਕੀਤੀਆਂ। ਭਾਈ ਜੋਧ ਨੇ ਪੰਜ ਘੋੜੇ ਅਰਪਿਤ ਕੀਤੇ ਜੋ ਇਸ ਦਾ ਪ੍ਰਮਾਣ ਸੀ ਕਿ ਗੁਰੂ ਹਰਿਗੋਬਿੰਦ ਸਾਹਿਬ ਦੀ ਚਲਾਈ ਸੰਤ ਸਿਪਾਹੀ ਤੇ ਮੀਰੀ ਪੀਰੀ ਦੀ ਸਿੱਖ

ਪਰੰਪਰਾ ਗੁਰੂ ਹਰਿ ਰਾਏ ਜੀ ਦੇ ਸਮੇਂ ਵੀ ਇੰਜ ਹੀ ਅੱਗੇ ਤੁਰਦੀ ਰਹੇਗੀ। ਭਾਈ ਭਗਤੂ,ਭਾਈ ਬਹਿਲੋ, ਭਾਈ ਰੂਪਾ ਤੇ ਹੋਰ ਪ੍ਰਮੁੱਖ ਸਿੱਖਾਂ ਨੇ ਭੇਟਾ ਸਹਿਤ ਮਥਾ ਟੇਕਿਆ। ਗੁਰ ਪਾਤਸ਼ਾਹ ਨੇ ਹਰਿ ਰਾਏ ਜੀ ਨੂੰ ਕਿਹਾ

ਹੇ ਪ੍ਰਭ, ਜਗ ਕੇ ਕਾਜ ਸਵਾਰੇ।
ਸੰਤ ਉਬਾਰ ਦੁਸ਼ਟ ਮਨ ਮਾਰੇ।...
ਸ਼ਾਹ (ਬਾਦਸ਼ਾਹ) ਸੰਗ ਨਹਿ ਮੇਲ ਬਿਖੇਰਾ।
ਸੋ ਪੁਰਸ਼ਾਰਥ ਕਰਹਿ ਬਡੇਰਾ।...
ਹਮਰੀ ਤਿਆਰੀ ਹੈ ਪਰਲੋਕ।
ਧਰੋ ਆਨੰਦ ਨਾ ਕੀਜੈ ਸ਼ੋਕ।

ਇਸ ਉਪਰੰਤ ਆਪ ਨੇ ਭਾਈ ਜੋਧ ਨੂੰ ਆਪਣੇ ਪਿਛੋਂ ਕਾਂਗੜ ਜਾ ਕੇ ਦੇਗ ਤੇਗ ਚਲਾਂਦੇ ਹੋਏ ਗੁਰੂ ਘਰ ਨਾਲ ਜੁੜੇ ਰਹਿਣ ਲਈ ਆਖਿਆ। ਭਾਈ ਭਾਨਾ ਜੀ ਨੂੰ ਰਾਮਦਾਸ (ਅੰਮ੍ਰਿਤਸਰ) ਜਾਣ ਅਤੇ ਪਿੱਛੇ ਆਪਣੇ ਬੇਟੇ ਗੁਰਦਿੱਤਾ ਜੀ ਨੂੰ ਗੁਰੂ ਹਰਿ ਰਾਏ ਜੀ ਪਾਸ ਛੱਡਣ ਲਈ ਕਿਹਾ। ਭਾਈ ਰਾਮਾ, ਭਾਈ ਪਰਮਾਨੰਦ ਤੇ ਭਾਈ ਰੂਪਾ ਨੂੰ ਆਪੋ ਆਪਣੇ ਇਲਾਕੇ ਵਿਚ ਸਿੱਖੀ ਦੀ ਜੋਤਿ ਜਗਾਣ ਅਤੇ ਗੁਰੂ ਹਰਿ ਰਾਇ ਜੀ ਦੇ ਹੁਕਮ ਵਿਚ ਰਹਿਣ ਲਈ ਆਦੇਸ਼ ਦਿੱਤਾ। ਢਾਡੀਆਂ ਅਬਦੁਲ ਤੇ ਨਥ ਮੱਲ ਨੂੰ ਨਗਰ ਨਗਰ ਵਿਚ ਜਾ ਕੇ ਵੀਰ ਰਸੀ ਵਾਰਾਂ ਰਾਹੀਂ ਸਿੱਖ ਸੰਗਤਾਂ ਨੂੰ ਸੰਤ ਸਿਪਾਹੀ ਬਣਨ ਦੀ ਪ੍ਰੇਰਣਾ ਦੇਣ ਦਾ ਹੁਕਮ ਕੀਤਾ। ਬਿਧੀ ਚੰਦ ਦੇ ਪੁੱਤਰ ਭਾਈ ਲਾਲ ਚੰਦ ਨੂੰ ਆਪਣੇ ਪਿੰਡ ਸੁਰ ਸਿੰਘ ਵਿਚ ਸਿੱਖੀ ਸੰਭਾਲ ਦੀ ਜ਼ਿੰਮੇਵਾਰੀ ਦਿੱਤੀ।

ਇੰਜ ਗੁਰੂ ਹਰਿ ਰਾਏ ਜੀ ਨੂੰ ਗੁਰਗਦੀ ਸੌਂਪਣ ਉਪਰੰਤ ਗੁਰੂ ਹਰਿਗੋਬਿੰਦ ਪਾਤਸ਼ਾਹ ਨੇ ਪ੍ਰਮੁੱਖ ਸਿੱਖਾਂ ਨੂੰ ਆਪੋ ਆਪਣੀ ਜ਼ਿੰਮੇਵਾਰੀ ਸੌਂਪੀ। ਗੁਰੂ ਹਰਿ ਰਾਏ ਜੀ ਨੂੰ ਪੜਾਅ ਦਰ ਪੜਾਅ ਵਿਕਸਿਤ ਹੋ ਰਹੀ ਸਿੱਖੀ ਦੀ ਮਜ਼ਬੂਤੀ ਤੇ ਵਿਸਤਾਰ ਦੀ ਰਣਨੀਤੀ ਬਾਰੇ ਆਦੇਸ਼ ਦਿੱਤੇ ਅਤੇ ਸਤਲੁਜ ਕਿਨਾਰੇ ਆਪਣੇ ਇਕਾਂਤ ਸਥਾਨ ਉਤੇ ਆ ਗਏ। ਅਗਲੀ ਸਵੇਰ ਜਦੋਂ (ਗੁਰੂ) ਹਰਿ ਰਾਏ ਜੀ ਅਤੇ ਸੰਗਤਾਂ ਆਪ ਪਾਸ ਆਈਆਂ ਤਾਂ ਆਪ ਨੇ ਕੇਸਰੀ ਬਾਣਾ ਪਹਿਣ ਰੱਖਿਆ ਸੀ ਅਤੇ ਸ਼ਾਂਤ ਚਿਤ ਦਿਖਾਈ ਦੇ ਰਹੇ ਸਨ : ਪਹਿਰ ਪੀਤ ਪਟ ਆਨੰਦ ਠਾਨ।

ਆਪ ਨੇ (ਗੁਰੂ) ਹਰਿ ਰਾਏ ਜੀ ਨੂੰ ਕਿਹਾ : ਗੁਰੂ ਨਾਨਕ ਦੇ ਉਦੇਸ਼ਾਂ ਉਪਦੇਸ਼ਾਂ ਨੂੰ ਅੱਗੇ ਚਲਾਓ। ਸ਼ੀਲਤਾ ਤੇ ਸ਼ਾਂਤੀ ਰੱਖਣੀ। ਆਪਾ ਕਦੇ ਨਹੀਂ ਜਤਾਣਾ। ਬਾਈ ਸੌ ਸਵਾਰ ਹਰ ਸਮੇਂ ਆਪਣੇ ਕੋਲ ਰਖਣੇ ਤਾਂ ਜੋ ਲੋੜ ਪੈਣ ਉਤੇ ਵਰਤ ਸਕੋ। ਫਿਰ ਸੰਗਤਾਂ ਨੂੰ ਕਿਹਾ : ਮੇਰੇ ਸਰੀਰ ਤਿਆਗਣ ਉਪਰੰਤ ਰੁਦਣ ਨਹੀਂ ਕਰਨਾ। ਕੀਰਤਨ ਕਰਨਾ ਸੁਣਨਾ। ਨਾਮ ਵਿਚ ਚਿਤ ਜੋੜਨਾ। ਹਥਾਂ ਨੂੰ ਸੇਵਾ ਵਿਚ ਲਾਣਾ। ਟੇਕ ਗੁਰੂ ਨਾਨਕ ਦੀ ਰੱਖਣੀ। ਮੇਰੇ ਅਤੇ (ਗੁਰੂ) ਹਰਿ ਰਾਏ ਵਿਚ ਭੇਦ ਨਾ ਰੱਖਣਾ। ਜਿਸ ਨੂੰ ਮੇਰੇ ਦਰਸ਼ਨ ਦੀ ਇੱਛਾ ਹੋਵੇ, ਉਹ ਹਰਿ ਰਾਏ ਜੀ ਦੇ ਦਰਸ਼ਨ ਕਰ ਲਵੇ—

ਮਮ ਆਇਸ ਤੁਮ ਰੁਦਨ ਨਾ ਕੀਜੈ।

ਕੀਰਤਨ ਨਾਮ ਵਿਖੇ ਮਨ ਦੀਜੈ।
ਗੁਰ ਸਿਖਨ ਕੀ ਸੇਵਾ ਕਰੀਓ।
ਏਕ ਟੇਕ ਗੁਰ ਨਾਨਕ ਧਰੀਓ।
ਜੋ ਦਰਸ਼ਨ ਮੇਰਾ ਕਰ ਚਾਹੈ।
ਹਰਿ ਰਾਏ ਗੁਰ ਦਰਸ ਉਮਾਹੈ।

ਸਿੱਖ ਸੰਗਤਾਂ ਨੇ ਅੰਤਿਮ ਉਪਦੇਸ਼ ਲਈ ਬੇਨਤੀ ਕੀਤੀ ਤਾਂ ਆਪ ਨੇ ਨਿਮਨ ਲਿਖਿਤ ਸ਼ਬਦ ਦਾ ਪਾਠ ਕਰਨ ਦਾ ਹੁਕਮ ਕੀਤਾ—

ਚਾਦਨਾ ਚਾਦਨੁ ਆਸਣ ਪ੍ਰਭਿ ਜੀਓ ਅੰਤਰ ਚਾਦਨਾ॥ ੧॥
ਆਰਾਧਨਾ ਆਰਾਧਨੁ ਨੀਕਾ ਹਰਿ ਹਰਿ ਨਾਮ ਅਰਾਧਨਾ॥ ੨॥
ਤਿਆਗਨਾ ਤਿਆਗਨੁ ਨੀਕਾ ਕਾਮ ਕ੍ਰੋਧ ਲੋਭ ਤਿਆਗਨਾ॥ ੩॥
ਮਾਗਨਾ ਮਾਗਨੁ ਨੀਕਾ ਹਰਿ ਜਸੁ ਗੁਰ ਤੇ ਮਾਗਨਾ॥ ੪॥
ਜਾਗਨਾ ਜਾਗਨੁ ਨੀਕਾ ਹਰਿ ਕੀਰਤਨ ਮਹਿ ਜਾਗਨਾ॥ ੫॥
ਲਾਗਨਾ ਲਾਗਨੁ ਨੀਕਾ ਗੁਰ ਚਰਣੀ ਮਨੁ ਲਾਗਨਾ॥ ੬॥
ਇਹ ਬਿਧਿ ਤਿਸਹਿ ਪਰਾਪਤੇ ਜਾ ਕੈ ਮਸਤਕਿ ਭਾਗਨਾ॥ ੭॥
ਕਹੁ ਨਾਨਕ ਤਿਸੁ ਸਭ ਕਿਛੁ ਨੀਕਾ ਜੋ ਪ੍ਰਭ ਕੀ ਸਰਨਾਗਨਾ॥ ੮॥
(ਮਾਰੂ ਮ. 5 ਘਰੁ 4 ਅਸ਼ਟਪਦੀਆ)

ਇਸ ਉਪਰੰਤ ਆਪ ਨੇ ਕੀਰਤਨ ਦਾ ਆਦੇਸ਼ ਦਿੱਤਾ। ਕੀਰਤਨ ਸੁਣਦੇ ਸੁਣਦੇ ਹੀ ਆਪ ਅਕਾਲ ਪੁਰਖ ਦੀ ਜੋਤਿ ਵਿਚ ਲੀਨ ਹੋ ਗਏ। ਉਸ ਦਿਨ ਚੇਤ ਸੁਦੀ ਪੰਜ ਸੰਮਤ 1701 (1644 ਈ,) ਦਾ ਐਤਵਾਰ ਸੀ।

ਗੁਰੂ ਹਰਿ ਰਾਏ ਜੀ, ਸੂਰਜ ਮਲ ਜੀ, ਤੇਗ ਬਹਾਦਰ ਜੀ, ਭਾਈ ਜੋਧ ਜੀ, ਭਾਈ ਰੂਪਾ ਜੀ, ਭਾਈ ਭਾਨਾ ਜੀ ਅਤੇ ਹੋਰ ਸਿੱਖ ਸੰਗਤਾਂ ਨੇ ਗੁਰ ਹਰਿਗੋਬਿੰਦ ਜੀ ਦੀ ਪਾਵਨ ਦੇਹ ਨੂੰ ਸਤਿਲੁਜ ਕਿਨਾਰੇ ਹੀ ਚੰਦਨ ਦੀ ਚਿਤਾ ਬਣਾ ਕੇ ਅਗਨੀ ਦੇ ਸਪੁਰਦ ਕੀਤਾ। ਜਦੋਂ ਅਗ ਦੀਆਂ ਲਾਟਾਂ ਕੁਝ ਉੱਚੀਆਂ ਹੋਈਆਂ ਤਾਂ ਗੁਰੂ ਪਾਤਿਸ਼ਾਹ ਦੇ ਸਨੇਹੀ ਜੈਸਲਮੇਰ ਦੇ ਰਾਜਾ ਰਾਮ ਪ੍ਰਤਾਪ ਸਿੰਘ ਨੇ ਅਚਾਨਕ ਅੱਗ ਵਿਚ ਛਾਲ ਮਾਰ ਦਿੱਤੀ। ਉਹ ਅਗਨੀ ਦੀ ਲਪੇਟ ਵਿਚ ਝੁਲਸ ਗਿਆ। ਉਸ ਨੂੰ ਵੇਖ ਕੇ ਕਈ ਹੋਰ ਪ੍ਰੇਮੀਆਂ ਨੇ ਵੀ ਇੰਜ ਕਰਨ ਦਾ ਯਤਨ ਕੀਤਾ। ਇਹ ਲੋਕ ਡੋਲ ਗਏ ਸਨ ਕਿ ਬੰਦੀ ਛੋੜ ਵਡ ਜੋਧੇ ਗੁਰੂ ਹਰਿਗੋਬਿੰਦ ਪਿਛੋਂ ਸਾਡੀ ਰੱਖਿਆ ਕੌਣ ਕਰੇਗਾ। ਸ਼ਾਹੀ ਅਤਾਬ ਤੋਂ ਸਾਨੂੰ ਕੌਣ ਬਚਾਏਗਾ। ਗੁਰੂ ਹਰਿ ਰਾਇ ਜੀ ਨੇ ਸਭ ਨੂੰ ਹੌਸਲਾ ਦਿੱਤਾ ਕਿ ਉਹ ਜਾਨ ਉਤੇ ਖੇਡ ਕੇ ਵੀ ਉਨ੍ਹਾਂ ਦੀ ਰੱਖਿਆ ਉਸੇ ਪ੍ਰਕਾਰ ਕਰਦੇ ਰਹਿਣਗੇ ਜਿਵੇਂ ਗੁਰੂ ਹਰਿਗੋਬਿੰਦ ਪਾਤਸ਼ਾਹ ਕਰਦੇ ਰਹੇ ਹਨ। ਆਪ ਨੇ ਸਭ ਨੂੰ ਸਮਝਾਇਆ ਕਿ ਗੁਰੂ ਜੋਤਿ ਬੁਝਦੀ ਨਹੀਂ। ਕੇਵਲ ਰੂਪ ਵਟਾਂਦੀ ਹੈ। ਗੁਰੂ ਹਰਿਗੋਬਿੰਦ ਸਾਹਿਬ ਕੇਵਲ ਸਰੀਰਕ ਰੂਪ ਵਿਚ ਧਰਤੀ ਤੋਂ ਰੁਖਸਤ ਹੋਏ ਹਨ। ਉਨ੍ਹਾਂ ਦੀ ਬਖਸ਼ੀ ਗੁਰਮਤਿ ਜੋਤਿ ਅਸੀਂ ਜਗਾਈ ਰਖਾਂਗੇ। ਸੰਗਤਾਂ ਇਸ ਜੋਤਿ ਦਾ ਚਾਨਣ ਗੁਰੂ ਹਰਿ ਰਾਏ ਜੀ ਦੇ ਪਾਵਨ ਮੁਖੜੇ ਉਤੇ

ਪ੍ਰਤਖ ਵੇਖ ਰਹੀਆਂ ਸਨ।

ਗੁਰੂ ਹਰਿਗੋਬਿੰਦ ਪਾਤਸ਼ਾਹ ਦੇ ਜੋਤੀ ਜੋਤਿ ਸਮਾਣ ਉਪਰੰਤ ਉਨ੍ਹਾਂ ਨੂੰ ਪਿਆਰ ਕਰਨ ਵਾਲਿਆਂ ਤੇ ਉਨ੍ਹਾਂ ਲਈ ਮਰ ਮਿਟਣ ਵਾਲਿਆਂ ਦੀ ਮਨੋ ਸਥਿਤੀ ਦਾ ਚਿਤ੍ਰਨ ਕਰਦੇ ਹੋਏ ਮੋਹਸਿਨ ਫਾਨੀ ਨੇ ਆਪਣੇ ਸਮੇਂ ਦੇ ਪ੍ਰਸਿਧ ਕਵੀ ਦੌਲਤ ਖਾਂ ਕਾਕਸਾਲ ਦੀ ਇਕ ਰੁਬਾਈ ਲਿਖੀ ਹੈ। ਰੁਬਾਈ ਇਸ ਪ੍ਰਕਾਰ ਹੈ—

ਅੱਜ ਸਦ ਸੁਖਨੇ ਪੀਰਮ ਬਕ ਹਰਫ਼ ਮਰਾ ਯਾਦਾਸ਼ਤ।
ਆਲਮ ਨਾ ਸ਼ਵਦ ਵੀਰਾਂ ਤਾਂ ਮੈਕਦਾ ਆਬਾਦਸਤ।
ਤਾਂ ਜਾਂ ਕਿ ਤਵਾਨਦ ਤਾਂ ਦਿਲ ਕਿ ਤਵਾਨਦ ਬਰਦ
ਜਾਂ ਦਾਦਨ ਦਿਲ ਬੁਰਦਨ ਏ ਹਰ ਦੋ ਖ਼ੁਦਾਦਦ ਅਸਤ।

ਪ੍ਰੋ. ਸਤਿਬੀਰ ਸਿੰਘ ਨੇ ਇਸ ਰੁਬਾਈ ਦਾ ਖ਼ੂਬਸੂਰਤ ਅਨੁਵਾਦ ਕੀਤਾ ਹੈ ਜੋ ਇਸ ਪ੍ਰਕਾਰ ਹੈ—

ਮੁਰਸ਼ਦ ਦੇ ਸੌ ਸੁਖ਼ਨਾਂ ਵਿਚੋਂ ਇਕੋ ਮੈਨੂੰ ਯਾਦ ਰਿਹਾ।
ਜਗ ਵੀਰਾਨ ਨਾ ਹੋਇਆ ਜੇਕਰ ਮੈਖਾਨਾ ਆਬਾਦ ਰਿਹਾ।
ਜੇ ਕਰ ਜਿੰਦ ਸਕੇ ਦੇ ਕੋਈ, ਦਿਲ ਕੋਈ ਲੈ ਸਕਣ ਨੂੰ
ਜਿੰਦ ਦੇਣਾ ਤੇ ਦਿਲ ਲੈ ਲੈਣਾ, ਦੋਵੇਂ ਰਬ ਦੀ ਦਾਤ ਰਿਹਾ।

ਗੁਰੂ ਸਾਹਿਬ ਦੇ ਜੋਤੀ ਜੋਤਿ ਸਮਾਣ ਉਪਰੰਤ ਉਦਾਸੀ ਤੇ ਸ਼ੋਕ ਵਿਚ ਡੁਬੀਆਂ ਸੰਗਤਾਂ ਨੂੰ ਭਾਈ ਭਾਨਾ ਜੀ ਨੇ ਧਰਵਾਸ ਦਿੱਤਾ। ਭਾਈ ਸੰਤੋਖ ਸਿੰਘ ਨੇ ਇਸ ਦ੍ਰਿਸ਼ ਨੂੰ ਇਉਂ ਚਿਤ੍ਰਿਆ ਹੈ—

ਭਾਨਾ ਸਾਹਿਬ ਸਭਿ ਸਮਝਾਏ।
ਕਿਮ ਨਾਹਕ ਤੁਮ ਸ਼ੋਕ ਉਪਾਏ।
ਦੀਨ ਬੰਧ ਸ੍ਰੀ ਹਰਿ ਗੋਬਿੰਦ।
ਨਿਤ ਜੀਵਤ ਜਿਨ ਸ਼ਕਤ ਬਿਲੰਦ।
ਜੋ ਸਿਮਰੈ ਉਰ ਸ਼ਰਧਾ ਧਰੈ।
ਬਿਦਤ ਹੋਇ ਸੋ ਦਰਸਨ ਕਰੈ।...
ਯਾ ਤੇ ਸੰਗਤ ਅਰ ਪਰਿਵਾਰ।
ਨਹਿ ਕੀਜੈ ਇਮ ਸ਼ੋਕ ਉਦਾਰ।

ਦਰਅਸਲ ਸਿੱਖ ਸੰਗਤਾਂ ਸਿਧਾਂਤ ਰੂਪ ਵਿਚ ਤਾਂ ਗੁਰੂ ਜੋਤਿ ਦੇ ਰੂਪ ਵਟਾਣ ਦੀ ਜੁਗਤ ਤੋਂ ਭਲੀ ਭਾਂਤ ਪਰਿਚਿਤ ਸਨ ਪਰ ਇਸ ਨੂੰ ਆਪਣੀ ਸਮਝ ਤੇ ਵਿਹਾਰ ਦਾ ਸਹਿਜ ਅੰਗ ਬਣਾਉਣਾ ਸੌਖਾ ਨਹੀਂ ਸੀ। ਅਜਿਹੀ ਸੁਰਤ ਵਿਰਲੇ ਬੰਦਿਆਂ ਕੋਲ ਹੁੰਦੀ ਹੈ। ਬਾਕੀ ਦੁਨੀਆਂ ਤਾਂ ਸਾਧਾਰਨ ਲੋਕਾਂ ਦੀ ਭਰੀ ਹੋਈ ਹੈ। ਹੈਨ ਵਿਰਲੇ ਨਾਹੀ ਘਣੇ ਫੈਲ ਫਕੜ ਸੰਸਾਰ। ਗੁਰੂ ਜੋਤਿ ਦੀ ਪਛਾਣ ਇਨ੍ਹਾਂ ਵਿਰਲੇ ਲੋਕਾਂ ਨੂੰ ਹੀ ਹੁੰਦੀ ਹੈ। ਇਸ ਦੀ ਅਣਹੋਂਦ ਵਿਚ ਬਹੁਤੇ ਲੋਕ ਅਜ ਵੀ ਥਾਂ-ਥਾਂ ਪਾਖੰਡੀ ਡੇਰੇਦਾਰਾਂ ਦੇ ਦਰ ਉਤੇ ਭਟਕਦੇ ਫਿਰ ਰਹੇ ਹਨ। •••••••

ਸ਼੍ਰੀ ਰਾਜੀਵ ਗਾਂਧੀ—ਸੰਤ ਹਰਚੰਦ ਸਿੰਘ ਲੌਂਗੋਵਾਲ ਸਮਝੌਤੇ ਦੇ ਅੰਤਰਗਤ ਸਥਾਪਤ ਵਿਸ਼ੇਸ਼ ਪੰਜਾਬੀ ਸੈੱਲ 'ਚ ਪ੍ਰਕਾਸ਼ਿਤ ਮੂਲ ਪੰਜਾਬੀ ਪੁਸਤਕਾਂ

1. ਭਗਤਾਂ ਦੀ ਬਾਣੀ : ਡਾ. ਧਰਮਪਾਲ ਸਿੰਗਲ (ਸੰਪਾਦਕ)
2. ਪੰਦਰ੍ਹਵੀਂ ਸਦੀ ਤਕ ਦਾ ਚੋਣਵਾਂ ਪੰਜਾਬੀ ਸਾਹਿਤ : ਡਾ. ਮਹਿੰਦਰ ਕੌਰ ਗਿੱਲ (ਸੰਪਾਦਕ)
3. ਸੋਲ੍ਹਵੀਂ ਸਦੀ ਦਾ ਚੋਣਵਾਂ ਪੰਜਾਬੀ ਸਾਹਿਤ : ਡਾ. ਧਰਮਪਾਲ ਸਿੰਗਲ (ਸੰਪਾਦਕ)
4. ਸਤਾਰ੍ਹਵੀਂ ਸਦੀ ਦਾ ਚੋਣਵਾਂ ਪੰਜਾਬੀ ਸਾਹਿਤ : ਡਾ. ਦਰਸ਼ਨ ਸਿੰਘ (ਸੰਪਾਦਕ)
5. ਅਠਾਰ੍ਹਵੀਂ ਸਦੀ ਦਾ ਚੋਣਵਾਂ ਪੰਜਾਬੀ ਸਾਹਿਤ : ਡਾ. ਅਮਰਜੀਤ ਸਿੰਘ ਕਾਂਗ (ਸੰਪਾਦਕ)
6. ਉਨ੍ਹੀਵੀਂ ਸਦੀ ਦਾ ਚੋਣਵਾਂ ਪੰਜਾਬੀ ਸਾਹਿਤ : ਡਾ. ਹਰਿਭਜਨ ਸਿੰਘ (ਸੰਪਾਦਕ)
7. ਦਸਮ ਗ੍ਰੰਥ ਦੀ ਚੋਣਵੀਂ ਬਾਣੀ : ਡਾ. ਸੇਵਾ ਸਿੰਘ (ਸੰਪਾਦਕ)
8. ਸ਼ਹੀਦ-ਏ-ਆਜ਼ਮ ਭਗਤ ਸਿੰਘ ਕਾਵਿ : ਡਾ. ਧਰਮਪਾਲ ਸਿੰਗਲ, ਡਾ. ਬਲਦੇਵ ਸਿੰਘ 'ਬੱਦਨ' (ਸੰਪਾਦਕ)
9. ਮਹਾਤਮਾ ਗਾਂਧੀ ਅਤੇ ਜਵਾਹਰ ਲਾਲ ਨਹਿਰੂ ਕਾਵਿ ਸ਼ਰਧਾਂਜਲੀ : ਡਾ. ਧਰਮਪਾਲ ਸਿੰਗਲ, ਡਾ. ਬਲਦੇਵ ਸਿੰਘ 'ਬੱਦਨ' (ਸੰਪਾਦਕ)
10. ਚੋਣਵਾਂ ਪੰਜਾਬੀ ਸੂਫ਼ੀ ਕਲਾਮ : ਧਰਮਪਾਲ ਸਿੰਗਲ, ਬਲਦੇਵ ਸਿੰਘ 'ਬੱਦਨ' (ਸੰਪਾਦਕ)
11. ਪੰਜਾਬ ਦੇ ਸੰਤ ਕਵੀ : ਡਾ. ਧਰਮਪਾਲ ਸਿੰਗਲ, ਡਾ. ਬਲਦੇਵ ਸਿੰਘ 'ਬੱਦਨ'
12. ਪੰਜਾਬੀ ਨਾਰੀ ਕਾਵਿ : ਡਾ. ਵਨੀਤਾ (ਸੰਪਾਦਕ)
13. ਬੁੱਲ੍ਹੇ ਸ਼ਾਹ ਜੀਵਨ ਤੇ ਰਚਨਾ : ਡਾ. ਹਰਜਿੰਦਰ ਸਿੰਘ ਢਿੱਲੋਂ (ਸੰਪਾਦਕ)
14. ਪੰਜਾਬ ਦੀਆਂ ਫ਼ਸਲਾਂ : ਡਾ. ਰਣਜੀਤ ਸਿੰਘ
15. ਵਿੱਸਰਿਆ ਵਿਰਸਾ : ਡਾ. ਨਰੇਸ਼
16. ਬੇੜੀਆਂ ਦਾ ਪੁਲ਼ (ਗ਼ਜ਼ਲ ਸੰਗ੍ਰਹਿ) : ਸੁਲੱਖਣ ਸਰਹੱਦੀ
17. ਸ਼ਾਹ ਹੁਸੈਨ ਜੀਵਨ ਤੇ ਰਚਨਾ : ਡਾ. ਨਰੇਸ਼ (ਸੰਪਾਦਕ)
18. ਮੱਧਕਾਲੀ ਪਾਠ ਵਰਤਮਾਨ ਪਰਿਪੇਖ : ਡਾ. ਜਗਬੀਰ ਸਿੰਘ
19. ਕਿਉਂ ਛੂਟਹਿ ਬਿਨੁ ਪਿਆਰ (ਕਵਿਤਾ ਸੰਗ੍ਰਹਿ) : ਕਰਤਾਰ ਸਿੰਘ ਦੁੱਗਲ
20. ਪੰਜਾਬ ਦੇ ਚੋਣਵੇਂ ਖਿਡਾਰੀ : ਪ੍ਰਿੰਸੀਪਲ ਸਰਵਣ ਸਿੰਘ
21. 'ਬੰਦੀ ਬੋਲ' (ਸੁਤੰਤਰਤਾ ਅੰਦੋਲਨ ਦੌਰਾਨ ਅੰਗਰੇਜ਼ ਸਰਕਾਰ ਦੁਆਰਾ ਜ਼ਬਤ ਪੰਜਾਬੀ ਕਵਿਤਾ) : ਡਾ. ਗੁਰਦੇਵ ਸਿੰਘ ਸਿੱਧੂ (ਸੰਪਾਦਕ)
22. ਸੋਹਲੇ ਸ਼ਹੀਦ ਭਗਤ ਸਿੰਘ (ਢਾਡੀ ਵਾਰਾਂ ਤੇ ਕਵੀਸ਼ਰੀ ਪ੍ਰਸੰਗ) : ਡਾ. ਗੁਰਦੇਵ ਸਿੰਘ ਸਿੱਧੂ (ਸੰਪਾਦਕ)

23. ਪੰਜਾਬੀ ਹਾਸ-ਵਿਲਾਸ : ਡਾ. ਜਸਵੰਤ ਸਿੰਘ ਨੇਕੀ
24. ਪੰਜਾਬੀ ਸਭਿਆਚਾਰ : ਮੂਲ ਪਛਾਣ : ਡਾ. ਜਗੀਰ ਸਿੰਘ ਨੂਰ
25. ਮਲਕਜ਼ਾਦਾ ਵਾ ਸ਼ਾਹਪਰੀ : ਡਾ. ਗੁਲਜ਼ਾਰ ਸਿੰਘ ਕੰਗ (ਸੰਪਾਦਕ)
26. ਤੂੰ ਸਤਵੰਤੀ ਤੂੰ ਪਰਧਾਨਿ : ਡਾ. ਮਹਿੰਦਰ ਕੌਰ ਗਿੱਲ
27. ਵਿਅੰਗ ਸਿਰਜਣਾ (ਸਿਰਜਣਾਤਮਕ ਲੇਖ) : ਕੇ. ਐਲ. ਗਰਗ (ਸੰਪਾਦਕ)
28. ਸਭਿਆਚਾਰ ਵਿਗਿਆਨ ਅਤੇ ਪੰਜਾਬੀ ਸਭਿਆਚਾਰ : ਗੁਰਚਰਨ ਸਿੰਘ ਅਰਸ਼ੀ
29. ਪਿੰਡਾਂ ਦਾ ਬਦਲ ਰਿਹਾ ਸਭਿਆਚਾਰਕ ਮੁਹਾਂਦਰਾ : ਸੁਲੱਖਣ ਸਰਹੱਦੀ
30. ਦਸ ਪਾਤਸ਼ਾਹੀਆਂ, ਗੁਰੂ ਗ੍ਰੰਥ ਅਤੇ ਪੰਥ : ਡਾ. ਗੁਰਚਰਨ ਸਿੰਘ ਔਲਖ
31. ਪੰਜਾਬੀ ਸਭਿਆਚਾਰ ਦੇ ਮਾਨਵੀ ਸਰੋਕਾਰ : ਡਾ. ਸਤੀਸ਼ ਕੁਮਾਰ ਵਰਮਾ
32. ਪਿਆਰਾ ਸਿੰਘ ਦਾਤਾ ਦਾ ਚੋਣਵਾਂ ਹਾਸ-ਵਿਅੰਗ : ਕੇ. ਐਲ. ਗਰਗ (ਸੰਪਾਦਕ)
33. ਸੁਲਤਾਨ ਬਾਹੂ ਦੀ ਪੰਜਾਬੀ ਕਵਿਤਾ : ਡਾ. ਨਰੇਸ਼
34. ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਮਾਨਵ ਏਕਤਾ : ਡਾ. ਮਹਿੰਦਰ ਕੌਰ ਗਿੱਲ
35. ਸ਼ਖ਼ਸੀਅਤਾਂ : ਡਾ. ਨਰੇਸ਼
36. ਪੰਜਾਬੀ ਨਾਟ-ਮੰਚ ਦਾ ਨਿਕਾਸ ਤੇ ਵਿਕਾਸ : ਡਾ. ਸਤੀਸ਼ ਕੁਮਾਰ ਵਰਮਾ
37. ਸ਼ਹੀਦੀਨਾਮਾ (ਸਿਹਰਫ਼ੀ -- ਸ਼ਹੀਦ ਕਰਤਾਰ ਸਿੰਘ ਸਰਾਭਾ, ਸ਼ਹੀਦ-ਏ-ਆਜ਼ਮ ਭਗਤ ਸਿੰਘ, ਸ਼ਹੀਦ ਊਧਮ ਸਿੰਘ) : ਰਤਨ ਸਿੰਘ
38. ਸ਼ਹੀਦੀ ਵਾਰਾਂ : ਡਾ. ਗੁਰਚਰਨ ਸਿੰਘ ਔਲਖ
39. ਗੁਰੂ ਅਮਰਦਾਸ : ਜੀਵਨ ਤੇ ਬਾਣੀ—ਡਾ. ਹਰਬੰਸ ਸਿੰਘ ਧੀਮਾਨ
40. ਵਿਸਰ ਰਿਹਾ ਪੰਜਾਬੀ ਵਿਰਸਾ—ਸੁਲੱਖਣ ਸਰਹੱਦੀ
41. ਗੁਰੂ ਰਾਮਦਾਸ : ਜੀਵਨ ਤੇ ਬਾਣੀ—ਡਾ. ਕੁਲਦੀਪ ਸਿੰਘ ਧੀਰ
42. ਮਾਏ ਨੀ ਮਾਏ—ਪ੍ਰੋ. ਇੰਦੇ
43. ਜੰਗਨਾਮਾ ਸਿੰਘਾਂ ਤੇ ਫਿਰੰਗੀਆਂ—ਡਾ. ਰਤਨ ਸਿੰਘ ਜੱਗੀ
44. ਬਾਜ਼ੀਗਰ ਕਬੀਲੇ ਦਾ ਸਭਿਆਚਾਰ—ਡਾ. ਮੋਹਨ ਤਿਆਗੀ
45. ਪਰੀ-ਰੁੱਖ (ਪੰਜਾਬ ਦੀਆਂ ਲੋਕ ਕਥਾਵਾਂ)—ਰੁਸ਼ਪਾਲ ਕੌਰ ਸਿੱਧੂ
46. ਭਾਰਤ ਦੀ ਆਜ਼ਾਦੀ ਵਿੱਚ ਪੰਜਾਬ ਦਾ ਹਿੱਸਾ—ਜਰਨੈਲ ਸਿੰਘ ਅੱਚਰਵਾਲ
47. ਵਡ ਜੋਧਾ ਗੁਰੂ ਹਰਿਗੋਬਿੰਦ—ਡਾ. ਕੁਲਦੀਪ ਸਿੰਘ ਧੀਰ
48. ਸੇਵਾ-ਪੰਥ : ਸਾਧਨਾ ਅਤੇ ਸਾਹਿਤ—ਡਾ. ਰਤਨ ਸਿੰਘ ਜੱਗੀ

Computer Typesetting : **Jantak Press**, Chandni Chowk, Delhi-6
Printed at : Compudata Services, New Delhi - 110020

ਗੁਰੂ ਹਰਿਗੋਬਿੰਦ ਸਾਹਿਬ ਦੇ ਪਿਤਾ ਗੁਰੂ ਅਰਜਨ ਦੇਵ ਜੀ ਮੁਗਲ ਸ਼ਹਿਨਸ਼ਾਹ ਜਹਾਂਗੀਰ ਦੇ ਹੁਕਮ ਨਾਲ ਸ਼ਹੀਦ ਹੋਏ। ਪਰੰਪਰਾਗਤ ਸੰਕੀਰਨ ਸੋਚ ਦੀਵਾਨ ਚੰਦੂ ਨਾਂ ਦੇ ਹਿੰਦੂ ਖਤਰੀ ਨੂੰ ਇਸ ਦਾ ਇਕੋ-ਇਕ ਜ਼ਿੰਮੇਵਾਰ ਮੰਨਦੀ ਹੈ। ਇਹ ਸੱਜਣ ਭੁੱਲ ਜਾਂਦੇ ਹਨ ਕਿ ਗੁਰੂ ਪਾਤਸ਼ਾਹ ਨੇ ਹਰਿਮੰਦਰ ਸਾਹਿਬ ਦੀ ਨੀਂਹ ਮੀਆਂ ਮੀਰ ਨਾਂ ਦੇ ਮੁਸਲਮਾਨ ਹੱਥੋਂ ਰੱਖਵਾਈ ਸੀ। ਜੇ ਚੰਦੂ ਹਿੰਦੂ ਖਤਰੀ ਨੇ ਗੁਰੂ ਸਾਹਿਬ ਦੀ ਸ਼ਹੀਦੀ ਲਈ ਹਿਸਾ ਪਾਇਆ ਤਾਂ ਗਵਾਲੀਅਰ ਦਾ ਦਰੋਗਾ ਹਰੀ ਦਾਸ ਵੀ ਹਿੰਦੂ ਸੀ। ਗੁਰੂ ਹਰਗੋਬਿੰਦ ਸਾਹਿਬ ਦੀਆਂ ਜੰਗਾਂ ਭਾਵੇਂ ਮੁਗਲ ਜਰਨੈਲਾਂ ਅਤੇ ਮੁਗਲ ਸ਼ਹਿਨਸ਼ਾਹ ਸ਼ਾਹ ਜਹਾਂ ਨਾਲ ਸਨ ਪਰ ਵਜ਼ੀਰ ਖਾਂ ਵੀ ਤਾਂ ਗੁਰੂ ਸਾਹਿਬ ਦਾ ਸ਼ਰਧਾਲੂ ਸੀ। ਪੈਂਦੇ ਖਾਨ ਨੂੰ ਗੁਰੂ ਸਾਹਿਬ ਨੇ ਪੁੱਤਰਾਂ ਵਾਂਗ ਪਾਲਿਆ ਸੀ। ਇਸ ਲਈ ਗੁਰੂ ਹਰਿਗੋਬਿੰਦ ਸਾਹਿਬ ਦੇ ਜੀਵਨ ਬਿਰਤਾਂਤ ਨੂੰ ਹਿੰਦੂ ਜਾਂ ਮੁਸਲਮਾਨ ਕਿਸੇ ਵੀ ਧਰਮ ਦੇ ਵਿਰੋਧ ਵਿਚ ਰੱਖ ਕੇ ਸੰਕੀਰਨ ਸੰਪ੍ਰਦਾਇਕ ਦ੍ਰਿਸ਼ਟੀ ਤੋਂ ਪੇਸ਼ ਕਰਨਾ ਗਲਤ ਹੈ। ਇਹ ਜੀਵਨ ਬਿਰਤਾਂਤ ਸਵਸਥ, ਉਲਾਰ ਮੁਕਤ, ਸਦ ਭਾਵ ਅਤੇ ਸਹਿਹੋਂਦ ਵਾਲੇ ਸਮਾਜ ਅਤੇ ਜੀਵਨ ਵਿਹਾਰ ਨੂੰ ਅਗਰ-ਭੂਮਿਤ ਕਰਦਾ ਹੈ। ਅਨਿਆਂ, ਜਬਰ, ਜ਼ੁਲਮ ਤੇ ਗੁਲਾਮੀ ਵਿਰੁੱਧ ਨਿਰਭੈ ਤੇ ਨਿਰਵੈਰ ਹੋ ਕੇ ਜੀਣ ਦੇ ਰਾਹ ਪਾਂਦਾ ਹੈ। ਦੰਭ, ਪਾਖੰਡ, ਕਰਮਕਾਂਡ ਤੇ ਸੋਸ਼ਣ ਨੂੰ ਇਸ ਬਿਰਤਾਂਤ ਦੇ ਨਾਇਕ ਦੇ ਜੀਵਨ ਵਿਚ ਕੋਈ ਥਾਂ ਹਾਸਲ ਨਹੀਂ। ਇਸੇ ਲਈ ਇਹ ਹਰ ਕਿਸੇ ਲਈ ਰੌਸ਼ਨ ਚਾਨਣ ਮੁਨਾਰਾ ਸਾਬਤ ਹੋਵੇਗਾ।

ਵਿਗਿਆਨਕ ਅਤੇ ਉਤਰ-ਆਧੁਨਿਕ ਦ੍ਰਿਸ਼ਟੀ ਵਾਲੇ ਡਾ. ਕੁਲਦੀਪ ਸਿੰਘ ਧੀਰ ਪੰਜਾਬੀ ਦੇ ਪ੍ਰਸਿੱਧ ਲੇਖਕ, ਆਲੋਚਕ ਤੇ ਅਨੁਵਾਦਕ ਹਨ। ਪੰਜਾਬੀ ਜਗਤ ਵਿਚ ਉਹ ਧਰਮ, ਵਿਗਿਆਨ ਅਤੇ ਸਾਹਿਤ ਦੀ ਤ੍ਰਿਵੇਣੀ ਵਜੋਂ ਜਾਣੇ ਜਾਂਦੇ ਹਨ। ਟਰੱਸਟ ਲਈ ਉਨ੍ਹਾਂ ਨੇ ਗੁਰੂ ਰਾਮ ਦਾਸ ਜੀ ਦੀ ਜੀਵਨੀ ਵੀ ਲਿਖੀ ਹੈ।

₹ 115.00

ISBN 812377097-9

9788123770970

13141464

nbt.india

एकः सूते सकलम्

ਨੈਸ਼ਨਲ ਬੁਕ ਟਰੱਸਟ, ਇੰਡੀਆ